**Reo-Bankowned Properties**
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969



Jassi Gill
CA DRE# 00966763

**Hardeep S.Rai**
ਇੰਮੀਗਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192



ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Fourteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 30, July 27th, 2013
20451 N Plum Grove Rd. Palatine, IL 60074
Ph:847-359-0746, Fax:847-705-9388


# ਅਕਾਲੀ ਭ੍ਰਿਸ਼ਟਾਚਾਰ ਦੇ ਚੱਕਰਵਿਊ 'ਚ

## ਇਕ ਇਕ ਕਰਕੇ ਚੋਣ ਮੁੱਦੇ ਖਿਸਕਣ ਲੱਗੇ

## ਹੁਣ ਸਿਕੰਦਰ ਸਿੰਘ ਮਲੂਕਾ ਨੇ ਕੁੜਿੱਕੀ 'ਚ ਫਸਾਏ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਕੇਂਦਰ ਵਿਚਲੀ ਸਾਂਝੇ ਪ੍ਰਗਤੀਸ਼ੀਲ ਗੱਠਜੋੜ (ਯੂ.ਪੀ.ਏ.) ਦੀ ਸਰਕਾਰ ਉਤੇ ਹਮੇਸ਼ਾ ਤਿੱਖੇ ਨਿਸ਼ਾਨੇ ਸੇਧਣ ਵਾਲੀ ਅਕਾਲੀ-ਭਾਜਪਾ ਸਰਕਾਰ ਖ਼ੁਦ ਭ੍ਰਿਸ਼ਟਾਚਾਰ ਦੀ ਤਾਣੀ ਵਿਚ ਉਲਝ ਗਈ ਹੈ। ਇਕ ਸਾਲ ਦੇ ਵਕਫੇ ਦੌਰਾਨ ਤੀਜਾ ਮੰਤਰੀ ਭ੍ਰਿਸ਼ਟਾਟਾਰ ਦੇ ਦੋਸ਼ਾਂ ਵਿਚ ਘਿਰਿਆ ਹੈ ਜਿਸ ਨਾਲ ਸਰਕਾਰ ਦੀ ਸਾਖ ਨੂੰ ਧੱਕਾ ਲੱਗਾ ਹੈ।

ਕਾਬਲੇਗ਼ੌਰ ਹੈ ਕਿ ਸ. ਤੋਤਾ ਸਿੰਘ ਅਤੇ ਸ. ਗੁਲਜ਼ਾਰ ਸਿੰਘ ਰਣੀਕੇ ਤੋਂ ਬਾਅਦ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ 'ਤੇ ਗੰਭੀਰ ਦੋਸ਼ ਲੱਗੇ ਹਨ ਜਿਸ ਦੀ ਪੁਸ਼ਟੀ ਕੇਂਦਰੀ ਜਾਂਚ ਟੀਮ ਨੇ ਕਰ ਦਿੱਤੀ ਹੈ। ਉਂਜ, ਸਰਕਾਰ ਦੀ ਚੌਥੀ ਮੰਤਰੀ ਜਗੀਰ ਕੌਰ ਨੂੰ ਵੀ ਅਹੁਦਾ ਮਿਲਣ ਤੋਂ ਬਾਅਦ ਅਸਤੀਫਾ ਦੇਣਾ ਪਿਆ ਸੀ। ਉਨ੍ਹਾਂ 'ਤੇ ਆਪਣੀ ਬੇਟੀ ਦੀ ਹੱਤਿਆ ਕਰਵਾਉਣ ਦੇ ਦੋਸ਼ ਸਨ। ਇਸ ਤੋਂ ਇਲਾਵਾ ਉਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਅਕਾਲੀ ਵਿਧਾਇਕ ਸਰੂਪ ਚੰਦ ਸਿੰਗਲਾ, ਜੋਗਿੰਦਰਪਾਲ ਜੈਨ, ਸਿਮਰਜੀਤ ਸਿੰਘ ਬੈਂਸ, ਵਿਰਸਾ ਸਿੰਘ ਵਲਟੋਹਾ, ਸੁੱਚਾ ਸਿੰਘ ਲੰਗਾਹ, ਨਿਰਮਲ ਸਿੰਘ ਕਾਹਲੋਂ ਵੀ ਭ੍ਰਿਸ਼ਟਾਚਾਰ ਤੇ ਫੌਜਦਾਰੀ ਕੇਸਾਂ ਵਿਚ ਉਲਝੇ ਹੋਏ ਹਨ।

ਤਾਜ਼ਾ ਮਾਮਲੇ ਵਿਚ ਸ. ਮਲੂਕਾ ਸਕੂਲ ਦੀਆਂ ਲਾਇਬਰੇਰੀਆਂ ਲਈ ਕਿਤਾਬਾਂ ਅਤੇ ਸਾਇੰਸ ਕਿੱਟਾਂ ਖ਼ਰੀਦਣ ਵਿਚ ਮਾਲੀ ਬੇਨੇਮੀਆਂ ਦੇ ਦੋਸ਼ਾਂ ਵਿਚ ਘਿਰੇ ਹਨ। ਕੇਂਦਰੀ ਜਾਂਚ ਟੀਮ ਨੇ ਉਨ੍ਹਾਂ ਨੂੰ ਕੇਂਦਰੀ ਫੰਡਾਂ ਵਿਚ ਬੇਨੇਮੀਆਂ ਕਰਨ ਦਾ ਦੋਸ਼ੀ ਕਰਾਰ ਦਿੱਤਾ ਹੈ। ਕਮੇਟੀ ਮੁਤਾਬਕ ਕੁਲ ਮਿਲਾ ਕੇ 41.68 ਲੱਖ ਰੁਪਏ ਦੇ ਫੰਡਾਂ ਦੀ ਹੇਰਾਫੇਰੀ ਹੋਈ ਹੈ ਤੇ ਪੰਜਾਬ ਸਰਕਾਰ ਤੋਂ ਇਨ੍ਹਾਂ ਫੰਡਾਂ ਦੀ ਰਿਕਵਰੀ ਕੀਤੀ ਜਾਵੇਗੀ। ਕੇਂਦਰੀ ਜਾਂਚ ਟੀਮ ਵੱਲੋਂ ਬੇਨੇਮੀਆਂ ਦੀ ਪੁਸ਼ਟੀ ਤੋਂ ਬਾਅਦ ਕਾਂਗਰਸ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਦੀ ਤੁਰੰਤ ਬਰਖ਼ਾਸਤਗੀ ਮੰਗੀ ਹੈ।

ਹੈਰਾਨੀ ਦੀ ਗੱਲ ਹੈ ਕਿ ਸ. ਮਲੂਕਾ ਖ਼ਿਲਾਫ਼ ਕਾਂਗਰਸ ਤੇ ਅਧਿਆਪਕ ਜਥੇਬੰਦੀਆਂ ਵੱਲੋਂ ਪੰਜਾਬ ਭਰ ਵਿਚ ਰੋਸ ਮੁਜ਼ਾਹਰੇ ਕੀਤੇ ਗਏ ਤੇ ਜ਼ਬਰਦਸਤ ਦਬਾਅ ਬਣਨ ਦੇ ਬਾਵਜੂਦ ਸ. ਬਾਦਲ ਨੇ ਵਜ਼ਾਰਤ ਵਿਚੋਂ ਉਨ੍ਹਾਂ ਦੀ ਛੁੱਟੀ ਨਹੀਂ ਕੀਤੀ। ਮੰਨਿਆ ਜਾ ਰਿਹਾ ਹੈ ਕਿ ਸ. ਮਲੂਕਾ ਬਾਦਲਾਂ ਦੇ ਬੇਹੱਦ ਕਰੀਬੀ ਹਨ। ਇਸ ਤੋਂ ਇਲਾਵਾ ਸ. ਤੋਤਾ ਸਿੰਘ ਤੇ ਬੀਬੀ ਜਗੀਰ ਕੌਰ ਤੋਂ ਬਾਅਦ ਇਕ ਹੋਰ ਮੰਤਰੀ ਨੂੰ ਹਟਾਉਣ ਨਾਲ ਸਰਕਾਰ ਨੂੰ ਵੱਡੀ ਨਮੋਸ਼ੀ ਦਾ ਸਾਹਮਣਾ ਕਰਨਾ ਪਵੇਗਾ। ਇਸੇ ਕਾਰਨ ਸਰਕਾਰ ਨੇ ਸ. ਗੁਲਜ਼ਾਰ ਸਿੰਘ ਰਣੀਕੇ ਨੂੰ ਆਪਣਾ ਪੂਰਾ ਪ੍ਰਭਾਵ ਵਰਤ ਕੇ ਭ੍ਰਿਸ਼ਟਾਚਾਰ ਦੇ ਮਾਮਲੇ ਵਿਚੋਂ ਕਲੀਨ ਚਿੱਟ ਦਵਾਈ ਸੀ ਜਦੋਂਕਿ ਉਨ੍ਹਾਂ ਖ਼ਿਲਾਫ਼ ਸਬੂਤ ਵੀ ਮੌਜੂਦ ਸਨ। ਜ਼ਿਕਰਯੋਗ ਹੈ ਕਿ ਪਿਛਲੇ ਵਰ੍ਹੇ ਅਕਾਲੀ-ਭਾਜਪਾ ਦੀ ਲਗਾਤਾਰ ਦੂਜੀ ਵਾਰ ਸਰਕਾਰ ਬਣਦਿਆਂ ਹੀ ਬਾਦਲ ਵਜ਼ਾਰਤ ਦੇ ਦੋ ਮੰਤਰੀ ਸ. ਤੋਤਾ ਸਿੰਘ ਨੂੰ ਭ੍ਰਿਸ਼ਟਾਚਾਰ ਤੇ ਬੀਬੀ ਜਗੀਰ ਕੌਰ ਨੂੰ ਬੇਟੀ ਦੀ ਹੱਤਿਆ ਕਰਾਉਣ ਦੇ ਦੋਸ਼ਾਂ ਵਿਚ ਸਜ਼ਾ ਹੋ ਗਈ ਸੀ। ਸ. ਬਾਦਲ ਨੇ ਵਿਰੋਧੀਆਂ ਦੇ ਰੌਲੇ-ਰੱਪੇ ਤੋਂ ਪਹਿਲਾਂ ਹੀ ਦੋਵਾਂ ਮੰਤਰੀਆਂ ਦੀ ਛੁੱਟੀ ਕਰ ਦਿੱਤੀ। ਸ. ਬਾਦਲ ਨੇ ਇਹ ਪ੍ਰਭਾਵ ਦੇਣ ਦਾ ਯਤਨ ਕੀਤਾ ਕਿ ਉਨ੍ਹਾਂ ਦੀ ਸਰਕਾਰ ਵਿਚ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘਿਰੇ ਆਗੂਆਂ ਦਾ ਕੋਈ ਕੰਮ ਨਹੀਂ।



ਜਗੀਰ ਕੌਰ   ਗੁਲਜ਼ਾਰ ਸਿੰਘ ਰਣੀਕੇ   ਤੋਤਾ ਸਿੰਘ   ਸਿਕੰਦਰ ਸਿੰਘ ਮਲੂਕਾ

ਇਸ ਤੋਂ ਛੇਤੀ ਬਾਅਦ ਹੀ ਇਕ ਹੋਰ ਮੰਤਰੀ ਸ. ਗੁਲਜ਼ਾਰ ਸਿੰਘ ਰਣੀਕੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘਿਰ ਗਏ। ਇਕ ਸਾਲ ਵਿਚ ਲਗਾਤਾਰ ਤਿੰਨ ਮੰਤਰੀਆਂ ਦੇ ਵਿਵਾਦਾਂ ਵਿਚ ਘਿਰਨ ਦੀ ਮੀਡੀਆ ਵਿਚ ਖ਼ੂਬ ਚਰਚਾ ਹੋਈ। ਹੁਣ ਬਾਦਲ ਲਈ ਧਰਮ ਸੰਕਟ ਬਣ ਗਿਆ ਕਿਉਂਕਿ ਲਗਾਤਾਰ ਤੀਜੇ ਮੰਤਰੀ ਦੀ ਛੁੱਟੀ ਕਰਨਾ ਸਰਕਾਰ ਦੀ ਸਾਖ ਨੂੰ ਹੋਰ ਧੱਕਾ ਲਾ ਸਕਦੀ ਸੀ। ਸ. ਮਲੂਕਾ ਦਾ ਮਾਮਲਾ ਸਾਹਮਣੇ ਆਉਣ ਨਾਲ ਤਾਂ ਅਕਾਲੀ-ਭਾਜਪਾ ਸਰਕਾਰ ਦੀ ਹਾਲਤ 'ਸੱਪ ਦੇ ਮੂੰਹ ਵਿਚ ਕਿਰਲੀ' ਵਾਲੀ ਬਣ ਗਈ ਹੈ।

ਸ. ਬਾਦਲ ਬੇਸ਼ੱਕ ਇਸ ਮਾਮਲੇ ਨੂੰ ਰਫਾ-ਦਫਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਪਰ ਅਕਾਲੀ-ਭਾਜਪਾ ਸਰਕਾਰ ਕੋਲੋਂ ਕੇਂਦਰ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਮੁੱਦਾ ਖੁੱਸ ਗਿਆ ਹੈ। ਹੁਣ ਅਕਾਲੀ-ਭਾਜਪਾ ਆਗੂ ਆਪਣੀਆਂ ਤਕਰੀਰਾਂ ਵਿਚ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਆਪਣੀ ਸੁਰ ਮੱਠੀ ਰੱਖਣ ਲੱਗੇ ਹਨ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਅਗਲੇ ਵਰ੍ਹੇ ਹੋ ਰਹੀਆਂ ਲੋਕ ਸਭਾ ਚੋਣਾਂ ਵਿਚ ਅਕਾਲੀ-ਭਾਜਪਾ ਆਗੂਆਂ ਨੂੰ ਕਾਂਗਰਸ ਖ਼ਿਲਾਫ਼ ਲੋਕ ਕਚਹਿਰੀ ਵਿਚ ਜਾਣ ਵੇਲੇ ਔਖ ਆਵੇਗੀ। ਉਹ ਨਾ ਤਾਂ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਵਿਰੋਧੀਆਂ ਨੂੰ ਘੇਰ ਸਕਣਗੇ ਤੇ ਨਾ ਹੀ ਆਰਥਿਕ ਮੁੱਦਿਆ 'ਤੇ ਕੇਂਦਰ ਸਰਕਾਰ ਦੀ ਆਲੋਚਨਾ ਕਰ ਸਕਣਗੇ, ਕਿਉਂਕਿ ਪੰਜਾਬ ਵਿਚ ਸੁਖਬੀਰ ਸਿੰਘ ਬਾਦਲ ਦਾ ਆਰਥਿਕ ਮਾਡਲ ਬੁਰੀ ਤਰ੍ਹਾਂ ਫੇਲ੍ਹ ਹੋ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ ਇਸ ਵਾਰ ਕਾਂਗਰਸ ਖ਼ਿਲਾਫ਼ ਘੱਟ ਗਿਣਤੀਆਂ ਨਾਲ ਧੱਕੇਸ਼ਾਹੀ ਦਾ ਮੁੱਦਾ ਵੀ ਖੁੱਲ੍ਹ ਕੇ ਨਹੀਂ ਉਭਾਰ ਸਕੇਗਾ ਕਿਉਂਕਿ ਉਸ ਦੀ ਭਾਈਵਾਲ ਪਾਰਟੀ ਭਾਜਪਾ ਵਿਚ ਕੱਟੜਪੰਥੀ ਨਰੇਂਦਰ ਮੋਦੀ ਦੇ ਉਭਾਰ ਨਾਲ ਇਹ ਮੁੱਦਾ ਕਾਂਗਰਸ ਕੋਲ ਚਲਾ ਗਿਆ ਹੈ। ਸ਼੍ਰੋਮਣੀ ਅਕਾਲੀ ਨੇ ਇਸ ਮੁੱਦੇ 'ਤੇ ਕਾਂਗਰਸ ਨੂੰ ਹਮੇਸ਼ਾ ਹੀ ਪਛਾੜਿਆ ਹੈ ਤੇ ਸਿੱਖਾਂ ਦੇ ਜਜ਼ਬਾਤ ਨੂੰ ਸੱਤਾ ਹਾਸਲ ਕਰਨ ਲਈ ਵਰਤਿਆ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਜੇ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਅਕਸ ਨੂੰ ਸੁਧਾਰਨ ਲਈ ਸਖ਼ਤ ਕਦਮ ਨਾ ਚੁੱਕੇ ਤਾਂ ਲੋਕ ਉਨ੍ਹਾਂ ਨੂੰ ਨਕਾਰ ਦੇਣਗੇ।

# ਚੀਨੀ ਘੁਸਪੈਠ ਅੱਗੇ ਭਾਰਤੀ ਰਣਨੀਤੀ ਫੇਲ੍ਹ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਰਤ ਨਾਲ ਲੱਗਦੀ ਸਰਹੱਦ 'ਤੇ ਚੀਨੀ ਫ਼ੌਜ ਦੀ ਸਰਗਰਮੀ ਲਗਾਤਾਰ ਵਧ ਰਹੀ ਹੈ ਪਰ ਭਾਰਤ ਆਪਣੀ ਠਰ੍ਹੰਮੇ ਵਾਲੀ ਰਣਨੀਤੀ 'ਤੇ ਕਾਇਮ ਹੈ। ਚੀਨ ਨੇ ਬੇਸ਼ੱਕ ਸਰਹੱਦ 'ਤੇ ਕੋਈ ਨਾ-ਬਰਦਾਸ਼ਤਯੋਗ ਹਰਕਤ ਤਾਂ ਨਹੀਂ ਕੀਤੀ, ਪਰ ਬਿਨਾਂ ਬੁਲਾਏ ਪ੍ਰਾਹੁਣੇ ਵਾਂਗ ਲਗਾਤਾਰ ਭਾਰਤੀ ਸਰਹੱਦ ਅੰਦਰ ਵੜ ਰਿਹਾ ਹੈ। ਮੀਡੀਆ ਵਿਚ ਇਸ ਮਾਮਲੇ ਦੀ ਚਰਚਾ ਹੋਣ ਤੋਂ ਬਾਅਦ ਭਾਰਤ ਸਰਕਾਰ ਨੇ ਥੋੜ੍ਹੀ ਸਰਗਰਮੀ ਦਿਖਾਈ ਹੈ। ਭਾਰਤ ਨੇ ਹੁਣ ਪੰਜਾਹ ਹਜ਼ਾਰ ਜਵਾਨਾਂ ਵਾਲੀ 'ਮਾਊਂਟੇਨ ਸਟਰਾਈਕ ਕੋਰ' ਬਣਾਉਣ ਦਾ ਫੈਸਲਾ ਕੀਤਾ ਹੈ।

ਪਤਾ ਲੱਗਾ ਹੈ ਕਿ ਚੀਨ ਵੱਲੋਂ ਸਰਹੱਦ 'ਤੇ ਕਈ ਵਾਰ ਘੁਸਪੈਠ ਕੀਤੇ ਜਾਣ ਕਾਰਨ ਪੈਦਾ ਹੋ ਰਹੇ ਤਣਾਅ ਤੋਂ ਬਚਣ ਲਈ ਭਾਰਤੀ ਤੇ ਚੀਨੀ ਵਫਦਾਂ ਨੇ ਸਾਂਝੀ ਮੀਟਿੰਗ ਕੀਤੀ ਹੈ। ਮੀਟਿੰਗ ਦੌਰਾਨ ਸਰਹੱਦ ਉਪਰ ਅਮਨ ਯਕੀਨੀ ਬਣਾਉਣ ਲਈ ਕਈ ਮੁੱਦੇ ਵਿਚਾਰੇ ਗਏ ਹਨ। ਮੀਡੀਆ ਰਿਪੋਰਟਾਂ ਅਨੁਸਾਰ 16 ਜੁਲਾਈ ਨੂੰ ਘੋੜਿਆਂ ਅਤੇ ਖੱਚਰਾਂ 'ਤੇ ਚੜ੍ਹ ਕੇ ਕੋਈ 50 ਦੇ ਕਰੀਬ ਚੀਨੀ ਸੈਨਿਕ ਲੱਦਾਖ ਦੇ ਚੂਮਰ ਇਲਾਕੇ ਰਾਹੀਂ ਭਾਰਤੀ ਸੀਮਾ ਵਿਚ ਦਾਖਲ ਹੋਏ ਤੇ ਇਸ ਖੇਤਰ 'ਤੇ ਆਪਣਾ ਦਾਅਵਾ ਜਤਾਇਆ ਸੀ। ਇਹ ਸੈਨਿਕ 16 ਜੁਲਾਈ ਦੀ ਸ਼ਾਮ ਤੋਂ ਲੈ ਕੇ 17 ਜੁਲਾਈ ਸਵੇਰ ਤੱਕ ਭਾਰਤ ਦੀ ਹੱਦ ਅੰਦਰ ਰਹੇ। ਚੂਮਰ ਖੇਤਰ ਵਿਚ ਆ ਵੜੇ ਚੀਨ ਦੇ ਸੈਨਿਕਾਂ ਨੇ ਬੈਨਰ ਚੁੱਕੇ ਹੋਏ ਸਨ ਜਿਨ੍ਹਾਂ 'ਤੇ ਲਿਖਿਆ ਹੋਇਆ ਸੀ ਕਿ ਭਾਰਤ 'ਕਬਜ਼ੇ ਹੇਠਲੇ ਖੇਤਰ ਖਾਲੀ ਕਰੇ।'

ਜ਼ਿਕਰਯੋਗ ਹੈ ਕਿ ਚੀਨ ਨੇ ਸਾਲ 1962

(ਬਾਕੀ ਸਫਾ 6 'ਤੇ)


**REAL ESTATE & HOME LOANS**
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
- Low Interest Rate
- 3.5% Down Payment
- Free Credit Report
- Free Pre-Approval



ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
MBA - SFR - CDPE
Century 21 M&M and Associates
209.918.6464
ahundal@c21mm.com
605 Standiford Ave, Ste D - Modesto, CA 95350

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
**Raja SWEETS & CATERING**
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Falooda Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜ਼ਨਸ ਲਾਅ
Criminal Defense (DUI, simple battery, domestic violence, immigration post-conviction relief)



Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਸਿੱਖ ਸਪੋਰਟਸ ਖੇਡਾਂ: ਯੂਨਾਈਟਿਡ ਸਪੋਰਟਸ ਕਲੱਬ ਦੀ ਕਬੱਡੀ ਟੀਮ ਜੇਤੂ

**ਯੂਨੀਅਨ ਸਿਟੀ:** ਸਿੱਖ ਸਪੋਰਟਸ ਐਸੋਸੀਏਸ਼ਨ ਵਲੋਂ 20 ਅਤੇ 21 ਜੁਲਾਈ ਨੂੰ ਸਥਾਨਕ ਜੇਮਜ਼ ਲੋਗਨ ਹਾਈ ਸਕੂਲ ਵਿਚ ਕਰਵਾਏ ਗਏ 7ਵੇਂ ਖੇਡ ਮੇਲੇ ਨੂੰ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਤੋਂ ਵਡਾ ਹੁੰਗਾਰਾ ਮਿਲਿਆ। ਇਸ ਖੇਡ ਮੇਲੇ ਦੌਰਾਨ ਬਾਸਕਿਟਬਾਲ, ਫੀਲਡ ਹਾਕੀ, ਵਾਲੀਬਾਲ, ਸਾਕਰ, ਫਲੈਗ ਫੁਟਬਾਲ, ਟੈਨਿਸ ਅਤੇ ਕਬੱਡੀ ਤੋਂ ਇਲਾਵਾ ਵੱਖ ਵੱਖ ਵਰਗਾਂ ਦੇ ਦੌੜਾਂ ਦੇ ਮੁਕਾਬਲੇ ਕਰਵਾਏ ਗਏ।



ਬਾਸਕਿਟਬਾਲ ਦੇ ਓਪਨ ਮੁਕਾਬਲਿਆਂ ਵਿਚ ਕੁਲ 28 ਟੀਮਾਂ ਨੇ ਹਿੱਸਾ ਲਿਆ। ਜੇਤੂ ਕਿੰਗਜ਼ ਸਪੋਰਟਸ ਕਲੱਬ, ਸੈਕਰਾਮੈਂਟੋ ਦੀ ਟੀਮ ਰਹੀ ਜਦੋਂਕਿ ਦੂਜੇ ਨੰਬਰ ਉਤੇ ਯੂਬਾ ਸਪੋਰਟਸ ਕਲੱਬ, ਯੂਬਾ ਸਿਟੀ ਦੀ ਟੀਮ ਰਹੀ। ਬਾਸਕਿਟਬਾਲ ਅੰਡਰ-17 ਵਿਚ ਕਿੰਗਜ਼ ਸਪੋਰਟਸ ਕਲੱਬ ਸੈਕਰਾਮੈਂਟੋ ਦੀ ਝੰਡੀ ਰਹੀ ਜਦੋਂਕਿ ਵਾਸ਼ਿੰਗਟਨ ਹਾਈ ਸਕੂਲ, ਫਰੀਮਾਂਟ ਦੀ ਟੀਮ ਨੂੰ ਦੂਜਾ ਇਨਾਮ ਮਿਲਿਆ। ਇਸੇ ਖੇਡ ਵਿਚ ਅੰਡਰ-14 ਮੈਚਾਂ ਵਿਚ ਬੇਏਰੀਆ ਸੁਪਰੀਮ ਕਲੱਬ ਪਹਿਲੇ ਨੰਬਰ 'ਤੇ ਅਤੇ ਗਲੋਬਰ ਵਾਰੀਅਰ ਫਰੀਮਾਂਟ ਦੀ ਟੀਮ ਦੂਜੇ ਨੰਬਰ 'ਤੇ ਰਹੀ।

ਫੀਲਡ ਹਾਕੀ ਵਿਚ 16 ਟੀਮਾਂ ਭਿੜੀਆਂ। ਇਨ੍ਹਾਂ ਮੁਕਾਬਲਿਆਂ ਵਿਚ ਐਸ ਬੀ ਡੀ ਐਸ ਕਲੱਬ ਸੈਕਰਾਮੈਂਟੋ ਪਹਿਲੇ ਨੰਬਰ 'ਤੇ ਰਿਹਾ ਜਦੋਂਕਿ ਦੂਜੇ ਨੰਬਰ 'ਤੇ ਯੂਬਾ ਬ੍ਰਦਰਜ਼, ਯੂਬਾ ਸਿਟੀ ਦੀ ਟੀਮ ਰਹੀ। ਵਾਲੀਬਾਲ ਮੈਚਾਂ ਵਿਚ 14 ਟੀਮਾਂ (8 ਮਰਦਾਂ ਅਤੇ 6 ਔਰਤਾਂ) ਨੇ ਹਿੱਸਾ ਲਿਆ। ਔਰਤਾਂ ਦੇ ਮੁਕਾਬਲਿਆਂ ਵਿਚ ਫਨ ਮਿਕਸ ਟੀਮ ਜੇਤੂ ਰਹੀ, ਜਦੋਂਕਿ ਟੱਚ-3 ਟੀਨੋ ਮਾਮਸ ਟੀਮ ਦੂਜੇ ਨੰਬਰ 'ਤੇ ਆਈ। ਮਰਦਾਂ ਦੇ ਵਾਲੀਬਾਲ ਮੁਕਾਬਲਿਆਂ ਵਿਚ ਟੋਨੀ ਵੂ ਕਲੱਬ ਜੇਤੂ ਰਿਹਾ ਜਦੋਂਕਿ ਐਡ ਵਾਂਗ ਕਲੱਬ ਦੂਜੇ ਥਾਂ ਆਇਆ।

ਸਾਕਰ ਮੈਚਾਂ ਵਿਚ 8 ਟੀਮਾਂ ਨੇ ਕਿਸਮਤ ਅਜ਼ਮਾਈ ਕੀਤੀ। ਸਾਕਰ ਓਪਨ ਵਿਚ ਜੇਤੂ ਸੈਨ ਹੋਜ਼ੇ ਸਾਕਰ ਕਲੱਬ ਰਿਹਾ ਅਤੇ ਦੂਜੇ ਥਾਂ ਮਹਾਪੁਰ ਸਪੋਰਟਸ ਕਲੱਬ ਦੀ ਟੀਮ ਰਹੀ। ਫਲੈਗ ਫੁਟਬਾਲ ਮੁਕਾਬਲਿਆਂ ਵਿਚ ਕੁਲ 8 ਟੀਮਾਂ ਭਿੜੀਆਂ। ਟੈਨਿਸ ਮੁਕਾਬਲਿਆਂ ਵਿਚ 18 ਖਿਡਾਰੀਆਂ ਨੇ ਹਿੱਸਾ ਲਿਆ। ਵੱਖ ਵੱਖ ਖੇਡਾਂ ਵਿਚ ਕਰੀਬ 1400 ਖਿਡਾਰੀਆਂ ਨੇ ਹਿੱਸਾ ਲਿਆ।

ਦੋ ਰੋਜ਼ਾ ਇਨ੍ਹਾਂ ਖੇਡ ਮੁਕਾਬਲਿਆਂ ਦੇ ਦੂਜੇ ਦਿਨ ਜਿਉਂ ਹੀ ਕਬੱਡੀ ਲਈ ਵਿਸਲ ਵੱਜੀ, ਕਬੱਡੀ ਦੇਖਣ ਦੇ ਸ਼ੌਕੀਨ ਝੱਟ ਕਬੱਡੀ ਮੈਦਾਨ ਦੁਆਲੇ ਝੁਰਮਟ ਪਾ ਬੈਠੇ। ਇਸ ਮੌਕੇ ਕਬੱਡੀ ਅੰਡਰ-21 ਵਰਗ ਦੀਆਂ ਕੁਲ ਚਾਰ ਕਲੱਬਾਂ ਭਿੜੀਆਂ ਜਿਨ੍ਹਾਂ ਵਿਚ ਯੂਨਾਈਟਿਡ ਸਪੋਰਟਸ ਕਲੱਬ-ਕੈਲੀਫੋਰਨੀਆ, ਕਿੰਗਜ਼ ਸਪੋਰਟਸ ਕਲੱਬ-ਸੈਕਰਾਮੈਂਟੋ, ਸ੍ਰੀ ਗੁਰੂ ਤੇਗ ਬਹਾਦਰ ਸਪੋਰਟਸ ਕਲੱਬ ਅਤੇ ਯੂਬਾ ਬ੍ਰਦਰਜ਼-ਯੂਬਾ ਸਿਟੀ ਦੀਆਂ ਨਾਮੀ ਟੀਮਾਂ ਸ਼ਾਮਲ ਸਨ। ਇਨ੍ਹਾਂ ਟੀਮਾਂ ਵਿਚਾਲੇ ਪੰਜ ਗਹਿਗੱਡਵੇਂ ਮੈਚ ਲੀਗ ਸਿਸਟਮ ਨਾਲ ਹੋਏ।

ਫਾਈਨਲ ਮੁਕਾਬਲਿਆਂ ਵਿਚ ਕਿੰਗਜ਼ ਸਪੋਰਟਸ ਕਲੱਬ ਅਤੇ ਯੂਨਾਈਟਿਡ ਸਪੋਰਟਸ ਕਲੱਬ ਦੀਆਂ ਟੀਮਾਂ ਦੇ ਸਿੰਗ ਫਸੇ। ਇਸ ਫਸਵੇਂ ਮੈਚ ਵਿਚ ਯੂਨਾਈਟਿਡ ਸਪੋਰਟਸ ਕਲੱਬ ਦੀ ਟੀਮ 36 ਦੇ ਮੁਕਾਬਲੇ 40 ਅੰਕਾਂ ਨਾਲ ਜੇਤੂ ਰਹੀ ਅਤੇ ਇੰਜ ਇਸ ਨੇ ਇਸ ਸਾਲ ਦੇ ਚੌਥੇ ਕਬੱਡੀ ਕੱਪ 'ਤੇ ਕਬਜ਼ਾ ਜਮਾ ਲਿਆ। ਕਬੱਡੀ ਦੇ ਇਨ੍ਹਾਂ ਮੁਕਾਬਲਿਆਂ ਦਾ ਅੱਖੀ ਡਿੱਠਾ ਹਾਲ ਰੇਡੀਓ ਚੜ੍ਹਦੀ ਕਲਾ ਤੋਂ ਨਾਲੋ ਨਾਲ ਪ੍ਰਸਾਰਿਤ ਕੀਤਾ ਗਿਆ। ਯੂਨਾਈਟਿਡ ਸਪੋਰਸਟ ਕਲੱਬ ਦੇ ਚੇਅਰਮੈਨ ਸ੍ਰੀ ਅਮੋਲਕ ਸਿੰਘ ਗਾਖਲ ਕਿਸੇ ਜ਼ਰੂਰੀ ਰੁਝੇਵੇਂ ਕਾਰਨ ਭਾਵੇਂ ਇਹ ਮੁਕਾਬਲੇ ਵੇਖਣ ਲਈ ਆਪ ਨਹੀਂ ਆ ਸਕੇ ਪਰ 'ਰੇਡੀਓ ਚੜ੍ਹਦੀ ਕਲਾ' ਰਾਹੀਂ ਕੁਮੈਂਟਰੀ ਸੁਣ ਕੇ ਉਨ੍ਹਾਂ ਆਪਣੀ ਟੀਮ ਦੀ ਜਿੱਤ ਉਤੇ ਖੁਸ਼ੀ ਦਾ ਇਜ਼ਹਾਰ ਕੀਤਾ ਅਤੇ ਨਾਲ ਹੀ ਵਧੀਆ ਖੇਡ ਟੂਰਨਾਮੈਂਟ ਕਰਾਉਣ ਲਈ ਸਿੱਖਸ ਸਪੋਰਟਸ ਕਲੱਬ ਦੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ।

ਈਸਟ ਬੇਏਰੀਏ ਵਿਚ ਮਿੰਨੀ ਓਲੰਪਿਕਸ ਕਰਕੇ ਜਾਣੇ ਜਾਂਦੇ ਇਸ ਖੇਡ ਮੇਲੇ ਦੌਰਾਨ ਜੇਤੂ ਟੀਮਾਂ ਨੂੰ ਨਕਦ ਇਨਾਮ ਅਤੇ ਟਰਾਫੀਆਂ ਦਿੱਤੀਆਂ ਗਈਆਂ। ਖੇਡ ਮੇਲੇ ਵਿਚ ਪਹੁੰਚੇ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਲਈ ਮੁਫਤ ਖਾਣੇ ਦਾ ਪ੍ਰਬੰਧ ਕੀਤਾ ਗਿਆ ਸੀ।

ਖੇਡ ਮੇਲਾ ਵੇਖਣ ਲਈ ਪਹੁੰਚੀਆਂ ਮੁੱਖ ਸ਼ਖਸੀਅਤਾਂ ਵਿਚ ਹੋਰਨਾਂ ਤੋਂ ਇਲਾਵਾ ਸਟੇਟ ਸੈਨੇਟਰ ਐਲਨ ਕੌਰਬੈਟ, ਸਰਵਣ ਸਿੰਘ ਬੱਲ, ਅਜੀਤ ਸਿੰਘ ਬੱਲ, ਮੱਖਣ ਸਿੰਘ ਬੈਂਸ, ਤਰਲੋਚਨ ਸਿੰਘ ਲੱਛਰ, ਬਲਜੀਤ ਸਿੰਘ ਸਹੋਤਾ, ਇਕਬਾਲ ਸਿੰਘ ਗਾਖਲ, ਦੀਪਾ ਢੀਂਡਸਾ, ਜੁਗਰਾਜ ਸਹੋਤਾ, ਗੁਰਦਾਵਰ ਸਿੰਘ ਮਹੇੜੂ, ਦਲਵਿੰਦਰ ਸਿੰਘ ਪੱਡਾ, ਸੁੱਖੀ ਸੇਖੋਂ, ਦਵਿੰਦਰ ਨਿੱਜਰ, ਹਰਜਿੰਦਰ ਜੌਹਲ, ਗੁਰਮੁਖ ਸੰਧੂ, ਗੁਰਦੇਵ ਸਿੰਘ ਸਿਧਵਾਂ ਦੋਨਾ, ਅਮਰਜੀਤ ਸੰਘਾ, ਮਨਜੀਤ ਸਿੰਘ ਸੰਧੂ ਅਤੇ ਨਿਰਮਲ ਸੰਧੂ ਹਾਜ਼ਰ ਸਨ।



ਇਨ੍ਹਾਂ ਖੇਡਾਂ ਦਾ ਪ੍ਰਬੰਧ ਸੰਸਥਾ ਦੇ ਚੇਅਰਮੈਨ ਹਰਵਿੰਦਰ ਸਿੰਘ ਧਾਲੀਵਾਲ, ਸੀਨੀਅਰ ਵਾਈਸ ਚੇਅਰਮੈਨ ਰਾਜਿੰਦਰਪਾਲ ਢਿੱਲੋਂ, ਵਾਈਸ ਚੇਅਰਮੈਨ ਗੁਰਚਰਨ ਸਿੰਘ ਮਾਨ ਅਤੇ ਰਾਣਾ ਸਿੰਘ ਕਾਹਲੋਂ, ਸੀਨੀਅਰ ਮੀਤ ਪ੍ਰਧਾਨ ਲਛਮਣ ਸਿੰਘ ਮਾਂਗਟ, ਹਰਦੀਪ ਸਿੰਘ ਔਲਖ ਅਤੇ ਹਰਪਾਲ ਸਿੰਘ ਰਾਣਾ, ਜਨਰਲ ਸਕੱਤਰ ਰੌਬਿਨ ਸਿੰਘ, ਜੁਆਇੰਟ ਟਰੈਜ਼ਰਰ ਭੁਪਿੰਦਰ ਸਿੰਘ ਪਰਮਾਰ, ਮੀਤ ਪ੍ਰਧਾਨ ਜਸਦੇਵ ਸਿੰਘ ਅਤੇ ਕੁਲਦੀਪ ਸਿੱਧੂ, ਡਾਇਰੈਕਟਰ ਕੁਲਵੰਤ ਸਿੰਘ ਨਿੱਜਰ, ਮਨਜੀਤ ਸਿੰਘ ਨੱਤ, ਸ਼ਮਸ਼ੇਰ ਸਿੰਘ ਵੜੈਚ, ਅਰਵਿੰਦ ਸਿੰਘ, ਦਵਿੰਦਰ ਭੇਲਾ, ਐਲਨ ਐਮ ਕੋਰਬੈਟ, ਮੈਨੀ ਸਿੰਘ, ਸੰਦੀਪ ਚਾਹਲ, ਦਵਿੰਦਰ ਸਿੰਘ ਬਾਹੀਆ ਅਤੇ ਜਸਵਿੰਦਰ (ਜੱਸੀ) ਗਿੱਲ ਨੇ ਬੜੀ ਮਿਹਨਤ ਨਾਲ ਕੀਤਾ।



*ਯੂਨਾਈਟਿਡ ਸਪੋਰਟਸ ਕਲੱਬ ਦੀ ਅੰਡਰ-21 ਜੇਤੂ ਟੀਮ*









# ਬਰਤਾਨੀਆ ਦੇ ਸ਼ਾਹੀ ਜੋੜੇ ਨੂੰ ਮਿਲੀ ਪੁੱਤਰ ਦੀ ਦਾਤ

ਲੰਡਨ: ਬਰਤਾਨੀਆ ਦੇ ਰਾਜ ਕੁਮਾਰ ਵਿਲੀਅਮ ਦੀ ਪਤਨੀ ਕੇਟ ਮਿਡਲਟਨ ਨੇ ਲੜਕੇ ਨੂੰ ਜਨਮ ਦਿੱਤਾ ਹੈ। ਸ਼ਾਹੀ ਖਾਨਦਾਨ ਦੇ ਬੁਲਾਰੇ ਨੇ ਦੱਸਿਆ ਕਿ ਕੇਟ ਅਤੇ ਉਸ ਦਾ ਪੁੱਤਰ ਸਿਹਤਮੰਦ ਹਨ ਅਤੇ ਬੱਚੇ ਦਾ ਭਾਰ 8 ਪੌਂਡ ਹੈ। ਕੇਟ ਨੂੰ ਪੈਡਿੰਗਟਨ ਦੇ ਸੇਂਟ ਮੇਰੀ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਸੀ। ਇਹ ਉਹੀ ਹਸਪਤਾਲ ਹੈ ਜਿਥੇ ਰਾਜ ਕੁਮਾਰੀ ਡਿਆਨਾ ਨੇ ਰਾਜ ਕੁਮਾਰ ਵਿਲੀਅਮ ਅਤੇ ਪ੍ਰਿੰਸ ਹੈਰੀ ਨੂੰ ਜਨਮ ਦਿੱਤਾ ਸੀ। ਉਧਰ ਬਕਿੰਘਮ ਪੈਲੇਸ ਦੇ ਬਾਹਰ ਲੋਕ ਵੱਡੀ ਗਿਣਤੀ ਵਿਚ ਲੋਕ ਇਕੱਠੇ ਹੋ ਗਏ ਜਿਥੋਂ ਇਸ ਖੁਸ਼ਖਬਰੀ ਦਾ ਐਲਾਨ ਕੀਤਾ ਗਿਆ। ਕਈ ਮੁਲਕਾਂ ਦੇ ਆਗੂਆਂ ਨੇ ਜੋੜੀ ਨੂੰ ਵਧਾਈ ਦਿੱਤੀ ਹੈ। ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ, ਉਨ੍ਹਾਂ ਦੀ ਪਤਨੀ ਮਿਸ਼ੇਲ ਓਬਾਮਾ, ਆਸਟਰੇਲੀਆ ਦੇ ਪ੍ਰਧਾਨ ਮੰਤਰੀ ਕੇਵਿਨ ਰੁੱਡ, ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਜੋਹਨ ਕੇ, ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ, ਰੂਸ ਦੇ ਰਾਸ਼ਟਰਪਤੀ ਵਾਲਦੀਮੀਰ ਪੁਤਿਨ ਤੋਂ ਇਲਾਵਾ ਇਜ਼ਰਾਈਲ, ਫਰਾਂਸ ਤੇ ਜਪਾਨ ਦੇ ਆਗੂਆਂ ਨੇ ਭਵਿੱਖ ਦੇ ਬਰਤਾਨਵੀ ਰਾਜੇ ਦੇ ਜਨਮ 'ਤੇ ਵਧਾਈ ਦਿੱਤੀ ਹੈ।



*ਰਾਜ ਕੁਮਾਰ ਵਿਲੀਅਮ ਅਤੇ ਕੇਟ ਮਿਡਲਟਨ ਆਪਣੇ ਨਵਜੰਮੇ ਪੁੱਤਰ ਨਾਲ।*

ਇਸੇ ਦੌਰਾਨ ਸ਼ਾਹੀ ਜੋੜੀ ਦੇ ਘਰ ਬੱਚੇ ਦੇ ਪੈਦਾ ਹੋਣ ਤੋਂ ਪਹਿਲਾਂ ਵੱਡੇ ਪੱਧਰ 'ਤੇ ਸੱਟਾ ਅਤੇ ਸ਼ਰਤਾਂ ਲੱਗੀਆਂ। ਇਹ ਸ਼ਰਤਾਂ ਸਨ ਕਿ ਨਵੇਂ ਬੱਚੇ ਦਾ ਨਾਂ ਕੀ ਰੱਖਿਆ ਜਾਵੇਗਾ। ਬੱਚਾ ਪੈਦਾ ਹੋਣ ਤੋਂ ਇਕ ਘੰਟਾ ਪਹਿਲਾਂ ਤਕਰੀਬਨ 50 ਹਜ਼ਾਰ ਸ਼ਰਤਾਂ ਲੱਗੀਆਂ। ਇਸ ਤੋਂ ਪਹਿਲਾਂ ਲੜਕਾ ਜਾਂ ਲੜਕੀ ਹੋਣ ਦੀਆਂ ਵੀ ਸ਼ਰਤਾਂ ਲੱਗੀਆਂ। ਬੱਚਾ ਪੈਦਾ ਹੋਣ ਦੀ ਖਬਰ ਸਭ ਤੋਂ ਪਹਿਲਾਂ ਮਹਾਰਾਣੀ ਐਲਿਜਾਬੈਥ ਨੂੰ ਦਿੱਤੀ ਗਈ। ਜਣੇਪੇ ਵੇਲੇ ਹਾਜ਼ਰ ਟੀਮ ਵਿਚ ਭਾਰਤੀ ਮੂਲ ਦਾ ਡਾਕਟਰ ਸੁਨੀਤ ਗੋਕਾਂਬੇ ਵੀ ਮੌਜੂਦ ਸੀ।

# ਨਿਜੀ ਰੰਜਿਸ਼ਾਂ ਕਰਕੇ ਖਿਡਾਰੀਆਂ ਨੂੰ ਰੋਕਣਾ ਨਿੰਦਣਯੋਗ-ਸਰਵਣ ਸਿੰਘ ਬੱਲ

**ਯੂਨੀਅਨ ਸਿਟੀ (ਬਿਊਰੋ):** "ਜੇ ਅਸੀਂ ਸੱਚ ਮੁੱਚ ਖੇਡਾਂ ਨੂੰ ਉਤਸ਼ਾਹਿਤ ਕਰਨਾ ਚਾਹੁੰਦੇ ਹਾਂ ਅਤੇ ਨਵੀਂ ਪੀੜ੍ਹੀ ਨੂੰ ਖੇਡਾਂ ਨਾਲ ਜੋੜਨ ਪ੍ਰਤੀ ਗੰਭੀਰ ਹਾਂ ਤਾਂ ਸਾਨੂੰ ਧੜਿਆਂ ਦੀ ਸੌੜੀ ਸੋਚ ਤੋਂ ਉਪਰ ਉਠਣਾ ਪਵੇਗਾ।" ਇਹ ਵਿਚਾਰ ਆਪਣੇ ਵੇਲਿਆਂ ਦੇ ਮਹਾਨ ਕਬੱਡੀ ਖਿਡਾਰੀ ਸ. ਸਰਵਣ ਸਿੰਘ ਬੱਲ ਨੇ ਸਿੱਖ ਸਪੋਰਟਸ ਕਲੱਬ ਵਲੋਂ ਇਥੇ ਜੇਮਜ਼ ਲੋਗਨ ਹਾਈ ਸਕੂਲ ਵਿਚ ਕਰਵਾਈਆਂ ਗਈਆਂ ਖੇਡਾਂ ਸਮੇਂ ਪੰਜਾਬ ਟਾਈਮਜ਼ ਨਾਲ ਗੱਲ ਕਰਦਿਆਂ ਪ੍ਰਗਟਾਏ।

ਆਪਣੀ ਗੱਲ ਜਾਰੀ ਰੱਖਦਿਆਂ ਸ. ਬੱਲ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਪੰਜਾਬ ਦੀ ਮਾਂ ਖੇਡ ਕਬੱਡੀ ਅੱਜ ਬੁਲੰਦੀਆਂ ਛੋਹ ਰਹੀ ਹੈ, ਅਮਰੀਕਾ ਕੈਨੇਡਾ ਅਤੇ ਹੋਰ ਮੁਲਕਾਂ ਵਿਚ ਜਿਥੇ ਕਿਤੇ ਵੀ ਪੰਜਾਬੀ ਵੱਸੇ ਹਨ, ਕਬੱਡੀ ਦੇ ਵੱਡੇ ਵੱਡੇ ਟੂਰਨਾਮੈਂਟ ਕਰਵਾਏ ਜਾ ਰਹੇ ਹਨ ਅਤੇ ਇਹ ਆਸ ਪ੍ਰਗਟਾਈ ਜਾ ਰਹੀ ਹੈ ਕਿ ਕਬੱਡੀ ਜਲਦ ਹੀ ਓਲੰਪਿਕ ਖੇਡਾਂ ਵਿਚ ਵੀ ਸ਼ਾਮਲ ਹੋਵੇਗੀ, ਉਥੇ ਇਹ ਗੱਲ ਬੜੇ ਅਫਸੋਸ ਨਾਲ ਕਹਿਣੀ ਪੈਂਦੀ ਹੈ ਕਿ ਖੇਡ ਕਲੱਬਾਂ ਦੇ ਕੁਝ ਪ੍ਰਬੰਧਕ ਆਪਣੀ ਸੌੜੀ ਰਾਜਨੀਤੀ ਕਰਕੇ ਖਿਡਾਰੀਆਂ ਨੂੰ ਆਪਣੇ ਮੁਕਾਬਲੇ ਦੇ ਕਲੱਬਾਂ ਵਲੋਂ ਕਰਵਾਏ ਜਾਂਦੇ ਟੂਰਨਾਮੈਂਟਾਂ ਵਿਚ ਖੇਡਣ ਤੋਂ ਮਨ੍ਹਾਂ ਕਰਦੇ ਹਨ। ਉਨ੍ਹਾਂ ਕਿਹਾ ਕਿ ਇਹ ਸੌੜੀ ਸੋਚ ਦਾ ਹੀ ਨਤੀਜਾ ਹੈ ਕਿ ਕੁਝ ਪ੍ਰਬੰਧਕ ਬੱਚਿਆਂ ਨੂੰ ਕਾਲਾਂ ਕਰਕੇ ਇਸ ਖੇਡ ਮੇਲੇ ਸਮੇਂ ਉਨ੍ਹਾਂ ਨੂੰ ਗਰਾਊਂਡ ਵਿਚ ਖੇਡਣ ਜਾਣ ਤੋਂ ਰੋਕਣ ਦੀ ਕੋਸ਼ਿਸ਼ ਕਰਦੇ ਰਹੇ।

ਸ. ਬੱਲ ਨੇ ਆਖਿਆ ਕਿ ਜੇ ਅਸੀਂ ਆਪਣੇ ਬੱਚਿਆਂ ਨੂੰ ਗੈਂਗਾਂ ਵਿਚ ਸ਼ਾਮਲ ਹੋਣ ਅਤੇ ਨਸ਼ਿਆਂ ਤੋਂ ਦੂਰ ਰੱਖਣ ਪ੍ਰਤੀ ਗੰਭੀਰ ਹਾਂ ਤਾਂ ਸਾਨੂੰ ਆਪਣੀ ਹਉਮੈ ਅਤੇ ਨਿਜੀ ਰੰਜਿਸ਼ਾਂ ਤੋਂ ਉਪਰ ਉਠਣਾ ਹੀ ਪਵੇਗਾ।

# ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ

ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਪਿਛਲੇ ਕਰੀਬ ਇਕ ਦਹਾਕੇ ਤੋਂ ਖੇਡਾਂ ਦੇ ਖੇਤਰ ਵਿਚ ਸਰਗਰਮ ਹੈ। ਪਿਛਲੇ ਸਾਲਾਂ ਵਿਚ ਇਸ ਵਲੋਂ ਕਈ ਵਿਸ਼ਵ ਕਬੱਡੀ ਕੱਪ ਟੂਰਨਾਮੈਂਟ ਕਰਵਾਏ ਜਾ ਚੁਕੇ ਹਨ। ਇਸ ਦੀਆਂ ਕਬੱਡੀ ਟੀਮਾਂ ਨਾ ਸਿਰਫ ਕੈਲੀਫੋਰਨੀਆ ਦੇ ਵੱਖ ਵੱਖ ਖੇਡ ਮੇਲਿਆਂ 'ਚ ਹੀ ਹਿੱਸਾ ਲੈਂਦੀਆਂ ਰਹੀਆਂ ਹਨ ਸਗੋਂ ਅਮਰੀਕਾ ਦੀਆਂ ਹੋਰਨਾਂ ਸਟੇਟਾਂ ਅਤੇ ਕੈਨੇਡਾ ਵਿਚ ਹੁੰਦੇ ਖੇਡ ਮੇਲਿਆਂ ਵਿਚ ਵੀ ਹਿੱਸਾ ਹੀ ਨਹੀਂ ਲੈਂਦੀਆਂ ਰਹੀਆਂ ਸਗੋਂ ਜਿੱਤ ਕੇ ਵੀ ਆਉਂਦੀਆਂ ਰਹੀਆਂ। ਵੱਖ ਵੱਖ ਖੇਡ ਮੇਲਿਆਂ ਦੌਰਾਨ ਖਿੱਚੀਆਂ ਗਈਆਂ ਕੁਝ ਤਸਵੀਰਾਂ।


























**Page sponsored by Amolak Singh Gakhal, Iqbal Singh Gakhal and Parwinder Singh Gakhal**

# ਗੁਰਦੁਆਰਾ ਸੈਨ ਹੋਜ਼ੇ ਵਿਚ ਸੈਮੀਨਾਰ ਅਤੇ ਪੰਥਕ ਇਕੱਠ 27 ਨੂੰ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਵਿਖੇ 27 ਜੁਲਾਈ ਸਨਿਚਰਵਾਰ ਨੂੰ ਹੋ ਰਹੇ ਸੈਮੀਨਾਰ ਅਤੇ ਵਿਸ਼ਾਲ ਪੰਥਕ ਇਕੱਠ ਲਈ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜਾਰੀ ਇਕ ਬਿਆਨ ਅਨੁਸਾਰ ਲੰਘੇ ਸਨਿਚਰਵਾਰ ਹੋਈ ਇੱਕ ਮੀਟਿੰਗ ਦੌਰਾਨ ਵੱਖ-ਵੱਖ ਜ਼ਿੰਮੇਵਾਰੀਆਂ ਲਈ ਸੇਵਾਦਾਰਾਂ ਦੀਆਂ ਡਿਊਟੀਆਂ ਲਾ ਦਿੱਤੀਆਂ ਗਈਆਂ ਹਨ। ਇਸ ਸਮਾਗਮ ਲਈ ਸੰਗਤਾਂ ਦੇ ਵੱਡੀ ਗਿਣਤੀ ਵਿਚ ਪੁੱਜਣ ਦੀ ਸੰਭਾਵਨਾ ਨੂੰ ਦੇਖਦਿਆਂ ਰਿਹਾਇਸ਼ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ।

ਇਸ ਸੈਮੀਨਾਰ ਤੇ ਪੰਥਕ ਇਕੱਠ ਵਿਚ ਸਿੱਖ ਵਿਦਵਾਨ ਡਾ. ਹਰਭਜਨ ਸਿੰਘ (ਪੰਜਾਬੀ ਯੂਨੀਵਰਸਿਟੀ ਪਟਿਆਲਾ), ਡਾ. ਜੋਧ ਸਿੰਘ (ਪੰਜਾਬੀ ਯੂਨੀਵਰਸਿਟੀ ਪਟਿਆਲਾ), ਗਿਆਨੀ ਸ਼ੇਰ ਸਿੰਘ ਅੰਬਾਲਾ, ਡਾ. ਗੁਰਿੰਦਰ ਸਿੰਘ ਮਾਨ, ਡਾ. ਅਮਰਜੀਤ ਸਿੰਘ ਬੱਲ, ਡਾ. ਸੁਖਮੰਦਰ ਸਿੰਘ, ਡਾ. ਗੁਰਤੇਜ ਸਿੰਘ ਅਤੇ ਗੁਰਪ੍ਰੀਤ ਸਿੰਘ ਖਾਲਸਾ ਪੁੱਜ ਰਹੇ ਹਨ।

ਪ੍ਰਬੰਧਕ ਕਮੇਟੀ ਅਨੁਸਾਰ ਇਸ ਪੰਥਕ ਇਕੱਠ ਵਿਚ ਲਾਸ ਏਂਜਲਸ, ਸੈਕਰਾਮੈਂਟੋ, ਯੂਬਾ ਸਿਟੀ, ਫਰਿਜ਼ਨੋ, ਟੂਲੇਰੀ, ਬੇਕਰਜ਼ਫੀਲਡ, ਸਟਾਕਟਨ, ਮਨਟੀਕਾ, ਰੈਡਿੰਗ ਤੋਂ ਇਲਾਵਾ ਸਮੁੱਚੇ ਬੇ-ਏਰੀਆ ਦੇ ਸ਼ਹਿਰਾਂ ਵਿਚੋਂ ਸੰਗਤਾਂ ਪਹੁੰਚ ਰਹੀਆਂ ਹਨ। ਅਖੰਡ ਕੀਰਤਨੀ ਜਥਾ, ਦਮਦਮੀ ਟਕਸਾਲ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਹੋਰ ਪੰਥਕ ਜਥੇਬੰਦੀਆਂ ਵੀ ਹਾਜ਼ਰੀ ਭਰਨਗੀਆਂ। ਬਿਆਨ ਅਨੁਸਾਰ ਸੰਗਤਾਂ ਵਲੋਂ ਦੂਰੋਂ-ਨੇੜਿਉਂ ਫੋਨ ਅਤੇ ਈਮੇਲਾਂ ਆ ਰਹੀਆਂ ਹਨ ਜਿਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸੰਗਤਾਂ ਵਿਚ ਇਸ ਪੰਥਕ ਇਕੱਠ ਪ੍ਰਤੀ ਕਿੰਨਾ ਉਤਸ਼ਾਹ ਹੈ।

ਕਮੇਟੀ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਪੰਥ ਵਿਰੋਧੀ ਸ਼ਕਤੀਆਂ ਵਲੋਂ ਖੋਜ ਦੇ ਨਾਂ 'ਤੇ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਭਾਈ ਗੁਰਦਾਸ ਦੀਆਂ ਵਾਰਾਂ, ਅੰਮ੍ਰਿਤ, ਪੰਜ ਬਾਣੀਆਂ ਅਤੇ ਹੋਰ ਪੰਥਕ ਰਵਾਇਤਾਂ 'ਤੇ ਕੋਝੇ ਹਮਲੇ ਕੀਤੇ ਜਾ ਰਹੇ ਹਨ। ਪੰਥ ਵਿਰੋਧੀਆਂ ਵਲੋਂ ਪਾਏ ਜਾ ਰਹੇ ਭਰਮ ਭੁਲੇਖਿਆਂ ਨੂੰ ਦੂਰ ਕਰਨ ਲਈ ਹੀ ਇਹ ਪੰਥਕ ਇਕੱਠ ਬੁਲਾਇਆ ਗਿਆ ਹੈ।

# ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਵਲੋਂ ਗਦਰੀ ਮੇਲਾ ਅਕਤੂਬਰ ਵਿਚ

**ਸੈਕਰਾਮੈਂਟੋ (ਬਿਊਰੋ):** ਗਦਰੀ ਬਾਬਿਆਂ ਦੀ ਯਾਦ ਵਿਚ ਬਣੀ ਸਥਾਨਕ ਸੰਸਥਾ ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਵਲੋਂ ਗਦਰ ਲਹਿਰ ਦੀ ਸੌਵੀਂ ਵਰ੍ਹੇਗੰਢ ਨੂੰ ਸਮਰਪਿਤ ਪ੍ਰੋਗਰਾਮਾਂ ਦੀ ਲੜੀ ਵਿਚ ਸੈਕਰਾਮੈਂਟੋ ਵਿਚ ਮੇਲਾ ਅਕਤੂਬਰ ਮਹੀਨੇ ਦੇ ਪਹਿਲੇ ਹਫਤੇ ਕਰਵਾਇਆ ਜਾਵੇਗਾ। ਇਸੇ ਲੜੀ ਵਿਚ ਨਿਊ ਯਾਰਕ ਵਿਚ ਵੀ ਇਕ ਸਮਾਗਮ 14 ਸਤੰਬਰ ਨੂੰ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਸੰਸਥਾ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਅਤੇ ਸਕੱਤਰ ਬਲਜਿੰਦਰ ਸਿੰਘ ਭੱਟੀ ਨੇ ਇਕ ਬਿਆਨ ਵਿਚ ਦਿੰਦਿਆਂ ਕਿਹਾ ਕਿ ਇਨ੍ਹਾਂ ਦੋਹਾਂ ਮੇਲਿਆਂ ਲਈ ਤਿਆਰੀਆਂ ਅਰੰਭ ਦਿੱਤੀਆਂ ਗਈਆਂ ਹਨ। ਬਿਆਨ ਵਿਚ ਕਿਹਾ ਗਿਆ ਹੈ ਕਿ ਇਸ ਤੋਂ ਪਹਿਲਾਂ ਜਥੇਬੰਦੀ ਵਲੋਂ ਬੇਕਰਜ਼ਫੀਲਡ ਅਤੇ ਲਾਸ ਏਂਜਲਸ ਵਿਚ ਕਰਵਾਏ ਗਏ ਪ੍ਰੋਗਰਾਮਾਂ ਨੂੰ ਭਰਪੂਰ ਹੁੰਗਾਰਾ ਮਿਲਿਆ ਅਤੇ ਇਹ ਪੂਰੀ ਤਰ੍ਹਾਂ ਸਫਲ ਰਹੇ।

ਸ. ਬਿੰਦਰਾ ਅਤੇ ਸ. ਭੱਟੀ ਨੇ ਆਪਣਾ ਬਿਆਨ ਜਾਰੀ ਰੱਖਦਿਆਂ ਕਿਹਾ ਕਿ ਗਦਰੀ ਬਾਬਿਆਂ ਨੇ ਭਾਰਤੀ ਉਪ ਮਹਾਂਦੀਪ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਕਰਾਉਣ ਲਈ ਅਮਰੀਕਾ ਦੀ ਧਰਤੀ ਤੋਂ ਹੀ ਗਦਰ ਲਹਿਰ ਅਰੰਭ ਕੀਤੀ। ਇਸ ਧਰਮ ਨਿਰਪੇਖ ਜਮਹੂਰੀ ਲਹਿਰ ਵਿਚ 300 ਤੋਂ ਵੱਧ ਸੂਰਬੀਰਾਂ ਨੇ ਸ਼ਹਾਦਤ ਦਾ ਜਾਮ ਪੀਤਾ ਅਤੇ ਬਹੁਤ ਸਾਰਿਆਂ ਨੇ ਕਾਲੇ ਪਾਣੀ ਦੇ ਕੁੰਭੀ ਨਰਕ ਭੋਗੇ, ਜਾਇਦਾਦਾਂ ਜ਼ਬਤ ਕਰਵਾਈਆਂ, ਅਸਹਿ ਤੇ ਅਕਹਿ ਕਸ਼ਟ ਝੱਲੇ। ਬੇਸ਼ਕ ਇਹ ਲਹਿਰ ਆਪਣੇ ਮਨੋਰਥ ਵਿਚ ਫੌਰੀ ਤੌਰ 'ਤੇ ਸਫਲ ਨਾ ਹੋ ਸਕੀ ਪਰ ਆਜ਼ਾਦੀ ਲਈ ਉਠ ਰਹੇ ਵੱਖ ਵੱਖ ਸੰਗਰਾਮਾਂ ਨੂੰ ਉਤਸ਼ਾਹਿਤ ਜ਼ਰੂਰ ਕਰ ਗਈ। ਇਹ ਵੱਖਰੀ ਗੱਲ ਹੈ ਕਿ ਜਿਹੜੇ ਨਿਸ਼ਾਨੇ ਨੂੰ ਲੈ ਕੇ ਗਦਰ ਪਾਰਟੀ ਦੇ ਸੂਰਮਿਆਂ ਨੇ ਇੰਨੀਆਂ ਕੁਰਬਾਨੀਆਂ ਕੀਤੀਆਂ, ਉਹ ਪੂਰੇ ਨਹੀਂ ਹੋਏ ਅਤੇ ਅੱਜ ਆਜ਼ਾਦੀ ਤੋਂ ਬਾਅਦ ਇੰਨਾ ਲੰਮਾ ਸਮਾਂ ਬੀਤ ਜਾਣ 'ਤੇ ਵੀ ਦੇਸ਼ ਵਿਚੋਂ ਬੇਰੁਜ਼ਗਾਰੀ, ਰਿਸ਼ਵਤਖੋਰੀ, ਕੁਨਬਾਪਰਬਰੀ, ਭੁੱਖ-ਨੰਗ ਅਤੇ ਗਰੀਬੀ ਦੀਆਂ ਅਲਾਮਤਾਂ ਤੋਂ ਖਹਿੜਾਂ ਨਹੀਂ ਛੁਡਾਇਆ ਜਾ ਸਕਿਆ। ਉਨ੍ਹਾਂ ਕਿਹਾ ਕਿ ਆਜ਼ਾਦੀ ਦੇ ਪਰਵਾਨਿਆਂ ਨੂੰ ਸਹੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਅਸੀਂ ਉਨ੍ਹਾਂ ਦੇ ਮਿੱਥੇ ਟੀਚੇ ਨੂੰ ਪੂਰਾ ਕਰਨ ਲਈ ਜੋ ਵੀ ਕਰ ਸਕਦੇ ਹਾਂ, ਜ਼ਰੂਰ ਕਰੀਏ।

# ਭਾਰਤੀ ਮੂਲ ਦੇ ਡਾਕਟਰ ਨੂੰ ਦੋ ਸਾਲ ਦੀ ਕੈਦ

**ਸ਼ਿਕਾਗੋ:** ਮੋਟਾਪਾ ਘਟਾਉਣ ਵਾਲੇ ਇਕ ਕਲੀਨਿਕ ਦੇ ਮਾਲਕ ਇਕ ਭਾਰਤੀ-ਅਮਰੀਕੀ ਡਾਕਟਰ ਨੂੰ ਦੋ ਸਾਲਾਂ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਉਸ 'ਤੇ ਦੋਸ਼ ਸੀ ਕਿ ਉਸ ਨੇ ਆਪਣੇ ਮਰੀਜ਼ਾਂ ਨੂੰ ਐਮਫੈਟਾਮਾਈਨ ਆਧਾਰਤ ਗੋਲੀਆਂ ਦਿੱਤੀਆਂ ਸਨ। ਇੰਡੀਆਨਾ ਦੀ ਅਦਾਲਤ ਨੇ ਉਸ ਦੀ ਪਤਨੀ ਨੂੰ ਵੀ ਇਸ ਕਲੀਨਿਕ ਦੇ ਲੈਣ-ਦੇਣ ਸਬੰਧੀ ਆਮਦਨ ਕਰ ਦੀ ਚੋਰੀ ਬਦਲੇ ਸਜ਼ਾ ਸੁਣਾਈ ਹੈ।

ਡਾ. ਰਾਕੇਸ਼ ਆਨੰਦ (57) ਅਤੇ ਉਸ ਦੀ ਪਤਨੀ ਮੀਨਾ ਆਨੰਦ (53) ਇੰਡੀਆਨਾ ਅਤੇ ਇਲੀਨਾਏ ਵਿਚ ਡਾਕਟਰਜ਼ ਵੇਟ ਲੌਸ ਨਾਂ ਦੀ ਕਲੀਨਿਕ ਚਲਾਉਂਦੇ ਸਨ। ਇਨ੍ਹਾਂ ਨੂੰ 745872 ਡਾਲਰ ਮਾਲ ਮਹਿਕਮੇ ਕੋਲ ਜਮ੍ਹਾਂ ਕਰਾਉਣ ਅਤੇ ਉਨ੍ਹਾਂ ਕੋਲੋਂ 52 ਲੱਖ ਡਾਲਰ ਦੀ ਰਕਮ ਜ਼ਬਤ ਕਰਨ ਦੇ ਹੁਕਮ ਦਿੱਤੇ ਗਏ ਹਨ। ਜੋੜੇ ਨੇ ਜਨਵਰੀ ਵਿਚ ਦੋਸ਼ ਕਬੂਲ ਕਰ ਲਏ ਸਨ। ਜੱਜ ਵਾਨ ਬੋਕਲਿਨ ਨੇ ਰਾਕੇਸ਼ ਆਨੰਦ ਨੂੰ 7,50,000 ਡਾਲਰ ਦਾ ਜੁਰਮਾਨਾ ਕੀਤਾ ਅਤੇ ਇਨ੍ਹਾਂ ਦੀ ਦੋ ਸਾਲਾ ਕੈਦ 30 ਅਗਸਤ ਤੋਂ ਸ਼ੁਰੂ ਹੋਵੇਗੀ। ਮੀਨਾ ਨੂੰ 1,00,000 ਡਾਲਰ ਦਾ ਜੁਰਮਾਨਾ ਕੀਤਾ ਗਿਆ ਹੈ ਅਤੇ ਉਸ ਦੀ 30 ਦਿਨਾਂ ਦੀ ਕੈਦ ਦੀ ਸਜ਼ਾ 3 ਸਤੰਬਰ ਤੋਂ ਸ਼ੁਰੂ ਹੋ ਜਾਵੇਗੀ।

ਆਪਣੇ ਇਕਬਾਲ ਵਿਚ ਡਾ. ਰਾਕੇਸ਼ ਆਨੰਦ ਨੇ ਮੰਨਿਆ ਸੀ ਕਿ ਜਨਵਰੀ 2002 ਤੋਂ ਫਰਵਰੀ 2010 ਤੱਕ ਉਸ ਨੇ ਅਤੇ ਡਾ. ਦਿਨੇਸ਼ ਸਰੱਈਆ ਨੇ ਫੇਂਡੀਮੈਟਰਾਜ਼ਾਈਨ ਸਾਲਟ ਵਾਲੀਆਂ 10 ਲੱਖ ਤੋਂ ਵੱਧ ਗੋਲੀਆਂ ਅਤੇ ਫੈਂਟਰਮਾਈਨ ਦੀਆਂ 30 ਲੱਖ ਤੋਂ ਵੱਧ ਗੋਲੀਆਂ ਖਰੀਦੀਆਂ ਸਨ। ਫੈਂਡੀਮੈਟਰਾਜ਼ਾਈਨ ਅਤੇ ਫੈਂਟਰਮਾਈਨ ਕ੍ਰਮਵਾਰ ਸ਼ਡਿਊਲ 3 ਅਤੇ 4 ਤਹਿਤ ਕੰਟਰੋਲਡ ਦਵਾਈਆ ਦੀ ਸ਼੍ਰੇਣੀ ਵਿਚ ਆਉਂਦੀਆਂ ਹਨ। ਆਨੰਦ ਨੇ ਆਪਣੇ ਤਿੰਨ ਵੇਟ ਲੌਸ ਕਲੀਨਿਕਾਂ 'ਚ ਅਪਰੇਸ਼ਨਾਂ ਰਾਹੀਂ 50 ਲੱਖ ਡਾਲਰ ਤੋਂ ਵੱਧ ਕਮਾਏ ਸਨ।

75 ਸਾਲਾ ਸਰੱਈਆ ਨੇ ਇਸ ਕੇਸ ਵਿਚ ਸਹਿਯੋਗ ਦਿੰਦਿਆਂ ਇਹ ਕੰਟਰੋਲਡ ਦਵਾਈਆਂ ਵੰਡਣ ਦੇ ਦੋਸ਼ ਕਬੂਲ ਕੀਤੇ ਸਨ। ਉਸ ਨੂੰ ਸ਼ਿਕਾਗੋ ਦੀ ਅਦਾਲਤ ਵੱਲੋਂ 30 ਜੁਲਾਈ ਨੂੰ ਸਜ਼ਾ ਸੁਣਾਈ ਜਾਵੇਗੀ। ਨਿਆਂ ਵਿਭਾਗ ਮੁਤਾਬਕ ਰਾਕੇਸ਼ ਅਤੇ ਸਰੱਈਆ ਇਹ ਦੇਖੇ ਬਿਨਾਂ ਹੀ ਮਰੀਜ਼ਾਂ ਨੂੰ ਇਹ ਕੰਟਰੋਲਡ ਗੋਲੀਆਂ ਖਾਣ ਲਈ ਦੇ ਦਿੰਦੇ ਸਨ ਕਿ ਮਰੀਜ਼ ਨੇ ਮੋਟਾਪਾ ਘਟਾਉਣ ਲਈ ਖੁਰਾਕ ਅਤੇ ਕਸਰਤ ਦਾ ਸਹਾਰਾ ਲਿਆ ਹੈ ਜਾਂ ਨਹੀਂ। ਕੁਝ ਮਰੀਜ਼ਾਂ ਨੂੰ ਤਾਂ ਡਾ. ਰਾਕੇਸ਼ ਦਾ ਦਫਤਰੀ ਸਟਾਫ ਹੀ ਗੋਲੀਆਂ ਦੇ ਦਿੰਦਾ ਸੀ।

# ਅਮਰੀਕੀ ਲੋਕ ਵਿਆਹ ਤੋਂ ਕੰਨੀ ਕਤਰਾਉਣ ਲੱਗੇ

**ਵਾਸ਼ਿੰਗਟਨ:** ਅਮਰੀਕਾ ਦੇ ਲੋਕ ਵਿਆਹ ਤੋਂ ਦੂਰ ਰਹਿਣ ਵਿਚ ਹੀ ਆਪਣੀ ਭਲਾਈ ਸਮਝ ਰਹੇ ਹਨ। ਇਸ ਸਮੇਂ ਦੇਸ਼ ਵਿਚ ਸਿਰਫ਼ 31.01 ਫੀਸਦੀ ਜੋੜੇ ਵਿਆਹ ਕਰਵਾ ਰਹੇ ਹਨ, ਇਹ ਗਿਣਤੀ ਸਦੀ ਵਿਚ ਸਭ ਤੋਂ ਘੱਟ ਹੈ। ਅਮਰੀਕਾ ਵਿਚ ਕੀਤੇ ਗਏ ਅਧਿਐਨ ਮੁਤਾਬਕ 1920 ਵਿਚ ਵਿਆਹ ਕਰਾਉਣ ਵਾਲਿਆਂ ਦੀ ਗਿਣਤੀ 92.3 ਫੀਸਦੀ ਸੀ। ਵਿਆਹ ਨਾ ਕਰਾਉਣ ਦਾ ਰੁਝਾਨ 1970 ਮਗਰੋਂ ਘਟਣ ਲੱਗਾ ਤੇ ਉਦੋਂ ਇਥੇ ਵਿਆਹ ਕਰਾਉਣ ਵਾਲਿਆਂ ਦੀ ਗਿਣਤੀ 60 ਫੀਸਦੀ ਰਹਿ ਗਈ।

ਹੌਲੀ-ਹੌਲੀ ਲੋਕ ਗ੍ਰਹਿਸਥੀ ਜੀਵਨ ਨੂੰ ਪੈਰ ਦੀ ਜੰਜੀਰ ਮੰਨ ਕੇ ਇਸ ਤੋਂ ਦੂਰ ਹੁੰਦੇ ਗਏ ਤੇ ਹੁਣ ਇਹ ਗਿਣਤੀ 31.01 ਫੀਸਦੀ ਰਹਿ ਗਈ ਹੈ। ਅਧਿਐਨ ਮੁਤਾਬਕ ਕੁਝ ਕੁ ਔਰਤਾਂ ਹੀ ਹਨ, ਜੋ ਵਿਆਹ ਕਰਵਾ ਰਹੀਆਂ ਹਨ ਜਦਕਿ ਬਹੁਤੀਆਂ ਜੀਵਨ ਸਾਥੀ ਚੁਣਨ ਵਿਚ ਜਲਦਬਾਜ਼ੀ ਨਹੀਂ ਕਰ ਰਹੀਆਂ। ਅਮਰੀਕਾ ਵਿਚ ਵਿਆਹ ਜ਼ਰੂਰੀ ਨਹੀਂ ਰਿਹਾ।


Short Sale Specialist

Selling HUD homes anywhere in California



**Just Sold**
7 Derow Ct., Sacramento, CA 95833
**$40,000.00**
2625 Hayden Brook Ave., Stockton, CA 95212
**$141,500**

**Listing**
2519 Tornado Way, Rancho Cordova, CA 95670
**$105,000**
4545 Valley Hi Dr., Sacramento, CA 95823
**$140,000**
2430 Yreka Ave, Sacramento, CA 95822
**$63,000**

Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Call: Sohanpreet 'Sam' Chahal*
@916-612-5773
visit: www.hudhomestore.com
Serving from Bay Area to Sacramento

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707





# ਕਸ਼ਮੀਰੀ ਲੜ ਰਹੇ ਨੇ ਆਜ਼ਾਦੀ ਲਈ ਸੰਘਰਸ਼: ਮਾਨ

**ਜੰਮੂ:** ਜੰਮੂ-ਕਸ਼ਮੀਰ ਦੇ ਦੌਰੇ 'ਤੇ ਆਏ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸਾਬਕਾ ਗ੍ਰਹਿ ਮੰਤਰੀ ਅਤੇ ਰਿਆਸਤ ਦੇ ਸਾਬਕਾ ਮੁੱਖ ਮੰਤਰੀ ਮੁਫ਼ਤੀ ਮੁਹੰਮਦ ਸਈਦ ਨਾਲ ਮੁਲਾਕਾਤ ਕਰ ਕੇ ਰਿਆਸਤ ਦੀ ਮੌਜੂਦਾ ਹਾਲਤ 'ਤੇ ਚਰਚਾ ਕੀਤੀ। ਬਆਦ ਵਿਚ ਸ੍ਰੀਨਗਰ ਵਿਚ ਪ੍ਰੈਸ ਕਾਨਫਰੰਸ ਦੌਰਾਨ ਉਨ੍ਹਾਂ ਕਿਹਾ ਕਿ ਜੰਮੂ ਕਸ਼ਮੀਰ ਦਾ ਮਸਲਾ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ ਅਤੇ ਕਸ਼ਮੀਰੀ ਅਵਾਮ ਸਿਰਫ ਤੇ ਸਿਰਫ ਆਜ਼ਾਦੀ ਚਾਹੁੰਦੀ ਹੈ। ਸੰਸਾਰ ਦਾ ਸਿੱਖ ਭਾਈਚਾਰਾ ਕਸ਼ਮੀਰੀਆਂ ਦੀ ਆਜ਼ਾਦੀ ਲਈ ਉਨ੍ਹਾਂ ਦੇ ਨਾਲ ਖੜ੍ਹਾ ਹੈ ਅਤੇ ਸੰਯੁਕਤ ਰਾਸ਼ਟਰ ਦੇ ਮਤੇ ਮੁਤਾਬਕ ਰਾਏਸ਼ੁਮਾਰੀ ਦੇ ਹੱਕ ਵਿਚ ਹੈ। ਉਨ੍ਹਾਂ ਕਿਹਾ ਕਿ ਇਸ ਵੇਲੇ ਸੂਬੇ ਵਿਚ ਸਾਢੇ ਸੱਤ ਲੱਖ ਸੁਰੱਖਿਆ ਬਲ ਕਸ਼ਮੀਰੀਆਂ ਦੇ ਸੰਘਰਸ਼ ਨੂੰ ਦਬਾਉਣ ਲਈ ਲੱਗੇ ਹੋਏ ਹਨ ਤੇ 1989 ਤੋਂ ਲੈ ਕੇ ਹੁਣ ਤੱਕ 93 ਹਜ਼ਾਰ ਕਸ਼ਮੀਰੀ ਫੌਤ ਹੋ ਚੁੱਕੇ ਹਨ। ਡੇਢ ਲੱਖ ਤੋਂ ਵੱਧ ਨੌਜਵਾਨਾਂ ਨੂੰ ਜੇਲ੍ਹਾਂ ਨੂੰ ਡੱਕਿਆ ਗਿਆ।



*ਅਕਾਲੀ ਆਗੂ ਸਿਮਰਨਜੀਤ ਸਿੰਘ ਮਾਨ ਹੁਰੀਅਤ ਕਾਨਫਰੰਸ ਦੇ ਚੇਅਰਮੈਨ ਮੀਰਵਾਇਜ਼ ਉਮਰ ਫਾਰੂਕ ਨੂੰ ਕਿਰਪਾਨ ਭੇਟ ਕਰਦੇ ਹੋਏ।*

ਇਸ ਤੋਂ ਪਹਿਲਾਂ ਸ੍ਰੀ ਮਾਨ ਨੇ ਮੁਫ਼ਤੀ ਮੁਹੰਮਦ ਸਈਦ ਨਾਲ ਰਿਆਸਤ ਵਿਚ ਸਿੱਖਾਂ ਨੂੰ ਨੌਕਰੀਆਂ ਵਿਚ ਰਿਜ਼ਰਵੇਸ਼ਨ, ਅਖਨੂਰ ਤੋਂ ਪੁਣਛ ਤੱਕ ਦੀ ਸੜਕ ਦਾ ਨਾਂ ਬਾਬਾ ਬੰਦਾ ਸਿੰਘ ਬਹਾਦਰ ਰੱਖਣ, 1947 ਦੇ ਸ਼ਰਨਾਰਥੀਆਂ ਦੇ ਮਸਲੇ, ਸਰਵਿਸ ਕਮਿਸ਼ਨ ਵਿਚ ਸਿੱਖ ਮੈਂਬਰ ਲਏ ਜਾਣ ਦੀ ਵਕਾਲਤ ਕੀਤੀ। ਇਸ ਤੋਂ ਪਹਿਲਾਂ ਉਹ ਹੁਰੀਅਤ ਕਾਨਫਰੰਸ ਦੇ ਚੇਅਰਮੈਨ ਮੀਰਵਾਇਜ਼ ਉਮਰ ਫਾਰੂਕ ਅਤੇ ਹੋਰ ਕਸ਼ਮੀਰੀ ਆਗੂਆਂ ਨੂੰ ਵੀ ਮਿਲੇ।

# ਮਨਮੋਹਨ ਸਿੰਘ-ਓਬਾਮਾ ਮੁਲਾਕਾਤ ਸਤੰਬਰ ਵਿਚ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਮਨਮੋਹਨ ਸਿੰਘ ਵੱਲੋਂ ਸਤੰਬਰ ਵਿਚ ਅਮਰੀਕਾ ਫੇਰੀ ਦੌਰਾਨ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨਾਲ ਮੁਲਾਕਾਤ ਹੋਣ ਦੀ ਆਸ ਹੈ। ਇਹ ਗੱਲ ਇੱਥੇ ਡਾ. ਮਨਮੋਹਨ ਸਿੰਘ ਦੀ ਅਮਰੀਕਾ ਦੇ ਉਪ ਰਾਸ਼ਟਰਪਤੀ ਜੋਅ ਬਿਡੇਨ ਨਾਲ ਦੁਪਾਸੀ ਮਾਮਲਿਆਂ ਉਪਰ ਹੋਈ ਗੱਲਬਾਤ ਦੌਰਾਨ ਉਭਰ ਕੇ ਸਾਹਮਣੇ ਆਈ ਹੈ। ਦੋਵਾਂ ਆਗੂਆਂ ਨੇ ਮੀਟਿੰਗ ਦੌਰਾਨ ਸਿਵਲ ਪਰਮਾਣੂ ਸੰਧੀ ਉਪਰ ਅਮਲ ਅਤੇ ਆਪਸੀ ਵਣਜ ਵਧਾਉਣ ਸਮੇਤ ਕਈ ਮਾਮਲਿਆਂ ਉਪਰ ਗੱਲਬਾਤ ਕੀਤੀ।

ਡਾ. ਮਨਮੋਹਨ ਸਿੰਘ 20 ਸਤੰਬਰ ਨੂੰ ਅਮਰੀਕਾ ਦੀ ਛੇ ਦਿਨਾ ਯਾਤਰਾ ਉਪਰ ਜਾ ਰਹੇ ਹਨ। ਉਹ ਪਹਿਲਾਂ ਨਿਊਯਾਰਕ ਵਿਚ ਸੰਯੁਕਤ ਰਾਸ਼ਟਰ ਦੇ ਆਮ ਇਜਲਾਸ ਵਿਚ ਹਿੱਸਾ ਲੈਣਗੇ। ਇਸ ਤੋਂ ਬਾਅਦ ਉਹ ਵਾਸ਼ਿੰਗਟਨ ਜਾਣਗੇ ਜਿੱਥੇ ਉਨ੍ਹਾਂ ਦੀ ਸ੍ਰੀ ਓਬਾਮਾ ਨਾਲ ਮੁਲਾਕਾਤ ਹੋਣ ਦੀ ਸੰਭਾਵਨਾ ਹੈ। ਸ੍ਰੀ ਓਬਾਮਾ ਦੇ ਕਾਰਜਕਾਲ ਦੌਰਾਨ ਡਾ. ਮਨਮੋਹਨ ਸਿੰਘ ਦੀ ਉਨ੍ਹਾਂ ਨਾਲ ਮੁਲਾਕਾਤ ਵਾਲੀ ਇਹ ਦੂਜੀ ਵਾਸ਼ਿੰਗਟਨ ਯਾਤਰਾ ਹੋਵੇਗੀ। ਉਹ ਨਵੰਬਰ 2009 ਦੌਰਾਨ ਵਾਸ਼ਿੰਗਟਨ ਗਏ ਸਨ ਅਤੇ ਉਸ ਸਮੇਂ ਉਨ੍ਹਾਂ ਦੀ ਓਬਾਮਾ ਨਾਲ ਮੁਲਾਕਾਤ ਹੋਈ ਸੀ। ਉਹ ਦੂਜੀ ਵਾਰ ਅਪਰੈਲ 2010 ਵਿਚ ਵਾਸ਼ਿੰਗਟਨ ਗਏ ਪਰ ਉਸ ਸਮੇਂ ਉਹ ਪਰਮਾਣੂ ਸੁਰੱਖਿਆ ਸੰਮੇਲਨ ਤਕ ਸੀਮਤ ਰਹੇ ਸਨ। ਸ੍ਰੀ ਓਬਾਮਾ ਨਵੰਬਰ 2010 ਦੌਰਾਨ ਭਾਰਤ ਫੇਰੀ ਉਪਰ ਆਏ ਸਨ। ਇਸੇ ਦੌਰਾਨ ਸ੍ਰੀ ਬਿਡੇਨ ਨੇ ਉਪ ਰਾਸ਼ਟਰਪਤੀ ਹਾਮਿਦ ਅਨਸਾਰੀ ਅਤੇ ਵਿਰੋਧੀ ਧਿਰ ਦੀ ਨੇਤਾ ਸੁਸ਼ਮਾ ਸਵਰਾਜ ਨਾਲ ਵੀ ਮੁਲਾਕਾਤ ਕੀਤੀ।

# ਅਕਾਲੀ ਆਪਸ ਵਿਚ ਭਿੜੇ, ਇਕ ਦੀ ਮੌਤ

**ਮਜੀਠਾ:** ਇਸ ਹਲਕੇ ਦੇ ਪਿੰਡ ਬਾਬੋਵਾਲ ਵਿਖੇ ਦੋ ਅਕਾਲੀ ਧੜਿਆਂ ਵਿਚ ਹੋਈ ਲੜਾਈ ਦੌਰਾਨ ਗੋਲੀ ਚੱਲਣ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ 12 ਜਣੇ ਜ਼ਖ਼ਮੀ ਹੋ ਗਏ। ਪੁਲਿਸ ਅਨੁਸਾਰ ਪਿੰਡ ਬਾਬੋਵਾਲ ਦੇ ਸਾਬਕਾ ਸਰਪੰਚ ਮੰਗਲ ਸਿੰਘ ਦੇ ਭਰਾ ਮੁਖਤਾਰ ਸਿੰਘ, ਕੇਵਲ ਸਿੰਘ ਅਤੇ ਹੋਰਾਂ ਉਤੇ ਸਰਪੰਚ ਹਰਨਾਮ ਸਿੰਘ ਧੜੇ ਦੇ ਬੰਦਿਆਂ ਨੇ ਹਮਲਾ ਕਰ ਦਿੱਤਾ। ਹਮਲਾਵਰਾਂ ਦੀ ਗਿਣਤੀ 20-25 ਦੇ ਕਰੀਬ ਸੀ।

ਇਸ ਲੜਾਈ ਵਿਚ ਮੁਖਤਾਰ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਬਲਦੇਵ ਸਿੰਘ, ਕੇਵਲ ਸਿੰਘ, ਅੰਗਰੇਜ਼ ਸਿੰਘ, ਮਨਪ੍ਰੀਤ ਸਿੰਘ, ਰਣਜੀਤ ਸਿੰਘ, ਸਵਿੰਦਰ ਸਿੰਘ, ਬਲਵਿੰਦਰ ਸਿੰਘ, ਤਰਸੇਮ ਸਿੰਘ, ਮੇਜਰ ਸਿੰਘ, ਅੰਗਰੇਜ਼ ਸਿੰਘ ਵੀ ਗੋਲੀਆਂ ਲੱਗਣ ਕਾਰਨ ਜ਼ਖ਼ਮੀ ਹੋ ਗਏ। ਹਮਲਾਵਰਾਂ 'ਚ ਦਾਰਾ ਸਿੰਘ, ਹਰਜੀਤ ਸਿੰਘ, ਜੋਧ ਸਿੰਘ, ਹਰਪ੍ਰੀਤ ਸਿੰਘ, ਸਾਹਿਬ ਸਿੰਘ, ਸੁਖਜਿੰਦਰ ਸਿੰਘ, ਕੁਲਦੀਪ ਸਿੰਘ ਦੇ ਖਿਲਾਫ ਕਤਲ ਦਾ ਕੇਸ ਦਰਜ ਕੀਤਾ ਗਿਆ ਹੈ। ਪੁਲਿਸ ਅਨੁਸਾਰ ਮੁਖਤਾਰ ਸਿੰਘ ਅਤੇ ਹੋਰ ਬੰਦੇ, ਕਿਸੇ ਮਾਮਲੇ ਨੂੰ ਲੈ ਕੇ ਰਾਜ਼ੀਨਾਮਾ ਕਰਾਉਣ ਲਈ ਗਏ ਸਨ। ਇਸ ਦੌਰਾਨ ਪਿੰਡ ਦਾ ਜੇਤੂ ਧੜਾ ਵੀ ਉਥੇ ਪੁੱਜ ਗਿਆ ਜਿਨ੍ਹਾਂ ਇਸ ਰਾਜ਼ੀਨਾਮੇ 'ਤੇ ਇਤਰਾਜ਼ ਕੀਤਾ। ਇਸ ਮੁੱਦੇ ਨੂੰ ਲੈ ਕੇ ਹੋਈ ਤਕਰਾਰ ਝਗੜੇ ਵਿਚ ਬਦਲ ਗਈ ਅਤੇ ਗੋਲੀ ਚੱਲਣ ਨਾਲ ਮੁਖਤਾਰ ਸਿੰਘ ਦੀ ਮੌਤ ਹੋ ਗਈ।

## ਤਲਾਕ ਤੋਂ ਬਾਅਦ ਪਤਨੀ ਨੂੰ ਮਿਲੇਗਾ ਹਿੱਸਾ

**ਨਵੀਂ ਦਿੱਲੀ:** ਵਿਆਹ ਕਾਨੂੰਨ ਵਧੇਰੇ ਮਹਿਲਾ ਪੱਖੀ ਬਣਾਇਆ ਜਾ ਰਿਹਾ ਤੇ ਸਰਕਾਰ ਨੇ ਮੰਤਰੀ ਸਮੂਹ ਦੀਆਂ ਕਈ ਸਿਫਾਰਸ਼ਾਂ ਨੂੰ ਪ੍ਰਵਾਨਗੀ ਦੇ ਦਿੱਤੀ ਹੈ ਜਿਨ੍ਹਾਂ ਵਿਚ ਤਲਾਕ ਦੀ ਸੂਰਤ ਵਿਚ ਪਤੀ ਦੀ ਪੁਸ਼ਤੈਨੀ ਜਾਇਦਾਦ ਵਿਚੋਂ ਪਤਨੀ ਨੂੰ ਚੋਖਾ ਹਿੱਸਾ ਲੈਣ ਨਾਲ ਸਬੰਧਤ ਸਿਫਾਰਸ਼ ਵੀ ਹੈ।

ਕੈਬਨਿਟ ਨੇ ਮੈਰਿਜ ਲਾਅ ਸੋਧ ਬਿੱਲ ਬਾਰੇ ਮੰਤਰੀ ਸਮੂਹ ਦੀਆਂ ਸਿਫਾਰਸ਼ਾਂ ਨੂੰ ਪ੍ਰਵਾਨਗੀ ਦੇ ਦਿੱਤੀ ਹੈ।

# ਮਿਲਖਾ ਸਿੰਘ ਅਦਾਲਤੀ ਦੌੜ ਜਿੱਤਿਆ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਆਪਣੇ ਸਮੇਂ ਦੇ ਚਰਚਿਤ ਦੌੜਾਕ ਮਿਲਖਾ ਸਿੰਘ ਦੀ ਅਪੀਲ 'ਤੇ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਰਾਜੀਵ ਗਾਂਧੀ ਸੂਚਨਾ ਤਕਨਾਲੋਜੀ ਪਾਰਕ ਲਈ 128.76 ਏਕੜ ਜ਼ਮੀਨ ਐਕੁਆਇਰ ਕਰਨ ਲਈ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਜਾਰੀ ਕੀਤੇ ਦੋ ਨੋਟੀਫਿਕੇਸ਼ਨ ਰੱਦ ਕਰ ਦਿੱਤੇ ਹਨ।



ਜਸਟਿਸ ਜੀ.ਐਸ. ਸਿੰਘਵੀ ਅਤੇ ਵੀ.ਗੋਪਾਲਾ ਗੌੜਾ ਦੇ ਬੈਂਚ ਨੇ ਕਿਹਾ ਕਿ ਅਪੀਲਕਰਤਾਵਾਂ ਦੀ ਜ਼ਮੀਨ ਨਾਲ ਸਬੰਧਤ ਨੋਟੀਫਿਕੇਸ਼ਨ ਰੱਦ ਕੀਤੇ ਜਾਂਦੇ ਹਨ। ਚੰਡੀਗੜ੍ਹ ਪ੍ਰਸ਼ਾਸਨ ਨੇ 2002 ਵਿਚ ਤਕਨਾਲੋਜੀ ਪਾਰਕ ਲਈ ਵੱਖ-ਵੱਖ ਸਕੀਮਾਂ ਤਹਿਤ 71.96 ਏਕੜ ਜ਼ਮੀਨ ਐਕੁਆਇਰ ਕਰਨ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਅਤੇ 2003 ਵਿਚ 56.76 ਏਕੜ ਹੋਰ ਜ਼ਮੀਨ ਐਕੁਆਇਰ ਕਰਨ ਲਈ ਇਕ ਨੋਟੀਫਿਕੇਸ਼ਨ ਜਾਰੀ ਕੀਤਾ ਸੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ 18 ਮਾਰਚ 2011 ਨੂੰ ਮਿਲਖਾ ਸਿੰਘ ਅਤੇ ਹੋਰ ਧਿਰਾਂ ਦੀਆਂ ਪਟੀਸ਼ਨਾਂ ਖ਼ਾਰਜ ਕਰ ਦਿੱਤੀਆਂ ਸਨ।

ਸੁਰਿੰਦਰ ਸਿੰਘ ਬਰਾੜ ਅਤੇ ਹੋਰਾਂ ਵੱਲੋਂ ਪਾਈਆਂ ਗਈਆਂ ਪਟੀਸ਼ਨਾਂ 'ਤੇ ਸੁਪਰੀਮ ਕੋਰਟ ਵੱਲੋਂ ਚੰਡੀਗੜ੍ਹ ਤਕਨਾਲੋਜੀ ਪਾਰਕ ਫੇਜ਼-3 ਲਈ ਜ਼ਮੀਨ ਐਕੁਆਇਰ ਕਰਨ ਸਬੰਧੀ ਜਾਰੀ ਕੀਤੇ ਤਿੰਨ ਨੋਟੀਫਿਕੇਸ਼ਨ ਪਹਿਲਾਂ ਹੀ ਰੱਦ ਕਰ ਦਿੱਤੇ ਗਏ ਸਨ।


ੴ ਸਤਿਗੁਰ ਪ੍ਰਸਾਦਿ॥

# ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥

**ਸਤਿਕਾਰਯੋਗ ਸਾਧ ਸੰਗਤ ਜੀ!**

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥**

**ਸੰਚਾਰ ਸਾਧਨਾਂ ਰਾਹੀਂ ਇਹ ਸੂਚਨਾ ਪ੍ਰਾਪਤ ਹੋਈ ਹੈ ਕਿ ਗੁਰਦੁਆਰਾ ਸਾਹਿਬ ਸੈਨ ਹੋਜ਼ੇ, ਕੈਲੀਫੋਰਨੀਆ ਵਿਖੇ 27 ਜੁਲਾਈ ਨੂੰ ਦਸਮ ਗ੍ਰੰਥ ਬਾਰੇ ਇਕ ਵਿਸ਼ੇਸ਼ ਸਮਾਗਮ ਕਰਵਾਇਆ ਜਾ ਰਿਹਾ ਹੈ। ਅਸੀਂ ਪ੍ਰਬੰਧਕ ਵੀਰਾਂ ਨੂੰ ਬੇਨਤੀ ਕਰਦੇ ਹਾਂ ਕਿ ਜੇ ਇਹ ਗ੍ਰੰਥ, ਜਿਸ ਨੂੰ ਉਹ 'ਸ੍ਰੀ ਦਸਮ ਗ੍ਰੰਥ ਸਾਹਿਬ' ਆਖਦੇ ਹਨ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮੁਬਾਰਕ ਰਸਨਾ ਦੁਆਰਾ ਉਚਾਰੀ ਹੋਈ ਪਾਵਨ ਪਵਿੱਤਰ ਬਾਣੀ ਦਾ ਸੰਗ੍ਰਹਿ ਮੰਨਦੇ ਹਨ ਤਾਂ ਆ ਰਹੇ ਵਿਦਵਾਨਾਂ ਤੋਂ ਹੇਠ ਲਿਖੀ 'ਦਸਮ ਬਾਣੀ' ਦੇ ਸ਼ਬਦਾਂ ਦੀ ਕਥਾ-ਵਾਰਤਾ ਕਰਵਾਉਣ ਦੀ ਕ੍ਰਿਪਾਲਤਾ ਕਰਨ ਤਾਂ ਜੋ ਸੰਗਤਾਂ ਇਸ ਦਾ ਵੱਧ ਤੋਂ ਵੱਧ ਲਾਭ ਪ੍ਰਾਪਤ ਕਰ ਸਕਣ।**

1. ਏਕ ਸ੍ਰਵਣ ਤੇ ਮੈਲ ਨਿਕਾਰਾ॥ ਤਾ ਤੇ ਮਧੁ ਕੀਟਭ ਤਨ ਧਾਰਾ॥ ਦੁਤੀਆਂ ਕਾਨ ਤੇ ਮੈਲ ਨਿਕਾਰੀ॥ ਤਾ ਤੇ ਭਈ ਸ੍ਰਿਸਟਿ ਇਹ ਸਾਰੀ॥13॥ (ਕੀ ਇਹ ਸ੍ਰਿਸ਼ਟੀ ਕੰਨਾਂ ਦੀ ਮੈਲ ਤੋਂ ਬਣੀ ਹੈ?)

*-ਦਸਮ ਗ੍ਰੰਥ-47, ਡਾ. ਜੋਧ ਸਿੰਘ ਦਾ ਟੀਕਾ, ਸੈਂਚੀ ਪਹਿਲੀ ਪੰਨਾ-103*

2. ਦੁਰਗਾ ਪਾਠ ਬਣਾਇਆ ਸਭੇ ਪਉੜੀਆ॥ ਫੇਰਿ ਨ ਜੂਨੀ ਆਇਆ ਜਿਨਿ ਇਹ ਗਾਇਆ॥55॥

*-ਦਸਮ ਗ੍ਰੰਥ-119, ਡਾ. ਜੋਧ ਸਿੰਘ, ਸੈਂਚੀ ਪਹਿਲੀ ਪੰਨਾ-253*

3. ਪੋਸਤ ਭਾਂਗ ਅਫੀਮ ਬਹੁ ਗਹਿਰੀ ਭਾਂਗ ਘੁਟਾਇ॥ ਤੁਰਤ ਤਰਨਿ ਲਯਾਵਤ ਭਈ ਮਦ ਸਤ ਬਾਰ ਚੁਆਇ॥41॥

*-ਚਰਿਤ੍ਰ 16, ਦਸਮ ਗ੍ਰੰਥ-829, ਡਾ ਜੋਧ ਸਿੰਘ, ਸੈਂਚੀ ਤੀਜੀ ਪੰਨਾ-200*

4. ਤਬੈ ਬੈਦ ਸੋਊ ਕ੍ਰਿਆ ਕਮਾਈ॥ ...॥ ਕਹਯੋ ਚਮਰ ਤੂੰ ਸੋ ਲਗਿ ਗਈ॥ ਅਤਿ ਹਾਸੀ ... ਕੋ ਭਈ॥30॥

*-ਦਸਮ ਗ੍ਰੰਥ-897, ਡਾ. ਜੋਧ ਸਿੰਘ, ਸੈਂਚੀ ਤੀਜੀ ਪੰਨਾ 338*

5. ਤਾਹਿ ਕੇਸ ਅਰਿ ਬਕਤ੍ਰ ਲਗਾਯੋ॥ ਸਭ ਕੇਸਨ ਕੌ ਦੂਰਿ ਕਰਾਯੋ॥ ਪੁਰਖਹੁ ਤੇ ਇਸਤ੍ਰੀ ਕਰਿ ਡਾਰੀ॥ ਮਿਤਪਤਿ ਲੈ ਤੀਰਥਨ ਸਿਧਾਰੀ॥3॥

*-ਦਸਮ ਗ੍ਰੰਥ-1017, ਡਾ. ਜੋਧ ਸਿੰਘ, ਸੈਂਚੀ ਤੀਜੀ ਪੰਨਾ-578*

6. ਇਕ ਦਿਨ ਭਾਂਗ ਮਿੱਤ੍ਰਤਿਹ ਲਈ॥ ਪੋਸਤ ਸਹਿਤ ਅਫੀਮ ਚੜ੍ਹਾਈ॥ ਭੂਹਰਤਿ ਕਰੀ ਨ ...ਗਿਰਾਈ॥ ਆਠ ਪਹਿਰ ਲਗਿ ਕੁਅਰਿ ...॥10॥

*-ਦਸਮ ਗ੍ਰੰਥ-1280, ਡਾ. ਜੋਧ ਸਿੰਘ, ਸੈਂਚੀ ਚੌਥੀ-400*

7. ਪ੍ਰਥਮ ਜਾਰ ਜਬ ਧਕਾ ਲਗਾਯੋ॥ ਤਬ ਰਾਨੀ ਲੈ ਢੋਲ ਬਜਾਯੋ॥ ...॥ ਤ੍ਰਿਯਦਿਯ ਢੋਲ ਢਮਾਕਾ ਗਾਢਾ॥10॥

*-ਦਸਮ ਗ੍ਰੰਥ-1341, ਡਾ. ਜੋਧ ਸਿੰਘ, ਸੈਂਚੀ ਚੌਥੀ ਪੰਨਾ-531*

8. ..............................॥25॥

*-ਦਸਮ ਗ੍ਰੰਥ-1356, ਡਾ. ਜੋਧ ਸਿੰਘ, ਸੈਂਚੀ ਚੌਥੀ ਪੰਨਾ-560*

9. .........................॥20॥

*-ਦਸਮ ਗ੍ਰੰਥ-1009, ਡਾ. ਜੋਧ ਸਿੰਘ, ਸੈਂਚੀ ਤੀਜੀ-ਪੰਨਾ 534*

10. .........................॥14॥

*-ਦਸਮ ਗ੍ਰੰਥ-1243, ਡਾ. ਜੋਧ ਸਿੰਘ, ਸੈਂਚੀ ਚੌਥੀ -ਪੰਨਾ 327*

**(ਨੋਟ: ਨੰਬਰ 4, 6, 7, 8, 9 ਅਤੇ 10 ਪੰਗਤੀਆਂ ਦੀ ਭਾਸ਼ਾ ਹੱਦ ਦਰਜੇ ਦੀ ਅਸ਼ਲੀਲ ਹੋਣ ਕਰ ਕੇ ਅਸੀਂ ਉਨ੍ਹਾਂ ਵਿਚੋਂ ਕੁਝ ਸ਼ਬਦ ਕੱਢ ਦਿੱਤੇ ਜਾਂ ਪੂਰੀਆਂ ਪੰਗਤੀਆਂ ਹੀ ਨਹੀਂ ਲਿਖੀਆਂ। ਉਨ੍ਹਾਂ ਦੀ ਥਾਂ ਸਿਰਫ ਬਿੰਦੀਆਂ ਪਾਈਆਂ ਗਈਆ ਹਨ। ਵਿਦਵਾਨਾਂ ਦੀ ਜਾਣਕਾਰੀ ਲਈ ਉਨ੍ਹਾਂ ਪੰਗਤੀਆਂ ਦੇ ਹਵਾਲਾ ਨੰਬਰ ਅਤੇ ਪੰਨਾ ਨੰਬਰ ਹੀ ਦੇ ਰਹੇ ਹਾਂ।)**

## ਜਾਰੀ ਕਰਤਾ: ਗੁਰੂ ਗ੍ਰੰਥ ਸਤਿਕਾਰ ਜਥਾ, ਯੂ ਐਸ ਏ

**ਸੰਪਰਕ:** gurugranthstikarjathausa@gmail.com

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਚੀਨੀ ਘੁਸਪੈਠ ਅੱਗੇ ਭਾਰਤੀ ਰਣਨੀਤੀ ਫੇਲ੍ਹ

*(ਸਫਾ ਇਕ ਦੀ ਬਾਕੀ)*

ਤੋਂ ਬਾਅਦ ਭਾਰਤ ਦੇ 43,180 ਵਰਗ ਕਿਲੋਮੀਟਰ ਖੇਤਰ 'ਤੇ ਗੈਰ ਕਾਨੂੰਨੀ ਕਬਜ਼ਾ ਜਮਾਇਆ ਹੋਇਆ ਹੈ। ਸਰਹੱਦੀ ਵਿਵਾਦਾਂ ਨਾਲ ਜੁੜੇ ਮੁੱਦਿਆਂ ਦੇ ਹੱਲ ਲਈ 1988 ਵਿਚ ਦੋਵਾਂ ਦੇਸ਼ਾਂ ਵਿਚਾਲੇ ਸੰਯੁਕਤ ਕਾਰਜ ਸਮੂਹ ਕਾਇਮ ਕੀਤਾ ਗਿਆ ਸੀ ਪਰ ਚੀਨ ਵੱਲੋਂ ਵਾਰ-ਵਾਰ ਕੰਟਰੋਲ ਰੇਖਾ ਦੀ ਉਲੰਘਣਾ ਕੀਤੀ ਜਾ ਰਹੀ ਹੈ।

ਵਿਦੇਸ਼ ਮੰਤਰਾਲੇ ਦੇ ਸੂਤਰਾਂ ਮੁਤਾਬਕ 1962 ਤੋਂ ਬਾਅਦ ਚੀਨ ਨੇ ਭਾਰਤ ਦੇ ਜੰਮੂ-ਕਸ਼ਮੀਰ ਖੇਤਰ ਦੇ ਪੱਛਮੀ ਸੈਕਟਰ ਵਿਚ ਤਕਰੀਬਨ 38 ਹਜ਼ਾਰ ਵਰਗ ਕਿਲੋਮੀਟਰ 'ਤੇ ਕਬਜ਼ਾ ਕਰ ਲਿਆ ਹੈ ਤੇ ਪਾਕਿਸਤਾਨ ਨੇ ਚੀਨ-ਪਾਕਿਸਤਾਨ ਸੀਮਾ ਸਮਝੌਤਾ 1963 ਤਹਿਤ ਚੀਨ ਨੂੰ ਮਕਬੂਜ਼ਾ ਕਸ਼ਮੀਰ ਦਾ 5,180 ਵਰਗ ਕਿਲੋਮੀਟਰ ਖੇਤਰ ਦੇ ਦਿੱਤਾ ਹੈ। ਮੰਤਰਾਲੇ ਮੁਤਾਬਕ 6 ਮਈ 2013 ਨੂੰ ਭਾਰਤ ਤੇ ਚੀਨ ਦੀ ਸਰਕਾਰ ਨੇ ਪੱਛਮੀ ਸੈਕਟਰ ਵਿਚ ਸੀਮਾ 'ਤੇ 15 ਅਪਰੈਲ 2013 ਤੋਂ ਪਹਿਲਾਂ ਦੀ ਸਥਿਤੀ ਬਣਾਏ ਰੱਖਣ ਦੀ ਸਹਿਮਤੀ ਪ੍ਰਗਟ ਕੀਤੀ ਹੈ। ਮੰਤਰਾਲੇ ਮੁਤਾਬਕ ਤਤਕਾਲੀਨ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਦਸੰਬਰ 1988 ਵਿਚ ਚੀਨ ਯਾਤਰਾ ਦੌਰਾਨ ਦੋਵਾਂ ਪੱਖਾਂ ਨੇ ਅਮਨਮਈ ਗੱਲਬਾਤ ਰਾਹੀਂ ਸਰਹੱਦੀ ਮੁੱਦਿਆਂ ਨੂੰ ਸੁਲਝਾਉਣ 'ਤੇ ਸਹਿਮਤੀ ਪ੍ਰਗਟਾਈ ਸੀ ਤੇ ਇਸੇ ਕਾਰਨ ਹੀ ਭਾਰਤ-ਚੀਨ ਸੰਯੁਕਤ ਕਾਰਜ ਸਮੂਹ ਬਣਾਇਆ ਸੀ। ਹੁਣ ਤੱਕ 16 ਦੌਰ ਦੀ ਬੈਠਕ ਹੋਈ ਹੈ ਜਿਸ ਵਿਚ ਅਖੀਰਲੀ ਬੈਠਕ ਚੀਨ ਵਿਚ 28 ਤੇ 29 ਜੂਨ, 2013 ਨੂੰ ਹੋਈ ਸੀ। ਸੁਰੱਖਿਆ ਮਾਮਲਿਆਂ ਦੇ ਜਾਂਚ ਅਧਿਕਾਰੀ ਭਰਤ ਵਰਮਾ ਮੁਤਾਬਕ ਪਿਛਲੇ 25 ਸਾਲ ਤੋਂ ਸਰਹੱਦੀ ਮੁੱਦਿਆਂ 'ਤੇ ਚਰਚਾ ਚੱਲ ਰਹੀ ਹੈ ਪਰ ਇਸ ਦਾ ਕੋਈ ਨਤੀਜਾ ਨਹੀਂ ਨਿਕਲ ਰਿਹਾ ਤੇ ਇਕ ਵੱਡਾ ਖੇਤਰ ਅਜੇ ਵੀ ਚੀਨ ਦੇ ਕਬਜ਼ੇ ਵਿਚ ਹੈ ਤੇ ਕੰਟਰੋਲ ਰੇਖਾ 'ਤੇ ਘੁਸਪੈਠ ਜਾਰੀ ਹੈ।

ਸਿਆਸੀ ਆਗੂ ਬੇਸ਼ੱਕ ਸ਼ਾਂਤੀ ਦਾ ਰਾਗ ਅਲਾਪ ਰਹੇ ਹਨ ਪਰ ਸਰਹੱਦ 'ਤੇ ਚੀਨੀ ਸੈਨਾ ਦੀਆਂ ਵਧੀਕੀਆਂ ਜਾਰੀ ਹਨ। ਚੀਨ ਦੀ ਸੈਨਾ ਨੇ ਪਿਛਲੇ ਮਹੀਨੇ ਲੱਦਾਖ ਦੇ ਚੂਮਰ ਸੈਕਟਰ ਵਿਚ ਘੁਸਪੈਠ ਕਰਕੇ ਭਾਰਤੀ ਸੈਨਾ ਦੇ ਕੁਝ ਬੰਕਰਾਂ ਨੂੰ ਤਬਾਹ ਕਰ ਦਿੱਤਾ ਤੇ ਉਥੇ ਲੱਗੇ ਕੈਮਰਿਆਂ ਦੀਆਂ ਤਾਰਾਂ ਵੱਢ ਦਿੱਤੀਆਂ। ਇਹ ਘੁਸਪੈਠ 17 ਜੂਨ ਨੂੰ ਹੋਈ ਸੀ। ਇਸੇ ਸਾਲ 15 ਅਪਰੈਲ ਨੂੰ ਲੱਦਾਖ ਦੇ ਦੌਲਤ ਬੇਗ ਓਲਡੀ ਸੈਕਟਰ ਵਿਚ ਚੀਨੀ ਘੁਸਪੈਠ ਕਾਰਨ ਦੋਵਾਂ ਦੇਸ਼ਾਂ ਵਿਚਕਾਰ ਕੂਟਨੀਤਕ ਅੜਿੱਕੇ ਦੀ ਸਥਿਤੀ ਪੈਦਾ ਹੋ ਗਈ ਸੀ ਤੇ 21 ਦਿਨਾਂ ਤੱਕ ਰਹੇ ਇਸ ਅੜਿੱਕੇ ਨੂੰ ਪੰਜ ਮਈ ਨੂੰ ਹੋਏ ਸਮਝੌਤੇ ਤੋਂ ਬਾਅਦ ਖਤਮ ਕਰ ਦਿੱਤਾ ਗਿਆ।

## ਕੈਨੇਡੀਅਨ ਬਣਿਆ ਕੜਿਆਲ ਦਾ ਸਰਪੰਚ

**ਮੋਗਾ:** ਮੋਗਾ ਜ਼ਿਲ੍ਹੇ ਦੇ ਧਰਮਕੋਟ ਵਿਧਾਨ ਸਭਾ ਖੇਤਰ ਵਿਚ ਪੈਂਦੇ ਪਿੰਡ ਕੜਿਆਲ ਵਿਚ ਹਾਲੀਆ ਪੰਚਾਇਤ ਚੋਣ ਦੌਰਾਨ ਇਕ ਕੈਨੇਡੀਅਨ ਨਾਗਰਿਕ ਸਰਪੰਚ ਚੁਣਿਆ ਗਿਆ। ਪਤਾ ਲੱਗਾ ਹੈ ਕਿ ਪਰਵਾਸੀ ਭਾਰਤੀ ਬਲਬੀਰ ਸਿੰਘ ਨੇ ਆਪਣੀ ਕੈਨੇਡੀਅਨ ਨਾਗਰਿਕਤਾ ਦਾ ਤੱਥ ਛੁਪਾ ਕੇ ਗਲਤ ਤਰੀਕੇ ਨਾਲ ਆਪਣੀ ਵੋਟ ਬਣਾਈ ਸੀ ਤੇ ਇਸ ਕੰਮ ਵਿਚ ਅਕਾਲੀ ਆਗੂਆਂ ਨੇ ਉਸ ਦਾ ਸਾਥ ਦਿੱਤਾ ਸੀ। ਸਰਪੰਚੀ ਦੀ ਚੋਣ ਵਿਚ ਉਸ ਤੋਂ ਹਾਰੇ ਵਿਰੋਧੀ ਉਮੀਦਵਾਰ ਬਲਤੇਜ ਸਿੰਘ ਨੇ ਜ਼ਿਲ੍ਹਾ ਮੈਜਿਸਟਰੇਟ-ਕਮ-ਜ਼ਿਲ੍ਹਾ ਚੋਣ ਅਫਸਰ ਕੋਲ ਪਟੀਸ਼ਨ ਦਾਇਰ ਕਰਕੇ ਦੋਸ਼ ਲਾਇਆ ਹੈ ਕਿ ਬਲਬੀਰ ਸਿੰਘ ਕੁਝ ਸਾਲ ਪਹਿਲਾਂ ਵਿਦੇਸ਼ ਚਲਿਆ ਗਿਆ ਸੀ ਤੇ ਉਸ ਨੇ ਕੈਨੇਡਾ ਦੀ ਨਾਗਰਿਕਤਾ ਵੀ ਲੈ ਲਈ ਸੀ।

ਪਟੀਸ਼ਨ ਦੇ ਨਾਲ ਨੱਥੀ ਕੀਤੀ ਬਲਬੀਰ ਸਿੰਘ ਦੇ ਕੈਨੇਡੀਅਨ ਪਾਸਪੋਰਟ ਦੀ ਨਕਲ ਮੁਤਾਬਕ ਉਸ ਨੂੰ ਇਹ ਪਾਸਪੋਰਟ ਨੰਬਰ ਡਬਲਿਊ.ਐਮ.-929415, 4 ਅਗਸਤ 2010 ਵਿਚ ਜਾਰੀ ਕੀਤਾ ਗਿਆ ਸੀ। ਪਟੀਸ਼ਨ ਮੁਤਾਬਕ ਬਲਬੀਰ ਸਿੰਘ ਚੋਣ ਲੜਨ ਲਈ ਭਾਰਤੀ ਅਧਿਕਾਰੀਆਂ ਤੋਂ ਵੀਜ਼ਾ ਲੈ ਕੇ ਪਿੰਡ ਪੁੱਜਿਆ ਸੀ। ਪੰਜਾਬ ਰਾਜ ਚੋਣ ਕਮਿਸ਼ਨ ਐਕਟ 1994 ਦੀ ਧਾਰਾ 25 ਵਿਚ ਇਹ ਦਰਜ ਕੀਤਾ ਗਿਆ ਹੈ ਕਿ ਕੋਈ ਵਿਅਕਤੀ ਜੋ ਭਾਰਤ ਦਾ ਨਾਗਰਿਕ ਨਹੀਂ, ਵੋਟਰ ਸੂਚੀ ਵਿਚ ਆਪਣਾ ਨਾਂ ਦਰਜ ਕਰਾਉਣ ਦੇ ਅਯੋਗ ਸਮਝਿਆ ਜਾਵੇਗਾ। ਜ਼ਿਲ੍ਹਾ ਮੈਜਿਸਟਰੇਟ-ਕਮ-ਚੋਣ ਅਫਸਰ ਨੇ ਚੁਣੇ ਗਏ ਸਰਪੰਚ ਬਲਬੀਰ ਸਿੰਘ ਤੋਂ 17 ਅਗਸਤ ਤਕ ਜਵਾਬ ਮੰਗਿਆ ਹੈ।

## ਕੁਆਰਾ ਦੱਸ ਕੇ ਪਰਵਾਸੀ ਭਾਰਤੀ ਨੇ ਕਰਵਾਏ ਤਿੰਨ ਵਿਆਹ

**ਜਲੰਧਰ:** ਇਕ ਔਰਤ ਵੱਲੋਂ ਆਪਣੇ ਐਨ.ਆਰ.ਆਈ. ਭਰਾ ਨੂੰ ਕੁਆਰਾ ਦੱਸ ਕੇ ਉਸ ਦਾ ਤਿੰਨ ਜਗ੍ਹਾ ਵਿਆਹ ਕਰਵਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਥਾਣਾ ਨਵੀਂ ਬਾਰਾਂਦਰੀ ਦੀ ਪੁਲਿਸ ਨੇ ਉਕਤ ਔਰਤ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਮਾਮਲੇ ਵਿਚ ਐਨ.ਆਰ.ਆਈ. ਹਾਲੇ ਫਰਾਰ ਦੱਸਿਆ ਜਾ ਰਿਹਾ ਹੈ।

ਜਲੰਧਰ ਪੁਲਿਸ ਨੇ ਐਨ.ਆਰ.ਆਈ. ਦੀ ਦੂਸਰੀ ਪਤਨੀ ਕਿਰਨ ਬਾਲਾ ਦੇ ਬਿਆਨਾਂ 'ਤੇ ਕੇਸ ਦਰਜ ਕੀਤਾ ਸੀ। ਕਿਰਨ ਬਾਲਾ ਨਿਵਾਸੀ ਭੋਗਪੁਰ ਨੇ ਦੱਸਿਆ ਕਿ ਉਸ ਦਾ ਵਿਆਹ ਸੰਦੀਪ ਸਿੰਘ ਪੁੱਤਰ ਰਾਜ ਕੁਮਾਰ ਨਿਵਾਸੀ ਸਰਦਾਰਾ ਨਗਰ ਮੋਗਾ ਨਾਲ ਸੱਤ ਦਸੰਬਰ, 2008 ਨੂੰ ਹੋਇਆ ਸੀ। ਕੁਝ ਸਮੇਂ ਬਾਅਦ ਪਤਾ ਚੱਲਿਆ ਕਿ ਉਸ ਦਾ ਵਿਆਹ ਪਹਿਲਾਂ ਵੀ ਹੋਇਆ ਸੀ। ਉਸ ਨੇ ਇਸੇ ਸਬੰਧੀ ਵਿਆਹ ਤੋਂ ਪਹਿਲਾਂ ਕੁਝ ਨਹੀਂ ਦੱਸਿਆ ਸੀ। ਇਸ ਤੋਂ ਇਲਾਵਾ ਉਸ ਨੇ ਜੋ ਪਾਸਪੋਰਟ ਤਿਆਰ ਕੀਤਾ ਸੀ, ਉਸ ਵਿਚ ਪਤਾ ਤੇ ਪਿਤਾ ਦਾ ਨਾਂ ਜਾਅਲੀ ਦੱਸ ਕੇ ਬਣਾਇਆ ਸੀ। ਜਾਣਕਾਰੀ ਅਨੁਸਾਰ 2009 ਵਿਚ ਉਹ ਕੈਨੇਡਾ ਚੱਲਿਆ ਗਿਆ ਜਿਸ ਤੋਂ ਬਾਅਦ ਉਸ ਨੇ ਖੁਦ ਨੂੰ ਕੁਆਰਾ ਦੱਸ ਕੇ ਵਿਆਹ ਲਈ ਇਕ ਇਸ਼ਤਿਹਾਰ ਦਿੱਤਾ ਸੀ। ਜਨਵਰੀ 2010 ਵਿਚ ਉਸ ਦਾ ਵਿਆਹ ਸੰਦੀਪ ਕੌਰ ਨਿਵਾਸੀ ਬਾਜਵਾ ਕਲਾਂ ਸ਼ਾਹਕੋਟ ਨਾਲ ਹੋਇਆ। ਸੰਦੀਪ ਨੇ ਵਿਆਹ ਰਜਿਸਟਰ ਕਰਵਾਉਣ ਲਈ ਜਲੰਧਰ ਦੇ ਸੁਵਿਧਾ ਸੈਂਟਰ ਵਿਚ ਜਾਅਲੀ ਦਸਤਾਵੇਜ਼ ਤਿਆਰ ਕਰਕੇ ਖੁਦ ਨੂੰ ਕੁਆਰਾ ਦੱਸਿਆ ਤੇ ਉਸ ਦੀ ਭੈਣ ਅਨੀਤਾ ਰਾਣੀ ਨੇ ਖੁਦ ਆਪਣਾ ਨਾਂ ਮਨਜੀਤ ਕੌਰ ਦੱਸਦੇ ਹੋਏ ਝੂਠੀ ਗਵਾਹੀ ਦਿੱਤੀ।

ਸੰਦੀਪ ਸਿੰਘ ਨੇ ਆਪਣੀ ਭੈਣ ਨਾਲ ਮਿਲ ਕੇ ਤੀਸਰਾ ਵਿਆਹ ਕਰਵਾਇਆ। ਕਿਰਨ ਬਾਲਾ ਨੇ ਇਸ ਸਬੰਧੀ ਐਸ.ਐਸ.ਪੀ. ਨੂੰ ਸ਼ਿਕਾਇਤ ਦਿੱਤੀ ਪਰ ਕੋਈ ਕਾਰਵਾਈ ਨਾ ਹੋਣ 'ਤੇ ਹਾਈ ਕੋਰਟ ਵਿਚ ਇਸ ਸਾਰੇ ਮਾਮਲੇ ਦੀ ਅਰਜ਼ੀ ਦਾਇਰ ਕੀਤੀ। ਦੋ ਮਹੀਨੇ ਦੀ ਜਾਂਚ ਤੋਂ ਬਾਅਦ ਜਲੰਧਰ ਪੁਲਿਸ ਨੂੰ ਜਾਂਚ ਦੇ ਆਦੇਸ਼ ਦਿੱਤੇ ਗਏ ਅਤੇ ਇਸ ਸਬੰਧ ਵਿਚ ਜਾਅਲੀ ਦਸਤਾਵੇਜ਼ ਤਿਆਰ ਕੀਤੇ ਪਾਏ ਗਏ। ਸੰਦੀਪ ਸਿੰਘ ਦੀ ਪਤਨੀ ਸੰਦੀਪ ਕੌਰ ਤੋਂ ਪੁਛਗਿੱਛ ਹੋਈ ਤਾਂ ਉਸ ਨੇ ਖੁਲਾਸਾ ਕੀਤਾ ਕਿ ਵਿਆਹ ਤੋਂ ਪਹਿਲਾਂ ਉਸ ਨੂੰ ਸੰਦੀਪ ਨੇ ਇਹੀ ਦੱਸਿਆ ਸੀ ਕਿ ਉਹ ਕੁਆਰਾ ਹੈ।

## ਜਥੇਦਾਰ ਵੱਲੋਂ ਪਾਲਕੀ ਨਾਲ ਪੱਖੇ ਤੇ ਲੜੀਆਂ ਲਾਉਣ ਦਾ ਵਿਰੋਧ

**ਪਟਿਆਲਾ:** ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਕਿ ਕਿਸੇ ਵੀ ਗੁਰਦੁਆਰੇ ਦੀ ਪਾਲਕੀ ਕੋਲ ਪਲਾਸਟਿਕ ਦੇ ਬਣੇ ਬਿਜਲੀ ਦੇ ਪੱਖੇ ਨਾ ਚਲਾਏ ਜਾਣ ਤੇ ਨਾ ਹੀ ਗੁਰੂ ਘਰ ਵਿਚ ਰੱਖੀ ਗਈ ਪਾਲਕੀ 'ਤੇ ਕਿਸੇ ਤਰ੍ਹਾਂ ਦੀਆਂ ਸਜਾਵਟੀ ਲਾਈਟਾਂ ਤੇ ਬਿਜਲਈ ਲੜੀਆਂ ਲਾਈਆਂ ਜਾਣ। ਪਟਿਆਲਾ ਦੀ ਗੁਰਬਖ਼ਸ਼ ਕਲੋਨੀ ਸਥਿਤ ਪੰਚਾਇਤੀ ਗੁਰਦੁਆਰੇ ਦੀ ਨਵੀਂ ਇਮਾਰਤ ਵਿਚ ਰੱਖੇ ਗਏ ਅਖੰਡ ਪਾਠ ਦੇ ਭੋਗ ਮੌਕੇ ਪੁੱਜੇ ਗਿਆਨੀ ਗੁਰਬਚਨ ਸਿੰਘ ਨੇ ਜਦੋਂ ਪਾਲਕੀ ਨਾਲ ਪੱਖੇ ਤੇ ਲੜੀਆਂ ਲੱਗੀਆਂ ਦੇਖੀਆਂ ਤਾਂ ਇਤਰਾਜ਼ ਜਤਾਉਂਦਿਆਂ ਤਾਕੀਦ ਕੀਤੀ ਕਿ ਕਿਸੇ ਵੀ ਗੁਰੂ ਘਰ ਵਿਚ ਪਾਲਕੀ ਨਾਲ ਪਲਾਸਟਿਕ ਦੇ ਪੱਖੇ ਨਾ ਲਾਏ ਜਾਣ। ਉਨ੍ਹਾਂ ਦਾ ਤਰਕ ਸੀ ਕਿ ਪਲਾਸਟਿਕ ਦੇ ਬਿਜਲਈ ਪੱਖਿਆਂ ਦੇ ਘੰਟਿਆਂ ਬੱਧੀ ਚੱਲਣ ਕਰਕੇ ਗਰਮ ਹੋਣ 'ਤੇ ਪਲਾਸਟਿਕ ਪਿਘਲ ਜਾਂਦਾ ਹੈ ਤੇ ਅੱਗ ਲੱਗਣ ਦਾ ਖ਼ਦਸ਼ਾ ਬਣਿਆ ਰਹਿੰਦਾ ਹੈ।

ਇਸੇ ਪ੍ਰਕਾਰ ਪਾਲਕੀ 'ਤੇ ਲੱਗੀਆਂ ਬਿਜਲਈ ਲੜੀਆਂ ਨਾਲ ਵੀ ਅੱਗ ਲੱਗਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਉਨ੍ਹਾਂ ਆਖਿਆ ਕਿ ਅਜਿਹੇ ਖ਼ਤਰਿਆਂ ਨੂੰ ਮੁੱਖ ਰੱਖਦਿਆਂ ਅੱਗੇ ਤੋਂ ਲਾਈਟਾਂ ਦਾ ਪ੍ਰਬੰਧ ਪਾਲਕੀ ਤੋਂ ਦੂਰ ਕੀਤਾ ਜਾਵੇ ਤੇ ਪਾਲਕੀ ਨੂੰ ਸਜਾਉਣ ਵਾਸਤੇ ਫੁੱਲਾਂ ਤੇ ਹੋਰ ਸਮੱਗਰੀ ਦਾ ਹੀ ਪ੍ਰਯੋਗ ਕੀਤਾ ਜਾਵੇ।

## ਸੱਤਵੀਂ ਮੰਜ਼ਲ ਤੋਂ ਛਾਲ ਮਾਰ ਕੇ ਜਿਉਂਦਾ ਬਚਿਆ

**ਨਿਊਯਾਰਕ:** ਅਮਰੀਕਾ ਵਿਚ 39 ਸਾਲਾਂ ਦਾ ਇਕ ਸ਼ਖ਼ਸ ਅਪਾਰਟਮੈਂਟ ਦੀ ਸੱਤਵੀਂ ਮੰਜ਼ਲ ਤੋਂ ਛਾਲ ਮਾਰ ਕੇ ਕਰਾਮਾਤੀ ਢੰਗ ਨਾਲ ਬਚ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਇਸ ਸ਼ਖ਼ਸ ਨੇ ਨਿਊਯਾਰਕ ਸਿਟੀ ਵਿਚ ਮੈਨਹਟਨ ਦੇ ਟਰਟਲ ਬੇਅ ਖੇਤਰ ਵਿਚਲੇ ਅਪਾਰਟਮੈਂਟ ਦੀ ਸੱਤਵੀਂ ਮੰਜ਼ਲ ਦੀ ਖਿੜਕੀ ਤੋਂ ਛਾਲ ਮਾਰੀ ਸੀ ਤੇ ਉਹ ਟਰਟਲ ਬੇਅ ਦੇ ਸੈਕਿੰਡ ਐਵੇਨਿਊ ਦੀ ਇਮਾਰਤ ਦੀ ਦੂਜੀ ਮੰਜ਼ਲ ਦੀ ਬਾਲਕੋਨੀ 'ਤੇ ਆ ਕੇ ਡਿੱਗਿਆ ਸੀ। ਪੰਜ ਮੰਜ਼ਲਾਂ ਤੋਂ ਛਾਲ ਲਾਉਣ ਦੇ ਬਾਵਜੂਦ ਜ਼ਿੰਦਾ ਬਚਣ ਵਾਲੇ ਇਸ ਵਿਅਕਤੀ ਨੂੰ ਪ੍ਰੈਸਬੀਟੇਰੀਅਨ ਹਸਪਤਾਲ ਵਿਚ ਦਾਖ਼ਲ ਕਰਾਇਆ ਗਿਆ। ਇਸ ਨੂੰ ਕੁਝ ਸਦਮਾਜਨਕ ਸੱਟਾਂ ਲੱਗੀਆਂ ਹਨ।

# ਅਫ਼ਗਾਨਿਸਤਾਨ ਲਈ ਹੁਣ ਸਿਰਫ ਸੁਲ੍ਹਾ-ਸਫ਼ਾਈ ਦਾ ਰਾਹ: ਅਮਰੀਕਾ

**ਵਾਸ਼ਿੰਗਟਨ:** ਅਮਰੀਕਾ ਨੇ ਕਿਹਾ ਹੈ ਕਿ ਅਫਗਾਨਿਸਤਾਨ ਵਿਚ ਅਮਨ ਵਾਰਤਾ ਲਈ ਸੁਲ੍ਹਾ-ਸਫਾਈ ਹੀ ਇਕੋ ਇਕ ਵਧੀਆ ਰਾਹ ਹੈ। ਵਾਸ਼ਿੰਗਟਨ ਨੇ ਤਾਲਿਬਾਨ ਨੂੰ ਇਹ ਤੈਅ ਕਰਨ ਲਈ ਕਿਹਾ ਹੈ ਕਿ ਉਹ ਸ਼ਾਂਤੀ ਵਾਰਤਾ 'ਤੇ ਕਿਵੇਂ ਅੱਗੇ ਵਧਣਾ ਚਾਹੁੰਦਾ ਹੈ।



ਵਾਈਟ ਹਾਊਸ ਦੀ ਪ੍ਰੈਸ ਸਕੱਤਰ ਜੇਅ ਕਾਰਨੀ ਨੇ ਕਿਹਾ ਕਿ ਉਹ ਪੂਰੀ ਤਰ੍ਹਾਂ ਇਹ ਮੰਨਦੇ ਹਨ ਕਿ ਸ਼ਾਂਤੀ ਦੀ ਪ੍ਰਾਪਤੀ ਲਈ ਅਫਗਾਨਿਸਤਾਨ ਸਾਹਮਣੇ ਸੁਲ੍ਹਾ ਦਾ ਹੀ ਇਕਮਾਤਰ ਚੰਗਾ ਰਾਹ ਹੈ। ਅਫ਼ਗਾਨਾਂ ਨੂੰ ਅਫ਼ਗਾਨਾਂ ਨਾਲ ਹੀ ਇਹ ਗੱਲਬਾਤ ਚਲਾਉਣੀ ਪੈਣੀ ਹੈ। ਉਨ੍ਹਾਂ ਕਿਹਾ ਕਿ ਦੋਹਾ ਦਫ਼ਤਰ ਇਸ ਪ੍ਰਕਿਰਿਆ ਨੂੰ ਅੱਗੇ ਵਧਾਉਣ ਦਾ ਮਾਧਿਅਮ ਹੋ ਸਕਦਾ ਹੈ ਪਰ ਤਾਲਿਬਾਨ ਨੂੰ ਇਹ ਤੈਅ ਕਰਨਾ ਪਵੇਗਾ ਕਿ ਉਹ ਅੱਗੇ ਵਧਣਾ ਚਾਹੁੰਦਾ ਹੈ ਜਾਂ ਨਹੀਂ। ਜੇ ਉਹ ਅਜਿਹਾ ਨਹੀਂ ਕਰਦੇ ਤਾਂ ਉਹ ਸੁਲ੍ਹਾ ਦੀ ਪੈਰਵੀ ਲਈ ਹੋਰ ਢੰਗ-ਤਰੀਕੇ ਲੱਭਦੇ ਰਹਿਣਗੇ ਪਰ ਅੰਤ ਨੂੰ ਤਾਲਿਬਾਨ ਨੂੰ ਇਹ ਚੋਣ ਆਪ ਹੀ ਕਰਨੀ ਪਵੇਗੀ। ਵਿਦੇਸ਼ ਵਿਭਾਗ ਦੇ ਬੁਲਾਰੇ ਨੇ ਕਿਹਾ ਕਿ ਅਮਰੀਕਾ ਸ਼ਾਂਤੀਪੂਰਨ, ਜਮਹੂਰੀ ਤੇ ਇਕਜੁੱਟ ਅਫ਼ਗਾਨਿਸਤਾਨ ਲਈ ਵਚਨਬੱਧ ਹੈ। ਦੁਵੱਲੀ ਸੁਰੱਖਿਆ ਸੰਧੀ ਬਾਰੇ ਬਾਕਾਇਦਾ ਵਾਰਤਾ ਅਜੇ ਮੁਲਤਵੀ ਰਹੇਗੀ ਜੋ ਪਿਛਲੇ ਮਹੀਨੇ ਕਾਬੁਲ ਨੇ ਮੁਲਤਵੀ ਕਰ ਦਿੱਤੀ ਸੀ। ਯਾਦ ਰਹੇ ਕਿ ਅਫਗਾਨਿਸਤਾਨ ਵਿਚ ਅਮਰੀਕਾ ਹੀ ਨਹੀਂ, ਹੋਰ ਵਿਦੇਸ਼ੀ ਫੌਜਾਂ ਨੂੰ ਵੀ ਨੁਕਸਾਨ ਉਠਾਉਣਾ ਪਿਆ ਹੈ। ਇਹੀ ਨਹੀਂ, ਅਮਰੀਕਾ ਵਿਚ ਸਰਕਾਰ ਦੀਆਂ ਅਫਗਾਨਿਸਤਾਨ ਬਾਰੇ ਨੀਤੀਆਂ ਦੀ ਆਲੋਚਨਾ ਹੋ ਰਹੀ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ

ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਸਿੱਖ ਇਤਿਹਾਸ ਦੀਆਂ ਦੁਰਲਭ ਤਸਵੀਰਾਂ ਲੱਭੀਆਂ

**ਚੰਡੀਗੜ੍ਹ:** ਆਜ਼ਾਦੀ ਤੋਂ ਪਹਿਲਾਂ ਦੇਸ਼ ਦੇ ਪਹਿਲੇ ਪੱਗੜੀਧਾਰੀ ਸਿੱਖ ਪਾਇਲਟ ਤੇ ਪਹਿਲੇ ਵਿਸ਼ਵ ਯੁੱਧ ਦੇ ਸਿੱਖ ਫੌਜੀਆਂ ਦੀਆਂ ਦੁਰਲਭ ਤਸਵੀਰਾਂ ਪੰਜਾਬ ਡਿਜ਼ੀਟਲ ਲਾਇਬ੍ਰੇਰੀ ਚੰਡੀਗੜ੍ਹ ਦੇ ਹੱਥ ਲੱਗੀਆਂ ਹਨ। ਬਰਤਾਨੀਆ ਤੋਂ ਭਾਰਤ ਵਿਚ ਹਵਾਈ ਜਹਾਜ਼ (ਸੋਲੋ) ਉਡਾ ਕੇ ਲਿਆਇਆ ਪੰਜਾਬ ਦਾ ਇਹ ਪਗੜੀਧਾਰੀ ਸਿੱਖ ਨੌਜਵਾਨ ਬ੍ਰਿਟਿਸ਼-ਇੰਡੀਅਨ ਹਵਾਈ ਫੌਜ ਵੱਲੋਂ ਦੂਜੇ ਵਿਸ਼ਵ ਯੁੱਧ ਵਿਚ ਲੜਦਾ ਹੋਇਆ ਆਸਟ੍ਰੇਲੀਆ ਵਿਚ ਸ਼ਹੀਦ ਹੋ ਗਿਆ।



ਇਸ ਤੋਂ ਇਲਾਵਾ ਪਹਿਲੇ ਵਿਸ਼ਵ ਯੁੱਧ ਵਿਚ ਲੜਨ ਵਾਲੇ ਸਿੱਖ ਫੌਜੀਆਂ ਦੀਆਂ ਦੁਰਲੱਭ ਤਸਵੀਰਾਂ ਮਿਲੀਆਂ ਹਨ। ਲਾਇਬ੍ਰੇਰੀ ਦੇ ਸੰਚਾਲਕ ਦਵਿੰਦਰਪਾਲ ਸਿੰਘ ਨੇ ਸਿੱਖ ਪਾਇਲਟ ਦੀ ਦੁਰਲੱਭ ਤਸਵੀਰ ਵਿਖਾਉਂਦਿਆਂ ਦੱਸਿਆ ਕਿ ਇਹ ਪਗੜੀਧਾਰੀ ਸਿੱਖ ਨੌਜਵਾਨ ਮਨਮੋਹਨ ਸਿੰਘ ਸੀ ਜਿਸ ਦੀ ਇਕੋ ਇਕ ਤਸਵੀਰ 1930 ਦੇ ਫੁਲਵਾੜੀ ਰਸਾਲੇ ਵਿਚ ਉਦੋਂ ਛਪੀ ਸੀ, ਜਦੋਂ ਉਸ ਨੇ ਬਰਤਾਨੀਆ ਤੋਂ ਜਹਾਜ਼ ਉਡਾ ਕੇ ਭਾਰਤ ਲਿਆਉਣਾ ਸੀ।

ਇਸ ਨੌਜਵਾਨ ਦਾ ਜਨਮ ਸਤੰਬਰ 1906 ਵਿਚ ਰਾਵਲਪਿੰਡੀ (ਹੁਣ ਪਾਕਿਸਤਾਨ ਵਿਚ) ਵਿਖੇ ਹੋਇਆ ਸੀ ਜਿਸ ਨੇ ਭਾਰਤ ਸਰਕਾਰ ਦੇ ਵਜ਼ੀਫੇ 'ਤੇ ਬਰਤਾਨੀਆ ਦੀ ਬਰਿਸਟਲ ਯੂਨੀਵਰਸਿਟੀ ਤੋਂ 'ਉਡਾਣ ਤੇ ਜਹਾਜ਼ ਇੰਜੀਨੀਅਰਿੰਗ' ਦੀ ਪੜ੍ਹਾਈ ਕਰਨ ਮਗਰੋਂ ਸੋਲੋ ਹਵਾਈ ਜਹਾਜ਼ ਉਡਾ ਕੇ ਇਕ ਮਹੀਨੇ ਦੇ ਸਮੇਂ ਵਿਚ ਬਰਤਾਨੀਆ ਤੋਂ ਭਾਰਤ ਲਿਆਂਦਾ ਸੀ। ਇਹ ਪਗੜੀਧਾਰੀ ਪਾਇਲਟ ਉਹ ਪਹਿਲਾ ਭਾਰਤੀ ਸੀ ਜਿਸ ਨੇ ਇਕ ਹਲਕਾ ਹਵਾਈ ਜਹਾਜ਼ ਉਡਾਉਂਦਿਆਂ ਇੰਗਲੈਂਡ ਤੋਂ ਦੱਖਣੀ ਅਫਰੀਕਾ ਤੱਕ ਯਾਤਰਾ ਕੀਤੀ ਸੀ ਤੇ ਇਹ ਨੌਜਵਾਨ ਦੂਜੇ ਵਿਸ਼ਵ ਯੁੱਧ ਦੌਰਾਨ ਇੰਡੋਨੇਸ਼ੀਆ ਤੇ ਮਨੀਲਾ ਵਿਚ ਬ੍ਰਿਟਿਸ਼-ਇੰਡੀਆ ਹਵਾਈ ਫੌਜ ਵੱਲੋਂ ਲੜਿਆ ਤੇ ਲੜਾਈ ਦੌਰਾਨ ਹੀ 1942 ਵਿਚ ਪੱਛਮੀ ਆਸਟ੍ਰੇਲੀਆ ਵਿਚ ਸ਼ਹੀਦ ਹੋ ਗਿਆ।

ਦਿਲਚਸਪ ਗੱਲ ਇਹ ਹੈ ਕਿ ਬਰਤਾਨਵੀ ਸਰਕਾਰ ਨੇ ਕਦੇ ਇਨ੍ਹਾਂ ਸਿੱਖ ਫੌਜੀਆਂ ਬਾਰੇ ਪੋਸਟ ਕਾਰਡ ਵੀ ਜਾਰੀ ਕੀਤਾ ਸੀ। ਤਸਵੀਰਾਂ ਵਿਚ ਸਿੱਖ ਫੌਜੀ ਹਥਿਆਰਾਂ ਨਾਲ ਲੈਸ ਵਿਖਾਈ ਦੇ ਰਹੇ ਹਨ। ਲਾਇਬ੍ਰੇਰੀ ਵੱਲੋਂ ਉਪਰੋਕਤ ਸਮੇਤ ਹੋਰ ਕਈ ਪੁਰਾਤਨ ਤਸਵੀਰਾਂ ਇਥੇ ਪੰਜਾਬ ਕਲਾ ਭਵਨ ਸੈਕਟਰ 16 ਵਿਖੇ ਸ਼ੁਰੂ ਹੋਈ ਪੁਰਾਤਨ ਤਸਵੀਰਾਂ ਦੀ ਪ੍ਰਦਰਸ਼ਨੀ ਵਿਚ ਲਾਈਆਂ ਗਈਆਂ।

## ਤਾਲਿਬਾਨ ਵੱਲੋਂ ਮਲਾਲਾ ਨੂੰ ਦੇਸ਼ ਪਰਤਣ ਦੀ ਬੇਨਤੀ

**ਇਸਲਾਮਾਬਾਦ:** ਮਲਾਲਾ ਯੂਸਫਜ਼ਈ ਵੱਲੋਂ ਸੰਯੁਕਤ ਰਾਸ਼ਟਰ ਵਿਚ ਬੱਚਿਆਂ ਦੀ ਸਿੱਖਿਆ ਲਈ ਜਜ਼ਬਾਤੀ ਅਪੀਲ ਕਰਨ ਦੇ ਕੁਝ ਦਿਨਾਂ ਬਾਅਦ ਤਾਲਿਬਾਨ ਨੇ ਬਾਲੜੀ ਮਲਾਲਾ ਨੂੰ ਕਿਹਾ ਹੈ ਕਿ ਉਹ ਪਾਕਿਸਤਾਨ ਪਰਤ ਆਵੇ ਤੇ ਕਿਸੇ ਵੀ ਮਦਰੱਸੇ ਵਿਚ ਦਾਖਲ ਹੋ ਜਾਵੇ।

ਅਦਨਾਨ ਰਸ਼ੀਦ ਨਾਮੀ ਤਾਲਿਬਾਨ ਨੇ ਮਲਾਲਾ ਨੂੰ ਲਿਖੇ ਪੱਤਰ ਵਿਚ ਕਿਹਾ ਹੈ ਕਿ ਉਹ ਕਿਸੇ ਵੀ ਔਰਤਾਂ ਦੇ ਇਸਲਾਮਕ ਮਦਰਸੇ ਵਿਚ ਦਾਖਲ ਹੋ ਜਾਵੇ। ਇਸ ਦੇ ਨਾਲ ਹੀ ਰਸ਼ੀਦ ਨੇ ਮਲਾਲਾ ਉਪਰ ਹਮਲੇ ਨੂੰ ਜਾਇਜ਼ ਠਹਿਰਾਉਣ ਦਾ ਯਤਨ ਕੀਤਾ ਹੈ ਤੇ ਲਿਖਿਆ ਹੈ ਕਿ ਤਾਲਿਬਾਨ ਨੇ ਉਸ ਉਪਰ ਇਸ ਕਰਕੇ ਹਮਲਾ ਨਹੀਂ ਕੀਤਾ ਕਿ ਉਹ ਸਕੂਲ ਜਾਂਦੀ ਸੀ ਬਲਕਿ ਤਾਲਿਬਾਨ ਦਾ ਵਿਸ਼ਵਾਸ ਸੀ ਕਿ ਉਹ ਉਨ੍ਹਾਂ ਵਿਰੁੱਧ ਲਿਖਦੀ ਹੈ ਜੋ ਸਵਾਤ ਵਿਚ ਇਸਲਾਮਿਕ ਵਿਵਸਥਾ ਕਾਇਮ ਕਰਨ ਲਈ ਮੁਹਿੰਮ ਚਲਾ ਰਹੇ ਹਨ।

# ਬਰਤਾਨੀਆ ਦੀ ਬੇਬੇ ਸੰਤ ਕੌਰ ਬਾਜਵਾ ਦਾ ਦੇਹਾਂਤ

**ਲੰਡਨ:** ਬਰਤਾਨੀਆ ਦੀ ਸਭ ਤੋਂ ਬਜ਼ੁਰਗ ਅਤੇ ਦੁਨੀਆਂ ਦੀ ਦੂਜੇ ਨੰਬਰ ਦੀ ਸਭ ਤੋਂ ਲੰਮੀ ਉਮਰ ਦੀ ਔਰਤ ਬੇਬੇ ਸੰਤ ਕੌਰ ਬਾਜਵਾ ਦਾ ਦੇਹਾਂਤ ਹੋ ਗਿਆ। ਉਹ 115 ਸਾਲਾਂ ਦੇ ਸਨ। ਬੀਬੀ ਬਾਜਵਾ ਨੇ 19 ਜੁਲਾਈ ਨੂੰ ਆਖਰੀ ਸਾਹ ਲਿਆ। ਉਨ੍ਹਾਂ ਦਾ ਜਨਮ 1 ਜਨਵਰੀ, 1898 ਵਿਚ ਸਿਆਲਕੋਟ (ਪਾਕਿਸਤਾਨ) ਵਿਚ ਹੋਇਆ ਸੀ। ਤਿੰਨ ਸਦੀਆਂ ਤਕ ਜਿਉਣ ਵਾਲੀ ਇਸ ਬੇਬੇ ਨੇ ਦੋ ਸੰਸਾਰ ਜੰਗਾਂ, ਸਨਅਤੀ ਤੇ ਤਕਨੀਕੀ ਕ੍ਰਾਂਤੀ ਦੇਖਣ ਤੋਂ ਇਲਾਵਾ ਇੰਗਲੈਂਡ ਦੇ ਛੇ ਮਹਾਰਾਜੇ ਤੇ ਮਹਾਰਾਣੀਆਂ ਤੇ 27 ਪ੍ਰਧਾਨ ਮੰਤਰੀ ਦੇਖੇ।

1966 'ਚ ਉਹ ਸਾਊਥਾਲ ਵਿਚ ਆਪਣੀ ਧੀ ਸੁਰਜੀਤ ਕੌਰ ਅਤੇ ਜੁਆਈ ਅਜੀਤ ਸਿੰਘ ਰਾਏ ਕੋਲ ਆ ਗਏ ਸਨ। 1998 ਵਿਚ ਉਨ੍ਹਾਂ ਨੇ ਆਪਣੀ ਉਮਰ ਦੇ ਸੌ ਸਾਲ ਪੂਰੇ ਕੀਤੇ। 115 ਸਾਲ ਤੇ 197 ਦਿਨਾਂ ਤਕ ਜਿਉਣ ਵਾਲੀ ਸੰਤ ਕੌਰ ਬਾਜਵਾ ਦੇ ਪਰਿਵਾਰ ਅਨੁਸਾਰ ਇਸ ਬਜ਼ੁਰਗ ਨੂੰ ਕੋਈ ਬਿਮਾਰੀ ਨਹੀਂ ਸੀ ਤੇ ਮੌਤ ਵੀ ਕੁਦਰਤੀ ਹੋਈ ਹੈ। ਉਨ੍ਹਾਂ ਦੇ ਪਰਿਵਾਰ 'ਚ 12 ਦੋਹਤੇ ਤੇ 22 ਪੜਦੋਹਤੇ ਹਨ।



*ਬੇਬੇ ਸੰਤ ਕੌਰ ਬਾਜਵਾ ਦੀ ਆਪਣੀ ਅਗਲੀ ਪੀੜ੍ਹੀ ਨਾਲ ਇਕ ਤਸਵੀਰ।*

**Are You Tired Of All Treatments?**
**Try Homeopathic Natural Medicines (HNM)**
**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
Homeopathic natural medicines supply

*Gurdip Singh Sandhu*
EX Member:
The California Homeopathic Society
National Center For Homeopathy- USA
**Ph:(408) 687-1899**
**(408) 729-6691**
Fax:(408)292-6200
Email: Homeomdicine@yahoo.com
Website: www.Homeopathyatoz.com
**Toll Free: 1-877-OK-HOMEO (1-877-654-6636)**

**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**
**National Truck Driving School**
**ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ**
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

**Call For Special Price**
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

**Reliable and Experienced Real Estate Professional**
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869
*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay
We Specialize in Bankowned, Foreclosure and Short Sale Homes
For Sale & Purchase of Residential, Commercial Property and AG-Land
ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ
ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869

Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com
Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ
REALTY WORLD Millennium
**Gurbans Gill 209-815-1869**

# ਸ਼੍ਰੋਮਣੀ ਅਕਾਲੀ ਦਲ ਦੀ ਨਜ਼ਰ ਹੁਣ ਹਿੰਦੂ ਵੋਟ ਬੈਂਕ 'ਤੇ

**ਚੰਡੀਗੜ੍ਹ:** ਪੰਜਾਬ ਦੀ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਭਰਤੀ ਮੁਹਿੰਮ ਦੌਰਾਨ ਹਿੰਦੂਆਂ ਦੀ ਭਰਤੀ 'ਤੇ ਖਾਸ ਧਿਆਨ ਦਿੱਤਾ ਗਿਆ ਹੈ। ਪਾਰਟੀ ਆਗੂਆਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਵੱਲੋਂ ਵਿਸ਼ੇਸ਼ ਤੌਰ 'ਤੇ ਹਦਾਇਤਾਂ ਸਨ ਕਿ ਪਾਰਟੀ ਦਾ ਸ਼ਹਿਰੀ ਖੇਤਰਾਂ ਵਿਚ ਅਧਾਰ ਵਧਾਉਣ ਲਈ ਵਿਸ਼ੇਸ਼ ਤੌਰ 'ਤੇ ਗੈਰ ਸਿੱਖਾਂ ਦੀ ਭਰਤੀ ਕੀਤੀ ਜਾਵੇ। ਦਲ ਦੇ ਆਗੂਆਂ ਨੇ ਸ਼ਹਿਰਾਂ ਵਿਚ ਹਿੰਦੂ ਵਰਗ ਦੇ ਲੋਕਾਂ ਨੂੰ ਹੀ ਭਰਤੀ ਦਾ ਕੰਮ ਸੌਂਪਿਆ ਹੋਇਆ ਸੀ।



ਪਾਰਟੀ ਦੀ ਸੀਨੀਅਰ ਲੀਡਰਸ਼ਿਪ ਵੱਲੋਂ ਇਹ ਵੀ ਹਦਾਇਤਾਂ ਸਨ ਕਿ ਮਾੜੇ ਕਿਰਦਾਰ ਵਾਲੇ ਵਿਅਕਤੀਆਂ ਦਾ ਭਰਤੀ ਸਮੇਂ ਖਾਸ ਧਿਆਨ ਰੱਖਿਆ ਜਾਵੇ। ਜ਼ਿਕਰਯੋਗ ਹੈ ਕਿ ਪਿਛਲੇ ਛੇ ਮਹੀਨਿਆਂ ਦੌਰਾਨ ਪੰਜਾਬ ਵਿਚ ਵਾਪਰੀਆਂ ਕਈ ਹਿੰਸਕ ਘਟਨਾਵਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਕਈ ਆਗੂਆਂ ਦੀ ਸ਼ਮੂਲੀਅਤ ਸਾਹਮਣੇ ਆਈ ਜਿਸ ਕਾਰਨ ਪਾਰਟੀ ਨੂੰ ਭਾਰੀ ਨਮੋਸ਼ੀ ਝੱਲਣੀ ਪਈ ਸੀ। ਸ਼੍ਰੋਮਣੀ ਅਕਾਲੀ ਦਲ ਵੱਲੋਂ ਭਰਤੀ ਮੁਹਿੰਮ ਕਈ ਮਹੀਨੇ ਪਹਿਲਾਂ ਹੀ ਸ਼ੁਰੂ ਕਰ ਦਿੱਤੀ ਗਈ ਸੀ। ਪਾਰਟੀ ਨੇ ਹੁਣ ਜਥੇਬੰਦਕ ਚੋਣਾਂ ਦਾ ਐਲਾਨ ਵੀ ਕਰ ਦਿੱਤਾ ਹੈ। ਪਾਰਟੀ ਵੱਲੋਂ ਮੈਂਬਰ ਭਰਤੀ ਫੀਸ 10 ਰੁਪਏ ਰੱਖੀ ਗਈ ਹੈ। ਪਾਰਟੀ ਦੇ ਸਕੱਤਰ ਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਦਾ ਕਹਿਣਾ ਹੈ ਕਿ ਭਰਤੀ ਬਾਰੇ ਅਸਲੀ ਤੱਥ ਸਾਹਮਣੇ ਆਉਣ ਨੂੰ ਅਜੇ ਕੁਝ ਦਿਨ ਲੱਗ ਜਾਣਗੇ ਕਿਉਂਕਿ ਜ਼ਿਲ੍ਹਿਆਂ ਤੋਂ ਪੂਰੀ ਜਾਣਕਾਰੀ ਅਜੇ ਤੱਕ ਸੂਬਾ ਪੱਧਰ 'ਤੇ ਪਹੁੰਚੀ ਨਹੀਂ ਹੈ। ਉਂਜ ਉਨ੍ਹਾਂ ਦੱਸਿਆ ਕਿ ਮੈਂਬਰਾਂ ਦੀ ਗਿਣਤੀ 10 ਲੱਖ ਤੋਂ ਵੀ ਪਾਰ ਜਾਣ ਦੀ ਉਮੀਦ ਹੈ। ਹੇਠਲੇ ਪੱਧਰ ਤੋਂ ਮਿਲੀ ਜਾਣਕਾਰੀ ਮੁਤਾਬਕ ਜਥੇਦਾਰਾਂ ਵੱਲੋਂ ਆਪਣੇ ਘਰਾਂ ਵਿਚ ਬੈਠ ਕੇ ਹੀ ਭਰਤੀ ਕਰਨ ਦਾ ਗਲ ਪਿਆ ਢੋਲ ਵਜਾਇਆ ਜਾ ਰਿਹਾ ਹੈ। ਭਰਤੀ ਲਈ ਮੈਂਬਰਸ਼ਿਪ ਫੀਸ ਮੈਂਬਰਾਂ ਦੀ ਥਾਂ ਜਥੇਦਾਰਾਂ ਨੂੰ ਹੀ ਅਦਾ ਕਰਨੀ ਪੈ ਰਹੀ ਹੈ। ਇਸ ਤਰ੍ਹਾਂ ਨਾਲ ਭਰਤੀ ਤੋਂ ਇਕੱਤਰ ਹੋਣ ਵਾਲੇ ਕਰੋੜਾਂ ਰੁਪਏ ਜਥੇਦਾਰਾਂ ਦੀਆਂ ਜੇਬਾਂ ਵਿਚੋਂ ਹੀ ਆਉਣਗੇ। ਭਾਰਤ ਦੇ ਚੋਣ ਕਮਿਸ਼ਨ ਨੇ ਮਾਨਤਾ ਪ੍ਰਾਪਤ ਪਾਰਟੀਆਂ ਵਿਚਲੀ ਜਮਹੂਰੀਅਤ ਨੂੰ ਕਾਇਮ ਰੱਖਣ ਲਈ ਜਥੇਬੰਦਕ ਚੋਣਾਂ ਦੀ ਸ਼ਰਤ ਲਾਈ ਸੀ। ਇਹ ਵੀ ਦੇਖਿਆ ਗਿਆ ਹੈ ਕਿ ਚੋਣ ਕਮਿਸ਼ਨ ਦੀ ਸ਼ਰਤ ਪੂਰੀ ਕਰਨ ਲਈ ਰਾਜਨੀਤਕ ਪਾਰਟੀਆਂ ਵੱਲੋਂ ਖਾਨਾਪੂਰਤੀ ਹੀ ਕੀਤੀ ਜਾਂਦੀ ਹੈ। ਕਾਂਗਰਸ ਵੱਲੋਂ ਵੀ ਦੋ ਕੁ ਸਾਲ ਪਹਿਲਾਂ ਜਥੇਬੰਦਕ ਚੋਣਾਂ ਕਰਾਈਆਂ ਗਈਆਂ ਸਨ। ਪਾਰਟੀ ਦੀਆਂ ਸੂਬਾ ਕਮੇਟੀਆਂ ਨੇ ਪ੍ਰਧਾਨ ਚੁਣਨ ਦੀ ਥਾਂ ਪ੍ਰਧਾਨ ਚੁਣਨ ਦੇ ਅਧਿਕਾਰ ਪਾਰਟੀ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਨੂੰ ਹੀ ਦੇ ਦਿੱਤੇ ਸਨ। ਸ਼੍ਰੋਮਣੀ ਅਕਾਲੀ ਦਲ 'ਚ ਵੀ ਪ੍ਰਧਾਨਗੀ ਦਾ ਫੈਸਲਾ ਤਾਂ ਪਹਿਲਾਂ ਹੀ ਹੋ ਚੁੱਕਾ ਮੰਨਿਆ ਜਾ ਰਿਹਾ ਹੈ।

## ਅਕਾਲੀ ਦਲ (ਬ) ਨੇ ਜਥੇਬੰਦਕ ਚੋਣਾਂ ਦਾ ਕੰਮ ਵਿੱਢਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਦਾ ਨਵਾਂ ਜਥੇਬੰਦਕ ਢਾਂਚਾ ਉਸਾਰਨ ਲਈ ਪਾਰਟੀ ਦੀਆਂ ਜਥੇਬੰਦਕ ਚੋਣਾਂ ਦੇ ਪ੍ਰੋਗਰਾਮ ਦਾ ਐਲਾਨ ਕਰ ਦਿੱਤਾ ਗਿਆ ਹੈ। ਜਥੇਬੰਦਕ ਚੋਣਾਂ ਦੀ ਇਹ ਪ੍ਰਕ੍ਰਿਆ ਪਹਿਲੀ ਅਗਸਤ ਤੋਂ ਸ਼ੁਰੂ ਹੋ ਜਾਵੇਗੀ ਤੇ 10 ਅਗਸਤ ਤੱਕ ਵੱਖ-ਵੱਖ ਸਰਕਲਾਂ, ਜ਼ਿਲ੍ਹਿਆਂ ਤੇ ਸੂਬਾ ਡੈਲੀਗੇਟਾਂ ਦੀ ਚੋਣ ਕੀਤੀ ਜਾਵੇਗੀ।

ਪਾਰਟੀ ਸੂਤਰਾਂ ਅਨੁਸਾਰ 30 ਅਗਸਤ ਨੂੰ ਜਨਰਲ ਡੈਲੀਗੇਟ ਇਜਲਾਸ ਹੋਵੇਗਾ ਜਿਸ ਵਿਚ ਦਲ ਦੇ ਪ੍ਰਧਾਨ ਦੀ ਚੋਣ ਕੀਤੀ ਜਾਵੇਗੀ। ਪਿਛਲੀ ਵਾਰੀ ਇਹ ਚੋਣ 31 ਜਨਵਰੀ, 2008 ਨੂੰ ਹੋਈ ਸੀ ਜਿਸ ਵਿਚ ਸੁਖਬੀਰ ਸਿੰਘ ਬਾਦਲ ਸਰਬਸੰਮਤੀ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਚੁਣੇ ਗਏ ਸਨ। ਮੌਜੂਦਾ ਚੋਣਾਂ ਵਾਸਤੇ ਭਰਤੀ ਪ੍ਰਕ੍ਰਿਆ 25 ਮਾਰਚ ਨੂੰ ਸ਼ੁਰੂ ਕੀਤੀ ਗਈ ਸੀ ਤੇ ਉਸ ਨੂੰ ਮੁਕੰਮਲ ਕਰਨ ਤੋਂ ਬਾਅਦ ਅਗਲੀ ਚੋਣ ਪ੍ਰਕ੍ਰਿਆ ਸ਼ੁਰੂ ਕੀਤੀ ਗਈ ਹੈ।

ਸਰਕਲ ਤੇ ਜ਼ਿਲ੍ਹਿਆਂ ਦੀਆਂ ਚੋਣਾਂ ਲਈ ਪਾਰਟੀ ਵੱਲੋਂ ਪਹਿਲਾਂ ਤੋਂ ਨਿਰਧਾਰਤ ਅਬਜ਼ਰਵਰ ਚੋਣ ਨਿਗਰਾਨਾਂ ਦਾ ਕੰਮ ਕਰਨਗੇ ਤੇ ਸਰਕਲਾਂ, ਜ਼ਿਲ੍ਹਿਆਂ ਤੇ ਸੂਬਾ ਡੈਲੀਗੇਟਾਂ ਦੀ ਚੋਣ ਕਰਵਾ ਕੇ ਤੇ ਸੂਚੀਆਂ ਮੁਕੰਮਲ ਕਰਕੇ 14 ਅਗਸਤ ਤੱਕ ਪਾਰਟੀ ਦੇ ਮੁੱਖ ਦਫ਼ਤਰ ਨੂੰ ਸੌਂਪ ਦੇਣਗੇ। ਇਸ ਤੋਂ ਬਾਅਦ 30 ਅਗਸਤ ਨੂੰ ਪਾਰਟੀ ਦਾ ਜਨਰਲ ਡੈਲੀਗੇਟ ਇਜਲਾਸ ਬੁਲਾਇਆ ਗਿਆ ਹੈ ਜਿਸ ਵਿਚ ਪਾਰਟੀ ਪ੍ਰਧਾਨ ਤੇ ਹੋਰ ਜਥੇਬੰਦਕ ਢਾਂਚੇ ਦੀ ਚੋਣ ਕੀਤੀ ਜਾਵੇਗੀ।

ਪਾਰਟੀ ਸੂਤਰਾਂ ਅਨੁਸਾਰ ਪਾਰਟੀ ਦੇ ਵਿਧਾਨ ਮੁਤਾਬਕ 100 ਮੈਂਬਰਾਂ ਦੀ ਭਰਤੀ ਪਿਛੇ ਇਕ ਸਰਕਲ ਡੈਲੀਗੇਟ ਚੁਣਿਆ ਜਾਂਦਾ ਹੈ ਤੇ 25 ਸਰਕਲ ਡੈਲੀਗੇਟ ਰਲ ਕੇ ਜ਼ਿਲ੍ਹਾ ਡੈਲੀਗੇਟ ਦੀ ਚੋਣ ਕਰਦੇ ਹਨ।

ਸੂਬਾ ਡੈਲੀਗੇਟਾਂ ਦੀ ਚੋਣ ਜ਼ਿਲ੍ਹਾ ਡੈਲੀਗੇਟਾਂ ਰਾਹੀਂ ਕੀਤੀ ਜਾਂਦੀ ਹੈ ਤੇ ਹਰ ਜ਼ਿਲ੍ਹੇ ਦੇ ਸੂਬਾ ਡੈਲੀਗੇਟਾਂ ਦੀ ਗਿਣਤੀ ਪਹਿਲਾਂ ਤੋਂ ਹੀ ਨਿਰਧਾਰਤ ਹੈ। ਕੁੱਲ ਸੂਬਾ ਡੈਲੀਗੇਟਾਂ ਦੀ ਗਿਣਤੀ 445 ਹੈ। ਪੰਜਾਬ ਤੋਂ ਇਲਾਵਾ ਹਰਿਆਣਾ, ਦਿੱਲੀ, ਰਾਜਸਥਾਨ, ਉਤਰ ਪ੍ਰਦੇਸ਼, ਉਤਰਾਂਚਲ, ਹਿਮਾਚਲ ਪ੍ਰਦੇਸ਼ ਤੇ ਜੰਮੂ ਕਸ਼ਮੀਰ ਵਿਚੋਂ ਵੀ ਪਾਰਟੀ ਦੀ ਭਰਤੀ ਕੀਤੀ ਜਾਂਦੀ ਹੈ। ਇਨ੍ਹਾਂ ਸੂਬਿਆਂ ਤੋਂ ਇਲਾਵਾ ਬਾਹਰਲੇ ਦੇਸ਼ਾਂ ਵਿਚੋਂ ਵੀ ਡੈਲੀਗੇਟ ਸ਼ਾਮਲ ਕੀਤੇ ਜਾਂਦੇ ਹਨ।

# ਪੰਜਾਬ ਦੇ ਭਾਜਪਾਈਆਂ ਵੱਲੋਂ ਨਰੇਂਦਰ ਮੋਦੀ ਦੇ ਨਾਂ ਦੀ ਰਟ

**ਅੰਮ੍ਰਿਤਸਰ:** ਪੰਜਾਬ ਭਾਜਪਾ ਨੇ ਕਿਹਾ ਹੈ ਕਿ ਦੇਸ਼ ਦਾ ਅਗਲਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਹੀ ਹੋਵੇਗਾ। ਲੰਘੇ ਦਿਨੀਂ ਭਾਜਪਾ ਆਗੂ ਤੇ ਪੰਜਾਬ ਦੇ ਸਨਅਤ ਮੰਤਰੀ ਅਨਿਲ ਜੋਸ਼ੀ ਨੇ ਆਖਿਆ ਹੈ ਕਿ ਭਾਰਤੀ ਜਨਤਾ ਪਾਰਟੀ ਦੇ ਪ੍ਰਚਾਰ ਕਮੇਟੀ ਮੁਖੀ ਨਰੇਂਦਰ ਮੋਦੀ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਸਭ ਤੋਂ ਯੋਗ ਉਮੀਦਵਾਰ ਹਨ। ਭਾਜਪਾ ਆਗੂ ਦੀ ਇਹ ਟਿੱਪਣੀ ਸ਼੍ਰੋਮਣੀ ਅਕਾਲੀ ਦਲ ਲਈ ਹੋਰ ਸਮੱਸਿਆ ਪੈਦਾ ਕਰ ਸਕਦੀ ਹੈ।

ਸ੍ਰੀ ਜੋਸ਼ੀ ਦਾ ਕਹਿਣਾ ਹੈ ਕਿ ਗੁਜਰਾਤ ਵਿਚ ਨਰੇਂਦਰ ਮੋਦੀ ਵੱਲੋਂ ਕੀਤਾ ਵਿਕਾਸ ਉਨ੍ਹਾਂ ਦੀ ਸ਼ਖਸੀਅਤ ਦੀ ਮੂੰਹ ਬੋਲਦੀ ਤਸਵੀਰ ਹੈ। ਉਨ੍ਹਾਂ ਕਿਹਾ ਕਿ ਆਉਂਦੀਆਂ ਲੋਕ ਸਭਾ ਚੋਣਾਂ ਵਿਚ ਦੇਸ਼ ਦੇ ਲੋਕ ਭਾਜਪਾ ਦੀ ਅਗਵਾਈ ਵਿਚ ਕੌਮੀ ਜਮਹੂਰੀ ਗਠਜੋੜ ਦੀ ਸਰਕਾਰ ਬਣਾਉਣਗੇ ਤੇ ਸ੍ਰੀ ਮੋਦੀ ਦੇਸ਼ ਦੇ ਅਗਲੇ ਪ੍ਰਧਾਨ ਮੰਤਰੀ ਹੋਣਗੇ।

ਉਨ੍ਹਾਂ ਦਾਅਵਾ ਕੀਤਾ ਕਿ ਸ੍ਰੀ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਨਾਲ ਸਭ ਤੋਂ ਵੱਡਾ ਫਾਇਦਾ ਦੇਸ਼ ਦੇ ਉਦਯੋਗਿਕ ਖੇਤਰ ਨੂੰ ਹੋਵੇਗਾ ਕਿਉਂਕਿ ਉਨ੍ਹਾਂ ਗੁਜਰਾਤ ਵਿਚ ਉਦਯੋਗਾਂ ਨੂੰ ਇੰਨਾ ਵਿਕਸਤ ਕੀਤਾ ਹੈ ਕਿ ਚੀਨ ਵਰਗੇ ਦੇਸ਼ ਵੀ ਹੁਣ ਗੁਜਰਾਤ ਵਿਚ ਆਪਣੇ ਉਦਯੋਗ ਸਥਾਪਤ ਕਰ ਰਹੇ ਹਨ।

ਸ੍ਰੀ ਜੋਸ਼ੀ ਨੇ ਕਿਹਾ ਕਿ ਕਾਂਗਰਸ ਦੇ ਅਰਬਾਂ ਰੁਪਏ ਦੇ ਘੁਟਾਲਿਆਂ ਨੇ ਪੂਰੀ ਦੁਨੀਆਂ ਵਿਚ ਦੇਸ਼ ਨੂੰ ਸ਼ਰਮਸਾਰ ਕੀਤਾ ਹੈ ਤੇ ਅਰਥ ਸ਼ਾਸਤਰੀ ਪ੍ਰਧਾਨ ਮੰਤਰੀ ਦੀ ਅਗਵਾਈ ਵਿਚ ਦੇਸ਼ ਦੀ ਅਰਥਵਿਵਸਥਾ ਸਭ ਤੋਂ ਹੇਠਲੇ ਪੱਧਰ 'ਤੇ ਚਲੀ ਗਈ ਹੈ।

# ਮਨਪ੍ਰੀਤ ਸਿੰਘ ਬਾਦਲ ਦੇ ਹੌਸਲੇ ਫਿਰ ਬੁਲੰਦ!

**ਚੰਡੀਗੜ੍ਹ:** ਪੰਚਾਇਤੀ ਚੋਣਾਂ ਵਿਚ ਚੰਗਾ ਹੁੰਗਾਰਾ ਮਿਲਣ ਤੋਂ ਬਾਅਦ ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਦੇ ਹੌਸਲੇ ਬੁਲੰਦ ਹੋ ਗਏ ਹਨ ਤੇ ਉਨ੍ਹਾਂ ਨੇ ਮੁੜ ਸਰਗਰਮੀ ਤੇਜ਼ ਕਰ ਦਿੱਤੀ ਹੈ। ਸ. ਬਾਦਲ ਵੱਲੋਂ ਪੰਜਾਬ ਭਰ ਵਿਚ ਮੀਟਿੰਗਾਂ ਦੀ ਸਿਲਸਿਲਾ ਵਿੱਢਿਆ ਹੋਇਆ ਹੈ ਜਿਸ ਦੌਰਾਨ ਉਨ੍ਹਾਂ ਵੱਲੋਂ ਬਠਿੰਡਾ ਤੋਂ ਖੁਦ ਚੋਣ ਲੜਨ ਦੇ ਸੰਕੇਤ ਦਿੱਤੇ ਜਾ ਰਹੇ ਹਨ। ਉਂਜ, ਕਾਂਗਰਸ ਨਾਲ ਚੋਣ ਸਮਝੌਤੇ ਬਾਰੇ ਅਜੇ ਉਹ ਖਾਮੋਸ਼ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਅਜੇ ਚੋਣਾਂ ਵਿਚ ਸਮਾਂ ਰਹਿੰਦਾ ਹੈ ਤੇ ਹਾਕਮ ਧਿਰ ਤੋਂ ਲੋਕਾਂ ਨੂੰ ਮੁਕਤ ਕਰਾਉਣ ਲਈ ਹਰ ਹੰਭਲਾ ਮਾਰਿਆ ਜਾਵੇਗਾ।



ਸ. ਮਨਪ੍ਰੀਤ ਬਾਦਲ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਧਾਂਦਲੀਆਂ ਤੇ ਧੱਕੇਸ਼ਾਹੀਆਂ ਤੋਂ ਅੱਕੇ ਲੋਕ ਐਤਕੀਂ ਬਠਿੰਡਾ ਲੋਕ ਸਭਾ ਸੀਟ ਤੋਂ ਹਾਕਮ ਧਿਰ ਦਾ ਕਬਜ਼ਾ ਤੋੜ ਦੇਣਗੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਭਲੇ ਲਈ ਤੇ ਸੂਬੇ ਨੂੰ ਖੋਖਲਾ ਕਰਨ ਵਾਲੀ ਸਰਕਾਰ ਨੂੰ ਚੱਲਦਾ ਕਰਨ ਲਈ ਕੁਝ ਥਾਈਂ ਰਲ ਕੇ ਲੜੀਆਂ ਪੰਚਾਇਤੀ ਚੋਣਾਂ ਦੀ ਤਰਜ਼ 'ਤੇ ਲੋਕ ਸਭਾ ਚੋਣਾਂ ਦੌਰਾਨ ਵੀ ਅਜਿਹੇ ਚੋਣ ਸਮਝੌਤੇ ਕੀਤੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਹਾਲ ਦੀ ਘੜੀ ਕਾਂਗਰਸ ਦੇ ਕਿਸੇ ਆਗੂ ਨਾਲ ਉਨ੍ਹਾਂ ਦੀ ਕੋਈ ਮੁਲਾਕਾਤ ਨਹੀਂ ਹੋਈ। ਉਨ੍ਹਾਂ ਕਿਹਾ ਕਿ ਸਿਆਸੀ ਧਿਰਾਂ ਵਿਚ ਅਜਿਹੀਆਂ ਸਰਗਰਮੀਆਂ ਚੱਲਦੀਆਂ ਰਹਿੰਦੀਆਂ ਹਨ ਪਰ ਜਦੋਂ ਗੱਲ ਕਿਸੇ ਤਣ ਪੱਤਣ ਲੱਗ ਜਾਵੇ ਤਾਂ ਹੀ ਕੁਝ ਕਹਿਣਾ ਚਾਹੀਦਾ ਹੈ।

ਉਨ੍ਹਾਂ ਦਾਅਵਾ ਕੀਤਾ ਹੈ ਕਿ ਪੰਚਾਇਤੀ ਚੋਣਾਂ ਦੌਰਾਨ ਸਰਕਾਰੀ ਧੱਕੇ ਦੇ ਬਾਵਜੂਦ ਪਾਰਟੀ ਦੇ 330 ਸਰਪੰਚ ਤੇ 1400 ਪੰਚ ਜੇਤੂ ਰਹੇ ਹਨ ਤੇ ਹੁਣ ਆ ਰਹੀਆਂ ਮਿਉਂਸਪਲ ਚੋਣਾਂ ਵੱਲ ਧਿਆਨ ਦਿੱਤਾ ਜਾ ਰਿਹਾ ਹੈ। ਮੀਟਿੰਗਾਂ ਦੌਰਾਨ ਉਹ ਪੰਜਾਬ ਵਾਸੀਆਂ ਨੂੰ ਹਾਕਮ ਧਿਰ ਦੀਆਂ ਜ਼ਿਆਦਤੀਆਂ ਖਿਲਾਫ਼ ਜਾਗਣ ਦਾ ਸੱਦਾ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਪਾਰਟੀ ਦਾ ਸਾਰਾ ਜਥੇਬੰਦਕ ਢਾਂਚਾ ਤਿਆਰ ਹੈ ਤੇ ਜਲਦੀ ਹੀ ਸਾਰੀ ਟੀਮ ਆਪਣਾ ਕੰਮ ਸ਼ੁਰੂ ਕਰ ਦੇਵੇਗੀ।

# ਅਕਾਲੀਆਂ ਨੂੰ ਵੰਗਾਰਨ ਲਈ ਕਾਂਗਰਸ ਨੇ ਰਣਨੀਤੀ ਬਦਲੀ

## ਇਕ ਵਿਅਕਤੀ ਇਕ ਅਹੁਦੇ ਦਾ ਸਿਧਾਂਤ ਤਿਆਗਿਆ

**ਚੰਡੀਗੜ੍ਹ:** ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਨੂੰ ਵੰਗਾਰਨ ਲਈ ਕਾਂਗਰਸ ਨੇ ਰਣਨੀਤੀ ਬਦਲੀ ਬਦਲੀ ਹੈ। ਇਸ ਲਈ ਕਾਂਗਰਸ ਪਾਰਟੀ ਨੇ ਇਕ ਵਿਅਕਤੀ ਇਕ ਅਹੁਦੇ ਦਾ ਫਾਰਮੂਲਾ ਤਿਆਗ ਦਿੱਤਾ ਹੈ। ਨਵੇਂ ਫੈਸਲੇ ਨਾਲ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪੁਨਰਗਠਨ ਵਿਚ ਕਈਆਂ ਦਾ ਦੂਹਰੇ ਗੱਫੇ ਨੂੰ ਹੱਥ ਪੈਣ ਦੀ ਸੰਭਾਵਨਾ ਹੈ। ਕਾਂਗਰਸ ਵੱਲੋਂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਅਹੁਦੇਦਾਰਾਂ ਦੀ ਨਿਯੁਕਤੀ ਵੇਲੇ ਇਕ ਵਿਅਕਤੀ ਇਕ ਅਹੁਦਾ ਫਾਰਮੂਲਾ ਅਪਣਾਇਆ ਜਾਂਦਾ ਰਿਹਾ ਹੈ ਪਰ ਇਸ ਵਾਰ ਅਹੁਦੇਦਾਰਾਂ ਦੀ ਸੂਚੀ ਇਸ ਤੋਂ ਹਟ ਕੇ ਤਿਆਰ ਕੀਤੀ ਜਾ ਰਹੀ ਹੈ।

ਸੂਤਰਾਂ ਦਾ ਕਹਿਣਾ ਹੈ ਕਿ ਹਾਈ ਕਮਾਂਡ ਨੇ ਇਹ ਫੈਸਲਾ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਦੇ ਪੰਜਾਬ ਵਿਚ ਬਣ ਚੁੱਕੇ ਮਜ਼ਬੂਤ ਆਧਾਰ ਤੇ ਪੰਜਾਬ ਕਾਂਗਰਸ ਨੂੰ ਮੁੜ ਤੋਂ ਪੈਰ ਜਮਾਉਣ ਵਿਚ ਆ ਰਹੀ ਦਿੱਕਤ ਕਰਕੇ ਲਿਆ ਹੈ। ਹਾਈ ਕਮਾਂਡ ਇਹ ਵੀ ਮਹਿਸੂਸ ਕਰ ਰਹੀ ਹੈ ਕਿ ਲੋਕਾਂ ਨੂੰ ਨਾਲ ਜੋੜਨ ਤੇ ਸਰਕਾਰੀ ਦਫ਼ਤਰਾਂ ਵਿਚ ਕੰਮ ਕਰਾਉਣ ਲਈ ਪ੍ਰਭਾਵਸ਼ਾਲੀ ਨੇਤਾਵਾਂ ਨੂੰ ਹੋਰ ਤਾਕਤਵਰ ਕਰਨਾ ਜ਼ਰੂਰੀ ਹੋ ਗਿਆ ਹੈ। ਹਾਈ ਕਮਾਂਡ ਦੇ ਇਸ ਫੈਸਲੇ ਨਾਲ ਇਕ ਹੋਰ ਅਹੁਦੇ ਦੀ ਆਸ ਗਵਾ ਚੁੱਕੇ ਨੇਤਾਵਾਂ ਨੂੰ ਨਵੀਂ ਆਸ ਬੱਝ ਗਈ ਹੈ ਤੇ ਵੱਡੀ ਗਿਣਤੀ ਵਿਧਾਇਕ ਵੀ ਮਹੱਤਵਪੂਰਨ ਅਹੁਦਿਆਂ ਦੇ ਦਾਅਵੇਦਾਰ ਬਣ ਗਏ ਹਨ। ਦੂਜੇ ਪਾਸੇ ਕਾਂਗਰਸ ਦੇ ਇਕ ਵਿਅਕਤੀ ਇਕ ਅਹੁਦੇ ਦੇ ਫਾਰਮੂਲੇ ਕਰਕੇ ਹੀ ਮਰਹੂਮ



ਮੁੱਖ ਮੰਤਰੀ ਬੇਅੰਤ ਸਿੰਘ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਰਾਜਿੰਦਰ ਕੌਰ ਭੱਠਲ ਸਮੇਤ ਹੋਰ ਕਈਆਂ ਨੂੰ ਪਾਰਟੀ ਦੇ ਅਹੁਦੇ ਛੱਡਣੇ ਪਏ ਸਨ। ਇਸ ਨਾਲ ਪਾਰਟੀ ਅੰਦਰ ਧੜੇਬੰਦੀ ਵੀ ਵਧੀ ਹੈ ਤੇ ਸੀਨੀਅਰ ਆਗੂਆਂ ਕੋਲ ਫੈਸਲਾ ਲੈਣ ਦੇ ਅਧਿਕਾਰ ਵੀ ਘਟ ਜਾਂਦੇ ਹਨ। ਪੰਜਾਬ ਕਾਂਗਰਸ ਵਿਧਾਇਕ ਦਲ ਦੇ ਨੇਤਾ ਸੁਨੀਲ ਜਾਖੜ ਦਾ ਦਾਅ ਲੱਗਣ ਦੀ ਸੰਭਾਵਨਾ ਵਧ ਗਈ ਹੈ। ਪਤਾ ਲੱਗਾ ਹੈ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਵੱਲੋਂ ਹਾਈ ਕਮਾਂਡ ਨੂੰ ਨਵੇਂ ਅਹੁਦੇਦਾਰਾਂ ਦੀ ਜਿਹੜੀ ਸੂਚੀ ਸੌਂਪੀ ਗਈ ਹੈ, ਉਸ ਵਿਚ ਡੇਢ ਦਰਜਨ ਵਿਧਾਇਕਾਂ ਦੇ ਨਾਂ ਸ਼ਾਮਲ ਕੀਤੇ ਗਏ ਹਨ। ਤਿੰਨ ਚਾਰ ਨੂੰ ਛੱਡ ਕੇ ਸਾਰੇ ਮੌਜੂਦਾ ਜ਼ਿਲ੍ਹਾ ਪ੍ਰਧਾਨ ਬਦਲੇ ਜਾ ਸਕਦੇ ਹਨ।

ਸੂਤਰਏ ਅਨੁਸਾਰ ਕਈ ਮੂਹਰਲੀ ਕਤਾਰ ਦੇ ਨੇਤਾਵਾਂ ਵਿਚ ਠੰਢੀ ਜੰਗ ਛਿੜਨ ਕਰਕੇ ਪੰਜਾਬ ਕਾਂਗਰਸ ਦੇ ਨਵੇਂ ਅਹੁਦੇਦਾਰਾਂ ਦੀ ਸੂਚੀ ਨੂੰ ਅੰਤਿਮ ਰੂਪ ਦੇਣ ਦਾ ਕੰਮ ਮੱਠੀ ਚਾਲ ਤੁਰ ਰਿਹਾ ਹੈ। ਸੂਤਰ ਦੱਸਦੇ ਹਨ ਕਿ ਪਾਰਟੀ ਦੇ ਕੌਮੀ ਮੀਤ ਪ੍ਰਧਾਨ ਰਾਹੁਲ ਗਾਂਧੀ, ਪ੍ਰਦੇਸ਼ ਕਾਂਗਰਸ ਦੇ ਸਹਿ ਇੰਚਾਰਜ ਹਰੀਸ਼ ਚੌਧਰੀ ਦੀ ਸਲਾਹ ਲੈ ਰਹੇ ਹਨ ਤੇ ਉਹ ਕੁਝ ਦਿਨਾਂ ਲਈ ਦਿੱਲੀ ਤੋਂ ਬਾਹਰ ਹਨ। ਉਂਜ ਪਾਰਟੀ ਵਿਚ ਨਵਾਂ ਅਹੁਦਾ ਲੈਣ ਦੇ ਚਾਹਵਾਨ ਕਾਂਗਰਸੀ ਦਿੱਲੀ ਵਿਚ ਬੈਠੇ ਆਪਣੇ ਸਿਆਸੀ ਪ੍ਰਭੂਆਂ ਤੇ ਪ੍ਰਧਾਨ ਪ੍ਰਤਾਪ ਬਾਜਵਾ ਨਾਲ ਲਗਾਤਾਰ ਸੰਪਰਕ ਵਿਚ ਹਨ। ਸ. ਬਾਜਵਾ ਨੇ ਕਿਹਾ ਹੈ ਕਿ ਨਵੀਂ ਸੂਚੀ ਵਿਚ ਪ੍ਰਭਾਵਸ਼ਾਲੀ ਨੇਤਾਵਾਂ ਨੂੰ ਪਹਿਲ ਦਿੱਤੀ ਜਾ ਰਹੀ ਹੈ। ਇਸ ਵਿਚ ਵੱਡੀ ਗਿਣਤੀ ਵਿਧਾਇਕ ਵੀ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਹਾਈ ਕਮਾਂਡ ਨਾਲ ਵਿਚਾਰ ਵਟਾਂਦਰੇ ਵੇਲੇ ਇਸ ਦਾ ਵਿਸ਼ੇਸ਼ ਖਿਆਲ ਰੱਖਿਆ ਗਿਆ ਹੈ।

## ਹਾਈ ਕਮਾਂਡ ਵੱਲੋਂ ਬਾਜਵਾ ਦੀ ਸੂਚੀ ਰੱਦ

**ਚੰਡੀਗੜ੍ਹ:** ਕੁਲ ਹਿੰਦ ਕਾਂਗਰਸ ਕਮੇਟੀ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਅਹੁਦੇਦਾਰਾਂ ਦੀ ਸੂਬਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਵੱਲੋਂ ਪੇਸ਼ ਕੀਤੀ ਗਈ ਸੂਚੀ ਨੂੰ ਇਕ ਤਰ੍ਹਾਂ ਨਾਲ ਰੱਦ ਕਰ ਦਿੱਤਾ ਹੈ ਤੇ ਆਦੇਸ਼ ਦਿੱਤੇ ਹਨ ਕਿ ਨਵੀਂ ਸੂਚੀ ਤਿਆਰ ਕੀਤੀ ਜਾਵੇ।

ਸ੍ਰੀ ਰਾਹੁਲ ਗਾਂਧੀ ਨੇ ਕਿਹਾ ਹੈ ਕਿ ਅਹੁਦੇਦਾਰਾਂ ਦੀ ਨਵੀਂ ਸੂਚੀ ਸ. ਬਾਜਵਾ, ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ, ਪ੍ਰਦੇਸ਼ ਕਾਂਗਰਸ ਦੇ ਚਾਰ ਉਪ ਪ੍ਰਧਾਨ ਤਰਲੋਚਨ ਸਿੰਘ, ਚਰਨਜੀਤ ਸਿੰਘ ਚੰਨੀ, ਓ.ਪੀ. ਸੋਨੀ ਤੇ ਗੁਰਪ੍ਰੀਤ ਸਿੰਘ ਕਾਂਗੜ ਮਿਲ ਬੈਠ ਕੇ ਤਿਆਰ ਕਰਨ।

ਨਵੀਂ ਦਿੱਲੀ ਵਿਚ ਸ੍ਰੀ ਰਾਹੁਲ ਗਾਂਧੀ ਨੇ ਲੰਘੇ ਦਿਨੀਂ ਨਵੀਂ ਟੀਮ ਦੀ ਚੋਣ ਬਾਰੇ ਮੀਟਿੰਗ ਕੀਤੀ ਜਿਸ ਵਿਚ ਸ. ਬਾਜਵਾ, ਸ੍ਰੀ ਜਾਖੜ, ਪੰਜਾਬ ਪ੍ਰਦੇਸ਼ ਕਾਂਗਰਸ ਮਾਮਲਿਆਂ ਦੇ ਇੰਚਾਰਜ ਸ਼ਕੀਲ ਅਹਿਮਦ ਤੇ ਜਾਇੰਟ ਇੰਚਾਰਜ ਹਰੀਸ਼ ਚੌਧਰੀ ਸ਼ਾਮਲ ਹੋਏ।

ਮੀਟਿੰਗ ਵਿਚ ਸ੍ਰੀ ਰਾਹੁਲ ਗਾਂਧੀ ਨੇ ਸ੍ਰੀ ਜਾਖੜ ਤੋਂ ਪੁੱਛਿਆ ਕਿ ਇਹ ਸੂਚੀ ਉਨ੍ਹਾਂ ਨਾਲ ਸਲਾਹ-ਮਸ਼ਵਰਾ ਕਰਕੇ ਤਿਆਰ ਕੀਤੀ ਗਈ ਹੈ ਤਾਂ ਸ੍ਰੀ ਜਾਖੜ ਨੇ ਦੋ ਟੁੱਕ ਉੱਤਰ ਦਿੱਤਾ ਕਿ ਉਨ੍ਹਾਂ ਨੂੰ ਇਸ ਸੂਚੀ ਦੀ ਤਿਆਰੀ ਬਾਰੇ ਕੋਈ ਪਤਾ ਨਹੀਂ। ਇਸ 'ਤੇ ਸ੍ਰੀ ਰਾਹੁਲ ਗਾਂਧੀ ਨੇ ਕਿਹਾ ਕਿ ਇਹ ਸੂਚੀ ਮੁੜ ਤਿਆਰ ਕਰਕੇ ਲਿਆਂਦੀ ਜਾਏ।

## ਜਸਵੰਤ ਸਿੰਘ ਚਾਹਲ ਸੁਰਗਵਾਸ

**ਸੀਰੀਜ਼, ਕੈਲੀਫੋਰਨੀਆ (ਬਿਊਰੋ):** ਸਥਾਨਕ ਪਤਵੰਤੇ ਸ. ਜਸਵੰਤ ਸਿੰਘ ਚਾਹਲ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਲੰਘੇ ਦਿਨ ਗੁਰੂ ਚਰਨਾਂ ਵਿਚ ਜਾ



*ਜਸਵੰਤ ਸਿੰਘ ਚਾਹਲ*

ਬਿਰਾਜੇ। ਉਹ ਕਰੀਬ 86 ਵਰ੍ਹਿਆਂ ਦੇ ਸਨ। ਭਾਰਤੀ ਫੌਜ ਵਿਚ ਸੇਵਾ ਕਰਦਿਆਂ ਜ਼ਖਮੀ ਹੋਣ ਕਰਕੇ ਉਹ ਪੈਨਸ਼ਨ 'ਤੇ ਆ ਗਏ ਸਨ। ਪਰਿਵਾਰ ਅਮਰੀਕਾ ਹੋਣ ਕਰਕੇ 1999 ਵਿਚ ਉਹ ਆਪਣੇ ਪੁੱਤਰ ਦਵਿੰਦਰ ਸਿੰਘ ਚਾਹਲ ਪਾਸ ਅਮਰੀਕਾ ਆ ਗਏ।

ਮਰਹੂਮ ਸ. ਚਾਹਲ ਦਾ ਅੰਤਿਮ ਸੰਸਕਾਰ 28 ਜੁਲਾਈ ਐਤਵਾਰ ਨੂੰ ਲੇਕ ਵੁਡ ਫਿਊਨਰਲ ਹਾਲ (ਸੈਂਟਾ ਫੇ ਰੋਡ, ਹਗਸਨ) ਵਿਚ ਬਾਅਦ ਦੁਪਹਿਰ ਇਕ ਤੋਂ ਤਿੰਨ ਵਜੇ ਤੱਕ ਹੋਵੇਗਾ ਅਤੇ ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਮਾਡੈਸਟੋ ਸੀਰੀਜ਼ ਵਿਚ ਹੋਵੇਗੀ।

# ਯਾਦਗਾਰ ਵਿਵਾਦ ਤੋਂ ਤੜਫ ਉਠੇ ਮਾਣਕ ਦੇ ਪ੍ਰਸੰਸਕ

**ਬਠਿੰਡਾ:** ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੇ ਜੱਦੀ ਪਿੰਡ ਜਲਾਲ ਵਿਚ ਉਨ੍ਹਾਂ ਦੀ ਯਾਦਗਾਰ ਬਣਾਉਣ ਦੇ ਮਾਮਲੇ ਤੋਂ ਉਠੇ ਵਿਵਾਦ ਤੋਂ ਸੰਗੀਤ ਪ੍ਰੇਮੀ ਤੜਫ ਉਠੇ ਹਨ। ਇਨ੍ਹਾਂ ਸੰਗੀਤ ਪ੍ਰੇਮੀਆਂ ਅਤੇ ਕੁਲਦੀਪ ਮਾਣਕ ਦੇ ਪ੍ਰਸੰਸਕਾਂ ਦਾ ਕਹਿਣਾ ਹੈ ਕਿ ਇਸ ਮਸਲੇ ਦਾ ਹੱਲ ਰਲ-ਮਿਲ ਕੇ ਕੱਢ ਲੈਣਾ ਚਾਹੀਦਾ ਹੈ। ਇਨ੍ਹਾਂ ਪ੍ਰਸੰਸਕਾਂ ਨੇ ਦੇਸ਼-ਵਿਦੇਸ਼ ਵਿਚ ਵੱਸਦੇ ਮਾਣਕ ਦੇ ਚਾਹੁਣ ਵਾਲਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਅੱਗੇ ਆਉਣ ਅਤੇ ਮਸਲੇ ਦਾ ਹੱਲ ਕੱਢਣ। ਪਿੰਡ ਦੀ ਪੰਚਾਇਤ ਨੂੰ ਵੀ ਕਿਹਾ ਗਿਆ ਹੈ ਕਿ ਇਹ ਮਸਲੇ ਨੂੰ ਆਪਣੇ ਹੱਥ ਵਿਚ ਲੈ ਕੇ ਦੋਹਾਂ ਧਿਰਾਂ ਵਿਚਕਾਰ ਸੁਲ੍ਹਾ ਕਰਵਾਏ।



ਜ਼ਿਕਰਯੋਗ ਹੈ ਕਿ ਕੁਲਦੀਪ ਮਾਣਕ ਦੀ ਮੌਤ 30 ਨਵੰਬਰ, 2011 ਨੂੰ ਹੋ ਗਈ ਸੀ ਅਤੇ ਦੋ ਦਸੰਬਰ, 2011 ਨੂੰ ਪਿੰਡ ਜਲਾਲ ਵਿਚ ਉਨ੍ਹਾਂ ਨੂੰ ਦਫ਼ਨਾਇਆ ਗਿਆ ਸੀ। ਮਾਣਕ ਪਰਿਵਾਰ ਉਸ ਦੀ ਕਬਰ 'ਤੇ ਯਾਦਗਾਰ ਬਣਾਉਣਾ ਚਾਹੁੰਦਾ ਸੀ। ਕੁਝ ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਇਸਲਾਮੀ ਕਾਨੂੰਨ ਮੁਤਾਬਕ ਕਬਰਿਸਤਾਨ ਵਿਚ ਯਾਦਗਾਰ ਨਹੀਂ ਬਣ ਸਕਦੀ। ਇਨ੍ਹਾਂ ਲੋਕਾਂ ਨੇ ਯਾਦਗਾਰ ਬਣਾਉਣ ਖ਼ਿਲਾਫ਼ ਮਾਲੇਰਕੋਟਲਾ ਦੀ ਅਦਾਲਤ ਤੋਂ ਸਟੇਅ ਵੀ ਲੈ ਲਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇ ਮਾਣਕ ਪਰਿਵਾਰ ਯਾਦਗਾਰ ਬਣਾਉਣਾ ਚਾਹੁੰਦਾ ਹੈ ਤਾਂ ਪਿੰਡ ਵਿਚ ਕਿਤੇ ਵੀ ਮੁੱਲ ਜਗ੍ਹਾ ਲੈ ਕੇ ਯਾਦਗਾਰ ਬਣਾ ਸਕਦਾ ਹੈ। ਇਸ ਬਾਰੇ ਮਾਣਕ ਪਰਿਵਾਰ ਪੰਚਾਇਤ ਕੋਲ ਵੀ ਮੱਦਦ ਲਈ ਗਿਆ, ਪਰ ਪੰਚਾਇਤ ਨੇ ਇਸ ਮਾਮਲੇ ਵਿਚ ਕੋਈ ਦਖਲ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ। ਕੁਲਦੀਪ ਮਾਣਕ ਦੀ ਵਿਧਵਾ ਸਰਬਜੀਤ ਕੌਰ ਮੁਤਾਬਕ ਉਨ੍ਹਾਂ ਦੇ ਪਤੀ ਦੀ ਇੱਛਾ ਸੀ ਕਿ ਪਿੰਡ ਜਲਾਲ ਵਿਚ ਉਨ੍ਹਾਂ ਦੀ ਯਾਦਗਾਰ ਬਣੇ ਅਤੇ ਉਥੇ ਸਾਲਾਨਾ ਮੇਲਾ ਭਰੇ। ਇਸ ਕਰ ਕੇ ਉਨ੍ਹਾਂ ਨੇ ਅੰਤਿਮ ਰਸਮਾਂ ਵੀ ਪਿੰਡ ਜਲਾਲ ਵਿਚ ਕੀਤੀਆਂ ਸਨ। ਉਨ੍ਹਾਂ ਆਖਿਆ ਕਿ ਜੇ ਮੁੱਲ ਜਗ੍ਹਾ ਲੈ ਕੇ ਹੀ ਯਾਦਗਾਰ ਬਣਾਉਣੀ ਹੈ ਤਾਂ ਉਹ ਕਿਤੇ ਵੀ ਬਣਾ ਸਕਦੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬ ਸਰਕਾਰ ਨੇ ਲੁਧਿਆਣਾ ਵਿਚ ਇਕ ਚੌਕ ਦਾ ਨਾਂ ਕੁਲਦੀਪ ਮਾਣਕ ਦੇ ਨਾਂ 'ਤੇ ਰੱਖਣ ਦਾ ਐਲਾਨ ਕੀਤਾ ਸੀ, ਪਰ ਇਹ ਵਾਅਦਾ ਹੀ ਹਾਲੇ ਤੱਕ ਪੂਰਾ ਨਹੀਂ ਹੋਇਆ ਹੈ। ਸਰਕਾਰੀ ਵਾਅਦੇ ਮੁਤਾਬਕ ਹਾਲੇ ਤੱਕ ਚੰਡੀਗੜ੍ਹ ਦੇ ਮਿਊਜ਼ੀਅਮ ਵਿਚ ਕੁਲਦੀਪ ਮਾਣਕ ਦੀ ਫੋਟੋ ਵੀ ਨਹੀਂ ਲਾਈ ਗਈ। ਪਿੰਡ ਦੇ ਲੋਕਾਂ ਦਾ ਕਹਿਣਾ ਹੈ ਕਿ ਜਿਹੜੇ ਲੋਕ ਯਾਦਗਾਰ ਦਾ ਵਿਰੋਧ ਕਰ ਰਹੇ ਹਨ, ਉਹ ਧਾਰਮਿਕ ਕੱਟੜਤਾ ਤਹਿਤ ਅਜਿਹਾ ਕਰ ਰਹੇ ਹਨ। ਪੰਚਾਇਤ ਇਸ ਮਾਮਲੇ ਬਾਰੇ ਇਨ੍ਹਾਂ ਲੋਕਾਂ ਨਾਲ ਗੱਲ ਕਰ ਸਕਦੀ ਹੈ, ਪਰ ਅਜਿਹਾ ਕੀਤਾ ਨਹੀਂ ਗਿਆ। ਮਾਣਕ ਦੇ ਪ੍ਰਸੰਸਕਾਂ ਨੇ ਦੇਸ਼-ਵਿਦੇਸ਼ ਵਿਚ ਵੱਸਦੇ ਉਨ੍ਹਾਂ ਦੇ ਪ੍ਰਸੰਸਕਾਂ ਨੂੰ ਅਪੀਲ ਕੀਤੀ ਹੈ ਕਿ ਮਸਲੇ ਦਾ ਹੱਲ ਕਢਵਾਇਆ ਜਾਵੇ, ਕਿਉਂਕਿ ਯਾਦਗਾਰ ਪਿੰਡ ਜਲਾਲ ਵਿਚ ਹੀ ਬਣਨੀ ਚਾਹੀਦੀ ਹੈ।

## ਹਰਿਮੰਦਰ ਸਾਹਿਬ ਵਾਲੀ ਸੜਕ ਚੌੜੀ ਕਰਨ ਦੇ ਹੁਕਮ

**ਚੰਡੀਗੜ੍ਹ (ਬਿਊਰੋ):** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਅੰਮ੍ਰਿਤਸਰ ਇੰਪਰੂਵਮੈਂਟ ਟਰਸਟ ਨੂੰ ਛੇ ਮਹੀਨਿਆਂ ਦੇ ਅੰਦਰ ਅੰਦਰ ਘੀ ਮੰਡੀ ਵਿਚੋਂ ਹੋ ਕੇ ਹਰਿਮੰਦਰ ਸਾਹਿਬ ਤੇ ਜਲ੍ਹਿਆਂਵਾਲਾ ਬਾਗ ਤੱਕ ਜਾਂਦੀ ਸੜਕ ਨੂੰ ਚੌੜਾ ਕਰਨ ਲਈ ਕਿਹਾ ਹੈ।

ਅਦਾਲਤ ਨੇ ਸਬੰਧਤ ਧਿਰ ਨੂੰ ਹੁਕਮ ਦਿੱਤਾ ਕਿ ਉਹ ਇਕ ਮਹੀਨੇ ਦੇ ਅੰਦਰ ਟੈਂਡਰ ਕੱਢਣ ਤੇ ਉਸ ਮਗਰੋਂ ਪੰਜ ਮਹੀਨਿਆਂ ਵਿਚ ਸੜਕ ਚੌੜੀ ਕਰ ਦਿੱਤੀ ਜਾਵੇ। ਮਾਮਲੇ ਦੀ ਅਗਲੀ ਸੁਣਵਾਈ 29 ਜਨਵਰੀ 2014 ਨੂੰ ਹੋਵੇਗੀ।

## ਹਿਮਾਚਲ ਨੂੰ 1497 ਕਰੋੜ ਮੁਆਵਜ਼ਾ ਦੇਣਗੇ ਪੰਜਾਬ ਤੇ ਹਰਿਆਣਾ

**ਚੰਡੀਗੜ੍ਹ:** ਹਿਮਾਚਲ ਪ੍ਰਦੇਸ਼ ਨੂੰ ਭਾਖੜਾ ਤੇ ਬਿਆਸ ਪ੍ਰਾਜੈਕਟਾਂ ਵਿਚੋਂ ਸਾਲ 1966 ਤੋਂ ਘੱਟ ਬਿਜਲੀ ਦੇਣ ਬਦਲੇ ਪੰਜਾਬ ਤੇ ਹਰਿਆਣਾ ਨੂੰ 1497.39 ਕਰੋੜ ਰੁਪਏ ਦਾ ਮੁਆਵਜ਼ਾ ਦੇਣਾ ਪਵੇਗਾ। ਇਹ ਜਾਣਕਾਰੀ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਨੂੰ ਦਿੱਤੀ ਹੈ। ਕੇਂਦਰ ਵੱਲੋਂ ਪੇਸ਼ ਹੋਏ ਐਡੀਸ਼ਨਲ ਸਾਲਿਸਟਰ ਜਨਰਲ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਜੇ ਪੰਜਾਬ ਤੇ ਹਰਿਆਣਾ ਨੂੰ ਨਕਦ ਅਦਾਇਗੀ ਕਰਨ ਵਿਚ ਦਿੱਕਤ ਹੈ ਤਾਂ ਉਹ ਅਗਲੇ 30 ਸਾਲਾਂ ਤੱਕ ਹਿਮਾਚਲ ਪ੍ਰਦੇਸ਼ ਨੂੰ ਵਾਧੂ ਬਿਜਲੀ ਦੇ ਕੇ ਭਰਪਾਈ ਕਰ ਸਕਦੇ ਹਨ।

ਕੇਂਦਰੀ ਬਿਜਲੀ ਮੰਤਰਾਲੇ ਨੇ ਹਲਫ਼ਨਾਮੇ ਵਿਚ ਕਿਹਾ ਕਿ ਹਿਮਾਚਲ ਪ੍ਰਦੇਸ਼ ਦੇ ਊਰਜਾ ਬਕਾਏ ਦਾ ਇਕ ਨਵੰਬਰ, 1966 ਤੋਂ 31 ਅਕਤੂਬਰ, 2011 ਤੱਕ 45 ਸਾਲਾਂ ਦਾ ਜੋੜ ਲਾ ਕੇ ਮੁਆਵਜ਼ਾ ਕੱਢਿਆ ਗਿਆ ਹੈ। ਪੰਜਾਬ ਤੇ ਹਰਿਆਣਾ 52:48 ਅਨੁਪਾਤ ਵਿਚ ਭਾਰ ਸਹਿਣ ਕਰਨਗੇ। ਪੰਜਾਬ ਤੇ ਹਰਿਆਣਾ ਤੋਂ ਇਲਾਵਾ ਹਿਮਾਚਲ ਪ੍ਰਦੇਸ਼ ਨੇ ਕੇਂਦਰ ਦੇ ਹਲਫ਼ਨਾਮੇ ਦਾ ਜਵਾਬ ਦੇਣ ਲਈ ਦੋ ਹਫ਼ਤਿਆਂ ਦੀ ਮੋਹਲਤ ਮੰਗੀ ਹੈ ਜੋ ਅਦਾਲਤ ਨੇ ਦੇ ਦਿੱਤੀ। ਮੁਆਵਜ਼ੇ ਦੀ ਰਕਮ 'ਤੇ ਛੇ ਫੀਸਦੀ ਵਿਆਜ ਵੀ ਸ਼ਾਮਲ ਹੈ।

ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਵੱਲੋਂ 27 ਸਤੰਬਰ, 2011 ਨੂੰ ਇਸ ਬਾਰੇ ਦਿੱਤੇ ਹੁਕਮ 'ਤੇ ਮੁਆਵਜ਼ੇ ਦਾ ਹਿਸਾਬ ਲਾਇਆ ਹੈ। ਹਿਮਾਚਲ ਪ੍ਰਦੇਸ਼ ਨੇ 1996 ਵਿਚ ਇਨ੍ਹਾਂ ਬਿਜਲੀ ਪ੍ਰਾਜੈਕਟਾਂ ਵਿਚੋਂ ਵਡੇਰੇ ਹਿੱਸੇ ਲਈ ਕੇਸ ਦਾਇਰ ਕੀਤਾ ਸੀ। ਹਿਮਾਚਲ ਪ੍ਰਦੇਸ਼ ਨੇ 4249 ਕਰੋੜ ਰੁਪਏ ਦੇ ਮੁਆਵਜ਼ੇ ਦੀ ਮੰਗ ਕੀਤੀ ਸੀ। ਸੁਪਰੀਮ ਕੋਰਟ ਨੇ ਭਾਖੜਾ-ਨੰਗਲ ਪ੍ਰਾਜੈਕਟ ਵਿਚੋਂ ਹਿਮਾਚਲ ਪ੍ਰਦੇਸ਼ ਨੂੰ ਬਿਜਲੀ ਦਾ ਹਿੱਸਾ 2.5 ਫੀਸਦੀ ਤੋਂ ਵਧਾ ਕੇ 6.095 ਫ਼ੀਸਦ ਕਰ ਦਿੱਤਾ ਸੀ।

## ਖਾਨਪੁਰ ਪੰਚਾਇਤ 'ਤੇ ਬੀਬੀਆਂ ਕਾਬਜ਼

**ਆਨੰਦਪੁਰ ਸਾਹਿਬ:** ਜ਼ਿਲ੍ਹੇ ਦੇ ਪਿੰਡ ਖਾਨਪੁਰ ਦੇ ਲੋਕਾਂ ਨੇ ਪਿੰਡ ਦੀ ਸਮੁੱਚੀ ਪੰਚਾਇਤ ਬੀਬੀਆਂ ਦੀ ਬਣਾ ਕੇ ਦੇਸ਼ ਵਿਚ ਔਰਤਾਂ ਨੂੰ 50% ਪ੍ਰਤੀਨਿਧਤਾ ਦੇਣ ਲਈ ਚੱਲ ਰਹੀ ਬਹਿਸ ਨੂੰ ਚਣੌਤੀ ਦਿੱਤੀ ਹੈ। ਸ਼ਾਇਦ ਇਹ ਪੰਜਾਬ ਦਾ ਇਕਲਾ ਪਿੰਡ ਹੈ ਜਿਥੇ 100% ਪੰਚਾਇਤ ਔਰਤਾਂ ਦੀ ਬਣੀ ਹੈ। ਬੇਸ਼ੱਕ ਕਾਰਨ ਕੋਈ ਵੀ ਹੋਵੇ ਪਰ 1200 ਦੀ ਅਬਾਦੀ ਵਾਲੇ ਇਸ ਪਿੰਡ ਦੇ ਲੋਕਾਂ ਨੇ ਦੇਸ਼ ਭਰ ਵਿਚ ਮਸਾਲ ਪੇਸ਼ ਕੀਤੀ ਹੈ। ਪਿੰਡ ਖਾਨਪੁਰ ਵਿਚ ਸਰਪੰਚ ਦੀ ਸੀਟ ਔਰਤਾਂ ਲਈ ਰਾਖਵੀਂ ਹੋਣ ਕਰਕੇ ਸਰਬਜੀਤ ਕੌਰ ਨੂੰ ਪਿੰਡ ਦੀ ਸਰਪੰਚ ਚੁਣੇ ਜਾਣ ਦਾ ਮਾਣ ਹਾਸਲ ਹੋਇਆ। ਪੰਚਾਇਤ ਮੈਂਬਰਾਂ ਵਜੋਂ ਨਰਿੰਦਰ ਕੌਰ, ਨਿਰਮਲ ਕੌਰ ਤੇ ਗੁਰਦੇਵ ਕੌਰ, ਜਸਵਿੰਦਰ ਕੌਰ, ਪਰਮਜੀਤ ਕੌਰ ਚੁਣੀਆਂ ਗਈਆਂ। ਸਮੁੱਚੀ ਪੰਚਾਇਤ ਔਰਤਾਂ ਦੀ ਹੋਣ ਕਰਕੇ ਇਲਾਕੇ ਵਿਚ ਇਸ ਪਿੰਡ ਦੀ ਚਰਚਾ ਹੈ।

## Matrimonials

### ਕੰਨਿਆ ਦੀ ਲੋੜ



ਜੱਟ ਸਿੱਖ ਕਲੀਨਸ਼ੇਵ, 30 ਸਾਲ, 6', ਬੀ ਐਸ ਸੀ ਨਰਸਿੰਗ, 10 ਸਾਲ ਦੇ ਵੀਜ਼ੇ ਤੇ ਅਮਰੀਕਾ ਆਏ ਲੜਕੇ ਲਈ ਅਮਰੀਕੀ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਲੁਧਿਆਣਾ ਨੇੜੇ 20 ਕਿਲੇ ਸ਼ਹਿਰੀ ਜ਼ਮੀਨ, ਭੈਣ ਤੇ ਮਾਪੇ ਅਮਰੀਕਾ ਵਿਚ। ਫੋਟੋ ਤੇ ਵੇਰਵਾ ਭੇਜੋ। ਈਮੇਲ:gurjeet9587@aol.com

### ਵਰ ਦੀ ਲੋੜ

Wanted suitable US Citizen match for Jatt Sikh girl, 28, 5'-6", diploma in Aviation Management, working with Indigo Airline in New Delhi. Contact with details at e-mail: prince84india@yahoo.com

ਅਮਰੀਕਨ ਸਿਟੀਜ਼ਨ, ਕਸ਼ਯਪ ਰਾਜਪੂਤ, ਉਮਰ 28 ਸਾਲ, ਕੱਦ 5'-4", ਸਰਕਾਰੀ ਜਾਬ ਕਰਦੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਸਟੂਡੈਂਟ ਵੀਜ਼ਾ ਅਤੇ ਵਰਕ ਪਰਮਿਟ 'ਤੇ ਆਏ ਲੜਕੇ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਫੋਟੋ ਅਤੇ ਬਾਇਓਡਾਟਾ ਈਮੇਲ ਕਰੋ: preetny1@yahoo.com

*To Advertise with Punjab Times*
**Call: 847-359-0746**
*punjabtimesusa.com*

**Prince's Barber Shop**
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)

Cell: (510)-677-9942
Shop: (510)-505-9605
www.princebarbershop.com

**SUPER TRAVEL**
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

FARMERS INSURANCE GROUP
Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com


Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

**MRP TRAVEL**
Lowest International and Domestic Fares
ARC FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available

India Vacation tour package also available.
Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES

# ਕਿਤਾਬ ਘਪਲੇ ਲਈ ਸਿੱਖਿਆ ਮੰਤਰੀ ਮਲੂਕਾ ਜ਼ਿੰਮੇਵਾਰ !

## ਕੇਂਦਰੀ ਜਾਂਚ ਟੀਮ ਵੱਲੋਂ ਖੁਲਾਸਾ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ ਸਕੂਲੀ ਲਾਇਬਰੇਰੀਆਂ ਲਈ ਕਿਤਾਬਾਂ ਤੇ ਸਾਇੰਸ ਕਿੱਟਾਂ ਦੀ ਖ਼ਰੀਦ ਵਿਚ ਮਾਲੀ ਬੇਨੇਮੀਆਂ ਦੇ ਦੋਸ਼ਾਂ ਦੀ ਜਾਂਚ ਕਰਨ ਵਾਲੀ ਕੇਂਦਰੀ ਟੀਮ ਨੇ ਰਾਜ ਸਰਾਕਰ ਨੂੰ ਇਸ ਮਕਸਦ ਲਈ ਕੇਂਦਰ ਵੱਲੋਂ ਭੇਜੇ ਗਏ ਫੰਡਾਂ ਦੀ ਦੋਸ਼ੀ ਪਾਇਆ ਹੈ। ਇਸ ਬਾਰੇ ਸਰਵ ਸਿੱਖਿਆ ਅਭਿਆਨ (ਐਸਐਸਏ) ਤੇ ਰਾਸ਼ਟਰੀ ਮਾਧਮਿਕ ਸ਼ਿਕਸ਼ਾ ਅਭਿਆਨ (ਰਮਸਾ) ਦੇ ਵਿੱਤੀ ਨੇਮਾਂ ਦੇ ਉਲੰਘਣ ਦੀ ਗੱਲ ਕਹੀ ਗਈ ਹੈ। ਇਸ ਪੁਸਤਕ ਘਪਲੇ ਲਈ ਸਿੱਧੇ ਤੌਰ 'ਤੇ ਪੰਜਾਬ ਦੇ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਵੱਲ ਉਂਗਲ ਕੀਤੀ ਗਈ ਹੈ।

ਕਮੇਟੀ ਮੁਤਾਬਕ ਕੁਲ ਮਿਲਾ ਕੇ 41.68 ਲੱਖ ਰੁਪਏ ਦੇ ਫੰਡਾਂ ਦੀ ਹੇਰਾਫੇਰੀ ਹੋਈ ਹੈ ਤੇ ਇਸ ਵਿਚੋਂ ਮੈਸਰਜ਼ ਫਰੈਂਡਜ਼ ਐਂਟਰਪ੍ਰਾਈਜ਼ਿਜ ਨਾਮੀਂ ਪੁਸਤਕ ਡੀਲਰ ਨੂੰ 39.33 ਲੱਖ ਰੁਪਏ ਅਣਅਧਿਕਾਰਤ ਤੌਰ 'ਤੇ ਦਿੱਤੇ ਗਏ ਹਨ। ਇਸ ਡੀਲਰ ਵੱਲੋਂ ਭੇਜੀਆਂ ਕਿਤਾਬਾਂ ਵਿਦਿਆਰਥੀਆਂ ਦੇ ਉਮਰ ਗੁੱਟ ਮੁਤਾਬਕ ਢੁਕਵੀਆਂ ਨਹੀਂ ਸਨ। ਕਮੇਟੀ ਨੇ 41.68 ਲੱਖ ਰੁਪਏ ਦੀ ਵਿੱਤੀ ਹੇਰਾਫੇਰੀ ਦਾ ਅੰਦਾਜ਼ਾ ਇਸ ਆਧਾਰ 'ਤੇ ਲਾਇਆ ਹੈ ਕਿ ਇਹ ਕਿਤਾਬਾਂ ਅਸਲ ਵਿਚ ਸਕੂਲਾਂ ਨੇ ਲਾਇਬਰੇਰੀਆਂ ਲਈ ਤੈਅ ਨੇਮਾਂ ਦਾ ਉਲੰਘਣ ਕਰ ਕੇ ਖਰੀਦੀਆਂ ਸਨ।

ਪੰਜਾਬ ਸਰਵ ਸਿੱਖਿਆ ਅਭਿਆਨ ਨੇ ਜ਼ਿਲ੍ਹਿਆਂ ਨੂੰ ਈ-ਟਰਾਂਸਫਰ ਰਾਹੀਂ ਫੰਡ ਭੇਜ ਕੇ ਹਦਾਇਤ ਦਿੱਤੀ ਸੀ ਕਿ ਕਿਤਾਬਾਂ ਭਾਸ਼ਾ ਵਿਭਾਗ ਜਾਂ ਪੰਜਾਬ ਰਾਜ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਰਾਹੀਂ ਖਰੀਦੀਆਂ ਜਾਣ। ਇਸ ਦੇ ਬਾਵਜੂਦ ਸਕੂਲਾਂ ਨੇ ਕਰੀਬ 40 ਲੱਖ ਰੁਪਏ ਦੀਆਂ ਕਿਤਾਬਾਂ ਪ੍ਰਾਈਵੇਟ ਡੀਲਰ ਫਰੈਂਡਜ਼ ਐਂਟਰਪ੍ਰਾਈਜਿਜ਼ ਤੋਂ ਖਰੀਦੀਆਂ ਤੇ 2.25 ਲੱਖ ਰੁਪਏ ਭਾਸ਼ਾ ਵਿਭਾਗ ਰਾਹੀਂ ਖਰਚੇ ਗਏ। ਕਮੇਟੀ ਨੇ ਸਾਫ ਕਿਹਾ ਕਿ ਫਰੈਂਡਜ਼ ਐਂਟਰਪ੍ਰਾਈਜਿਜ਼ ਰਾਹੀਂ ਖਰੀਦੀਆਂ ਕਿਤਾਬਾਂ ਦੀ ਸਮੱਗਰੀ ਵਿਦਿਆਰਥੀਆਂ ਲਈ ਢੁਕਵੀਂ ਨਹੀਂ ਸੀ।

ਕੇਂਦਰੀ ਮਨੁੱਖੀ ਵਸੀਲਾ ਵਿਕਾਸ ਮੰਤਰੀ ਐਮ.ਐਮ. ਪੱਲਮ ਰਾਜੂ ਵੱਲੋਂ ਬੀਤੀ ਛੇ ਜੂਨ ਨੂੰ ਬਣਾਈ ਟੀਮ ਨੇ ਇਸ ਸਿੱਧੇ ਘਪਲੇ ਵਿਚ ਸਿੱਧੇ ਤੌਰ 'ਤੇ ਸ. ਮਲੂਕਾ ਨੂੰ ਜ਼ਿੰਮੇਵਾਰ ਕਰਾਰ ਦਿੱਤਾ ਹੈ। ਕਮੇਟੀ ਨੇ ਕਿਹਾ ਹੈ ਕਿ ਐਸਐਸਏ ਤੇ ਰਮਸਾ ਤਹਿਤ ਖਰੀਦ ਗੈਰਕੇਂਦਰੀਕ੍ਰਿਤ ਢੰਗ ਨਾਲ ਕਰਨ ਲਈ ਕਿਹਾ ਗਿਆ ਹੈ ਪਰ ਸ. ਮਲੂਕਾ ਨੇ ਇਨ੍ਹਾਂ ਨਿਯਮਾਂ ਦਾ ਉਲੰਘਣ ਕਰਦਿਆਂ ਕੇਂਦਰੀਕ੍ਰਿਤ ਢੰਗ ਨਾਲ ਖਰੀਦ ਕਰਨ ਦੇ ਹੁਕਮ ਦਿੱਤੇ। ਅਠਵੀਂ ਤੋਂ ਦਸਵੀਂ ਤਕ ਜਮਾਤਾਂ ਦੇ ਬੱਚਿਆਂ ਨਾਲ ਸਬੰਧਤ ਰਮਸਾ ਤਹਿਤ ਸਾਇੰਸ ਕਿੱਟਾਂ ਦੀ ਖ਼ਰੀਦ ਸਬੰਧੀ ਵੀ ਚਾਰ ਮੈਂਬਰੀ ਕੇਂਦਰੀ ਟੀਮ ਨੇ ਇਹੋ ਸਿੱਟਾ ਕੱਢਿਆ ਹੈ।

### ਕੇਂਦਰ ਕਰੇਗਾ ਫੰਡਾਂ ਦੀ ਵਸੂਲੀ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਸਰਬ ਸਿੱਖਿਆ ਅਭਿਆਨ (ਐਸਐਸਏ) ਤੇ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ (ਰਮਸਾ) ਤਹਿਤ ਮਿਲੇ ਫੰਡਾਂ ਦੀ ਦੁਰਵਰਤੋਂ ਦੇ ਮਾਮਲੇ ਵਿਚ ਪੰਜਾਬ ਸਰਕਾਰ ਵੱਲੋਂ ਜੇ ਤਸੱਲੀਬਖ਼ਸ਼ ਜਵਾਬ ਨਹੀਂ ਦਿੱਤਾ ਜਾਂਦਾ ਤਾਂ ਕੇਂਦਰ ਵੱਲੋਂ ਫੰਡਾਂ ਦੀ ਰਿਕਵਰੀ ਕੀਤੀ ਜਾਵੇਗੀ। ਇਹ ਫੰਡ ਸਕੂਲੀ ਲਾਇਬਰੇਰੀਆਂ ਲਈ ਕਿਤਾਬਾਂ ਤੇ ਸਾਇੰਸ ਕਿੱਟਾਂ ਖਰੀਦਣ ਲਈ ਦਿੱਤੇ ਗਏ ਸਨ ਜਿਨ੍ਹਾਂ ਵਿਚ ਕੇਂਦਰੀ ਜਾਂਚ ਟੀਮ ਨੇ ਘਪਲੇਬਾਜ਼ੀ ਦਾ ਦੋਸ਼ ਲਾਇਆ ਹੈ। ਕੇਂਦਰੀ ਮਨੁੱਖੀ ਵਸੀਲਾ ਵਿਕਾਸ ਮੰਤਰਾਲੇ ਦਾ ਕਹਿਣਾ ਹੈ ਕਿ ਫੰਡਾਂ ਦੀ ਹੋਈ ਦੁਰਵਰਤੋਂ ਦੀ ਰਿਕਵਰੀ ਨੂੰ ਤਰਜੀਹ ਦਿੱਤੀ ਜਾਵੇਗੀ। ਫੰਡਾਂ ਨੂੰ ਰੋਕਣ ਦਾ ਵੀ ਇਕ ਵਿਕਲਪ ਹੈ ਪਰ ਇਸ ਨਾਲ ਕਿਸੇ ਦਾ ਫਾਇਦਾ ਨਹੀਂ ਹੋਵੇਗਾ। ਫੰਡਾਂ ਦੀ ਸੀਮਾ ਮਿਥਣ ਨਾਲ ਵੀ ਬੱਚਿਆਂ ਦਾ ਨੁਕਸਾਨ ਹੋਵੇਗਾ। ਇਸ ਤਰ੍ਹਾਂ ਗ਼ਲਤ ਢੰਗ ਨਾਲ ਖ਼ਰਚੇ ਗਏ ਪੈਸੇ ਦੀ ਮੁੜ ਵਸੂਲੀ ਹੀ ਸਹੀ ਵਿਕਲਪ ਹੈ।

## ਕਾਂਗਰਸੀ ਮਲੂਕਾ ਦੀ ਬਰਖ਼ਾਸਤਗੀ ਲਈ ਡਟੇ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਦੀ ਤੁਰੰਤ ਬਰਖ਼ਾਸਤਗੀ ਦੀ ਮੰਗ ਕੀਤੀ ਹੈ। ਕਮੇਟੀ ਨੇ ਸਿੱਖਿਆ ਮੰਤਰੀ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਫੌਜਦਾਰੀ ਕੇਸ ਦਰਜ ਕਰਨ ਦੀ ਵੀ ਮੰਗ ਕੀਤੀ ਹੈ। ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਨੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਹੈ ਕਿ ਕੇਂਦਰੀ ਮਨੁੱਖੀ ਸਰੋਤ ਮੰਤਰਾਲੇ ਵੱਲੋਂ ਗਠਿਤ ਟੀਮ ਨੇ ਸਿੱਖਿਆ ਵਿਭਾਗ ਵਿਚ ਵਾਪਰੇ ਪੁਸਤਕ ਘੁਟਾਲੇ ਸਬੰਧੀ ਪੇਸ਼ ਰਿਪੋਰਟ ਵਿਚ ਸ. ਮਲੂਕਾ ਨੂੰ ਦੋਸ਼ੀ ਠਹਿਰਾਇਆ ਹੈ। ਇਸ ਨਾਲ ਸ. ਮਲੂਕਾ ਦੀ 41 ਲੱਖ ਤੋਂ ਵੱਧ ਦੇ ਵਿੱਤੀ ਘਪਲੇ ਵਿਚ ਸ਼ਮੂਲੀਅਤ ਸਿੱਧ ਹੋ ਗਈ ਹੈ। ਉਨ੍ਹਾਂ ਨੇ ਕਿਹਾ ਕਿ ਕੇਂਦਰੀ ਟੀਮ ਦੀ ਰਿਪੋਰਟ ਤੋਂ ਬਾਅਦ ਜਸਟਿਸ ਏਐਨ ਜਿੰਦਲ ਕਮਿਸ਼ਨ ਬੇਅਰਥ ਹੋ ਕੇ ਰਹਿ ਗਿਆ ਹੈ।

## ਪੰਜਾਬ ਸਰਕਾਰ ਨੇ ਪੰਨੂ ਨੂੰ ਅਹੁਦੇ ਤੋਂ ਲਾਹਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਆਈ.ਏ.ਐਸ. ਅਫਸਰ ਕਾਹਨ ਸਿੰਘ ਪੰਨੂ ਦਾ ਡਾਇਰੈਕਟਰ ਜਨਰਲ ਸਕੂਲ ਸਿੱਖਿਆ (ਡੀਜੀਐਸਈ) ਤੋਂ ਤਬਾਦਲਾ ਕਰ ਦਿੱਤਾ ਹੈ। ਉਨ੍ਹਾਂ ਨੂੰ ਖੇਤੀਬਾੜੀ ਵਿਭਾਗ ਵਿੱਚ ਸਕੱਤਰ ਦੇ ਅਹੁਦੇ 'ਤੇ



ਲਗਾਇਆ ਗਿਆ ਹੈ। ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਨਾਲ ਵਿਵਾਦ ਹੋਣ ਕਾਰਨ ਇਹ ਅਫਸਰ ਪਿਛਲੇ ਕਈ ਮਹੀਨਿਆਂ ਤੋਂ ਸੁਰਖੀਆਂ ਵਿਚ ਸੀ। ਉਹ ਦੋ ਹਫ਼ਤਿਆਂ ਤੋਂ ਛੁੱਟੀ 'ਤੇ ਸਨ।

# ਪੰਜਾਬ ਦੇ 23 ਫੀਸਦੀ ਵਿਦਿਆਰਥੀ ਬਿਮਾਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਰਕਾਰ ਦੇ ਨਵੀਂ ਪੀੜ੍ਹੀ ਨੂੰ ਸਰੀਰਕ ਪੱਖੋਂ ਤੰਦਰੁਸਤ ਰੱਖਣ ਦੇ ਦਾਅਵੇ ਠੁੱਸ ਹੋ ਕੇ ਰਹਿ ਗਏ ਹਨ। ਰਾਜ ਦੇ ਸਰਕਾਰੀ ਸਕੂਲਾਂ ਵਿਚ ਪਹਿਲੀ ਤੋਂ ਬਾਰ੍ਹਵੀਂ ਤਕ ਪੜ੍ਹਦੇ ਬੱਚਿਆਂ ਵਿਚੋਂ 23 ਫੀਸਦੀ ਬਿਮਾਰ ਹਨ। ਇਨ੍ਹਾਂ ਵਿਚ ਵੱਡੀ ਗਿਣਤੀ ਬੱਚੇ ਖ਼ੂਨ ਦੀ ਘਾਟ (ਅਨੀਮੀਆ) ਨਾਲ ਲੜ ਰਹੇ ਹਨ। ਦਿਲ ਦੇ ਰੋਗ, ਕੈਂਸਰ ਤੇ ਥੈਲੇਸੀਮੀਆ ਆਦਿ ਗੰਭੀਰ ਬਿਮਾਰੀਆਂ ਤੋਂ ਪੀੜ੍ਹਤ ਬੱਚੇ ਇਨ੍ਹਾਂ ਵਿਚ ਸ਼ਾਮਲ ਨਹੀਂ ਹਨ। ਇਹ ਤੱਥ ਸਿਹਤ ਵਿਭਾਗ ਦੇ ਤਾਜ਼ਾ ਸਰਵੇਖਣ ਤੋਂ ਸਾਹਮਣੇ ਆਏ ਹਨ।

ਪੰਜਾਬ ਦੇ ਭਵਿੱਖ ਲਈ ਫਿਕਰ ਦਾ ਵਿਸ਼ਾ ਇਹ ਹੈ ਕਿ ਬਿਮਾਰ ਬੱਚਿਆਂ ਦੀ ਗਿਣਤੀ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਵਧਦੀ ਜਾ ਰਹੀ ਹੈ ਹਾਲਾਂਕਿ ਸਿਹਤ ਵਿਭਾਗ ਵੱਲੋਂ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਨੂੰ ਸਮੇਂ-ਸਮੇਂ ਤਾਕਤ ਦੀਆਂ ਦਵਾਈਆਂ ਦੇਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਇਥੋਂ ਤਕ ਕਿ ਪੰਜਾਬ ਸਰਕਾਰ ਨੇ ਸਕੂਲ ਹੈਲਥ ਪ੍ਰੋਗਰਾਮ ਵੀ ਸ਼ੁਰੂ ਕਰ ਰੱਖਿਆ ਹੈ। ਸਰਵੇਖਣ ਮੁਤਾਬਕ ਸਾਲ 2012- 13 ਵਿਚ 16 ਲੱਖ 27 ਹਜ਼ਾਰ ਸਕੂਲੀ ਬੱਚਿਆਂ ਦੀ ਸਿਹਤ ਦੀ ਜਾਂਚ ਕੀਤੀ ਗਈ ਸੀ। ਇਨ੍ਹਾਂ ਵਿਚੋਂ 3 ਲੱਖ 70 ਹਜ਼ਾਰ ਬਿਮਾਰ ਨਿਕਲੇ ਹਨ।

ਇਹ ਕੁੱਲ ਦਾ 22.78 ਫੀਸਦੀ ਬਣਦਾ ਹੈ। ਇਨ੍ਹਾਂ ਵਿਚੋਂ 14.6 ਫੀਸਦੀ ਬੱਚਿਆਂ ਵਿਚ ਖ਼ੂਨ ਦੀ ਘਾਟ ਪਾਈ ਗਈ ਹੈ। ਉਸ ਤੋਂ ਘੱਟ 6.2 ਫੀਸਦੀ ਬੱਚੇ ਦੰਦਾਂ ਦਾ ਦੁੱਖ ਭੋਗ ਰਹੇ ਹਨ। ਵਿਟਾਮਿਨਾਂ ਦੀ ਘਾਟ ਵਾਲੇ 2.1 ਫੀਸਦੀ, ਚਮੜੀ ਰੋਗ ਦੇ 3.2 ਫੀਸਦੀ, ਨੱਕ ਗਲੇ ਦੀ ਬਿਮਾਰੀ ਦੇ 2.2 ਫੀਸਦੀ, ਅੱਖਾਂ ਦੀ ਬੀਮਾਰੀ ਦੇ ਤਿੰਨ ਫੀਸਦੀ ਅਤੇ ਪੇਟ ਦੇ ਕੀੜਿਆਂ ਦੀ ਬਿਮਾਰੀ ਤੋਂ ਇਕ ਫੀਸਦੀ ਬੱਚੇ ਦੁੱਖ ਭੋਗ ਰਹੇ ਹਨ। ਸਾਲ 2011-12 ਦੇ ਸਰਵੇਖਣ ਵਿਚ 21.4 ਫੀਸਦੀ ਬਿਮਾਰ ਬੱਚੇ ਸਾਹਮਣੇ ਆਏ ਸਨ। ਉਦੋਂ ਖ਼ੂਨ ਦੀ ਘਾਟ ਵਾਲੇ 14.3 ਫੀਸਦੀ, ਵਿਟਾਮਿਨਾਂ ਦੀ ਘਾਟ ਵਾਲੇ ਦੋ ਫੀਸਦੀ, ਚਮੜੀ ਰੋਗ ਤੋਂ ਪੀੜ੍ਹਤ 2.6 ਫੀਸਦੀ, ਦੰਦਾਂ ਰੋਗ ਦੇ 6.2 ਫੀਸਦੀ, ਗਲੇ ਨੱਕ ਦੇ 22 ਫੀਸਦੀ, ਅੱਖਾਂ ਦੀ ਬਿਮਾਰੀ ਦੇ 2.8 ਫੀਸਦੀ ਤੇ ਪੇਟ ਦੇ ਕੀੜਿਆਂ ਦੀ ਬਿਮਾਰੀ ਦੇ 0.8 ਫੀਸਦੀ ਬੱਚੇ ਸਾਹਮਣੇ ਆਏ ਸਨ।

ਸਰਕਾਰ ਵੱਲੋਂ ਪਹਿਲੀ ਵਾਰ ਸਾਲ 2005-06 ਵਿਚ ਸਕੂਲੀ ਬੱਚਿਆਂ ਦੀ ਸਿਹਤ ਦੀ ਜਾਂਚ ਕਰਕੇ ਇਕ ਰਿਪੋਰਟ ਤਿਆਰ ਕੀਤੀ ਗਈ ਸੀ। ਉਸ ਵੇਲੇ 20.2 ਪ੍ਰਤੀਸ਼ਤ ਬੱਚੇ ਬਿਮਾਰ ਨਿਕਲੇ ਸਨ। ਖ਼ੂਨ ਦੀ ਘਾਟ ਨਾਲ 20.2 ਪ੍ਰਤੀਸ਼ਤ ਬੱਚੇ ਲੜ ਰਹੇ ਸਨ। ਵਿਟਾਮਿਨਾਂ ਦੀ ਘਾਟ ਵਾਲੇ 7.4 ਫੀਸਦੀ, ਚਮੜੀ ਰੋਗ ਦੇ 3.5 ਫੀਸਦੀ, ਦੰਦਾਂ ਰੋਗ ਦੇ 4.5 ਫੀਸਦੀ, ਨੱਕ ਗਲੇ ਦੇ 1.5 ਫੀਸਦੀ, ਅੱਖਾਂ ਦੇ 1.8% ਤੇ ਪੇਟ ਦੇ ਕੀੜਿਆਂ ਵਾਲੇ 1.8 ਫੀਸਦੀ ਬੱਚੇ ਸਾਹਮਣੇ ਆਏ ਸਨ।

ਉਸ ਤੋਂ ਅਗਲੇ ਸਾਲ ਬਿਮਾਰ ਬੱਚਿਆਂ ਦੀ ਪ੍ਰਤੀਸ਼ਤਤਾ ਪੌਣੇ ਦੋ ਪ੍ਰਤੀਸ਼ਤ ਵਧ ਗਈ ਸੀ ਜਦੋਂਕਿ ਸਾਲ 2007-08 ਵਿਚ ਤੰਦਰੁਸਤ ਬੱਚਿਆਂ ਦੀ ਗਿਣਤੀ ਵਧ ਗਈ ਸੀ। ਉਸ ਤੋਂ ਅਗਲੇ ਸਾਲ ਬਿਮਾਰ ਬੱਚਿਆਂ ਦੀ ਪ੍ਰਤੀਸ਼ਤਤਾ ਸਿਰਫ 18 ਫੀਸਦੀ ਰਹਿ ਗਈ ਸੀ। ਵਿਦਿਅਕ ਸਾਲ 2008-09 ਵਿਚ 26 ਲੱਖ 97 ਹਜ਼ਾਰ ਬੱਚਿਆਂ ਦੀ ਸਿਹਤ ਦੀ ਜਾਂਚ ਕੀਤੀ ਗਈ ਸੀ ਜਿਸ ਵਿਚੋਂ 21 ਫੀਸਦੀ ਬਿਮਾਰ ਪਾਏ ਗਏ ਸਨ। ਉਸ ਤੋਂ ਅਗਲੇ ਸਾਲ ਇਹ 24% ਨੂੰ ਪੁੱਜ ਗਈ ਸੀ।

## ਅਧਿਆਪਕ ਹੁਣ ਪੱਲਿਓਂ ਖਰਚ ਰਹੇ ਨੇ ਪੈਸੇ

**ਚੰਡੀਗੜ੍ਹ:** ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਬੱਚਿਆਂ ਨੂੰ ਮਿੱਡ ਡੇਅ ਮੀਲ (ਦੁਪਹਿਰ ਦਾ ਖਾਣਾ) ਆਪਣੇ ਪੱਲਿਉਂ ਪੈਸੇ ਖਰਚ ਕਰਕੇ ਖੁਆਉਣਾ ਪੈ ਰਿਹਾ ਹੈ। ਸਰਬ ਸਿੱਖਿਆ ਅਭਿਆਨ ਅਥਾਰਟੀ ਵੱਲੋਂ ਸਕੂਲਾਂ ਨੂੰ ਤਿੰਨ



ਮਹੀਨਿਆਂ ਤੋਂ ਖਾਣਾ ਪਕਾਉਣ ਲਈ ਗ੍ਰਾਂਟ ਰਿਲੀਜ਼ ਨਹੀਂ ਕੀਤੀ ਗਈ ਤੇ ਭੋਜਨ ਗਰਮੀਆਂ ਦੀਆਂ ਛੁੱਟੀਆਂ ਤੋਂ ਪਹਿਲਾਂ ਦੇ ਬਚੇ ਪਏ ਅਨਾਜ ਨਾਲ ਤਿਆਰ ਕੀਤਾ ਜਾ ਰਿਹਾ ਹੈ। ਸੂਤਰਾਂ ਅਨੁਸਾਰ ਕਈ ਥਾਈਂ ਆਟੇ ਦੀ ਘਾਟ ਕਾਰਨ ਬੱਚੇ ਰੋਜ਼ਾਨਾ ਸੁੱਕੇ ਚੌਲ ਖਾਣ ਲਈ ਮਜਬੂਰ ਹਨ। ਕਈ ਥਾਈਂ ਬਰਸਾਤਾਂ ਦੌਰਾਨ ਸਿੱਲ੍ਹੇ ਹੋ ਚੁੱਕੇ ਆਟੇ ਦੀਆਂ ਰੋਟੀਆਂ ਪਕਾਈਆਂ ਜਾ ਰਹੀਆਂ ਹਨ। ਦਾਲਾਂ ਖਰੀਦਣ ਲਈ ਪੈਸੇ ਨਹੀਂ ਤੇ ਬੱਚੇ ਪਾਣੀ ਦੀ ਤਰੀ ਨਾਲ ਚੌਲ ਖਾਣ ਲਈ ਮਜਬੂਰ ਹਨ। ਰਾਜ ਦੇ ਵੱਡੀ ਗਿਣਤੀ ਸਕੂਲਾਂ ਸਿਰ ਰਾਸ਼ਨ ਦੀਆਂ ਦੁਕਾਨਾਂ ਦੀ ਚਾਲੀ ਤੋਂ ਪੰਜਾਹ ਹਜ਼ਾਰ ਰੁਪਏ ਦੀ ਦੇਣਦਾਰੀ ਚੜ੍ਹ ਗਈ ਹੈ।

ਰਾਜ ਦੇ ਸਕੂਲਾਂ ਕੋਲ ਬਚਿਆ ਖੁਚਿਆ ਕੱਚਾ ਅਨਾਜ ਤਾਂ ਹੈ ਪਰ ਇਸ ਨੂੰ ਪਕਾਉਣ ਵਾਸਤੇ ਪੈਸੇ ਨਹੀਂ। ਇਹ ਵੀ ਪਤਾ ਲੱਗਾ ਹੈ ਕਿ ਸੀਨੀਅਰ ਸੈਕੰਡਰੀ ਸਕੂਲ ਤਾਂ ਵਿਦਿਆਰਥੀ ਫੰਡਾਂ ਦੀ ਜਮ੍ਹਾਂ ਪਈ ਰਕਮ ਵਰਤੇ ਰਹੇ ਹਨ ਪਰ ਮਿਡਲ ਤਕ ਦੇ ਸਕੂਲਾਂ ਦੇ ਅਧਿਆਪਕ ਜਾਂ ਤਾਂ ਆਪਣੀ ਜੇਬੋਂ ਪੈਸੇ ਖਰਚ ਰਹੇ ਹਨ ਜਾਂ ਰਾਸ਼ਨ ਦੀਆਂ ਦੁਕਾਨਾਂ ਤੋਂ ਉਧਾਰ ਲੈ ਕੇ ਗੁਜ਼ਾਰਾ ਚਲਾ ਰਹੇ ਹਨ। ਉਂਝ ਸਰਕਾਰ ਨੇ ਫੁਟਕਲ ਖ਼ਰਚਿਆਂ ਲਈ 1031.88 ਲੱਖ ਰੁਪਏ ਦਾ ਬਜਟ ਰੱਖਿਆ ਹੋਇਆ ਹੈ।

# ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਵਿਦਿਆਰਥੀ ਅਸੁਰੱਖਿਅਤ



**ਚੰਡੀਗੜ੍ਹ:** ਪੰਜਾਬ ਦੇ ਤਿੰਨ ਸੌ ਤੋਂ ਜ਼ਿਆਦਾ ਸਰਕਾਰੀ ਸਕੂਲਾਂ ਦੀਆਂ ਅਸੁਰੱਖਿਅਤ ਛੱਤਾਂ ਹੇਠ ਬੱਚੇ ਜਾਨ ਨੂੰ ਖ਼ਤਰੇ ਵਿਚ ਪਾ ਕੇ ਪੜ੍ਹਾਈ ਕਰ ਰਹੇ ਹਨ। ਲੋਕ ਨਿਰਮਾਣ ਵਿਭਾਗ (ਭਵਨ ਤੇ ਉਸਾਰੀ) ਵੱਲੋਂ 302 ਸਕੂਲਾਂ ਵਿਚਲੇ ਇਕ ਹਜ਼ਾਰ ਤੋਂ ਵੱਧ ਕਮਰਿਆਂ ਨੂੰ ਅਸਰੁੱਖਿਅਤ ਕਰਾਰ ਦਿੱਤਾ ਗਿਆ ਹੈ। ਸਿੱਖਿਆ ਵਿਭਾਗ ਨੇ ਸਕੂਲਾਂ ਨੂੰ ਪੱਤਰ ਭੇਜ ਕੇ ਬੱਚਿਆਂ ਨੂੰ ਅਸੁਰੱਖਿਅਤ ਕਮਰਿਆਂ ਵਿਚ ਨਾ ਬਿਠਾਉਣ ਦੀ ਸਲਾਹ ਦਿੱਤੀ ਹੈ। ਸਿੱਖਿਆ ਵਿਭਾਗ ਨੇ ਪੱਤਰ ਰਾਹੀਂ ਬੱਚਿਆਂ ਨੂੰ ਅਜੇ ਵੀ ਖੰਡਰ ਹੋ ਚੁੱਕੀਆਂ ਇਮਾਰਤਾਂ ਹੇਠ ਬਿਠਾਉਣ ਉਤੇ ਫਿਕਰ ਜ਼ਾਹਿਰ ਕਰਦਿਆਂ ਹੁਕਮਾਂ ਦੀ ਅਣਦੇਖੀ ਕਰਨ ਦੀ ਸੂਰਤ ਵਿਚ ਜ਼ਿੰਮੇਵਾਰੀ ਸਕੂਲ ਮੁਖੀਆਂ ਸਿਰ ਪਾਉਣ ਦੀ ਚਿਤਾਵਨੀ ਦਿੱਤੀ ਹੈ। ਪੱਤਰ ਵਿਚ ਸਪਸ਼ਟ ਕਿਹਾ ਗਿਆ ਹੈ ਕਿ ਸਰਕਾਰ ਦੇ ਧਿਆਨ ਵਿਚ ਆਇਆ ਹੈ ਕਿ ਕਈ ਸਕੂਲਾਂ ਵਿਚ ਬੱਚੇ ਅਜੇ ਵੀ ਅਸੁਰੱਖਿਅਤ ਕਮਰਿਆਂ ਵਿਚ ਬੈਠ ਰਹੇ ਹਨ। ਵਿਭਾਗ ਨੇ ਨਾਲ ਹੀ ਸਬੰਧਤ ਸਕੂਲ ਮੈਨੇਜਮੈਂਟ ਕਮੇਟੀਆਂ ਦੀ ਪ੍ਰਵਾਨਗੀ ਨਾਲ ਕਮਰੇ ਢਾਹ ਕੇ ਮਲਬਾ ਸਕੂਲਾਂ ਦੀਆਂ ਬੁਨਿਆਦੀ ਲੋੜਾਂ ਲਈ ਵਰਤਣ ਦੀ ਨਸੀਹਤ ਦਿੱਤੀ ਹੈ। ਸੂਤਰਾਂ ਅਨੁਸਾਰ ਅਸੁਰੱਖਿਅਤ ਇਮਾਰਤਾਂ ਵਾਲੇ ਸਕੂਲਾਂ ਵਿਚ ਸਰਹੱਦੀ ਖੇਤਰ ਦੇ ਸਕੂਲਾਂ ਦੀ ਗਿਣਤੀ ਜ਼ਿਆਦਾ ਹੈ। ਢਹਿਣ ਕਿਨਾਰੇ ਪੁੱਜੇ ਸਕੂਲਾਂ ਵਿੱਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਦੇ ਹਲਕੇ ਦੇ ਸਕੂਲ ਵੀ ਸ਼ਾਮਲ ਹਨ। ਰਿਪੋਰਟ ਅਨੁਸਾਰ ਅਸਰੁੱਖਿਅਤ ਕਰਾਰ ਦਿੱਤੇ ਗਏ ਸਕੂਲਾਂ ਵਿਚ ਸਭ ਤੋਂ ਜ਼ਿਆਦਾ ਗੁਰਦਾਸਪੁਰ ਦੇ 31, ਅੰਮ੍ਰਿਤਸਰ ਦੇ 22, ਤਰਨ ਤਾਰਨ ਦੇ 24, ਫ਼ਿਰੋਜ਼ਪੁਰ ਦੇ 22, ਫਾਜ਼ਿਲਕਾ ਦੇ ਨੌਂ, ਮੁਕਤਸਰ ਦੇ 16, ਫ਼ਰੀਦਕੋਟ ਦੇ 14, ਬਠਿੰਡਾ ਦੇ 19, ਮਾਨਸਾ ਦੇ 14, ਬਰਨਾਲਾ ਦੇ ਸੱਤ, ਮੋਗਾ ਦੇ 15, ਸੰਗਰੂਰ ਦੇ 12, ਲੁਧਿਆਣਾ ਦੇ 15, ਪਟਿਆਲਾ ਦੇ ਨੌਂ, ਫਤਹਿਗੜ੍ਹ ਸਾਹਿਬ ਦੇ 11, ਰੂਪਨਗਰ ਦੇ ਨੌਂ, ਸ਼ਹੀਦ ਭਗਤ ਸਿੰਘ ਨਗਰ ਦੇ 10, ਜਲੰਧਰ ਦੇ 12, ਕਪੂਰਥਲਾ ਦੇ ਸੱਤ ਤੇ ਹੁਸ਼ਿਆਰਪੁਰ ਦੇ 11 ਸਕੂਲ ਸ਼ਾਮਲ ਹਨ। ਇਨ੍ਹਾਂ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਦੇ ਨਾਲ ਅਧਿਆਪਕ ਤੇ ਦੂਜਾ ਸਟਾਫ਼ ਵੀ ਜਾਨ ਤਲੀ 'ਤੇ ਧਰ ਕੇ ਸਕੂਲ ਆ ਰਿਹਾ ਹੈ।

**ਲੋਕ ਨਿਰਮਾਣ ਵਿਭਾਗ ਵੱਲੋਂ 302 ਕਮਰੇ ਅਸੁਰੱਖਿਅਤ ਕਰਾਰ**

# ਪੰਜਾਬ ਦਾ ਸਿਹਤ ਵਿਭਾਗ ਲੈ ਰਿਹਾ ਹੈ ਆਖਰੀ ਸਾਹ !

**ਚੰਡੀਗੜ੍ਹ:** ਪੰਜਾਬ ਦਾ ਸਿਹਤ ਵਿਭਾਗ ਖੁਦ ਬਿਮਾਰ ਹੈ ਤੇ ਹਾਲਤ ਇੰਨੀ ਨਾਜ਼ੁਕ ਹੋ ਗਈ ਹੈ ਕਿ ਵਿਭਾਗ ਆਖ਼ਰੀ ਸਾਹਾਂ ‘ਤੇ ਹੈ। ਸੂਬੇ ਵਿਚ ਸਰਕਾਰੀ ਸਿਹਤ ਸੇਵਾਵਾਂ ਵਧਣ ਦੀ ਬਜਾਏ ਦਿਨੋਂ-ਦਿਨ ਘਟ ਰਹੀਆਂ ਹਨ। ਸਿਹਤ ਵਿਭਾਗ ਦੇ ਪੁਖ਼ਤਾ ਅੰਕੜਿਆਂ ਅਨੁਸਾਰ ਸਾਲ 1978 ਵਿਚ ਪੰਜਾਬ ਦਾ ਸਿਹਤ ਬਜਟ 12 ਫ਼ੀਸਦੀ ਸੀ ਜੋ ਸਾਲ 2013 ਵਿਚ ਘਟ ਕੇ ਚਾਰ ਫ਼ੀਸਦੀ ਰਹਿ ਗਿਆ। ਸਿਹਤ ਖੇਤਰ ਨੂੰ ਲਗਾਤਾਰ ਘੱਟ ਬਜਟ ਮਿਲਣ ਦਾ ਨਤੀਜਾ ਇਹ ਨਿਕਲਿਆ ਕਿ ਸੂਬੇ ਵਿਚ ਸਰਕਾਰੀ ਡਿਸਪੈਂਸਰੀਆਂ ਤੇ ਸਰਕਾਰੀ ਹਸਪਤਾਲਾਂ ਦੀ ਗਿਣਤੀ ਘਟਣੀ ਸ਼ੁਰੂ ਹੋ ਗਈ।

ਹਾਸਲ ਅੰਕੜਿਆਂ ਅਨੁਸਾਰ ਰਾਜ ਵਿਚ ਸਰਕਾਰੀ ਡਿਸਪੈਂਸਰੀਆਂ ਦੀ ਗਿਣਤੀ ਕਦੇ 196 ਸੀ ਪਰ ਹੁਣ 139 ਡਿਸਪੈਂਸਰੀਆਂ ਰਹਿ ਗਈਆਂ ਹਨ ਜਦੋਂਕਿ ਇਹ ਗਿਣਤੀ ਵਧਣੀ ਚਾਹੀਦੀ ਸੀ। 1968 ਵਿਚ ਸੂਬੇ ਵਿਚ ਲਛਮਣ ਸਿੰਘ ਗਿੱਲ ਦੀ ਅਕਾਲੀ ਸਰਕਾਰ ਦੌਰਾਨ ਪੇਂਡੂ ਖੇਤਰਾਂ ਵਿਚ 125 ਹਸਪਤਾਲ (ਪੇਂਡੂ ਹਸਪਤਾਲ) ਸ਼ੁਰੂ ਕੀਤੇ ਗਏ ਸਨ ਜੋ 1990 ਤੱਕ ਘਟ ਕੇ 110 ਰਹਿ ਗਏ ਤੇ ਹੁਣ ਸਿਰਫ ਚਾਰ ਹੀ ਰਹਿ ਗਏ ਹਨ।

ਸੂਬੇ ਵਿਚ ਸਿਵਲ ਹਸਪਤਾਲਾਂ ਦੀ ਗਿਣਤੀ ਵੀ ਕਾਫੀ ਘਟ ਗਈ ਹੈ। ਕਦੇ ਇਨ੍ਹਾਂ ਸਿਵਲ ਹਸਪਤਾਲਾਂ ਦੀ ਗਿਣਤੀ 144 ਸੀ ਜੋ ਘਟ ਕੇ 67 ਰਹਿ ਗਈ। ਇਸ ਤੋਂ ਇਲਾਵਾ ਸਬਸਿਡੀ ਵਾਲੇ ਸਿਹਤ ਕੇਂਦਰਾਂ ਦੀ ਗਿਣਤੀ 1229 ਤੋਂ ਘਟ ਕੇ 1186 ਰਹਿ ਗਈ ਹੈ। ਇਹ ਅੰਕੜੇ ਪੇਸ਼ ਕਰਦਿਆਂ ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸ ਫਰੀਦਕੋਟ ਦੇ ਸਾਬਕਾ ਰਜਿਸਟਰਾਰ ਡਾ. ਪਿਆਰੇ ਲਾਲ ਗਰਗ ਨੇ ਦੱਸਿਆ ਕਿ ਨਿਯਮਾਂ ਤੇ ਅਬਾਦੀ ਅਨੁਸਾਰ ਪੰਜਾਬ ਵਿਚ ਇਸ ਵੇਲੇ 4260 ਸਬ ਸਿਹਤ ਕੇਂਦਰਾਂ ਦੀ ਲੋੜ ਹੈ ਪਰ ਇਸ ਤੋਂ ਉਲਟ ਕੇਵਲ 2882 ਕੇਂਦਰ ਹੀ ਮੌਜੂਦ ਹਨ।


ਇਸ ਤੋਂ ਇਲਾਵਾ ਪੰਜਾਬ ਵਿਚ 685 ਪ੍ਰਾਇਮਰੀ ਸਿਹਤ ਕੇਂਦਰਾਂ ਦੀ ਲੋੜ ਹੈ ਪਰ ਕੇਵਲ 446 ਹੀ ਮੌਜੂਦ ਹਨ। ਪੇਂਡੂ ਖੇਤਰਾਂ ਵਿਚ 177 ਕਮਿਊਨਿਟੀ ਸਿਹਤ ਕੇਂਦਰਾਂ ਦੀ ਲੋੜ ਹੈ ਪਰ 114 ਹੀ ਮੌਜੂਦ ਹਨ। ਪੇਂਡੂ ਖੇਤਰਾਂ ਦੇ ਹਰ ਕਮਿਊਨਿਟੀ ਸਿਹਤ ਕੇਂਦਰ ਵਿਚ ਚਾਰ ਮਾਹਿਰ ਭਾਵ ਸਪੈਸ਼ਲਿਸਟ ਹੋਣੇ ਚਾਹੀਦੇ ਹਨ ਪਰ ਸਾਰੀਆਂ ਅਸਾਮੀਆਂ ਆਰਜ਼ੀ ਤੌਰ ‘ਤੇ ਗੈਰ ਮਾਹਿਰ ਭਾਵ ਨਾਨ ਸਪੈਸ਼ਲਿਸਟ ਡਾਕਟਰਾਂ ਵਿਚ ਤਬਦੀਲ ਕਰ ਦਿੱਤੀਆਂ ਗਈਆਂ ਹਨ। ਸੂਤਰਾਂ ਦਾ ਕਹਿਣਾ ਹੈ ਕਿ ਭਾਜਪਾ ਮੰਤਰੀਆਂ ਕੋਲ ਸਿਹਤ ਵਿਭਾਗ ਹੋਣ ਕਾਰਨ ਉਹ ਪੇਂਡੂ ਖੇਤਰਾਂ ਨੂੰ ਨਜ਼ਰਅੰਦਾਜ਼ ਕਰਦੇ ਆ ਰਹੇ ਹਨ ਜਿਸ ਦਾ ਨਤੀਜਾ ਉਪਰੋਕਤ ਅੰਕੜੇ ਹਨ।



### ਸਿਰਫ ਕਾਗ਼ਜ਼ਾਂ ‘ਚ ਬੱਲੇ ਬੱਲੇ

**ਚੰਡੀਗੜ੍ਹ:** ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿਚ ਬੈੱਡਾਂ ਦੀ ਗਿਣਤੀ ਤੇ ਹਕੀਕਤ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਸਰਕਾਰ ਦੇ ਰਿਕਾਰਡ ਨਾਲੋਂ ਹਸਪਤਾਲਾਂ ਵਿਚ ਅੱਧੇ ਤੋਂ ਵੀ ਘੱਟ ਬੈੱਡ ਹਨ। ਪੇਂਡੂ ਖੇਤਰ ਦੇ ਹਸਪਤਾਲਾਂ ਵਿਚ 80 ਫੀਸਦੀ ਬੈੱਡ ਕਾਗ਼ਜੀ ਨਿਕਲੇ ਹਨ। ਇਹ ਅੰਕੜੇ ਪੀਜੀਆਈ ਵਿਚ ਕਰਵਾਏ ਗਏ ਸੈਮੀਨਾਰ ਵਿਚ ਪੇਸ਼ ਕੀਤੀ ਰਿਪੋਰਟ ਤੋਂ ਸਾਹਮਣੇ ਆਏ ਹਨ।ਰਿਪੋਰਟ ਅਨੁਸਾਰ ਸਰਕਾਰ ਵੱਲੋਂ ਪੇਂਡੂ ਖੇਤਰ ਦੇ ਹਸਪਤਾਲਾਂ ਵਿਚ ਮਨਜ਼ੂਰਸ਼ੁਦਾ ਬੈੱਡਾਂ ਦੀ ਗਿਣਤੀ 10631 ਦਿਖਾਈ ਗਈ ਹੈ ਜਦੋਂਕਿ ਹਕੀਕਤ ਵਿਚ 1500 ਤੋਂ ਜ਼ਿਆਦਾ ਬੈੱਡ ਨਹੀਂ ਹਨ।

## ਹਰ ਵਰ੍ਹੇ 50 ਲੱਖ ਬਾਲੜੀਆਂ ਦਾ ਕੁੱਖਾਂ ਵਿਚ ਹੀ ਕਤਲ




**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਰੂਣ ਹੱਤਿਆ ਰੋਕਣ ਲਈ ਕੇਂਦਰ ਤੇ ਸੂਬਾ ਸਰਕਾਰਾਂ ਵੱਲੋਂ ਕੀਤੇ ਜਾ ਰਹੇ ਦਾਅਵੇ ਸਚਾਈ ਤੋਂ ਕੋਹਾਂ ਦੂਰ ਹਨ। ਸਰਕਾਰਾਂ ਦੀ ਇਸ ਬੇਰੁਖ਼ੀ ਕਾਰਨ ਇਹ ਕਾਰਾ ਵੱਡੇ ਪੱਧਰ ‘ਤੇ ਜਾਰੀ ਹੈ। ਸਰਕਾਰੀ ਅੰਕੜਿਆਂ ਮੁਤਾਬਕ ਹਰ ਸਾਲ ਦੇਸ਼ ਵਿਚ 50 ਲੱਖ ਤੋਂ ਵੀ ਜ਼ਿਆਦਾ ਕੁੜੀਆਂ ਨੂੰ ਕੁੱਖ ਵਿਚ ਹੀ ਮਾਰਿਆ ਜਾ ਰਿਹਾ ਹੈ। ਕੇਂਦਰ ਸਰਕਾਰ ਦੇ ਸਰਕਾਰੀ ਅੰਕੜਿਆਂ ਮੁਤਾਬਕ ਸਾਲ 1980 ਤੋਂ ਲੈ ਕੇ 2010 ਤੱਕ ਪੂਰੇ ਦੇਸ਼ ਵਿਚ ਇਕ ਕਰੋੜ 20 ਲੱਖ ਬਾਲੜੀਆਂ ਕੁੱਖ ਵਿਚ ਹੀ ਖਤਮ ਕਰ ਦਿੱਤੀਆਂ ਗਈਆਂ ਪਰ ਇਹ ਅੰਕੜੇ ਅਸਲੀਅਤ ਤੋਂ ਦੂਰ ਹਨ।

ਹਰ ਸਾਲ 10 ਹਜ਼ਾਰ ਤੋਂ ਵੀ ਜ਼ਿਆਦਾ ਬਾਲੜੀਆਂ ਨਿੱਕੀ ਉਮਰੇ ਹੀ ਘਰੇਲੂ ਹਿੰਸਾ ਦੀ ਸ਼ਿਕਾਰ ਹੋ ਕੇ ਦਮ ਤੋੜ ਰਹੀਆਂ ਹਨ। ਭਾਵੇਂ ਪੀ.ਐਨ.ਡੀ.ਟੀ ਐਕਟ 1994 ਮਗਰੋਂ ਭਰੂਣ ਹੱਤਿਆ ਵਿਚ ਇਕਦਮ ਕਾਫ਼ੀ ਗਿਰਾਵਟ ਆਈ ਪਰ ਹੌਲੀ-ਹੌਲੀ ਇਹ ਸਿਲਸਿਲਾ ਫਿਰ ਪਹਿਲਾਂ ਵਾਂਗ ਹੀ ਸ਼ੁਰੂ ਹੁੰਦਾ ਨਜ਼ਰ ਆ ਰਿਹਾ ਹੈ। ਇਕ ਸਰਵੇਖਣ ਮੁਤਾਬਕ ਮੁੰਡਿਆਂ ਦੇ ਮੁਕਾਬਲੇ 5 ਸਾਲ ਤੋਂ ਪਹਿਲਾਂ ਘਰੇਲੂ ਹਿੰਸਾ ਕਾਰਣ ਮੌਤ ਦਾ ਸ਼ਿਕਾਰ ਹੋ ਰਹੀਆਂ ਬਾਲੜੀਆਂ ਦੀ ਗਿਣਤੀ 21.88 ਫੀਸਦੀ ਜ਼ਿਆਦਾ ਹੈ।

ਇਸ ਤੋਂ ਇਲਾਵਾ ਇਕ ਸਾਲ ਦੀ ਉਮਰ ਵਿਚ ਮੌਤ ਦੇ ਮੂੰਹ ਵਿਚ ਜਾਣ ਵਾਲੀਆਂ ਬਾਲੜੀਆਂ ਦੀ ਗਿਣਤੀ ਮੁੰਡਿਆਂ ਦੇ ਮੁਕਾਬਲੇ 50 ਫੀਸਦੀ ਜ਼ਿਆਦਾ ਹੈ ਜੋ ਹੈਰਾਨੀਜਨਕ ਤੇ ਸ਼ਰਮਨਾਕ ਹੈ। ਗੋਦ ਲਏ ਜਾਣ ਵਾਲਿਆਂ ਬੱਚਿਆਂ ਵਿਚ ਲੜਕੀਆਂ ਦੇ ਮੁਕਾਬਲੇ ਲੜਕਿਆਂ ਦੀ ਗਿਣਤੀ 68 ਫੀਸਦੀ ਜ਼ਿਆਦਾ ਹੈ।

## ਪਰਵਾਸੀ ਭਾਰਤੀ ਨੂੰ ਅਮਰੀਕਾ ’ਚ ਮਿਲਿਆ ਅਹਿਮ ਅਹੁਦਾ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਭਾਰਤੀ ਮੂਲ ਦੀ ਅਮਰੀਕੀ ਔਰਤ ਨਿਸ਼ਾ ਦੇਸਾਈ ਬੇਸਵਾਲ ਨੂੰ ਦੱਖਣੀ ਤੇ ਮੱਧ ਏਸ਼ੀਆ ਮਾਮਲਿਆਂ ਦੀ ਸਹਾਇਕ ਵਿਦੇਸ਼ ਮੰਤਰੀ ਦੇ ਅਹਿਮ ਅਹੁਦੇ ‘ਤੇ ਨਾਮਜ਼ਦ ਕੀਤਾ ਹੈ। ਇਸ ਨਾਮਜ਼ਦਗੀ ਲਈ ਸੈਨੇਟ ਵਲੋਂ ਪੁਸ਼ਟੀ ਹੋ ਜਾਣ ਤੋਂ ਬਾਅਦ ਨਿਸ਼ਾ ਮੌਜੂਦਾ ਸਹਾਇਕ ਵਿਦੇਸ਼ ਮੰਤਰੀ ਰਾਬਰਟ ਬਲੇਕ ਦੀ ਜਗ੍ਹਾ ਲਵੇਗੀ ਪਰ ਅਜੇ ਉਹ ਯੂ.ਐਸ.ਏ.ਡੀ. ਵਿਚ ਏਸ਼ੀਆ ਮਾਮਲਿਆਂ ਦੀ ਸਹਾਇਕ ਪ੍ਰਸ਼ਾਸਕ ਦੇ ਪਦ ਤੇ ਨਿਯੁਕਤ ਹੈ।

## ਪੰਜਾਬ ਬਣਿਆ ਹੈਰੋਇਨ ਤਸਕਰੀ ਦਾ ਅੱਡਾ

**ਅੰਮ੍ਰਿਤਸਰ:** ਸਰਹੱਦੀ ਸੂਬਾ ਹੋਣ ਕਰਕੇ ਪੰਜਾਬ ਪਿਛਲੇ ਕੁਝ ਵਰ੍ਹਿਆਂ ਤੋਂ ਹੈਰੋਇਨ ਤਸਕਰੀ ਦਾ ਧੁਰਾ ਬਣਦਾ ਜਾ ਰਿਹਾ ਹੈ। ਪਾਕਿਸਤਾਨ ਪੰਜਾਬ ਦੀ ਸਰਹੱਦ ਨੂੰ ਆਪਣੇ ਅਜਿਹੇ ਕੋਝੇ ਮਨਸੂਬੇ ਨੂੰ ਅੰਜ਼ਾਮ ਦੇਣ ਲਈ ਵਰਤ ਰਿਹਾ ਹੈ ਜਿਸ ਲਈ ਉਹ ਸਿਰਫ ਚੋਰੀ ਛਿਪੇ ਹੀ ਨਹੀਂ ਬਲਕਿ ਸੜਕੀ ਤੇ ਰੇਲ ਮਾਰਗਾਂ ਦਾ ਇਸਤੇਮਾਲ ਵੀ ਕਰ ਰਿਹਾ ਹੈ। ਪਿਛਲੇ ਪੰਜ ਤੋਂ ਸੱਤ ਸਾਲਾਂ ਦਰਮਿਆਨ ਹੈਰੋਇਨ ਦੀ ਤਸਕਰੀ ਵਿਚ ਰਿਕਾਰਡ ਤੇਜ਼ੀ ਆਈ ਹੈ ਤੇ ਕੁਇੰਟਲਾਂ ਦੇ ਹਿਸਾਬ ਨਾਲ ਹੈਰੋਇਨ ਵੱਖ-ਵੱਖ ਸਰਕਾਰੀ ਏਜੰਸੀਆਂ ਨੇ ਬਰਾਮਦ ਕੀਤੀ ਹੈ।

ਬੀਤੇ ਦਿਨੀਂ ਮਾਲ ਗੱਡੀ ਰਾਹੀਂ ਆਈ 50 ਕਰੋੜ ਦੀ ਹੈਰੋਇਨ ਦੀ ਖੇਪ ਵੀ ਇਸੇ ਕੜੀ ਦਾ ਹੀ ਇਕ ਹਿੱਸਾ ਹੈ ਜੋ ਕਿ ਕੇਂਦਰੀ ਸੀਮਾ ਸ਼ੁਲਕ ਵਿਭਾਗ ਵੱਲੋਂ ਜਾਂਚ ਦੌਰਾਨ ਸੀਮੈਂਟ ਦੀਆਂ ਬੋਗੀਆਂ ਵਿਚੋਂ ਬਰਾਮਦ ਹੋਈ ਹੈ। ਸਟੇਟ ਸਪੈਸ਼ਲ ਕਾਰਵਾਈ ਸੈੱਲ ਪੰਜਾਬ ਵੱਲੋਂ ਬਰਾਮਦ ਕੀਤੀ ਹੈਰੋਇਨ, ਸਮੈਕ ਦੇ ਅੰਕੜਿਆਂ ‘ਤੇ ਜੇਕਰ ਝਾਤੀ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਹੈਰੋਇਨ ਦੀ ਤਸਕਰੀ ਵਿਚ ਕਿੰਨਾ ਉਛਾਲ ਆਇਆ।

2005 ਵਿਚ ਸੈੱਲ ਨੇ ਦੋ ਮਾਮਲੇ ਦਰਜ ਕਰਕੇ ਤਿੰਨ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ। 2006 ਵਿਚ 25 ਮਾਮਲਿਆਂ ਵਿਚ 17 ਕਿਲੋ 800 ਗ੍ਰਾਮ ਹੈਰੋਇਨ ਬਰਾਮਦ ਹੋਈ ਤੇ 54 ਤਸਕਰ ਗ੍ਰਿਫ਼ਤਾਰ ਹੋਏ। 2007 ਵਿਚ 33 ਮਾਮਲਿਆਂ ਵਿਚ 68 ਕਿਲੋਗ੍ਰਾਮ ਬਰਾਮਦਗੀ, 63 ਤਸਕਰ ਗ੍ਰਿਫ਼ਤਾਰ, 2009 ਵਿਚ 27 ਦਰਜ ਮਾਮਲਿਆਂ ਵਿਚ 92 ਕਿਲੋ ਬਰਾਮਦਗੀ, 49 ਗ੍ਰਿਫ਼ਤਾਰ, 2009 ਵਿਚ 44 ਮਾਮਲੇ, 67 ਕਿਲੋ 500 ਗ੍ਰਾਮ, 72 ਗ੍ਰਿਫ਼ਤਾਰ, 2010 ਵਿਚ 28 ਮਾਮਲਿਆਂ ਵਿਚ 88 ਕਿਲੋ 280 ਗ੍ਰਾਮ ਬਰਾਮਦ, 53 ਗ੍ਰਿਫ਼ਤਾਰ, 2011 ਵਿਚ 29 ਮਾਮਲਿਆਂ ਵਿਚ 65 ਕਿਲੋ 450 ਗ੍ਰਾਮ ਬਰਾਮਦਗੀ, 37 ਤਸਕਰ ਗ੍ਰਿਫ਼ਤਾਰ, 2012 ਵਿਚ 17 ਮਾਮਲਿਆਂ ਵਿਚ 75 ਕਿਲੋ 250 ਗ੍ਰਾਮ 33 ਗ੍ਰਿਫ਼ਤਾਰ ਬਾਅਦ 2013 ਵਿਚ ਹੁਣ ਤੱਕ ਤਿੰਨ ਮਾਮਲਿਆਂ 8 ਕਿਲੋਗ੍ਰਾਮ ਹੈਰੋਇਨ ਬਰਾਮਦ ਤੇ ਤਿੰਨ ਤਸਕਰ ਗ੍ਰਿਫ਼ਤਾਰ ਹੋ ਚੁੱਕੇ ਹਨ। ਇਨ੍ਹਾਂ ਸੱਤ ਸਾਲਾਂ ਵਿਚ ਸੈੱਲ ਨੂੰ ਹੋਈ ਕੁਲ ਬਰਾਮਦਗੀ ਚਾਰ ਕੁਇੰਟਲ 90 ਕਿਲੋ ਤੋਂ ਵੀ ਟੱਪ ਚੁੱਕੀ ਹੈ ਤੇ 367 ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ।

ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਤਾਂ ਫਿਰ ਹੋਮੀਓਪੈਥੀ ਅਜ਼ਮਾ ਕੇ ਦੇਖੋ
ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸ਼ੂਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ
ਫੋਨ: (559) 317-2149



**Paramjit S. Khaira**
**D.H.M.S** (30 years of experience)
Ex Homeopathic MedicalOfficer Pb. Govt.
Ex Distt. Homeopathic Officer Pb. Govt.
Member NCH
5790 W. Vartikian Avenue, Fresno CA 93722
**e- mail: drpskhaira@gmail.com**
Working under state law SB 577



ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ
10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ ’ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
*24/7 Customer Service Available*
*Same rate for lanline and mobile.*
ਟੋਲ ਫਰੀ ਨੰਬਰ 1-888-652-6268
732-983-4332/4333

ਪੰਜਾਬ ਟਾਈਮਜ਼

*ਸਨਿਚਰਵਾਰ, 27 ਜੁਲਾਈ 2013*

## ਬੇਗਾਨਗੀ ਦਾ ਅਹਿਸਾਸ...

ਜੰਮੂ ਕਸ਼ਮੀਰ ਦੇ ਰਾਮਬਨ ਇਲਾਕੇ ਦੇ ਪਿੰਡ ਗੂਲ ਦੀ ਘਟਨਾ ਨੇ ਇਕ ਵਾਰ ਫਿਰ ਕਸ਼ਮੀਰ ਵਿਚ ਉਬਾਲਾ ਲੈ ਆਂਦਾ। ਮੁੱਖ ਮੰਤਰੀ ਉਮਰ ਅਬਦੁੱਲਾ ਤਕ ਨੇ ਇਸ ਘਟਨਾ ਲਈ ਸੁਰੱਖਿਆ ਬਲਾਂ ਦੀ ਨੁਕਤਾਚੀਨੀ ਕੀਤੀ ਹੈ। ਉਂਜ ਉਹ ਪਹਿਲਾਂ ਵੀ ਇਹ ਕਹਿੰਦੇ ਆ ਰਹੇ ਹਨ ਕਿ ਸੂਬੇ ਵਿਚ ਆਈ ਸ਼ਾਂਤੀ ਸਥਾਈ ਨਹੀਂ ਹੈ, ਇਸ ਲਈ ਕੇਂਦਰ ਨੂੰ ਇਸ ਪਾਸੇ ਹੋਰ ਤਰੱਦਦ ਕਰਨਾ ਚਾਹੀਦਾ ਹੈ, ਪਰ ਕੇਂਦਰ ਨੇ ਇਸ ਪਾਸੇ ਕੋਈ ਸਰਗਰਮੀ ਨਹੀਂ ਕੀਤੀ। ਅਸਲ ਵਿਚ ਮੁੱਖ ਮੰਤਰੀ ਅਬਦੁੱਲਾ ਜਿਸ ਤੜਫਾਹਟ 'ਚੋਂ ਬੋਲ ਰਹੇ ਹਨ, ਉਸ ਵਿਚ ਕਸ਼ਮੀਰੀਆਂ ਦੀ ਉਹ ਭਾਵਨਾ ਕਾਰਜਸ਼ੀਲ ਹੈ ਜਿਹੜੀ ਪਿਛਲੇ ਸਮੇਂ ਤੋਂ ਬਾਕਾਇਦਾ ਕਿਸੇ ਨਾ ਕਿਸੇ ਰੂਪ ਵਿਚ ਜ਼ਾਹਿਰ ਹੋ ਰਹੀ ਹੈ। ਇਹ ਭਾਵਨਾ ਬੇਗਾਨਗੀ ਦਾ ਅਹਿਸਾਸ ਹੈ। ਗੂਲ ਪਿੰਡ ਦੀ ਘਟਨਾ ਦੀਆਂ ਜੇ ਤਹਿਆਂ ਫਰੋਲੀਆਂ ਜਾਣ ਤਾਂ ਪਤਾ ਲਗਦਾ ਹੈ ਕਿ ਲੋਕਾਂ ਵਿਚ ਕੇਂਦਰ ਪ੍ਰਤੀ ਜਿਹੜੀ ਬੇਗਾਨਗੀ ਵਧੀ ਹੈ, ਉਹ ਹੁਣ ਸਿੱਧੀ ਮਾਰ ਕਰ ਰਹੀ ਹੈ। ਜਿਉਂ ਹੀ ਲੋਕਾਂ ਨੂੰ ਖਬਰ ਹੋਈ ਕਿ ਸੁਰੱਖਿਆ ਬਲਾਂ ਨੇ ਮਸੀਤ ਦੇ ਇਮਾਮ ਨਾਲ ਵਧੀਕੀ ਕੀਤੀ ਹੈ ਤਾਂ ਉਹ ਬੀ.ਐਸ.ਐਫ. ਕੈਂਪ ਦੇ ਬਾਹਰ ਜਮਾਂ ਹੋ ਗਏ। ਦੇਖਦਿਆਂ ਦੇਖਦਿਆਂ ਇੰਨੇ ਲੋਕ ਇਕੱਠੇ ਹੋ ਗਏ ਕਿ ਇਨ੍ਹਾਂ ਨੂੰ ਸੰਭਾਲਣਾ ਔਖਾ ਹੋ ਗਿਆ। ਗੋਲੀ ਚੱਲੀ ਤਾਂ ਚਾਰ ਲੋਕ ਮਾਰੇ ਗਏ, ਪਰ ਇਸ ਤੋਂ ਬਾਅਦ ਜੋ ਹੋਇਆ, ਉਹ ਮੁੱਦਾ ਵਿਚਾਰਨ ਵਾਲਾ ਹੈ। ਵੱਖ ਵੱਖ ਜਥੇਬੰਦੀਆਂ ਵੱਲੋਂ ਦਿੱਤੇ ਤਿੰਨ ਰੋਜ਼ਾ ਬੰਦ ਦੇ ਸੱਦੇ ਦੌਰਾਨ ਲੋਕਾਂ ਨੇ ਕਰਫਿਊ ਦੀ ਕੋਈ ਪ੍ਰਵਾਹ ਨਹੀਂ ਕੀਤੀ। ਇਹੀ ਉਹ ਤੱਥ ਹੈ ਜਿਹੜਾ ਕਸ਼ਮੀਰ ਵਿਚ ਵਾਰ ਵਾਰ ਜ਼ਾਹਿਰ ਹੋ ਰਿਹਾ ਹੈ ਅਤੇ ਇਸ ਪਾਸੇ ਸਰਕਾਰਾਂ ਕੋਈ ਤਵੱਜੋ ਨਹੀਂ ਦੇ ਰਹੀਆਂ। ਸਰਕਾਰਾਂ ਅਤੇ ਸਰਕਾਰ ਦੇ ਨੌਕਰਸ਼ਾਹ ਇਨ੍ਹਾਂ ਘਟਨਾਵਾਂ ਨੂੰ ਵੱਖਵਾਦ ਨਾਲ ਜੋੜ ਕੇ ਸੁਰਖਰੂ ਹੋ ਜਾਂਦੇ ਹਨ। ਕੋਈ ਨਹੀਂ ਸੋਚ ਰਿਹਾ ਕਿ ਲੋਕਾਂ ਦਾ ਰੋਸਾ ਅਤੇ ਵੱਖਵਾਦ ਦੋ ਵੱਖ ਵੱਖ ਗੱਲਾਂ ਹਨ। ਗੂਲ ਦੇ ਵਸਨੀਕ ਵੱਖਵਾਦੀ ਨਹੀਂ, ਪਰ ਉਨ੍ਹਾਂ ਦੇ ਜ਼ਿਹਨਾਂ ਵਿਚ ਬੇਗਾਨਗੀ ਦਾ ਜਿਹੜਾ ਅਹਿਸਾਸ ਸਮਾ ਗਿਆ ਹੈ, ਉਹ ਤੁਰੰਤ ਰੋਸੇ ਵਿਚ ਵਟਦਾ ਹੈ। ਇਹੀ ਰੋਸਾ ਫਿਰ ਸੁਰੱਖਿਆ ਬਲਾਂ ਦੀਆਂ ਜ਼ਿਆਦਤੀਆਂ ਨਾਲ ਟਕਰਾ ਕੇ ਖੂਨੀ ਹੋ ਨਿਬੜਦਾ ਹੈ। ਪਹਿਲਾਂ ਵੀ ਬਹੁਤ ਵਾਰ ਅਜਿਹਾ ਹੋਇਆ ਹੈ ਕਿ ਲੋਕ ਕਰਫਿਊ ਦੀ ਪ੍ਰਵਾਹ ਛੱਡ ਕੇ ਵੱਡੀ ਗਿਣਤੀ ਵਿਚ ਸੜਕਾਂ ਉਤੇ ਉਤਰ ਆਏ। ਇਸ ਸੂਰਤ ਵਿਚ ਸੁਰੱਖਿਆ ਬਲਾਂ ਅਤੇ ਸਰਕਾਰ ਦੀ ਇਕ ਹੀ ਦਲੀਲ ਹੁੰਦੀ ਹੈ ਕਿ ਮੌਕਾ ਸੰਭਾਲਣ ਲਈ ਗੋਲੀ ਚਲਾਉਣੀ ਪਈ।

ਖੈਰ! ਕਸ਼ਮੀਰ ਵਿਚ ਅੱਜ ਜਿਸ ਤਰ੍ਹਾਂ ਦੇ ਹਾਲਾਤ ਬਣੇ ਹਨ, ਉਹ ਕੋਈ ਇਕ ਦਿਨ ਦਾ ਮਸਲਾ ਨਹੀਂ ਹੈ। ਪਿਛਲੇ ਲੰਮੇ ਸਮੇਂ ਤੋਂ ਅਜਿਹੀਆਂ ਘਟਨਾਵਾਂ ਦਾ ਸਿਲਸਿਲਾ ਚੱਲਿਆ ਹੈ ਕਿ ਲੋਕਾਂ ਵਿਚ ਬੇਗਾਨਗੀ ਦਾ ਅਹਿਸਾਸ ਘਟਣ ਦੀ ਥਾਂ ਵਧ ਰਿਹਾ ਹੈ। ਕਸ਼ਮੀਰੀ ਨੌਜਵਾਨ ਅਫਜ਼ਲ ਗੁਰੂ ਨੂੰ ਫਾਂਸੀ ਇਸੇ ਸਿਲਸਿਲੇ ਦੀ ਹੀ ਕੜੀ ਸੀ। ਕੇਂਦਰ ਵਿਚ ਸਰਕਾਰ ਚਲਾ ਰਹੇ ਆਗੂਆਂ ਨੇ ਆਪਣੇ ਸਿਆਸੀ ਹਿਤਾਂ ਖਾਤਰ ਰਾਤੋ-ਰਾਤ ਅਫਜ਼ਲ ਨੂੰ ਫਾਂਸੀ ਅੰਜਾਮ ਦਿੱਤੀ। ਉਸ ਦੇ ਘਰ ਵਾਲਿਆਂ ਨਾਲ ਉਸ ਦੀ ਮੁਲਾਕਾਤ ਤੱਕ ਨਾ ਕਰਵਾਈ ਗਈ। ਜੇਲ੍ਹ ਦਾ ਹਰ ਨੇਮ ਪ੍ਰਸ਼ਾਸਨ ਨੇ ਤਾਕ ਵਿਚ ਰੱਖ ਦਿੱਤਾ। ਇਸ ਤਰ੍ਹਾਂ ਦੀਆਂ ਅਣਗਿਣਤ ਘਟਨਾਵਾਂ ਹਨ ਜਿਹੜੀਆਂ ਬੇਗਾਨਗੀ ਦੇ ਅਹਿਸਾਸ ਨੂੰ ਲਗਾਤਾਰ ਹਵਾ ਦਿੰਦੀਆਂ ਹਨ। ਪੰਜਾਬ ਦੇ ਲੋਕਾਂ, ਖਾਸ ਕਰ ਕੇ ਸਿੱਖਾਂ ਨੇ ਵੀ ਖੁਦ ਇਹ ਵਕਤ ਹੰਢਾਇਆ ਹੈ। ਉਦੋਂ ਉਪਰੋਥਲੀ ਜਿਹੜੀਆਂ ਘਟਨਾਵਾਂ ਹੋਈਆਂ ਸਨ, ਉਨ੍ਹਾਂ ਵਿਚ ਕਿਸੇ ਖਾਸ ਧੜੇ ਨਾਲ ਜੁੜਨ ਦਾ ਮਸਲਾ ਕੋਈ ਏਡਾ ਵੱਡਾ ਨਹੀਂ ਸੀ, ਜਿੰਨਾ ਕੇਂਦਰ ਸਰਕਾਰ ਦੀ ਪੰਜਾਬ ਵੱਲ ਪਹੁੰਚ ਖਿਲਾਫ ਲੋਕਾਂ ਦਾ ਰੋਸ ਸੀ। ਇਸੇ ਰੋਸ ਨੇ ਹੀ ਫਿਰ ਹਿੰਸਕ ਰੂਪ ਧਾਰਿਆ ਅਤੇ ਦੇਖਦਿਆਂ ਦੇਖਦਿਆਂ ਪੰਜਾਬ ਲਹੂ-ਲੁਹਾਣ ਕਰ ਦਿੱਤਾ ਗਿਆ। ਇਹੀ ਸਭ ਕੁਝ 1947 ਦੀ ਆਜ਼ਾਦੀ ਤੋਂ ਤੁਰੰਤ ਬਾਅਦ ਉਤਰ-ਪੂਰਬੀ ਸੂਬਿਆਂ ਵਿਚ ਹੋਇਆ। ਮਨੀਪੁਰ ਦੀ 41 ਸਾਲਾ ਕੁੜੀ ਇਰੋਮ ਸ਼ਰਮੀਲਾ ਚਾਨੂ ਸੂਬੇ ਵਿਚੋਂ ਆਰਮਡ ਫੋਰਸਜ਼ ਸਪੈਸ਼ਲ ਪਾਵਰਜ਼ ਐਕਟ (ਅਫਸਪਾ) ਖਤਮ ਕਰਨ ਲਈ 13 ਸਾਲ ਤੋਂ ਭੁੱਖ ਹੜਤਾਲ ਉਤੇ ਹੈ, ਪਰ ਉਸ ਦੀ ਇਹ ਆਵਾਜ਼ ਅਜੇ ਤਕ ਸੁਣੀ ਨਹੀਂ ਗਈ, ਸਗੋਂ ਨਵੀਂ ਦਿੱਲੀ ਵਿਚ ਧਰਨੇ ਉਤੇ ਬੈਠਣ ਦੇ ਦੋਸ਼ ਵਿਚ ਉਸ ਉਤੇ ਖੁਦਕੁਸ਼ੀ ਕਰਨ ਦਾ ਕੇਸ ਪਾ ਦਿੱਤਾ ਗਿਆ। ਫੌਜ ਦੀਆਂ ਜ਼ਿਆਦਤੀਆਂ ਦੇ ਖਿਲਾਫ ਮਨੀਪੁਰ ਦੀਆਂ ਔਰਤਾਂ ਨੇ 2004 ਵਿਚ ਨੰਗੀਆਂ ਹੋ ਕੇ ਵਿਖਾਵਾ ਵੀ ਕੀਤਾ। ਇਹ ਲੋਕਾਂ ਦੇ ਰੋਸ ਅਤੇ ਬੇਗਾਨਗੀ ਦੀ ਇੰਤਹਾ ਸੀ, ਪਰ ਕਿਸੇ ਨੇ ਇਸ ਪਾਸੇ ਕੰਨ ਨਹੀਂ ਧਰਿਆ। ਉਥੇ ਆਵਾਮ ਨਾਲ ਵਧੀਕੀਆਂ ਅੱਜ ਵੀ ਜਾਰੀ ਹਨ। ਇਸੇ ਤਰ੍ਹਾਂ ਦਾ ਵਿਹਾਰ ਹੁਣ ਕਬਾਇਲੀਆਂ ਨਾਲ ਕੀਤਾ ਜਾ ਰਿਹਾ ਹੈ ਜਿਨ੍ਹਾਂ ਦੇ ਇਲਾਕਿਆਂ ਵਿਚ ਵੱਡੇ ਪ੍ਰਾਜੈਕਟ ਉਲੀਕੇ ਜਾ ਰਹੇ ਹਨ। ਮੱਧ ਭਾਰਤ ਦੇ ਸੂਬਿਆਂ ਵਿਚ ਕਬਾਇਲੀਆਂ ਦੀ ਆਵਾਜ਼ ਬੰਦ ਕਰਨ ਲਈ ਇਕ ਲੱਖ ਤੋਂ ਵੀ ਵੱਧ ਸੁਰੱਖਿਆ ਕਰਮਚਾਰੀ ਪਿਛਲੇ ਤਿੰਨ ਸਾਲ ਤੋਂ ਉਥੇ ਤਾਇਨਾਤ ਹਨ। ਉਸ ਇਲਾਕੇ ਦੀਆਂ ਖਬਰਾਂ ਵੀ ਛਾਣ ਕੇ ਹੀ ਲੋਕਾਂ ਤਕ ਪੁੱਜਣ ਦਿੱਤੀਆਂ ਜਾ ਰਹੀਆਂ ਹਨ, ਪਰ ਇਸ ਨਾਲ ਲੋਕਾਂ ਵਿਚ ਬੇਗਾਨਗੀ ਘਟ ਨਹੀਂ ਰਹੀ, ਬਲਕਿ ਵਧ ਹੀ ਰਹੀ ਹੈ। ਇਹੀ ਕਾਰਨ ਹੈ ਕਿ ਇੰਨੀ ਵੱਡੀ ਪੱਧਰ ਉਤੇ ਲਾਮਬੰਦੀ ਦੇ ਬਾਵਜੂਦ ਸਰਕਾਰ ਨੂੰ ਅਜੇ ਤਕ ਉਥੇ ਉਹ ਸਫਲਤਾ ਨਹੀਂ ਮਿਲ ਜਿਸ ਦੀ ਤਵੱਕੋ ਕੀਤੀ ਜਾ ਰਹੀ ਸੀ। ਭਾਰਤ ਦੇ ਕਈ ਹੋਰ ਹਿੱਸਿਆਂ ਵਿਚ ਵੀ ਅਜਿਹੀ ਉਥਲ-ਪੁਥਲ ਲਗਾਤਾਰ ਚੱਲ ਰਹੀ ਹੈ। ਅਜਿਹੀ ਉਥਲ-ਪੁਥਲ ਦਾ ਫਿਲਹਾਲ ਆਪਸ ਵਿਚ ਕੋਈ ਸੰਪਰਕ ਨਹੀਂ ਹੈ। ਜਿਸ ਦਿਨ ਇਹ ਸੰਪਰਕ ਕਾਇਮ ਹੋ ਗਿਆ, ਨਜਿੱਠਣਾ ਮੁਸ਼ਕਿਲ ਹੋ ਜਾਵੇਗਾ। ਕਸ਼ਮੀਰ ਦੀ ਰਾਮਬਨ ਘਟਨਾ ਦਾ ਜਵਾਬ ਫੌਜ ਦੇ ਬੂਟਾਂ ਦੀ ਦਗੜ ਦਗੜ ਨਹੀਂ ਹੈ। ਇਨ੍ਹਾਂ ਬੂਟਾਂ ਨੇ ਬੇਗਾਨਗੀ ਦੇ ਅਹਿਸਾਸ ਨੂੰ ਸਦਾ ਤੀਬਰ ਹੀ ਕੀਤਾ ਹੈ। ਇਨ੍ਹਾਂ ਘਟਨਾਵਾਂ ਦਾ ਮਾੜਾ ਪੱਖ ਇਹੀ ਹੈ ਕਿ ਇਨ੍ਹਾਂ ਬਾਰੇ ਬਹੁ-ਪੱਖੀ ਪਹੁੰਚ ਨਹੀਂ ਅਪਨਾਈ ਜਾ ਰਹੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਚਾਚੇ ਦੀ ਸ਼ਾਇਰੀ ਬੇ-ਅਸਰ!*

ਭਾਅ ਮਾਰਦੀ ਲਾਲੀ ਨਾ ਚਿਹਰਿਆਂ 'ਤੇ, ਪਾਣੀ ਭਰ ਗਿਆ ਹੋਵੇ ਵਿਚ ਗੁਰਦਿਆਂ ਦੇ।
ਖਾ ਕੇ 'ਬੁਰਕੀਆਂ' ਜਿਨ੍ਹਾਂ ਦਾ ਮੱਚ ਮਰਿਆ, ਰਲਣਾ ਉਨ੍ਹਾਂ ਕੀ ਮਟਕ ਨਾਲ ਤੁਰਦਿਆਂ ਦੇ।
ਸਿਰਾਂ ਵਿਚ ਨਾ ਅਕਲ ਦੀ ਗੱਲ ਵੜਦੀ, ਬੇਈਮਾਨੀ ਲਈ ਫੁਰਨਿਆਂ ਫੁਰਦਿਆਂ ਦੇ।
ਕਰਦੇ ਕਦੇ ਮਨੋਰੰਜਨ ਨਾ ਗੀਤ ਗਜ਼ਲਾਂ, ਖਾਤਰ ਰੋਟੀ ਦੀ ਚਿੰਤਾ ਵਿਚ ਝੁਰਦਿਆਂ ਦੇ।
ਟੁੱਟੇ ਜੋੜ ਮੁੜ ਜੋੜਨੇ ਬਹੁਤ ਔਖੇ, ਮਾਇਕ-ਭੁੱਖ ਵਿਚ ਰਿਸ਼ਤਿਆਂ ਖੁਰਦਿਆਂ ਦੇ।
ਸ਼ਾਇਰੀ ਕਰਦਿਆਂ 'ਬੇ-ਲਿਹਾਜ਼' ਚਾਚਾ, ਆਰਾਂ ਮਾਰਦਾ ਕਾਹਨੂੰ ਤੂੰ ਮੁਰਦਿਆਂ ਦੇ?

# ਅਹਿੰਸਾ ਦੇ ਪੈਰੋਕਾਰਾਂ ਦਾ ਖੂੰਖਾਰ ਨਿਜ਼ਾਮ

*ਜਿਹਨੇ ਰੋਜ਼ਗਾਰ ਲੈਣਾ ਹੈ, ਠੇਕੇਦਾਰਾਂ ਅੱਗੇ ਝੋਲੀ ਅੱਡੋ ਅਤੇ ਉਨ੍ਹਾਂ ਦੀਆਂ ਕਰੜੀਆਂ ਸ਼ਰਤਾਂ ਤੇ ਨਿਗੂਣੀਆਂ ਤਨਖ਼ਾਹਾਂ ਵਾਲਾ ਆਰਜ਼ੀ ਰੋਜ਼ਗਾਰ ਹਾਸਲ ਕਰ ਲਉ! ਬਾਦਲਕਿਆਂ ਦੀ 'ਪੰਥਕ' ਸਰਕਾਰ ਇਸ ਨੀਤੀ ਦੀ ਉਮਦਾ ਮਿਸਾਲ ਹੈ। ਪੰਜਾਬ ਵਿਚ ਸਕੂਲਾਂ ਸਮੇਤ 29 ਮਹਿਕਮੇ ਸਰਕਾਰ ਨੇ ਪੰਚਾਇਤਾਂ ਦੇ ਹਵਾਲੇ ਕਰ ਛੱਡੇ ਹਨ। ਮੁੱਢਲੇ ਸਕੂਲਾਂ ਵਿਚ 16,766 ਅਸਾਮੀਆਂ ਖਾਲੀ ਹਨ। ਹਰ ਮਹਿਕਮੇ ਵਿਚ ਇਕੋ ਕਹਾਣੀ ਹੈ: ਕੰਮ ਦਾ ਭਾਰੀ ਬੋਝ, ਵੱਡੇ ਪੈਮਾਨੇ 'ਤੇ ਅਸਾਮੀਆਂ ਖਾਲੀ ਤੇ ਉੱਪਰੋਂ ਬੜਬੋਲੇ ਹਿੱਸੇ ਦੀ ਬੇਸਮਝ ਭੰਡੀ ਅੱਡ ਕਿ ਮੁਲਾਜ਼ਮ ਕੰਮ ਨਹੀਂ ਕਰਦੇ। ਦਹਿ ਹਜ਼ਾਰਾਂ ਨੌਜਵਾਨ ਡਿਗਰੀਆਂ ਲੈ ਕੇ ਬੇਰੋਜ਼ਗਾਰ ਬੈਠੇ ਹਨ। ਪੂਰੀ ਤਰ੍ਹਾਂ ਯੋਗਤਾ ਪ੍ਰਾਪਤ। ਹਕੂਮਤ ਨਵੀਂ ਭਰਤੀ ਕਰਨ ਲਈ ਤਿਆਰ ਨਹੀਂ ਹੈ। ਜੇ ਭਰਤੀ ਦੀ ਖ਼ਾਨਾਪੂਰਤੀ ਕਰ ਵੀ ਲਈ ਜਾਂਦੀ ਹੈ, ਫਿਰ ਉਨ੍ਹਾਂ ਨੂੰ ਖਾਲੀ ਅਸਾਮੀਆਂ 'ਤੇ ਭੇਜਣ ਤੋਂ ਕਿਸੇ ਨਾ ਕਿਸੇ ਬਹਾਨੇ ਟਾਲਾ ਵੱਟਿਆ ਜਾਂਦਾ ਹੈ।*

**ਬੂਟਾ ਸਿੰਘ**
ਫ਼ੋਨ: 91-94634-74342

ਤਰਨਤਾਰਨ ਜ਼ਿਲ੍ਹੇ ਵਿਚ ਬੇਰੁਜ਼ਗਾਰ ਲਾਈਨਮੈਨ ਵਲੋਂ ਖ਼ੁਦਕੁਸ਼ੀ, ਮਾਨਸਾ ਜ਼ਿਲ੍ਹੇ ਦੇ ਮੁੱਖ ਸਰਕਾਰੀ ਕਾਲਜ ਵਿਚ ਦਾਖ਼ਲਾ ਲੈਣ ਲਈ ਵਿਦਿਆਰਥੀਆਂ ਵਲੋਂ ਸੀਟਾਂ ਵਧਾਏ ਜਾਣ ਦੀ ਮੰਗ ਅਤੇ ਬਿਹਾਰ ਦੇ ਛਪਰਾ ਜ਼ਿਲ੍ਹੇ ਵਿਚ ਸਰਕਾਰੀ ਸਕੂਲ ਵਿਚ ਦੁਪਹਿਰ ਦਾ ਜ਼ਹਿਰੀਲਾ ਖਾਣਾ ਖਾਣ ਨਾਲ ਬੱਚਿਆਂ ਦੀ ਮੌਤ- ਇਹ ਤਿੰਨ ਵੱਖ-ਵੱਖ ਵਰਤਾਰੇ ਹੁੰਦਿਆਂ ਹੋਇਆਂ ਵੀ ਇਨ੍ਹਾਂ ਦੀ ਤੰਦ ਸਾਂਝੀ ਹੈ। ਇਨ੍ਹਾਂ ਦਾ ਸਾਂਝਾ ਪੈਗ਼ਾਮ ਇਹ ਹੈ ਕਿ ਭਾਰਤੀ ਹੁਕਮਰਾਨਾਂ ਦਾ ਆਰਥਿਕ ਵਿਕਾਸ ਦਾ ਮਾਡਲ, ਮੁਲਕ ਦੇ ਆਵਾਮ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰ ਰਿਹਾ ਹੈ ਅਤੇ ਉਨ੍ਹਾਂ ਨੂੰ ਤਬਾਹੀ, ਬਰਬਾਦੀ ਤੇ ਮੌਤ ਵੱਲ ਧੱਕ ਰਿਹਾ ਹੈ।

ਗਿਣੀ-ਮਿਥੀ ਵਿਉਂਤ ਤਹਿਤ ਵਿਸ਼ਵੀਕਰਨ ਦੀ ਦੌੜ ਵਿਚ ਪਿਛੜ ਜਾਣ ਦਾ ਹਊਆ ਖੜ੍ਹਾ ਕਰ ਕੇ ਹੁਕਮਰਾਨਾਂ ਵਲੋਂ ਆਰਥਿਕਤਾ ਦੇ ਉਦਾਰੀਕਰਨ ਅਤੇ ਨਿੱਜੀਕਰਨ ਨੂੰ ਮੁਲਕ ਦੀ ਹਰ ਮਰਜ਼ ਦਾ ਇਲਾਜ ਬਣਾ ਕੇ ਪੇਸ਼ ਕੀਤਾ ਗਿਆ ਅਤੇ ਮੁਲਕ ਦਾ ਸਭ ਕੁਝ ਆਲਮੀ ਤੇ ਦੇਸੀ ਕਾਰਪੋਰੇਟ ਸਰਮਾਏਦਾਰੀ ਦੀ ਝੋਲੀ ਪਾ ਦਿੱਤਾ ਗਿਆ। ਪਹਿਲਾਂ ਹੀ ਘੋਰ ਨਾ-ਬਰਾਬਰੀ, ਬੇ-ਇਨਸਾਫ਼ੀ, ਗ਼ਰੀਬੀ, ਬੇਕਾਰੀ, ਇਲਾਜ ਖੁਣੋਂ ਪਲ ਪਲ ਮਰਨ ਦੀ ਬੇਵਸੀ ਦੀ ਹਾਲਤ ਨੂੰ ਹੋਰ ਵਿਰਾਟ ਅਤੇ ਭਿਆਨਕ ਬਣਾ ਦਿੱਤਾ ਗਿਆ। ਇਸ ਵਿਤਕਰੇ ਨੂੰ ਦੂਰ ਕਰ ਕੇ ਸਭ ਨੂੰ ਪੜ੍ਹਨ-ਲਿਖਣ ਦੇ ਬਰਾਬਰ ਮੌਕੇ ਦੇਣ ਦੀ ਥਾਂ ਪੜ੍ਹਾਈ ਨੂੰ ਉਲਟਾ ਖੁੱਲ੍ਹਾ ਵਪਾਰ ਬਣਾ ਦਿੱਤਾ ਗਿਆ। ਪਹਿਲਾਂ ਹੀ ਹਾਸ਼ੀਏ 'ਤੇ ਧੱਕਿਆ ਬਹੁ-ਗਿਣਤੀ ਆਵਾਮ ਹੁਣ ਸਿੱਖਿਆ ਦੇ ਖੇਤਰ ਵਿਚੋਂ ਲਗਭਗ ਬਾਹਰ ਹੈ। ਧੜਾਧੜ ਖੁੱਲ੍ਹੇ ਮਹਿੰਗੇ ਤੇ ਸਹੂਲਤਾਂ ਨਾਲ ਲੈਸ ਨਿੱਜੀ ਸਕੂਲਾਂ (ਸਟਾਰ ਸੰਸਥਾਵਾਂ) ਦੀ ਭਰਮਾਰ ਵਿਚ ਘਿਰੀ 'ਵਿਦਿਆ ਵੀਚਾਰੀ' ਦੀ ਬੁਨਿਆਦ 'ਮੁਢਲੀ ਸਰਕਾਰੀ ਸਿੱਖਿਆ' ਦੀ ਹਾਲਤ ਗਿਰਝਾਂ ਵਿਚ ਘਿਰੀ ਘੁੱਗੀ ਵਰਗੀ ਹੈ।

ਸਾਢੇ ਛੇ ਲੱਖ ਪ੍ਰਾਇਮਰੀ ਸਕੂਲਾਂ ਵਿਚ ਅਧਿਆਪਕਾਂ ਦੀਆਂ 7 ਲੱਖ ਅਸਾਮੀਆਂ ਖਾਲੀ ਪਈਆਂ ਹਨ ਅਤੇ ਸਿਖਿਆ ਮੁਹੱਈਆ ਕਰ ਰਹੇ 21 ਫ਼ੀ ਸਦੀ ਅਧਿਆਪਕ ਅਨ-ਟਰੇਂਡ ਹਨ। ਸਿਤਮ ਜ਼ਰੀਫ਼ੀ ਇਹ ਕਿ ਇਨ੍ਹਾਂ ਅਧਿਆਪਕਾਂ ਨੂੰ ਪੂਰਾ ਸਾਲ ਪੜ੍ਹਾਈ ਦੀ ਥਾਂ ਹੋਰ ਹੋਰ ਕੰਮਾਂ 'ਚ ਇੰਨਾ ਉਲਝਾਇਆ ਜਾਂਦਾ ਹੈ ਕਿ ਪੜ੍ਹਾਈ ਵੱਲ ਕੋਈ ਧਿਆਨ ਹੀ ਨਹੀਂ ਹੈ। ਦੁਪਹਿਰ ਦੇ ਖਾਣੇ ਦੀ ਸਕੀਮ ਅਜਿਹਾ ਹੀ ਸਟੰਟ ਹੈ ਜੋ ਕੁਪੋਸ਼ਣ ਦਾ ਸ਼ਿਕਾਰ ਬੱਚਿਆਂ ਨੂੰ ਇਕ ਡੰਗ ਖਾਣਾ ਦੇਣ ਦੇ ਨਾਂ ਹੇਠ ਚਲਾਈ ਗਈ। ਸਰਕਾਰੀ ਅੰਕੜਿਆਂ ਅਨੁਸਾਰ ਮੁਲਕ ਦੇ 50 ਫ਼ੀ ਸਦੀ ਤੋਂ ਵੱਧ ਬੱਚੇ ਪੌਸ਼ਟਿਕ ਖਾਣੇ ਤੋਂ ਵਾਂਝੇ ਹੋਣ ਕਾਰਨ ਸੋਕੜੇ ਵਰਗੀ ਹਾਲਤ 'ਚ ਹਨ। ਅਜਿਹੀ ਹਾਲਤ ਅੰਦਰ 20 ਰੁਪਏ ਵਿਚ ਪੂਰਾ ਦਿਨ ਟੱਬਰ ਦੀ ਡੰਗ ਟਪਾਈ ਕਰਨ ਵਾਲੀ 77 ਫ਼ੀ ਸਦੀ ਪਰਜਾ ਦੀ ਮੂਲ ਮਰਜ ਦਾ ਇਲਾਜ ਕਰਨ ਦੀ ਥਾਂ ਨਵੇਂ ਰਾਜਿਆਂ ਨੇ ਮੁਢਲੇ ਸਕੂਲਾਂ ਵਿਚ ਦੁਪਹਿਰ ਦੇ ਖਾਣੇ ਦੀ ਖ਼ੈਰਾਤ ਸ਼ੁਰੂ ਕਰ ਕੇ ਇਸ ਬਹਾਨੇ ਹਜ਼ਾਰਾਂ ਕਰੋੜ ਰੁਪਏ (2013-14 ਦਾ ਬਜਟ 13215 ਕਰੋੜ ਰੁਪਏ) ਡਕਾਰ ਜਾਣ ਦਾ ਨਵਾਂ ਰਾਹ ਕੱਢ ਲਿਆ ਗਿਆ। ਟਾਈਆਂ, ਬੈਲਟਾਂ, ਵਰਦੀ, ਕਿਤਾਬਾਂ ਤੇ ਦੁਪਹਿਰ ਦਾ ਖਾਣਾ ਮੁਫ਼ਤ, ਪਰ ਪੜ੍ਹਾਈ ਕੋਈ ਨਹੀਂ। 'ਸਰਵ ਸਿਖਿਆ ਅਭਿਆਨ', 'ਪਹਿਲੀ ਜਮਾਤ ਤੋਂ ਅੰਗਰੇਜ਼ੀ' ਵਰਗੀਆਂ ਮੁਹਿੰਮਾਂ ਦਾ ਖ਼ਾਲਸ ਦੰਭ ਹੀ ਹੈ ਜਿਸ ਦੀ ਆੜ ਹੇਠ ਬਹੁ-ਗਿਣਤੀ ਬੱਚਿਆਂ ਨੂੰ ਅੱਖਰ ਉਠਾਉਣ ਤੋਂ ਅੱਗੇ ਨਹੀਂ ਜਾਣ ਦਿੱਤਾ ਜਾਂਦਾ। ਇਹ ਪੜ੍ਹਾਈ ਦੇ ਨਾਂ ਹੇਠ ਵਾਂਝੇ ਹਿੱਸਿਆਂ ਨੂੰ ਅਣਪੜ੍ਹ ਅਤੇ ਸਰਕਾਰੀ ਖ਼ੈਰਾਤਾਂ ਦੀ ਉਡੀਕ 'ਚ ਬੇਵੱਸ ਬੈਠੇ ਮੰਗਤੇ ਬਣਾਈ ਰੱਖਣ ਦੀ ਸਾਜ਼ਿਸ਼ ਤੋਂ ਬਿਨਾਂ ਹੋਰ ਕੁਝ ਨਹੀਂ ਹੈ। ਜਦੋਂ ਉਹ ਪੜ੍ਹ ਹੀ ਨਹੀਂ ਸਕਣਗੇ ਤਾਂ ਚੰਗੀ ਨੌਕਰੀ ਦੇ ਹੱਕਦਾਰ ਤੇ ਦਾਅਵੇਦਾਰ ਕਿਵੇਂ ਬਣਨਗੇ? ਓੜਕ ਉਨ੍ਹਾਂ ਦੇ ਹੱਥ ਠੂਠਾ ਫੜਾ ਕੇ ਨਰੇਗਾ ਮਜ਼ਦੂਰਾਂ ਜਾਂ ਬੇਕਾਰਾਂ ਦੀ ਕਤਾਰ ਵਿਚ ਖੜ੍ਹਾ ਕਰ ਦਿੱਤਾ ਜਾਵੇਗਾ। ਅਹਿਸਾਨ ਵੱਖਰਾ ਜਤਾਇਆ ਜਾਵੇਗਾ ਕਿ ਤੁਹਾਨੂੰ ਸਾਲ ਵਿਚ 100 ਦਿਨ ਰੋਜ਼ਗਾਰ ਦਿੱਤਾ ਜਾ ਰਿਹਾ ਹੈ।

ਇੰਜ ਸਮਾਜ ਉੱਪਰ ਭਾਰੂ ਹੁਕਮਰਾਨ ਜਮਾਤਾਂ, ਕੁਲੀਨ ਅਤੇ ਮੱਧ ਵਰਗਾਂ ਦੀ ਸਿੱਖਿਆ ਉੱਪਰ ਅਜਾਰੇਦਾਰੀ ਬਣਾ ਦਿੱਤੀ ਗਈ ਹੈ। ਤਾਜ਼ਾ ਮਰਦਮਸ਼ੁਮਾਰੀ ਭਾਵੇਂ 74 ਫ਼ੀ ਸਦੀ ਆਬਾਦੀ ਦੇ ਸਾਖ਼ਰ ਹੋਣ ਦੇ ਲੱਖ ਦਾਅਵੇ ਕਰੀ ਜਾਵੇ, ਹਕੀਕਤ ਇਹ ਹੈ ਕਿ ਇਹ ਪੜ੍ਹਾਈ ਦੇ ਨਾਂ ਹੇਠ ਨਵੀਂ ਕਿਸਮ ਦੇ ਅਣਪੜ੍ਹ ਤਿਆਰ ਕਰਨ ਵਾਲੀ ਸਰਕਾਰੀ ਇੰਡਸਟਰੀ ਹੈ ਜੋ ਹੋਰ ਰੂਪ 'ਚ ਅਣਪੜ੍ਹਤਾ ਨੂੰ ਜ਼ਰਬਾਂ ਦੇ ਰਹੀ ਹੈ। ਖਾਣਾ ਕਿਹੋ ਜਿਹਾ 'ਪੌਸ਼ਟਿਕ' ਹੈ, ਇਹ ਇਕੋ ਦਿਨ ਵਿਚ ਬਿਹਾਰ ਵਿਚ 27 ਬੱਚਿਆਂ ਦੀ ਮੌਤ, ਤਾਮਿਲਨਾਡੂ ਵਿਚ 150 ਦੇ ਕਰੀਬ ਬੱਚਿਆਂ ਦੇ ਬਿਮਾਰ ਹੋਣ, ਦਿੱਲੀ ਵਿਚ 200 ਬੱਚਿਆਂ ਦੇ ਆਇਰਨ ਦੀਆਂ ਸਰਕਾਰੀ ਗੋਲੀਆਂ ਖਾ ਕੇ ਮੰਜੇ ਮੱਲ ਲੈਣ ਅਤੇ ਪੰਜਾਬ ਸਮੇਤ ਪੂਰੇ ਮੁਲਕ ਵਿਚ ਆਏ ਦਿਨ ਇਸ ਸਕੀਮ ਦੇ ਨਾਂ ਹੇਠ ਗ਼ਰੀਬਾਂ ਨੂੰ ਮਿਆਦ ਲੰਘਿਆ, ਘਟੀਆ, ਸੁੰਡੀਆਂ ਵਾਲਾ ਖਾਣ ਦੇ ਨਾ-ਕਾਬਲ ਖਾਣਾ ਪਰੋਸੇ ਜਾਣ ਦੀਆਂ ਖ਼ਬਰਾਂ ਤੋਂ ਜੱਗ ਜ਼ਾਹਰ ਹੈ।

ਪੜ੍ਹਾਈ ਦੇ ਅਗਲੇ ਡੰਡੇ ਉਚੇਰੀ ਪੜ੍ਹਾਈ ਦਾ ਆਲਮ ਇਹ ਹੈ ਕਿ 77 ਫ਼ੀ ਸਦੀ ਅਬਾਦੀ ਦੇ ਬੱਚੇ ਤਾਂ ਕਾਲਜ 'ਚ ਪੈਰ ਧਰਨ ਦਾ ਖ਼ਵਾਬ ਵੀ ਨਹੀਂ ਲੈ ਸਕਦੇ। ਦਰਮਿਆਨਾ ਅਤੇ ਥੋੜ੍ਹੀ ਆਮਦਨ ਵਾਲਾ ਜਾਂ ਨੌਕਰੀਪੇਸ਼ਾ ਹਿੱਸਾ ਵੀ ਘਰ ਕਲੂੰਜ ਕੇ ਬੱਚਿਆਂ ਦੀ ਤਕਨੀਕੀ, ਮੈਡੀਕਲ ਅਤੇ ਪੇਸ਼ੇਵਰ ਡਿਗਰੀਆਂ ਦੀ ਉਚੇਰੀ ਪੜ੍ਹਾਈ ਦੇ ਖ਼ਰਚੇ ਮਸਾਂ ਹੀ ਪੂਰੇ ਕਰਦਾ ਹੈ। ਅਜਿਹੇ ਖ਼ਰਚੇ ਕਰਨ ਦੀ ਪਰੋਖੇ ਨਾ ਹੋਣ ਕਾਰਨ ਇਕ ਚੋਖਾ ਹਿੱਸਾ ਜਦੋਂ ਸਾਧਾਰਨ ਡਿਗਰੀਆਂ ਲੈਣ ਲਈ ਕਾਲਜਾਂ 'ਚ ਪਹੁੰਚਦਾ ਹੈ ਤਾਂ ਸੀਮਤ ਸੀਟਾਂ ਕਾਰਨ ਪੜ੍ਹਾਈ ਦੇ ਮੰਦਰਾਂ ਦੇ ਫਾਟਕ ਬੰਦ ਮਿਲਦੇ ਹਨ। ਮਾਨਸਾ ਦੇ ਮੁੱਖ ਸਰਕਾਰੀ ਕਾਲਜ ਦੀਆਂ 800 ਸੀਟਾਂ ਵਿਦਿਆਰਥੀਆਂ ਦੀ ਮੰਗ ਦੇ ਮੁਕਾਬਲੇ ਕੁਝ ਵੀ ਨਹੀਂ ਜੋ ਪੂਰੇ ਸੂਬੇ ਦੀ ਕਾਲਜੀ ਪੜ੍ਹਾਈ ਦੀ ਨਮੂਨੇ ਦੀ ਮਿਸਾਲ ਹੈ। ਪੰਜਾਬ ਨੂੰ ਕੈਲੇਫੋਰਨੀਆ ਬਣਾਉਣ ਦੇ ਦਮਗਜੇ ਮਾਰਨ ਵਾਲੀ 'ਪੰਥਕ' ਸਰਕਾਰ ਤੋਂ ਲੈ ਕੇ ਸਥਾਨਕ ਪ੍ਰਸ਼ਾਸਨ ਤੱਕ ਕੋਈ ਵੀ ਪਿਛਲੇ ਦਹਾਕੇ ਤੋਂ ਵਿਦਿਆਰਥੀਆਂ ਦੀ ਇਸ ਗੰਭੀਰ ਸਮੱਸਿਆ ਵੱਲ ਤਵੱਜੋਂ ਦੇਣ ਲਈ ਤਿਆਰ ਨਹੀਂ। ਜਦੋਂ ਦਾਖ਼ਲਿਆਂ ਮੌਕੇ ਅੱਕੇ-ਸਤੇ ਵਿਦਿਆਰਥੀ ਧਰਨਿਆਂ, ਮੁਜ਼ਾਹਰਿਆਂ ਦੇ ਰਾਹ ਪੈਂਦੇ ਹਨ, ਫਿਰ ਉਨ੍ਹਾਂ ਨੂੰ ਦਬਾਉਣ ਲਈ ਪੁਲਿਸ ਦੇ ਲਸ਼ਕਰਾਂ ਦੀ ਕੋਈ ਘਾਟ ਨਹੀਂ ਹੈ; ਕਿਉਂਕਿ ਇਹੀ ਤਾਂ ਨੌਕਰੀਆਂ ਦੀ ਇਕੋ ਇਕ ਭਰਤੀ ਹੈ!

ਐਨੀਆਂ ਮੁਸ਼ਕਿਲਾਂ ਅਤੇ ਢਾਂਚਾਗਤ ਰੁਕਾਵਟਾਂ ਦੇ ਬਾਵਜੂਦ ਜਿਹੜੀ ਬੱਚੇ ਕਿਸੇ ਨਾ ਕਿਸੇ ਤਰ੍ਹਾਂ ਡਿਗਰੀਆਂ ਡਿਪਲੋਮੇ ਕਰਨ 'ਚ ਕਾਮਯਾਬ ਹੋ ਜਾਂਦੇ ਹਨ, ਉਨ੍ਹਾਂ ਲਈ ਦੁਸ਼ਵਾਰੀਆਂ ਦੀ ਪੌੜੀ ਦਾ ਅਗਲਾ ਪੌਡਾ ਹਾਜ਼ਰ ਹੈ। ਹੁਕਮਰਾਨਾਂ ਨੇ ਪੱਕੀਆਂ ਸਰਕਾਰੀ ਨੌਕਰੀਆਂ ਦੀ ਭਰਤੀ ਬੰਦ ਕਰ ਕੇ ਅਤੇ ਹਰ ਸਰਕਾਰੀ ਮਹਿਕਮੇ ਵਿਚ ਠੇਕੇ ਉੱਪਰ ਆਰਜ਼ੀ ਭਰਤੀ ਦੀ ਨੀਤੀ ਜ਼ੋਰ-ਸ਼ੋਰ ਨਾਲ ਲਾਗੂ ਕਰ ਕੇ ਰੋਜ਼ਗਾਰ ਦਾ ਸੀਮਤ ਵਸੀਲਾ ਵੀ ਖ਼ਤਮ ਕਰ ਦਿੱਤਾ ਹੈ। ਛੋਟੀਆਂ ਸਨਅਤਾਂ ਬੰਦ ਹਨ, ਰਹਿੰਦੀਆਂ ਬੰਦ ਹੋਣ ਕਿਨਾਰੇ ਹਨ। ਖੇਤੀ ਘੋਰ ਸੰਕਟ ਵਿਚ ਹੈ। ਕਿਸਾਨ ਖੇਤੀ ਛੱਡ ਕੇ ਮਜ਼ਦੂਰ ਬਣ ਰਹੇ ਹਨ। ਨਵੀਆਂ ਸਨਅਤਾਂ ਤਕਨੀਕ ਮੁਖੀ ਹਨ ਜਿੱਥੇ ਉਂਗਲਾਂ 'ਤੇ ਗਿਣੇ ਜਾਣ ਵਾਲਿਆਂ ਨੂੰ ਹੀ ਰੋਜ਼ਗਾਰ ਮਿਲ ਸਕਦਾ ਹੈ। ਫਿਰ ਰਾਹ ਕੀ ਹੈ?

ਜਿਹਨੇ ਰੋਜ਼ਗਾਰ ਲੈਣਾ ਹੈ, ਠੇਕੇਦਾਰਾਂ ਅੱਗੇ ਝੋਲੀ ਅੱਡੋ ਅਤੇ ਉਨ੍ਹਾਂ ਦੀਆਂ ਕਰੜੀਆਂ ਸ਼ਰਤਾਂ ਤੇ ਨਿਗੂਣੀਆਂ ਤਨਖ਼ਾਹਾਂ ਵਾਲਾ ਆਰਜ਼ੀ ਰੋਜ਼ਗਾਰ ਹਾਸਲ ਕਰ ਲਓ! ਬਾਦਲਕਿਆਂ ਦੀ 'ਪੰਥਕ' ਸਰਕਾਰ ਇਸ ਨੀਤੀ ਦੀ ਉਮਦਾ ਮਿਸਾਲ ਹੈ। ਪੰਜਾਬ ਵਿਚ ਸਕੂਲਾਂ ਸਮੇਤ 29 ਮਹਿਕਮੇ ਸਰਕਾਰ ਨੇ ਪੰਚਾਇਤਾਂ ਦੇ ਹਵਾਲੇ ਕਰ ਛੱਡੇ ਹਨ। ਮੁੱਢਲੇ ਸਕੂਲਾਂ ਵਿਚ 16,766 ਅਸਾਮੀਆਂ ਖਾਲੀ ਹਨ। ਹਰ ਮਹਿਕਮੇ ਵਿਚ ਇਕੋ ਕਹਾਣੀ ਹੈ: ਕੰਮ ਦਾ ਭਾਰੀ ਬੋਝ, ਵੱਡੇ ਪੈਮਾਨੇ 'ਤੇ ਅਸਾਮੀਆਂ ਖਾਲੀ ਤੇ ਉੱਪਰੋਂ ਬੜਬੋਲੇ ਹਿੱਸੇ ਦੀ ਬੇਸਮਝ ਭੰਡੀ ਅੱਡ ਕਿ ਮੁਲਾਜ਼ਮ ਕੰਮ ਨਹੀਂ ਕਰਦੇ। ਦਹਿ ਹਜ਼ਾਰਾਂ ਨੌਜਵਾਨ ਡਿਗਰੀਆਂ ਲੈ ਕੇ ਬੇਰੋਜ਼ਗਾਰ ਬੈਠੇ ਹਨ। ਪੂਰੀ ਤਰ੍ਹਾਂ ਯੋਗਤਾ ਪ੍ਰਾਪਤ। ਹਕੂਮਤ ਨਵੀਂ ਭਰਤੀ ਕਰਨ ਲਈ ਤਿਆਰ ਨਹੀਂ ਹੈ। ਜੇ ਭਰਤੀ ਦੀ ਖ਼ਾਨਾਪੂਰਤੀ ਕਰ ਵੀ ਲਈ ਜਾਂਦੀ ਹੈ, ਫਿਰ ਉਨ੍ਹਾਂ ਨੂੰ ਖਾਲੀ ਅਸਾਮੀਆਂ 'ਤੇ ਭੇਜਣ ਤੋਂ ਕਿਸੇ ਨਾ ਕਿਸੇ ਬਹਾਨੇ ਟਾਲਾ ਵੱਟਿਆ ਜਾਂਦਾ ਹੈ।

ਪੰਜਾਬ ਦੀ ਪਾਵਰਕਾਮ ਵਿਚ ਲਾਈਨਮੈਨਾਂ ਦੀਆਂ 7,000 ਅਸਾਮੀਆਂ ਖਾਲੀ ਪਈਆਂ ਹਨ ਪਰ ਕਾਰਪੋਰੇਸ਼ਨ ਵਲੋਂ ਸਿਰਫ਼ 1000 ਲਾਈਨਮੈਨ ਭਰਤੀ ਕੀਤੇ ਗਏ। ਬੇਰੁਜ਼ਗਾਰ ਲਾਈਨਮੈਨ ਸੰਨ 2011 ਤੋਂ ਰੋਜ਼ਗਾਰ ਦੀ ਮੰਗ ਨੂੰ ਲੈ ਕੇ ਲਗਾਤਾਰ ਸੰਘਰਸ਼ ਦੇ ਰਾਹ ਪਏ ਹੋਏ ਹਨ। ਇਥੋਂ ਤਕ ਕਿ ਉਨ੍ਹਾਂ ਦੇ ਪਰਿਵਾਰ- ਬੱਚੇ, ਮਾਂ-ਬਾਪ ਆਦਿ, ਵੀ ਉਨ੍ਹਾਂ ਦੇ ਸੰਘਰਸ਼ ਵਿਚ ਲਗਾਤਾਰ ਸ਼ਾਮਲ ਚਲੇ ਆ ਰਹੇ ਹਨ। ਬੇਰੋਜ਼ਗਾਰ ਲਾਈਨਮੈਨ ਸਰਕਾਰੀ ਇਕੱਠਾਂ 'ਚ ਨਾਅਰੇਬਾਜ਼ੀ, ਮੰਤਰੀਆਂ ਦੇ ਘਿਰਾਉ, ਧਰਨੇ-ਮੁਜ਼ਾਹਰਿਆਂ ਤੋਂ ਲੈ ਕੇ ਜੇਲ੍ਹਾਂ ਵਿਚ ਹਫ਼ਤਿਆਂ ਬੱਧੀ ਮਰਨ ਵਰਤ ਰੱਖਣ ਵਰਗੇ ਜ਼ੋਖ਼ਮ ਭਰੇ ਕਦਮ ਚੁੱਕ ਕੇ ਸਰਕਾਰ ਨੂੰ ਗੱਲਬਾਤ ਦੀ ਮੇਜ਼ 'ਤੇ ਆਉਣ ਲਈ ਵਾਰ ਵਾਰ ਮਜਬੂਰ ਕਰਦੇ ਰਹੇ ਹਨ। ਹੁਕਮਰਾਨ ਲਾਰੇ ਲਾ ਕੇ ਤੇ ਵਾਅਦੇ ਕਰ ਕੇ ਉਨ੍ਹਾਂ ਦਾ ਸੰਘਰਸ਼/ਮਰਨ ਵਰਤ ਖ਼ਤਮ ਤਾਂ ਕਰਵਾ ਦਿੰਦੇ ਹਨ, ਫਿਰ ਝਟ ਮੁੱਕਰ ਜਾਂਦੇ ਹਨ ਅਤੇ ਟਾਲਮਟੋਲ ਰਾਹੀਂ ਮਹੀਨੇ ਲੰਘਾ ਦਿੰਦੇ ਹਨ। ਆਲਮ ਇਹ ਹੈ ਕਿ ਹੁਣ ਤਾਂ ਸੰਘਰਸ਼ਸ਼ੀਲ ਜਥੇਬੰਦੀਆਂ ਹੁਕਮਰਾਨਾਂ ਦੀ ਵਾਅਦਾ ਖ਼ਿਲਾਫ਼ੀ ਦੇ ਸਬੂਤ ਵਜੋਂ ਗੱਲਬਾਤ ਦੀ ਵੀਡੀਓ ਰਿਕਾਰਡਿੰਗ ਦੀਆਂ ਸੀ.ਡੀ. ਪੇਸ਼ ਕਰਨ ਲਈ ਮਜਬੂਰ ਹੋ ਗਈਆਂ ਹਨ।

ਅਜਿਹੀ ਮੁਜਰਮਾਨਾ, ਵਾਅਦਾ ਦਰ ਵਾਅਦਾ ਖ਼ਿਲਾਫ਼ੀ ਪਿੱਛੋਂ ਵੀ ਇਨ੍ਹਾਂ ਬਦਨਸੀਬ ਬੇਰੋਜ਼ਗਾਰਾਂ ਨੂੰ ਉਮੀਦ ਸੀ ਕਿ ਸਰਕਾਰ ਨਾਲ ਹਾਲੀਆ ਮੀਟਿੰਗ ਵਿਚ ਉਨ੍ਹਾਂ ਦੀ ਦੋ ਸਾਲ ਤੋਂ ਲਟਕਦੀ ਭਰਤੀ ਦੀ ਮੰਗ ਮੰਨ ਲਈ ਜਾਵੇਗੀ, ਪਰ ਬਾਦਲ ਦੇ ਫਰਜ਼ੰਦ ਨਾਲ ਗੱਲਬਾਤ ਦੇ ਬੇਸਿੱਟਾ ਰਹਿਣ ਦਾ ਸਦਮਾ 30 ਸਾਲਾ ਨੌਜਵਾਨ ਸਰਬਜੀਤ ਸਿੰਘ ਤੋਂ ਸਹਾਰਿਆ ਨਹੀਂ ਗਿਆ ਜੋ ਰੋਜ਼ਗਾਰ ਹਾਸਲ ਕਰਨ ਦੇ ਸੰਘਰਸ਼ ਵਿਚ ਹੁਣ ਤਕ ਵੱਧ-ਚੜ੍ਹ ਕੇ ਸ਼ਾਮਲ ਹੁੰਦਾ ਰਿਹਾ ਸੀ। ਮਾਯੂਸੀ ਦੇ ਆਲਮ ਵਿਚ ਡੁੱਬਿਆ ਨੌਜਵਾਨ ਅਜਿਹੀ ਜ਼ਲਾਲਤ ਨਾਲੋਂ ਖ਼ੁਦਕੁਸ਼ੀ ਨੂੰ ਤਰਜੀਹ ਦੇ ਕੇ ਅਤੇ ਜ਼ਿੰਦਗੀ ਨੂੰ ਬਿਹਤਰ ਬਣਾਉਣ ਦੇ ਖ਼ਵਾਬਾਂ ਨੂੰ ਦਫ਼ਨ ਕਰ ਕੇ ਇਸ ਜਹਾਨੋਂ ਤੁਰ ਗਿਆ। ਉਹ ਤਾਂ ਰੋਜ਼ਗਾਰ ਨਾ

*(ਬਾਕੀ ਅਗਲੇ ਸਫੇ 'ਤੇ)*

# ਗੰਡਾਮਾਨ ਦੇ ਕਤਲੇਆਮ ਦਾ ਖੁਰਾ ਨੱਪਦਿਆਂ

***ਮਿਡ-ਡੇ ਮੀਲ ਦੀ ਤ੍ਰਾਸਦੀ ਨੇ ਕਈ ਸਵਾਲ ਸਾਹਮਣੇ ਲੈ ਆਂਦੇ ਹਨ। ਇਸ ਨਾਲ ਸਰਕਾਰਾਂ ਵੀ ਸਰਗਰਮ ਹੋਈਆਂ ਹਨ। ਕੇਂਦਰ ਸਰਕਾਰ ਨੇ ਬਿਹਾਰ ਸਰਕਾਰ ਨੂੰ ਤਾੜ ਦਿੱਤਾ ਹੈ। ਅਗਾਂਹ ਬਿਹਾਰ ਸਰਕਾਰ ਨੇ ਸਬੰਧਤ ਸਕੂਲ ਦੀ ਪ੍ਰਿੰਸੀਪਲ ਅਤੇ ਉਸ ਦੇ ਪਤੀ ਦੁਆਲੇ ਸ਼ਿਕੰਜਾ ਕੱਸ ਲਿਆ ਹੈ। ਪਹਿਲਾਂ ਵਾਂਗ ਇਕ ਵਾਰ ਫਿਰ ਮਰਜ਼ ਦੀ ਜੜ੍ਹ ਫੜਨ ਵੱਲ ਕਿਸੇ ਦਾ ਧਿਆਨ ਨਹੀਂ। ਸਾਡੇ ਕਾਲਮਨਵੀਸ ਦਲਜੀਤ ਅਮੀ ਨੇ ਆਪਣੇ ਇਸ ਲੇਖ ਰਾਹੀਂ, ਵਾਰ-ਵਾਰ ਸਾਹਮਣੇ ਆ ਰਹੀਆਂ ਇਨ੍ਹਾਂ ਮਰਜ਼ਾਂ ਦੀਆਂ ਜੜ੍ਹਾਂ ਫਰੋਲਣ ਦਾ ਯਤਨ ਕੀਤਾ ਹੈ ਅਤੇ ਦੇਸ਼ ਨੂੰ ਚਲਾ ਰਹੇ ਲੋਕਾਂ ਦੀ ਦਿਆਨਤਦਾਰੀ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਹੈ। ਨਾਲ ਹੀ ਆਵਾਮ ਦੇ ਕੋਣ ਤੋਂ ਇਹ ਮਸਲਾ ਨਿਤਾਰਨ ਦੀ ਗੱਲ ਤੋਰੀ ਹੈ। -ਸੰਪਾਦਕ***

ਸਕੂਲ ਵਿਚ ਮਿਲਣ ਵਾਲੀ ਦੁਪਹਿਰ ਦੀ ਖ਼ੁਰਾਕ ਨਾਲ ਬਿਹਾਰ ਵਿਚ 23 ਵਿਦਿਆਰਥੀਆਂ ਦੀ ਮੌਤ ਹੋ ਗਈ। ਮਰਨ ਵਾਲਿਆਂ ਦੀ ਉਮਰ ਚਾਰ ਤੋਂ 14 ਸਾਲ ਸੀ। ਧਰਮਾਸਾਤੀ ਗੰਡਾਮਾਨ ਸਕੂਲ ਦੀ ਪ੍ਰਿੰਸੀਪਲ ਅਤੇ ਉਸ ਦਾ ਪਤੀ ਫਰਾਰ ਹਨ। ਉਨ੍ਹਾਂ ਖ਼ਿਲਾਫ਼ ਕਤਲ ਅਤੇ ਸਾਜ਼ਿਸ਼ ਦੀ ਪੁਲਿਸ ਸ਼ਿਕਾਇਤ ਦਰਜ ਕੀਤੀ ਗਈ ਹੈ। ਪੁਲਿਸ ਦੀ ਜਾਂਚ ਰਪਟ ਨੇ ਉਨ੍ਹਾਂ ਨੂੰ ਕਸੂਰਵਾਰ ਠਹਿਰਾਇਆ



**ਦਲਜੀਤ ਅਮੀ**
**ਫੋਨ: 91-97811-21873**

ਹੈ। ਬਿਹਾਰ ਦੇ ਸਿੱਖਿਆ ਮੰਤਰੀ ਪੀ.ਕੇ. ਸ਼ਾਹੀ ਨੇ ਦੱਸਿਆ ਹੈ ਕਿ ਸਕੂਲ ਪ੍ਰਿੰਸੀਪਲ ਮੀਨਾ ਦੇਵੀ ਨੇ ਵਿਦਿਆਰਥੀਆਂ ਨੂੰ ਬਦਬੂਦਾਰ ਖਾਣਾ ਖਾਣ ਲਈ ਮਜਬੂਰ ਕੀਤਾ। ਮੀਨਾ ਦੇਵੀ ਦੇ ਪਤੀ ਅਰਜੁਨ ਰਾਏ ਬਾਰੇ ਸਿੱਖਿਆ ਮੰਤਰੀ ਦਾ ਕਹਿਣਾ ਹੈ ਕਿ ਉਸ ਨੇ ਘਟੀਆ ਖ਼ੁਰਾਕ ਮੁਹੱਈਆ ਕੀਤੀ, ਕਿਉਂਕਿ ਉਹ ਰਾਸ਼ਟਰੀ ਜਨਤਾ ਦਲ ਦਾ ਸਰਗਰਮ ਕਾਰਕੁਨ ਹੈ ਅਤੇ ਨਿਤੀਸ਼ ਕੁਮਾਰ ਦੀ ਸਰਕਾਰ ਨੂੰ ਬਦਨਾਮ ਕਰਨਾ ਚਾਹੁੰਦਾ ਹੈ। ਇਸ ਤ੍ਰਾਸਦੀ ਬਾਰੇ ਦਾਅਵਾ ਇਹ ਕੀਤਾ ਗਿਆ ਹੈ ਕਿ ਖ਼ੁਰਾਕ ਵਿਚ ਕੀੜੇਮਾਰ ਦਵਾਈ ਰਲੀ ਹੋਈ ਸੀ। ਇਸ ਤੋਂ ਬਾਅਦ ਸਿੱਖਿਆ ਮੰਤਰੀ ਕਹਿ ਰਹੇ ਹਨ ਕਿ ਉਹ ਅਜਿਹੀ ਤ੍ਰਾਸਦੀ ਦੇ ਮੁੜ ਕੇ ਨਾ ਵਾਪਰਨ ਦੀ ਜ਼ਿੰਮੇਵਾਰੀ ਨਹੀਂ ਲੈ ਸਕਦੇ। ਇਸ ਖ਼ੁਰਾਕ ਵਿਚ ਮੋਨੋਕਰੋਟੋਫੋਸ ਨਾਮ ਦੇ ਰਸਾਇਣ ਦੇ ਤੱਤ ਮਿਲੇ ਹਨ ਜਿਸ ਉੱਤੇ ਪਾਬੰਦੀ ਦੀ ਸਿਫ਼ਾਰਿਸ਼ 2009 ਵਿਚ ਆਲਮੀ ਸਿਹਤ ਸੰਸਥਾ (ਡਬਲਿਊ.ਐਚ.ਓ.) ਨੇ ਭਾਰਤ ਸਰਕਾਰ ਨੂੰ ਕੀਤੀ ਸੀ। ਪੁਲਿਸ ਮੁਤਾਬਕ ਖਾਣਾ ਪਕਾਉਣ ਲਈ ਵਰਤਿਆ ਗਿਆ ਤੇਲ ਮੋਨੋਕਰੋਟੋਫੋਸ ਵਾਲੇ ਪੀਪੇ ਵਿਚ ਰੱਖਿਆ ਗਿਆ ਸੀ। ਇਸੇ ਦੌਰਾਨ ਗੋਆ ਵਿਚ 30 ਵਿਦਿਆਰਥੀਆਂ ਨੂੰ ਦੁਪਹਿਰ ਦੀ ਖ਼ੁਰਾਕ ਖਾਣ ਕਾਰਨ ਇਲਾਜ ਲਈ ਹਸਪਤਾਲ ਭਰਤੀ ਕਰਵਾਉਣਾ ਪਿਆ। ਗੋਆ ਸਰਕਾਰ ਨੇ ਖ਼ੁਰਾਕ ਦਾ ਮਿਆਰ ਯਕੀਨੀ ਬਣਾਏ ਜਾਣ ਤੱਕ ਮਿਡ-ਡੇ ਮੀਲ ਯੋਜਨਾ ਨੂੰ ਮੁਅੱਤਲ ਕਰ ਦਿੱਤਾ ਹੈ।

ਇਹ ਤੱਥ ਤ੍ਰਾਸਦੀ ਬਾਰੇ ਪੇਸ਼ ਕੀਤੇ ਜਾ ਰਹੇ ਹਨ। ਦੁਨੀਆਂ ਵਿਚ ਸਕੂਲੀ ਬੱਚਿਆਂ ਲਈ ਸਭ ਤੋਂ ਵੱਡੀ ਖ਼ੁਰਾਕ ਯੋਜਨਾ ਵਜੋਂ ਪ੍ਰਚਾਰੀ ਗਈ 'ਮਿਡ-ਡੇ ਮੀਲ' ਲਾਗੂ ਕਰਨ ਦੇ ਪੱਖ ਤੋਂ ਸਵਾਲਾਂ ਦੇ ਘੇਰੇ ਵਿਚ ਹੈ। ਪੂਰੇ ਮੁਲਕ ਵਿਚ ਇਸ ਯੋਜਨਾ ਤਹਿਤ ਬਾਰਾਂ ਕਰੋੜ ਵਿਦਿਆਰਥੀਆਂ ਨੂੰ ਦੁਪਹਿਰ ਦੀ ਖ਼ੁਰਾਕ ਮੁਹੱਈਆ ਕੀਤੀ ਜਾਂਦੀ ਹੈ। ਮੌਜੂਦਾ ਤ੍ਰਾਸਦੀ ਨੂੰ ਇਸ ਯੋਜਨਾ ਨਾਲ ਜੁੜਿਆ ਸਭ ਤੋਂ ਭਿਆਨਕ ਹਾਦਸਾ ਮੰਨਿਆ ਜਾ ਸਕਦਾ ਹੈ। ਨਤੀਜੇ ਉੱਤੇ ਪਹੁੰਚਣ ਤੋਂ ਪਹਿਲਾਂ ਕੁਝ ਸੁਆਲ ਬਹੁਤ ਅਹਿਮ ਹਨ। ਇਹ ਤ੍ਰਾਸਦੀ ਬਿਨਾਂ ਸ਼ੱਕ ਸਾਜ਼ਿਸ਼ ਤਹਿਤ ਕੀਤੇ ਗਏ ਕਤਲ ਹਨ। ਸਵਾਲ ਇਹ ਹੈ ਕਿ ਕੀ ਇਸ ਸਾਜ਼ਿਸ਼ ਦੀ ਜੜ੍ਹਾਂ ਮੁਕਾਮੀ ਪ੍ਰਬੰਧਕਾਂ ਵਿਚ ਲੱਭੀਆਂ ਜਾਣੀਆਂ ਹਨ, ਜਾਂ ਇਹ ਕਿਤੇ ਹੋਰ ਲੱਗੀਆਂ ਹੋਈਆਂ ਹਨ? ਇਨ੍ਹਾਂ ਮਾਸੂਮਾਂ ਦੇ ਕਾਤਲਾਂ ਦੀ ਸ਼ਨਾਖ਼ਤ ਮੀਨਾ ਦੇਵੀ ਅਤੇ ਅਰਜੁਨ ਰਾਏ ਵਜੋਂ ਹੀ ਹੋਣੀ ਚਾਹੀਦੀ ਹੈ, ਜਾਂ ਇਸ ਦੇ ਕੁਝ ਹੋਰ ਵੀ ਪੱਖ ਹਨ? ਕੁਝ ਤੱਥ ਇਸ ਯੋਜਨਾ ਬਾਰੇ ਅਤੇ ਮੁਲਕ ਦੇ ਮਾਹੌਲ ਬਾਬਤ ਜਾਣ ਲੈਣੇ ਜ਼ਰੂਰੀ ਹਨ। ਇਸ ਯੋਜਨਾ ਨੂੰ ਲਾਗੂ ਕਰਨ ਦੇ ਤਰੀਕੇ ਅਤੇ ਮੁਹੱਈਆ ਕੀਤੀ ਖ਼ੁਰਾਕ ਦੇ ਮਿਆਰ ਬਾਰੇ ਸੁਆਲ ਪਹਿਲਾਂ ਵੀ ਹੁੰਦੇ ਰਹੇ ਹਨ। ਗ਼ੈਰ-ਮਿਆਰੀ ਖ਼ੁਰਾਕ ਦੀ ਖ਼ਬਰਾਂ ਲਗਾਤਾਰ ਨਸ਼ਰ ਹੁੰਦੀਆਂ ਰਹੀਆਂ ਹਨ। ਆਂਧਰਾ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਦੀਆਂ ਆਡਿਟ ਰਪਟਾਂ ਵਿਚ ਦਰਜ ਹੈ ਕਿ ਸਕੂਲਾਂ ਵਿਚ ਮੁਹੱਈਆ ਕੀਤੀ ਜਾਂਦੀ ਖ਼ੁਰਾਕ ਵਿਚ ਰੋੜ ਅਤੇ ਕੀੜੇ ਮਿਲਣਾ ਆਮ ਹੈ।

ਇੰਡੀਅਨ ਇੰਸਟੀਚਿਉਟ ਆਫ਼ ਮੈਨੇਜਮੈਂਟ ਦੇ ਸਰਵੇਖਣ ਨੇ ਸਾਬਤ ਕੀਤਾ ਹੈ ਕਿ ਗੁਜਰਾਤ ਵਿਚ ਵਿਦਿਆਰਥੀਆਂ ਨੂੰ ਖਾਣਾ ਪਰੋਸਣ ਦਾ ਢੰਗ ਸਿਹਤਮੰਦ ਨਹੀਂ ਹੈ। ਬਿਹਾਰ ਵਿਚ ਇਸ ਯੋਜਨਾ ਦਾ ਅਧਿਐਨ ਕਰਨ ਵਾਲੇ ਏ.ਐਨ. ਸਿਨਹਾ ਇੰਸਟੀਚਿਉਟ ਆਫ਼ ਸੋਸ਼ਲ ਸਾਇੰਸ ਦੇ ਪ੍ਰੋਫੈਸਰ ਅਜੇ ਕੁਮਾਰ ਝਾਅ ਦਾ ਕਹਿਣਾ ਹੈ, "ਸਰਕਾਰ ਆਪ ਤਸਦੀਕ ਕਰ ਸਕਦੀ ਹੈ ਕਿ ਸਕੂਲਾਂ ਵਿਚ ਖਾਣਾ ਖਾਣ ਵਾਲੇ ਵਿਦਿਆਰਥੀਆਂ ਦੀ ਜਾਨ ਖ਼ਦਸ਼ਿਆਂ ਵਿਚ ਘਿਰੀ ਹੋਈ ਹੈ।" ਬਿਹਾਰ ਦੀ 2008 ਦੀ ਆਡਿਟ ਰਪਟ ਵਿਚ ਦਰਜ ਹੈ ਕਿ 563.75 ਮੀਟਰਿਕ ਟਨ ਚੌਲ ਸਕੂਲਾਂ ਵਿਚ ਲੋੜੀਂਦੀਆਂ ਰੱਖਾਂ ਨਾ ਹੋਣ ਕਾਰਨ ਸੜ ਗਏ ਸਨ। ਬੰਗਾਲ ਵਿਚ ਅਰਥਸ਼ਾਸਤਰੀ ਅਮਰਤਿਆ ਸੇਨ ਦੇ ਅਦਾਰੇ ਪਰਾਤਚੀ ਟਰਸਟ ਨੇ ਅਧਿਐਨ ਕਰ ਕੇ ਸਿਫ਼ਾਰਿਸ਼ਾਂ ਕੀਤੀਆਂ ਸਨ ਕਿ ਖ਼ੁਰਾਕ ਦਾ ਮਿਆਰ ਸੁਧਾਰਨ ਲਈ ਇਸ ਯੋਜਨਾ ਵਿਚ ਹੋਰ ਨਿਵੇਸ਼ ਹੋਣਾ ਚਾਹੀਦਾ ਹੈ। ਇਨ੍ਹਾਂ ਹਾਲਾਤ ਵਿਚ ਮੌਜੂਦਾ ਤ੍ਰਾਸਦੀ ਤੋਂ ਬਾਅਦ ਯੂਨਾਈਟਿਡ ਨੇਸ਼ਨਜ਼ ਚਿਲਡਰਨ ਫੰਡ ਦੀ ਇਹ ਟਿੱਪਣੀ ਸਮਝ ਆਉਂਦੀ ਹੈ, "ਦੁਪਹਿਰ ਦਾ ਖਾਣਾ ਬਣਾਉਣ ਤੇ ਪਰੋਸਣ ਵੇਲੇ ਜੇ ਯੋਜਨਾ ਦੇ ਮਸੌਦੇ ਵਿਚ ਦਰਜ ਦਿਸ਼ਾ-ਨਿਰਦੇਸ਼ਾਂ ਦਾ ਪਾਲਣ ਕੀਤਾ ਜਾਂਦਾ ਤਾਂ ਇਹ ਮੌਤਾਂ ਟਾਲੀਆਂ ਜਾ ਸਕਦੀਆਂ ਸਨ।" ਇਸੇ ਟਿੱਪਣੀ ਨਾਲ ਜੋੜ ਕੇ ਬਿਹਾਰ ਦੇ ਸਿੱਖਿਆ ਮੰਤਰੀ ਪੀ.ਕੇ.ਸ਼ਾਹੀ ਦਾ ਬਿਆਨ ਪੜ੍ਹਿਆ ਜਾਣਾ ਚਾਹੀਦਾ ਹੈ, "ਇਹ ਸਾਫ਼-ਸਫ਼ਾਈ ਦੇ ਆਮ ਮਸ਼ਵਰੇ ਤੋਂ ਬਿਨਾਂ ਕੁਝ ਨਹੀਂ ਸੀ। ਬਿਹਾਰ ਵਿਚ 73000 ਸਕੂਲਾਂ ਦੇ ਇੱਕ ਕਰੋੜ ਸੱਠ ਲੱਖ ਤੋਂ ਇੱਕ ਕਰੋੜ ਅੱਸੀ ਲੱਖ ਬੱਚੇ ਇਸ ਯੋਜਨਾ ਤਹਿਤ ਦੁਪਹਿਰ ਦਾ ਖਾਣਾ ਖਾਂਦੇ ਹਨ। ਏਨੀ ਵੱਡੀ ਯੋਜਨਾ ਦੀ ਨਿਗਰਾਨੀ ਔਖੀ ਹੈ।" ਸਿੱਖਿਆ ਮੰਤਰੀ ਦਾ ਇਹ ਬਿਆਨ ਇਸ ਸਵਾਲ ਦੇ ਜਵਾਬ ਵਿਚ ਆਇਆ ਹੈ ਕਿ ਕੇਂਦਰ ਸਰਕਾਰ ਦੀਆਂ ਸਲਾਹੁਣੀਆਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਸੀ।

ਮੌਜੂਦਾ ਜਾਂਚ ਅਤੇ ਬਿਆਨਬਾਜ਼ੀ ਰਾਹੀਂ ਕਸੂਰਵਾਰ ਦੀ ਸ਼ਨਾਖ਼ਤ ਮੀਨਾ ਦੇਵੀ ਅਤੇ ਅਰਜੁਨ ਰਾਏ ਵਜੋਂ ਹੁੰਦੀ ਹੈ। ਜੇ ਪਿਛਲੇ ਰੁਝਾਨ ਨੂੰ ਦੇਖਿਆ ਜਾਵੇ ਤਾਂ ਇਸ ਦੀ ਸ਼ਨਾਖ਼ਤ ਸਰਕਾਰ ਦੀ ਗ਼ੈਰ-ਜ਼ਿੰਮੇਵਾਰਾਨਾ ਸੋਚ ਨਾਲ ਜੁੜਦੀ ਹੈ। ਇਸ ਤੋਂ ਬਾਅਦ ਪਤਾ ਲੱਗਦਾ ਹੈ ਕਿ ਇਸ ਯੋਜਨਾ ਤਹਿਤ ਖਾਣਾ ਖਾ ਰਹੇ ਬੱਚੇ ਲਗਾਤਾਰ ਖ਼ਦਸ਼ਿਆਂ ਦੀ ਜੱਦ ਵਿਚ ਹਨ। ਇਹ ਖ਼ਦਸ਼ੇ ਬਿਹਾਰ ਦੇ ਧਰਮਾਸਾਤੀ ਗੰਡਾਮਾਨ ਵਿਚ ਅਮਲੀ ਰੂਪ ਧਾਰਨ ਕਰ ਗਏ। ਇਹ ਸਭ ਜਾਣਦੇ ਸਨ ਕਿ ਕਿਸੇ ਦਿਨ ਵੀ ਅਜਿਹੀ ਤ੍ਰਾਸਦੀ ਵਾਪਰ ਸਕਦੀ ਹੈ। ਜੇ ਅਜਿਹੇ ਹਾਲਾਤ ਸੁਧਾਰਨ ਦਾ ਉਪਰਾਲਾ ਨਹੀਂ ਕੀਤਾ ਗਿਆ ਤਾਂ ਸਾਜ਼ਿਸ਼ ਨੂੰ ਖਾਣਾ ਪਕਾਉਣ ਵਾਲੇ ਪੀਪੇ ਵਿਚੋਂ ਨਹੀਂ ਲੱਭਿਆ ਜਾ ਸਕਦਾ। ਇਹ ਪੀਪਾ ਤਾਂ ਵਡੇਰੀ ਸਾਜ਼ਿਸ਼ ਦਾ ਮੁਕਾਮੀ ਲੱਛਣ ਹੈ। ਸਾਜ਼ਿਸ਼ ਇਸ ਤੱਥ ਵਿਚ ਲੁਕੀ ਹੋਈ ਹੈ ਕਿ ਮਾਪੇ ਇੱਕ ਡੰਗ ਦੀ ਢਿੱਡ ਭਰਨ ਜੋਗੀ ਖ਼ੁਰਾਕ ਲਈ ਬੱਚਿਆਂ ਨੂੰ ਸਕੂਲ ਵਿਚ ਭੇਜਦੇ ਹਨ। ਜਦੋਂ ਹਾਲਤ ਏਨੀ ਬਦਤਰ ਹੈ ਤਾਂ ਮਿਆਰ ਦਾ ਸੁਆਲ ਘੱਟੋ-ਘੱਟ ਬੱਚਿਆਂ ਦੇ ਮਾਪਿਆਂ ਰਾਹੀਂ ਪੁੱਛਿਆ ਜਾਣਾ ਮੁਸ਼ਕਿਲ ਹੈ। ਉਨ੍ਹਾਂ ਦੀ ਸੁਣਵਾਈ ਕਿੱਥੇ ਹੈ? ਹੁਣ ਏਨੀ ਵੱਡੀ ਕੀਮਤ ਉਤਾਰਨ ਤੋਂ ਬਾਅਦ ਉਨ੍ਹਾਂ ਦੀ ਆਵਾਜ਼ ਕੁਝ ਦਿਨ ਸੁਣੀ ਜਾਵੇਗੀ।

ਮੁਲਕ ਦੀ ਅੰਨ ਸੁਰੱਖਿਆ ਬਾਰੇ ਕੁਝ ਹੋਰ ਤੱਥ ਜਾਣ ਲੈਣੇ ਇਸ ਰੁਝਾਨ ਨੂੰ ਵਧੇਰੇ ਸਪਸ਼ਟ ਕਰ ਸਕਦੇ ਹਨ। ਹਰੇ ਇਨਕਲਾਬ ਦੇ ਹਵਾਲੇ ਨਾਲ ਸਾਡੇ ਮੁਲਕ ਵਿਚ ਦਾਅਵੇਦਾਰੀ ਕੀਤੀ ਜਾਂਦੀ ਹੈ ਕਿ ਇਸ ਨਾਲ ਮੁਲਕ ਖ਼ੁਰਾਕ ਪੱਖੋਂ ਆਤਮ-ਨਿਰਭਰ ਹੋ ਗਿਆ ਹੈ। ਭੁੱਖਮਰੀ ਦਾ ਖ਼ਦਸ਼ਾ ਟਲ ਗਿਆ ਹੈ। ਹੁਣ ਸਰਕਾਰ ਨੇ ਆਰਡੀਨੈਂਸ ਰਾਹੀਂ ਖ਼ੁਰਾਕ ਸੁਰੱਖਿਆ ਦਾ ਕਾਨੂੰਨ ਬਣਾਇਆ ਹੈ ਜਿਸ ਤਹਿਤ 67 ਫ਼ੀਸਦੀ ਆਬਾਦੀ ਤੈਅ ਕੀਤੀ ਖ਼ੁਰਾਕ ਯਕੀਨੀ ਬਣਾਏ ਜਾਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਸਰਕਾਰ ਦੇ ਇਨ੍ਹਾਂ ਦੋਵਾਂ ਦਾਅਵਿਆਂ ਵਿਚ ਪਾੜਾ ਨਜ਼ਰ ਆਉਂਦਾ ਹੈ। ਕਿਹੜਾ ਮੁਲਕ ਖ਼ੁਰਾਕ ਪੱਖੋਂ ਆਤਮ-ਨਿਰਭਰ ਹੋ ਗਿਆ? ਕਿਹੜੇ ਮੁਲਕ ਦੀ ਖ਼ੁਰਾਕ ਸੁਰੱਖਿਆ ਯਕੀਨੀ ਬਣਾਉਣ ਲਈ ਕਾਨੂੰਨੀ ਪੇਸ਼ਬੰਦੀ ਹੋ ਰਹੀ ਹੈ? ਸੁਪਰੀਮ ਕੋਰਟ ਨੇ 2010 ਵਿਚ ਪੀਪਲਜ਼ ਯੂਨੀਅਨ ਫਾਰ ਸਿਵਲ ਲਿਵਰਟੀਜ਼ ਦੀ ਲੋਕ ਹਿੱਤ ਪਟੀਸ਼ਨ ਦੀ ਸੁਣਵਾਈ ਕਰਦੀਆਂ ਸਰਕਾਰ ਨੂੰ ਨਿਰਦੇਸ਼ ਦਿੱਤਾ ਸੀ ਕਿ ਖ਼ਰਾਬ ਹੋ ਰਿਹਾ ਅਨਾਜ ਗ਼ਰੀਬਾਂ ਵਿਚ ਮੁਫ਼ਤ ਜਾਂ ਘੱਟ ਕੀਮਤ ਉੱਤੇ ਵੰਡਿਆ ਜਾਵੇ। ਇਸ ਨਾਲ ਲੋੜਬੰਦ ਤੱਕ ਅਨਾਜ ਪਹੁੰਚੇਗਾ ਅਤੇ ਸਰਕਾਰ ਦੀ ਵਧ ਰਹੇ ਅਨਾਜ ਭੰਡਾਰ ਨੂੰ ਸੰਭਾਲਣ ਦੀ ਸਿਰਦਰਦੀ ਘਟੇਗੀ। ਇਸ ਦੇ ਜਵਾਬ ਵਿਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਬਿਆਨ ਦਿੱਤਾ ਸੀ ਕਿ ਇਹ ਕਾਰਜਪਾਲਿਕਾ ਦੇ ਅਖ਼ਤਿਆਰ ਖੇਤਰ ਵਿਚ ਅਦਾਲਤ ਦੀ ਦਖ਼ਲਅੰਦਾਜ਼ੀ ਹੈ। ਉਨ੍ਹਾਂ ਅੱਗੇ ਕਿਹਾ ਸੀ ਕਿ ਸਰਕਾਰ ਆਪਣੇ ਵਿੱਤ ਮੂਜਬ ਗ਼ਰੀਬਾਂ ਦੀ ਖ਼ੁਰਾਕ ਲੋੜਾਂ ਪੂਰੀਆਂ ਕਰਨ ਲਈ ਵਾਜਬ ਕੀਮਤ ਉੱਤੇ ਅਨਾਜ ਦੇ ਸਕਦੀ ਹੈ, ਪਰ ਮੁਫ਼ਤ ਨਹੀਂ ਦੇ ਸਕਦੀ। ਇਹ ਧਿਆਨ ਰੱਖਣ ਵਾਲੀ ਗੱਲ ਹੈ ਕਿ ਸੁਪਰੀਮ ਕੋਰਟ ਨੇ ਖ਼ਰਾਬ ਹੋ ਰਹੇ ਅਨਾਜ ਨੂੰ ਮੁਫ਼ਤ ਦੇਣ ਜਾਂ ਘੱਟ ਕੀਮਤ ਉੱਤੇ ਦੇਣ ਦੀ ਦਲੀਲ ਦਿੱਤੀ ਸੀ।

ਦਲੀਲ ਇਹ ਨਹੀਂ ਸੀ ਕਿ ਭੁੱਖਮਰੀ ਜਾਂ ਕੁਪੋਸ਼ਣ ਨੂੰ ਖ਼ਤਮ ਕਰਨ ਲਈ ਅਜਿਹਾ ਕੁਝ ਕੀਤਾ ਜਾਣਾ ਚਾਹੀਦਾ ਹੈ। ਘੁੰਡੀ ਇਸੇ ਦਲੀਲ ਵਿਚ ਹੈ ਕਿ ਖ਼ਰਾਬ ਹੋ ਰਿਹਾ ਅਨਾਜ ਚੂਹਿਆਂ ਦੀ ਥਾਂ ਗ਼ਰੀਬਾਂ ਨੂੰ ਦੇ ਦਿਉ। ਕੀ ਚੂਹਿਆਂ ਅਤੇ ਗ਼ਰੀਬਾਂ ਦਾ ਰੁਤਬਾ ਬਰਾਬਰ ਹੈ? ਇਹ ਦਲੀਲ ਕੁਝ ਵਧਵੀਂ ਜਾਪ ਸਕਦੀ ਹੈ। ਇਸ ਦਾ ਦੂਜਾ ਪੱਖ ਮੌਜੂਦਾ ਤ੍ਰਾਸਦੀ ਨਾਲ ਜੁੜਦਾ ਹੈ ਕਿ ਇੱਕ ਪਾਸੇ ਸਰਕਾਰ ਇਸੇ ਯੋਜਨਾ ਨੂੰ ਪ੍ਰਾਪਤੀ ਮੰਨਦੀ ਹੈ ਅਤੇ ਨਾਲੋ-ਨਾਲ ਇਸ ਦੀ ਨਿਗਰਾਨੀ ਤੋਂ ਪੱਲਾ ਝਾੜਦੀ ਹੈ।



ਜੇ ਮਨਮੋਹਨ ਸਿੰਘ ਦੀ ਅਦਾਲਤ ਨੂੰ ਦਿੱਤੀ ਗਈ ਦਲੀਲ ਅਤੇ ਮਿਡ-ਡੇ ਮੀਲ ਯੋਜਨਾ ਨੂੰ ਜੋੜ ਕੇ ਵੇਖਿਆ ਜਾਵੇ ਤਾਂ ਸਾਫ਼ ਸਮਝ ਆਉਂਦਾ ਹੈ ਕਿ ਅਜਿਹੀਆਂ ਪਹਿਲਕਦਮੀਆਂ ਸਰਕਾਰ ਮਜਬੂਰੀ ਵਿਚ ਹੀ ਕਰਦੀ ਹੈ। ਦਲੀਲ ਕੋਈ ਵੀ ਦਿੱਤੀ ਜਾ ਸਕਦੀ ਹੈ, ਪਰ ਹਾਲਾਤ ਨੂੰ ਖ਼ਾਨਾਜੰਗੀ ਵਿਚ ਬਦਲਣ ਤੋਂ ਰੋਕਣਾ ਇਸ ਦਾ ਅਹਿਮ ਮਕਸਦ ਜਾਪਦਾ ਹੈ। ਲੋਕ ਭਲਾਈ ਇਸ ਦਾ ਮਕਸਦ ਨਹੀਂ ਹੈ। ਇਸੇ ਦਲੀਲ ਨਾਲ ਜੋੜ ਕੇ ਸਰਕਾਰ ਦੀਆਂ ਪਿਛਲੇ ਸਾਲਾਂ ਵਿਚ ਕੀਤੀਆਂ ਕਾਨੂੰਨੀ ਪੇਸ਼ਬੰਦੀਆਂ ਸਮਝੀਆਂ ਜਾ ਸਕਦੀਆਂ ਹਨ। ਬੱਚਿਆਂ ਨੂੰ ਸਕੂਲਾਂ ਦੇ ਘੇਰੇ ਵਿਚ ਲਿਆਉਣ ਤੋਂ ਨਾ-ਕਾਮਯਾਬ ਰਿਹਾ ਨਿਜ਼ਾਮ ਮਿਡ-ਡੇ ਮੀਲ ਯੋਜਨਾ ਦਾ ਸਹਾਰਾ ਲੈਂਦਾ ਹੈ। ਇਸ ਯੋਜਨਾ ਨੂੰ ਹੀ ਨਿਜ਼ਾਮ ਆਪਣੀ ਪ੍ਰਾਪਤੀ ਕਰਾਰ ਦਿੰਦਾ ਹੈ। ਆਵਾਮ ਦੀ ਖ਼ੁਰਾਕ, ਸਿਹਤ ਅਤੇ ਸਿੱਖਿਆ ਯਕੀਨੀ ਨਾ ਬਣਾ ਸਕਿਆ ਨਿਜ਼ਾਮ ਨੁਮਾਇਸ਼ੀ ਪ੍ਰਾਪਤੀਆਂ ਰਾਹੀਂ ਸਿਆਸਤ ਕਰ ਰਿਹਾ ਹੈ।

ਇਹ ਯੋਜਨਾ ਬਣਾਉਣਾ ਅਤੇ ਇਸ ਦਾ ਘੇਰਾ ਦਰਸਾਉਂਦਾ ਹੈ ਕਿ ਸਰਕਾਰ ਪਿਛਲੇ 66 ਸਾਲਾਂ ਵਿਚ ਬੱਚਿਆਂ ਲਈ ਢਿੱਡ ਭਰਨ ਜੋਗੀ ਖ਼ੁਰਾਕ ਮੁਹੱਈਆ ਕਰਨ ਵਿਚ ਨਾ-ਕਾਮਯਾਬ ਰਹੀ ਹੈ। ਹੁਣ ਇੱਕ ਡੰਗ ਦੀ ਰੋਟੀ ਨਾਲ ਬੱਚਿਆਂ ਨੂੰ ਸਕੂਲ ਵਿਚ ਲਿਆ ਕੇ ਕੌਮਾਂਤਰੀ ਅਦਾਰਿਆਂ ਕੋਲ ਸਾਖ਼ਰਤਾ ਦਾ ਅੰਕੜਾ ਪੇਸ਼ ਕੀਤਾ ਜਾ ਸਕਦਾ ਹੈ। ਇਹ ਦਲੀਲ ਸੂਚਨਾ ਦੇ ਅਧਿਕਾਰ, ਲਾਜ਼ਮੀ ਅਤੇ ਮੁਫ਼ਤ ਸਿੱਖਿਆ ਦੇ ਅਧਿਕਾਰ, ਮਨਰੇਗਾ ਅਤੇ ਖ਼ੁਰਾਕ ਸੁਰੱਖਿਆ ਕਾਨੂੰਨ ਬਾਰੇ ਵੀ ਦਿੱਤੀ ਜਾ ਸਕਦੀ ਹੈ। ਇਹ ਕਾਨੂੰਨ ਤਸਦੀਕ ਕਰਦੇ ਹਨ ਕਿ ਸਰਕਾਰ ਆਵਾਮ ਨਾਲ ਦਿਆਨਤਦਾਰੀ ਵਾਲਾ ਰਾਬਤਾ ਕਰਨ ਵਿਚ ਨਾ-ਕਾਮਯਾਬ ਰਹੀ ਹੈ। ਜੋ ਸੰਵਿਧਾਨਕ ਹਕੂਕ ਤਹਿਤ ਮੁਹੱਈਆ ਕੀਤੇ ਜਾਣੇ ਸਨ, ਉਸੇ ਲਈ ਨਵੇਂ ਕਾਨੂੰਨ ਬਣਾ ਕੇ ਆਵਾਮ ਨੂੰ ਦੱਸਿਆ ਜਾ ਰਿਹਾ ਹੈ ਕਿ ਉਹ ਸਰਕਾਰੀ ਕੰਮ-ਕਾਜ ਦੀ ਜਾਣਕਾਰੀ ਹਾਸਲ ਕਰ ਸਕਦੇ ਹਨ; ਮੁਫ਼ਤ ਅਤੇ ਲਾਜ਼ਮੀ ਸਿੱਖਿਆ ਹਾਸਲ ਕਰ ਸਕਦੇ ਹਨ; ਸੌ ਦਿਨ ਦਾ ਰੁਜ਼ਗਾਰ ਲੈ ਸਕਦੇ

## ਸਵਾਲ-ਸੰਵਾਦ

ਹਨ ਅਤੇ ਖ਼ੁਰਾਕ ਸੁਰੱਖਿਆ ਯਕੀਨੀ ਬਣਾਈ ਜਾ ਸਕਦੀ ਹੈ। ਜੇ ਇਨ੍ਹਾਂ ਕਾਨੂੰਨਾਂ ਦੀਆਂ ਪੇਚੀਦਗੀਆਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਵੇ ਤਾਂ ਵੀ ਇਹ ਪੁੱਛਿਆ ਜਾਣਾ ਬਣਦਾ ਹੈ ਕਿ ਜੇ ਇਹ ਚੀਜ਼ਾਂ ਹੁਣ ਤੱਕ ਨਹੀਂ ਸਨ, ਤਾਂ ਇਸ ਮੁਲਕ ਨੂੰ ਜਮਹੂਰੀ ਕਿਉਂ ਕਿਹਾ ਜਾਂਦਾ ਸੀ? ਇਸ ਨੂੰ ਆਜ਼ਾਦ ਕਿਉਂ ਕਿਹਾ ਜਾਂਦਾ ਸੀ?

ਇਨ੍ਹਾਂ ਕਾਨੂੰਨੀ ਪੇਸ਼ਬੰਦੀਆਂ ਦਾ ਰੁਝਾਨ ਕਈ ਰੂਪਾਂ ਵਿਚ ਨਜ਼ਰ ਆਉਂਦਾ ਹੈ। ਪਿਛਲੇ ਦਿਨਾਂ ਵਿਚ ਕੇਂਦਰੀ ਗ੍ਰਹਿ ਮੰਤਰਾਲੇ ਨੇ ਨਕਸਲੀ ਇਲਾਕਿਆਂ ਵਿਚ ਤਾਇਨਾਤ ਸੁਰੱਖਿਆ ਬਲਾਂ ਲਈ ਕੁਝ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਇਹ ਲਿਖਤੀ ਨਿਰਦੇਸ਼ ਹੈ ਕਿ ਸੁਰੱਖਿਆ ਮੁਲਾਜ਼ਮ 'ਟੋਭਿਆਂ, ਝੀਲਾਂ ਅਤੇ ਕੂਲਾਂ ਵਿਚ ਨਹਾਉਂਦੀਆਂ ਕਬਾਇਲੀ ਜ਼ਨਾਨੀਆਂ ਨੂੰ ਨਾ ਦੇਖਣ' ਅਤੇ 'ਦੁਪੱਟੇ ਨਾਲ ਤਨ ਕੱਜਣ ਵਾਲੀਆਂ ਜ਼ਨਾਨੀਆਂ ਨੂੰ ਨਾ ਤੱਕਣ।' ਇਸ ਤੋਂ ਬਿਨਾਂ ਹਰ 'ਖੱਜਲਖੁਆਰੀ ਲਈ ਮੁਆਫ਼ੀ' ਮੰਗਣ ਅਤੇ 'ਸ਼ਰਾਬ ਦੇ ਨਸ਼ੇ ਵਿਚ ਆਪਣੇ ਰਿਹਾਇਸ਼ੀ ਇਲਾਕੇ ਤੋਂ ਬਾਹਰ ਨਾ ਜਾਣ'। ਇਸ ਤੋਂ ਬਿਨਾਂ 'ਸੁਰੱਖਿਆ ਮੁਲਾਜ਼ਮ ਮੁਕਾਮੀ ਰੀਤ-ਰਿਵਾਜ਼ ਬਾਬਤ ਜਾਣਕਾਰੀ ਰੱਖਣ।' ਅਫ਼ਸਰਾਂ ਲਈ ਨਿਰਦੇਸ਼ ਹੈ, "ਅਫ਼ਸਰ ਕਬਾਇਲੀ ਤਿੱਥਾਂ-ਤਿਉਹਾਰਾਂ ਦੀ ਫ਼ਿਹਰਿਸਤ ਤਿਆਰ ਕਰਨ ਅਤੇ ਉਨ੍ਹਾਂ ਦੀਆਂ ਰਵਾਇਤਾਂ ਤੇ ਪਵਿੱਤਰ ਨਿਸ਼ਾਨੀਆਂ ਦੀ ਜਾਣਕਾਰੀ ਰੱਖਣ। ਕਬਾਇਲੀ ਘਰਾਂ ਦੇ ਬਾਹਰਲੇ ਸਜਾਵਟੀ ਸਾਜ਼ੋ-ਸਾਮਾਨ ਖ਼ਰਾਬ ਨਾ ਕੀਤਾ ਜਾਵੇ।"

ਅੱਗੇ ਲਿਖਿਆ ਹੈ, "ਬਜ਼ੁਰਗ ਅਤੇ ਪਤਵੰਤਿਆਂ ਨੂੰ ਸੁਰੱਖਿਆ ਪਲਟਣਾਂ ਦੇ ਸਮਾਗਮ ਉੱਤੇ ਸੱਦਿਆ ਜਾਵੇ ਅਤੇ ਤੋਹਫ਼ੇ ਦਿੱਤੇ ਜਾਣ। ਇਲਾਕੇ ਉੱਤੇ ਗ਼ਲਬਾ ਕਾਇਮ ਕਰਨ ਵੇਲੇ ਆਮ ਲੋਕਾਂ ਗੱਲਬਾਤ ਕੀਤੀ ਜਾਵੇ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਦਰਜ ਕੀਤੀਆਂ ਜਾਣ।" ਇਨ੍ਹਾਂ ਦਿਸ਼ਾ ਨਿਰਦੇਸ਼ਾਂ ਰਾਹੀਂ ਕੇਂਦਰੀ ਗ੍ਰਹਿ ਮੰਤਰਾਲਾ ਕਬੂਲ ਕਰ ਰਿਹਾ ਹੈ ਕਿ ਹੁਣ ਤੱਕ ਸੁਰੱਖਿਆ ਬਲ ਉਸ ਇਲਾਕੇ ਵਿਚ ਕਿਸ ਤਰ੍ਹਾਂ ਦਾ ਵਿਹਾਰ ਕਰ ਰਹੇ ਹਨ। ਇਨ੍ਹਾਂ ਦਿਸ਼ਾ ਨਿਰਦੇਸ਼ਾਂ ਦਾ ਅੰਗਰੇਜ਼ ਬਸਤਾਨਾਂ ਦੀ ਹਮਲਾਵਰ ਸ਼ੈਲੀ ਨਾਲ ਸਿੱਧਾ ਮੇਲ ਬਣਦਾ ਹੈ। ਉਨ੍ਹਾਂ ਨੇ ਹਰ ਥਾਂ ਕਬਜ਼ਾ ਕਰਨ ਲਈ ਇਹੋ ਜਿਹੇ ਹੀ ਦਿਸ਼ਾ ਨਿਰਦੇਸ਼ ਵਾਰ-ਵਾਰ ਜਾਰੀ ਕੀਤੇ ਸਨ। ਉਹ ਦੂਜੇ ਮੁਲਕਾਂ ਨੂੰ ਸੱਭਿਅਤਾ ਦਾ ਪਾਠ ਪੜ੍ਹਾਉਣ ਆਏ ਸਨ ਅਤੇ ਇਹ ਸੁਰੱਖਿਆ ਮੁਲਾਜ਼ਮ ਦੁੱਖ-ਦਰਦ ਦੂਰ ਕਰ ਰਹੇ ਹਨ! ਕੀ ਇਹ ਪੈਂਤੜਾ ਮਹਿਜ਼ ਸਬੱਬ ਹੈ ਜਾਂ ਇਸ ਦੇ ਹੋਰ ਵੀ ਮਾਅਨੇ ਹਨ?

ਖ਼ਰਾਬ ਅਨਾਜ ਚੂਹਿਆਂ ਦੀ ਥਾਂ ਭੁੱਖਿਆ ਨੂੰ ਵੰਡਣ ਦੀ ਵਕਾਲਤ ਤੋਂ ਲੈ ਕੇ ਬੰਦੂਕਧਾਰੀਆਂ ਰਾਹੀਂ ਕਬਾਇਲੀਆਂ ਦੀਆਂ ਮੁਸ਼ਕਿਲਾਂ ਸਮਝਣ ਦਾ ਰੁਝਾਨ ਮੌਜੂਦਾ ਨਿਜ਼ਾਮ ਦਾ ਖ਼ਾਸਾ ਹੈ ਜੋ ਖਮਾਣੋਂ ਵਿਚ ਪਈ ਸਰਕਾਰੀ ਬਦਬੂਦਾਰ ਕਣਕ ਤੋਂ ਧਰਮਾਸਾਤੀ ਗੰਡਾਮਾਨ ਦੇ ਕੀੜੇਮਾਰ ਦਵਾਈ ਵਾਲੇ ਪੀਪੇ ਤੱਕ ਫੈਲਿਆ ਹੋਇਆ ਹੈ। ਹਿੰਦੋਸਤਾਨ ਦਾ ਆਵਾਮ ਆਪਣੀਆਂ ਦੁਸ਼ਵਾਰੀਆਂ ਅਤੇ ਤੰਗੀਆਂ-ਤੁਰਸ਼ੀਆਂ ਕਾਰਨ ਇਨ੍ਹਾਂ ਵਿਚੋਂ ਉਪਜਦੇ ਖ਼ਦਸ਼ਿਆਂ ਦੀ ਜੱਦ ਵਿਚ ਹੈ। ਆਵਾਮ ਨੂੰ ਬੇਗ਼ੈਰਤ ਭਿਖਾਰੀ ਬਣਾਉਣ ਦੀ ਮਸ਼ਕ ਵਿਚੋਂ ਸਰਕਾਰਾਂ ਆਪਣੀਆਂ ਨੁਮਾਇਸ਼ੀ ਪ੍ਰਾਪਤੀਆਂ ਲੱਭ ਰਹੀਆਂ ਹਨ। ਧਰਮਾਸਾਤੀ ਗੰਡਾਮਾਨ ਵਿਚ ਵਾਪਰੀ ਤ੍ਰਾਸਦੀ ਦੇ ਮੁਕਾਮੀ ਸਾਜ਼ਿਸ਼ਕਾਰ ਅਤੇ ਕਾਤਲ ਮੀਨਾ ਦੇਵੀ ਅਤੇ ਅਰਜੁਨ ਰਾਏ ਹੋ ਸਕਦੇ ਹਨ ਜੋ ਸਜ਼ਾ ਦੇ ਹੱਕਦਾਰ ਹਨ। ਇਨ੍ਹਾਂ ਸਾਜ਼ਿਸ਼ਾਂ ਅਤੇ ਕਾਤਲਾਂ ਲਈ ਢੁਕਵਾਂ ਮਾਹੌਲ ਤਿਆਰ ਕਰਨ ਲਈ ਕਸੂਰਵਾਰ ਮੌਜੂਦਾ ਨਿਜ਼ਾਮ ਹੈ ਜੋ ਮੁਨਾਫ਼ਾਖ਼ੋਰੀ, ਭ੍ਰਿਸ਼ਟਾਚਾਰ, ਥੁੜਾਂ, ਗ਼ੁਰਬਤ, ਜ਼ਹਾਲਤ ਅਤੇ ਖ਼ਦਸ਼ਿਆਂ ਦੀ ਘੇਰਾਬੰਦੀ ਵਿਚ ਆਵਾਮ ਨੂੰ ਨਪੀੜ ਰਿਹਾ ਹੈ।

# ਅਹਿੰਸਾ ਦੇ ਪੈਰੋਕਾਰਾਂ ਦਾ ਖੂੰਖਾਰ ਨਿਜ਼ਾਮ

*(ਪਿਛਲੇ ਸਫੇ ਦੀ ਬਾਕੀ)*

ਮਿਲਣ ਕਰ ਕੇ ਨਿਰਾਸ਼ ਹੋਇਆ, ਦੂਜੇ ਪਾਸੇ ਨਵੇਂ ਭਰਤੀ ਨਿਯਮਾਂ ਤਹਿਤ ਬਾਰੁਜ਼ਗਾਰਾਂ (ਰੋਜ਼ਗਾਰ 'ਤੇ ਲੱਗਿਆਂ) ਦੀ ਹਾਲਤ ਕੀ ਹੈ? ਇਸ ਦੀ ਮਿਸਾਲ ਪਿਛੇ ਜਿਹੇ 21 ਜੂਨ ਨੂੰ ਬਠਿੰਡਾ ਜ਼ਿਲ੍ਹੇ ਵਿਚ ਨੌਜਵਾਨ ਫਰਮਾਸਿਸਟ ਵਲੋਂ ਡਿਸਪੈਂਸਰੀ ਵਿਚ ਫਾਹਾ ਲੈ ਕੇ ਕੀਤੀ ਖ਼ੁਦਕੁਸ਼ੀ ਹੈ। ਠੇਕੇ 'ਤੇ ਰੱਖਿਆ ਇਹ ਨੌਜਵਾਨ ਫਰਮਾਸਿਸਟ ਰੋਜ਼ਗਾਰ ਦਾਤਿਆਂ ਦੇ ਲਗਾਤਾਰ ਤਰਲੇ-ਮਿੰਨਤਾਂ ਕਰਦਾ ਰਿਹਾ ਕਿ ਠੇਕੇ ਦੀ ਨਿਗੂਣੀ ਉਜਰਤ ਨਾਲ ਉਸ ਦੇ ਪਰਿਵਾਰ ਦਾ ਗੁਜ਼ਾਰਾ ਨਹੀਂ ਹੁੰਦਾ, ਪਰ ਉਸ ਦੀ ਤਨਖ਼ਾਹ 'ਚ ਥੋੜ੍ਹਾ ਵਾਧਾ ਕਰਨਾ ਵੀ ਜ਼ਰੂਰੀ ਨਹੀਂ ਸਮਝਿਆ। ਇਹ ਉਸ ਸੂਬੇ ਦੇ ਮਿਹਨਤੀ ਨੌਜਵਾਨਾਂ ਦੀ ਹੋਣੀ ਹੈ ਜਿਥੇ ਰਾਜਪਾਲ ਹਰ ਰੋਜ਼ 38,000 ਰੁਪਏ (ਸਾਢੇ ਗਿਆਰਾਂ ਲੱਖ ਰੁਪਏ ਪ੍ਰਤੀ ਮਹੀਨਾ) ਸਫ਼ਰ ਦਾ ਬਿੱਲ ਸਰਕਾਰੀ ਖ਼ਜ਼ਾਨੇ ਵਿਚੋਂ ਵਸੂਲ ਕਰਦਾ ਹੈ। ਹੁਣ ਜ਼ਰਾ ਮੁਲਕ ਦੀ ਹਰ 'ਮੁੱਖਧਾਰਾ' ਰਾਜਸੀ ਪਾਰਟੀ ਵਲੋਂ ਪ੍ਰਵਾਨਤ ਤੇ ਅਮਲ ਵਿਚ ਲਿਆਂਦੀ ਜਾ ਰਹੀ ਇਸ ਨੀਤੀ ਦੇ ਵੱਖ ਵੱਖ ਖੇਤਰਾਂ ਵਿਚ ਸਾਹਮਣੇ ਆ ਰਹੇ ਸਿੱਟਿਆਂ ਨੂੰ ਇਕ ਦੂਜੇ ਨਾਲ ਜੋੜ ਕੇ ਇਕ ਸਮੁੱਚੀ ਤਸਵੀਰ ਦੇ ਰੂਪ 'ਚ ਦੇਖੋ। ਆਵਾਮ ਨੂੰ ਅਹਿੰਸਾ ਦਾ ਪਾਠ ਪੜ੍ਹਾਉਣ ਵਾਲੀ ਹੁਕਮਰਾਨ ਜਮਾਤ ਦੇ ਅਸਲ ਆਦਮਖ਼ੋਰ ਕਿਰਦਾਰ ਦੇ ਸਾਕਾਰ ਦੀਦਾਰ ਹੋ ਜਾਣਗੇ। ਜਿਹੜਾ ਰਾਜ ਆਪਣੇ ਨਾਗਰਿਕਾਂ ਨੂੰ ਬਾਕਾਇਦਾ ਨੀਤੀ ਦੇ ਤਹਿਤ ਪੜ੍ਹਾਈ ਤੇ ਰੋਜ਼ਗਾਰ ਦੇ ਬੁਨਿਆਦੀ ਇਨਸਾਨੀ ਹਕੂਕ ਤੋਂ ਵਾਂਝਾ ਕਰ ਕੇ ਉਨ੍ਹਾਂ ਨੂੰ ਤਬਾਹੀ ਤੇ ਬਰਬਾਦੀ ਦੇ ਮੂੰਹ ਧੱਕਦਾ ਹੈ, ਇਨਸਾਨੀਅਤ ਦੇ ਖ਼ਿਲਾਫ਼ ਇਸ ਤੋਂ ਵੱਡਾ ਜੁਰਮ ਕੀ ਹੋ ਸਕਦਾ ਹੈ! ਅਜਿਹੀ ਢਾਂਚਾਗਤ ਹਿੰਸਾ ਤੋਂ ਖ਼ਤਰਨਾਕ ਕੀ ਕੋਈ ਹੋਰ ਹਿੰਸਾ ਹੋ ਸਕਦੀ ਹੈ?... ਤੇ ਆਜ਼ਾਦੀ ਤੋਂ ਸਾਢੇ ਛੇ ਦਹਾਕੇ ਬਾਅਦ ਵੀ ਜੇ ਅਜਿਹੀ ਨਿੱਤ ਦੀ ਢਾਂਚਾਗਤ ਹਿੰਸਾ ਦੇ ਖ਼ਿਲਾਫ਼ ਬਦਜ਼ਨ ਹੋਇਆ ਆਵਾਮ 'ਮੁੱਖਧਾਰਾ' ਤੋਂ ਨਾਬਰ ਹੋ ਜਾਂਦਾ ਹੈ, ਕੀ ਉਸ ਨੂੰ 'ਹਿੰਸਾ' ਕਿਹਾ ਜਾਣਾ ਚਾਹੀਦਾ ਹੈ?

# ਹੁਣ ਬਲਬੀਰ ਸਿੰਘ 'ਤੇ ਵੀ ਫਿਲਮ ਬਣੇ

**ਖੇਡ ਤੇ ਖਿਡਾਰੀ**

ਮਿਲਖਾ ਸਿੰਘ 'ਤੇ ਬਣੀ ਫਿਲਮ 'ਭਾਗ ਮਿਲਖਾ ਭਾਗ' ਦੀ ਗੁੱਡੀ ਖੂਬ ਚੜ੍ਹੀ ਹੈ। ਇਕ ਖਿਡਾਰੀ ਦੇ ਜੀਵਨ ਉਤੇ ਬਣੀ ਇਹ ਫਿਲਮ ਕਰੋੜਾਂ ਦਾ ਬਿਜਨਸ ਕਰ ਰਹੀ ਹੈ। ਲੱਗਦਾ ਹੈ ਹੁਣ ਹੋਰ ਖਿਡਾਰੀਆਂ ਬਾਰੇ ਵੀ ਫਿਲਮਾਂ ਬਣਨਗੀਆਂ। ਮਿਲਖਾ ਸਿੰਘ ਭਾਵੇਂ ਉਲੰਪਿਕ ਖੇਡਾਂ ਦਾ ਗੋਲਡ ਮੈਡਲ ਤਾਂ ਨਹੀਂ ਸੀ ਜਿੱਤ ਸਕਿਆ ਪਰ ਕਾਮਨਵੈਲਥ ਤੇ ਏਸ਼ਿਆਈ ਖੇਡਾਂ ਦੇ ਗੋਲਡ ਮੈਡਲਾਂ ਨਾਲ 'ਫਲਾਈਂਗ ਸਿੱਖ' ਵਜੋਂ ਮਸ਼ਹੂਰ ਬਹੁਤ ਹੋ ਗਿਆ ਸੀ। ਉਸ ਦੀ ਪੰਜਾਬੀ ਵਿਚ ਛਪੀ



**ਪ੍ਰਿੰ. ਸਰਵਣ ਸਿੰਘ**
**ਫੋਨ: 905-799-1661**

ਸਵੈਜੀਵਨੀ ਦਾ ਨਾਂ ਵੀ 'ਫਲਾਈਂਗ ਸਿੱਖ ਮਿਲਖਾ ਸਿੰਘ' ਰੱਖਿਆ ਗਿਆ ਸੀ। ਇਸ ਸਵੈਜੀਵਨੀ ਨੂੰ ਪੜ੍ਹ-ਸੁਣ ਕੇ ਹੀ ਰਾਕੇਸ਼ ਮਹਿਰਾ ਨੂੰ ਮਿਲਖਾ ਸਿੰਘ ਬਾਰੇ ਫਿਲਮ ਬਣਾਉਣ ਦਾ ਫੁਰਨਾ ਫੁਰਿਆ ਸੀ।

ਬਲਬੀਰ ਸਿੰਘ ਨੇ ਓਲੰਪਿਕ ਖੇਡਾਂ 'ਚੋਂ ਤਿੰਨ ਗੋਲਡ ਮੈਡਲ ਜਿੱਤ ਕੇ ਗੋਲਡਨ ਹੈਟ ਟ੍ਰਿਕ ਮਾਰਿਆ ਸੀ। ਉਹਦੀ ਅੰਗਰੇਜ਼ੀ ਵਿਚ ਛਪੀ ਸਵੈਜੀਵਨੀ ਦਾ ਨਾਂ ਵੀ 'ਦਾ ਗੋਲਡਨ ਹੈਟ ਟ੍ਰਿਕ' ਰੱਖਿਆ ਗਿਆ। ਇਹ ਦੋਵੇਂ ਪੁਸਤਕਾਂ 70ਵਿਆਂ 'ਚ ਪ੍ਰਕਾਸ਼ਤ ਹੋਈਆਂ ਸਨ। ਕਿਸੇ ਫਿਲਮ ਨਿਰਮਾਤਾ ਦੀ ਨਜ਼ਰ 'ਗੋਲਡਨ ਹੈਟ ਟ੍ਰਿਕ' 'ਤੇ ਪੈ ਗਈ ਤਾਂ ਸੰਭਵ ਹੈ ਬਲਬੀਰ ਸਿੰਘ ਬਾਰੇ ਵੀ ਫਿਲਮ ਬਣ ਜਾਵੇ।

ਜਿਵੇਂ ਮਿਲਖਾ ਸਿੰਘ ਦੇਸ਼ ਦੀ ਵੰਡ ਵੇਲੇ ਮਸੀਂ ਬਚਿਆ ਸੀ, ਉਵੇਂ ਵੰਡ ਦੇ ਦਿਨੀਂ ਬਲਬੀਰ ਸਿੰਘ ਦੀ ਪਗੜੀ ਵਿਚ ਦੀ ਗੋਲੀ ਲੰਘ ਗਈ ਸੀ ਤੇ ਉਹ ਵੀ ਮਸੀਂ ਬਚਿਆ ਸੀ। ਫਿਲਮੀ ਨੁਕਤੇ ਤੋਂ ਬਹੁਤ ਕੁਝ ਸਨਸਨੀਖੇਜ਼ ਹੈ ਬਲਬੀਰ ਸਿੰਘ ਦੀ ਸਵੈਜੀਵਨੀ ਵਿਚ। ਉਸ ਦਾ ਜਨਮ 10 ਅਕਤੂਬਰ 1924 ਨੂੰ ਫਿਲੌਰ ਨੇੜੇ ਪਿੰਡ ਹਰੀਪੁਰ ਖਾਲਸਾ ਵਿਚ ਹੋਇਆ ਸੀ। ਉਹ ਮੋਗੇ, ਲਾਹੌਰ ਤੇ ਅੰਮ੍ਰਿਤਸਰ ਵਿਚ ਪੜ੍ਹਿਆ ਅਤੇ ਦੇਸ਼-ਵਿਦੇਸ਼ ਦੇ ਸੈਂਕੜੇ ਮੈਦਾਨਾਂ ਵਿਚ ਖੇਡਿਆ। ਉਸ ਦਾ ਇਸ਼ਕ ਲਾਹੌਰ ਨਾਲ ਜੁੜਿਆ ਜਿਥੇ ਉਹ ਵਿਆਹਿਆ ਗਿਆ। ਉਹ ਖਾਲਸਾ ਕਾਲਜ, ਅੰਮ੍ਰਿਤਸਰ ਵਿਚ ਅੰਗਰੇਜ਼ੀ ਦੀ ਐਮ. ਏ. ਕਰ ਰਿਹਾ ਸੀ ਜਦੋਂ ਉਸ ਨੂੰ ਪੁਲਿਸ ਨੇ ਹੱਥਕੜੀ ਲਾ ਕੇ ਜਲੰਧਰ ਲਿਆਂਦਾ ਤੇ ਠਾਣੇਦਾਰ ਬਣਾ ਕੇ ਪੰਜਾਬ ਪੁਲਿਸ ਵੱਲੋਂ ਹਾਕੀ ਖਿਡਾਉਣ ਲੱਗੇ। ਉਸ ਦੇ ਪਿਤਾ ਸੁਤੰਤਰਤਾ ਸੰਗਰਾਮੀ ਸਨ। ਉਹ ਨਹੀਂ ਸਨ ਚਾਹੁੰਦੇ ਕਿ ਉਨ੍ਹਾਂ ਦਾ ਇਕਲੌਤਾ ਪੁੱਤਰ ਪੁਲਿਸ ਵਿਚ ਭਰਤੀ ਹੋਵੇ ਪਰ ਪੁਲਿਸ ਨੇ ਉਹਨੂੰ ਨਾ ਛੱਡਿਆ। ਫਿਰ ਉਹ ਡੀ. ਐਸ. ਪੀ. ਬਣ ਗਿਆ ਤੇ ਬਾਅਦ ਵਿਚ ਪੰਜਾਬ ਦੇ ਖੇਡ ਵਿਭਾਗ ਦਾ ਡਾਇਰੈਕਟਰ ਰਿਹਾ।

ਉਸ ਨੇ ਹਾਕੀ ਖੇਡਦਿਆਂ ਸੈਂਕੜੇ ਗੋਲ ਕੀਤੇ। ਕੋਈ ਉਸ ਨੂੰ ਹਾਕੀ ਦਾ ਉਡਣਾ ਬਾਜ, ਕੋਈ ਹਾਕੀ ਦਾ ਸ਼ਾਹਸਵਾਰ, ਕੋਈ ਦਲਾਂ ਦਾ ਮੋਹਰੀ, ਹਾਕੀ ਦਾ ਜੋਧਾ ਤੇ ਹਾਕੀ ਦਾ ਮਹਾਨ ਸੈਂਟਰ ਫਾਰਵਰਡ ਕਹਿੰਦਾ ਰਿਹਾ ਅਤੇ ਕੋਈ ਹਾਕੀ ਦਾ ਜਿਉਂਦਾ ਜਾਗਦਾ ਇਤਿਹਾਸ ਕਹਿੰਦਾ ਹੈ। ਉਹ ਆਪਣੇ ਆਪ ਵਿਚ ਇਕ ਦਾਸਤਾਨ ਹੈ। ਬਤੌਰ ਖਿਡਾਰੀ, ਕੋਚ, ਮੈਨੇਜਰ, ਖੇਡ ਲੇਖਕ ਤੇ ਖੇਡ ਡਾਇਰੈਕਟਰ ਵਜੋਂ ਉਸ ਦੀ ਦੇਣ ਲਾਸਾਨੀ ਹੈ।

1948 ਵਿਚ ਲੰਡਨ ਦੀਆਂ ਉਲੰਪਿਕ ਖੇਡਾਂ 'ਚ ਉਸ ਨੇ ਹੈਟ ਟ੍ਰਿਕ ਸਮੇਤ 8 ਗੋਲ ਕੀਤੇ ਸਨ। ਹੈਲਸਿੰਕੀ ਓਲੰਪਿਕ-52 ਵਿਚ ਭਾਰਤੀ ਟੀਮ ਦੇ ਕੁਲ 13 ਗੋਲਾਂ ਵਿਚ 9 ਗੋਲ 'ਕੱਲੇ ਬਲਬੀਰ ਸਿੰਘ ਦੇ ਸਨ। ਸੈਮੀ ਫਾਈਨਲ ਤੇ ਫਾਈਨਲ ਮੈਚਾਂ ਵਿਚ 9 ਗੋਲਾਂ 'ਚੋਂ 8 ਗੋਲ ਤੇ ਫਾਈਨਲ ਮੈਚ ਵਿਚ ਭਾਰਤ ਦੇ 6 ਗੋਲਾਂ 'ਚੋਂ 5 ਗੋਲ! ਉਲੰਪਿਕ ਖੇਡਾਂ ਵਿਚ ਹੁਣ ਤਕ ਹਾਕੀ ਦਾ ਕੋਈ ਹੋਰ ਖਿਡਾਰੀ ਫਾਈਨਲ ਮੈਚ 'ਚ ਬਲਬੀਰ ਸਿੰਘ ਜਿੰਨੇ ਗੋਲ ਨਹੀਂ ਕਰ ਸਕਿਆ। 1956 ਵਿਚ ਮੈਲਬੌਰਨ ਦੀਆਂ ਓਲੰਪਿਕ ਖੇਡਾਂ ਸਮੇਂ ਉਹ ਭਾਰਤੀ ਟੀਮ ਦਾ ਕਪਤਾਨ ਸੀ ਜਦੋਂ ਭਾਰਤ ਲਗਾਤਾਰ ਛੇਵੀਂ ਵਾਰ ਸੋਨ ਤਮਗਾ ਜਿੱਤਿਆ।

ਉਸ ਦੀ ਕੋਚਿੰਗ ਸਦਕਾ ਭਾਰਤੀ ਹਾਕੀ ਟੀਮ 1975 ਵਿਚ ਕੁਆਲਾ ਲੰਪੁਰ ਤੋਂ ਹਾਕੀ ਦਾ ਵਰਲਡ ਕੱਪ ਜਿੱਤੀ। ਉਹ ਕਈ ਵਾਰ ਭਾਰਤੀ ਟੀਮਾਂ ਦਾ ਕੋਚ ਤੇ ਮੈਨੇਜਰ ਰਿਹਾ। ਉਸ ਨੇ ਆਪਣੀ ਸਵੈਜੀਵਨੀ ਤੋਂ ਬਿਨਾਂ ਹਾਕੀ ਦੀ ਕੋਚਿੰਗ ਉਤੇ 'ਦੀ ਗੋਲਡਨ ਯਾਰਡਸਟਿਕ' ਪੁਸਤਕ ਵੀ ਲਿਖੀ। ਉਸ ਨੂੰ 1957 ਵਿਚ ਪਦਮਸ਼੍ਰੀ ਦੀ ਉਪਾਧੀ ਤੇ 1982 ਦੀਆਂ ਏਸ਼ਿਆਈ ਖੇਡਾਂ ਸਮੇਂ ਖੇਡਾਂ ਦੀ ਜੋਤ ਜਗਾਉਣ ਦਾ ਮਾਣ ਮਿਲਿਆ। ਉਹ ਅਜੇ ਵੀ ਯੋਗਾ, ਸੈਰ ਤੇ ਹਾਕੀ ਦੇ ਇਸ਼ਕ ਨਾਲ ਜੁਆਨ ਹੈ।

ਉਹ 'ਗੋਲਡਨ ਹੈਟ ਟ੍ਰਿਕ' ਵਿਚ ਲਿਖਦਾ ਹੈ ਕਿ ਨਿੱਕੇ ਹੁੰਦੇ ਨੂੰ ਹੀ ਉਹਦੇ ਮਾਪੇ ਮੋਗੇ ਲੈ ਗਏ ਸਨ। ਉਥੇ ਉਸ ਨੇ ਇਕ ਪਰੀ ਵੇਖੀ ਜਿਹਨੇ ਉਹਨੂੰ ਤੁਰਤ ਮੋਹ ਲਿਆ। ਉਹ ਉਸ ਨਾਲ ਖੇਡਦਾ, ਉਹਨੂੰ ਪਸੰਦ ਕਰਦਾ, ਪਿਆਰਦਾ ਤੇ ਉਹਦੀ ਪੂਜਾ ਕਰਦਾ। ਉਹਦੀ ਉਹ ਪਹਿਲੀ ਮੁਹੱਬਤ ਸੀ। ਮੁਹੱਬਤ ਵਧਦੀ ਗਈ ਤੇ ਉਹਦੀ ਮਹਿਮਾ ਵੀ ਫੈਲਦੀ ਗਈ। ਪਰੀ ਨੇ ਪਾਸਾ ਵੱਟ ਜਾਣਾ ਚਾਹਿਆ ਪਰ ਬਲਬੀਰ ਸਿੰਘ ਨੇ ਪਿੱਛਾ ਨਾ ਛੱਡਿਆ। ਉਸ ਦਾ ਪ੍ਰੇਮ ਦੈਵੀ ਸੀ। ਉਹ ਸੁਹਿਰਦ ਸੀ, ਸਮਰਪਿਤ ਸੀ ਤੇ ਉਹਦਾ ਸ਼ਰਧਾਲੂ ਸੀ। ਪਰੀ ਦੀ ਖਿੱਚ ਅਲੌਕਿਕ ਸੀ। ਲੰਡਨ ਵਿਚ ਉਨ੍ਹਾਂ ਦਾ ਪਿਆਰ ਪਰਵਾਨ ਚੜ੍ਹਿਆ, ਹੈਲਸਿੰਕੀ 'ਚ ਵਿਆਹ ਹੋਇਆ ਤੇ ਮੈਲਬੌਰਨ ਵਿਚ ਉਨ੍ਹਾਂ ਨੇ ਹਨੀਮੂਨ ਮਨਾਇਆ। ਉਹਦੇ ਸੁਫਨਿਆਂ ਦੀ ਉਹ ਪਰੀ ਕੋਈ ਹੋਰ ਨਹੀਂ, ਉਹ ਉਹਦੀ ਮਹਿਬੂਬ ਹਾਕੀ ਦੀ ਖੇਡ ਹੀ ਸੀ...। ਅਜਿਹੀ ਭੂਮਿਕਾ ਬੰਨ੍ਹ ਕੇ ਉਸ ਨੇ ਆਪਣੀ ਸਵੈਜੀਵਨੀ ਨੂੰ ਗਲਪੀ ਰੰਗ ਦੇ ਦਿੱਤਾ ਹੈ।

ਪਹਿਲੇ ਕਾਂਡ 'ਚ ਲਿਖਦਾ ਹੈ, "ਪੀੜ ਨਾਲ ਮੇਰਾ ਬੁਰਾ ਹਾਲ ਸੀ। ਮੈਲਬੌਰਨ ਦੀਆਂ ਓਲੰਪਿਕ ਖੇਡਾਂ ਦਾ ਪਹਿਲਾ ਮੈਚ ਖੇਡਦਿਆਂ ਮੈਂ ਅਫਗਾਨਿਸਤਾਨ ਦੀ ਟੀਮ ਸਿਰ ਪੰਜ ਗੋਲ ਕਰ ਚੁੱਕਾ ਸਾਂ ਕਿ ਮੇਰੇ ਸੱਟ ਲੱਗ ਗਈ। ਪਠਾਣ ਫੁੱਲ ਬੈਕ ਦੀ ਜ਼ੋਰਦਾਰ ਹਿੱਟ ਸਿੱਧੀ ਮੇਰੇ ਸੱਜੇ ਹੱਥ ਦੀ ਉਂਗਲ ਉਤੇ ਲੱਗੀ। ਇਉਂ ਲੱਗਾ ਜਿਵੇਂ ਕਿਸੇ ਨੇ ਹਥੌੜਾ ਮਾਰ ਕੇ ਉਂਗਲ ਫੇਹ ਦਿੱਤੀ ਹੋਵੇ। ਮੇਰੀਆਂ ਅੱਖਾਂ ਅੱਗੇ ਹਨ੍ਹੇਰਾ ਛਾ ਗਿਆ ਤੇ ਦਰਦ ਨੇ ਮੈਨੂੰ ਤੜਫਾ ਦਿੱਤਾ। ਪਰ ਮੈਂ ਅਸਹਿ ਪੀੜ ਸਹਿੰਦਿਆਂ ਵੀ ਆਪਣੀ ਖੇਡ ਜਾਰੀ ਰੱਖੀ..."

ਮੈਚ ਤੋਂ ਬਾਅਦ ਐਕਸਰੇਅ ਤੋਂ ਪਤਾ ਲੱਗਾ ਕਿ ਉਂਗਲ ਦੀ ਹੱਡੀ ਬੁਰੀ ਤਰ੍ਹਾਂ ਟੁੱਟ ਚੁੱਕੀ ਸੀ ਤੇ ਰਾਜ਼ੀ ਹੋਣ ਨੂੰ ਚੋਖਾ ਸਮਾਂ ਲੱਗਣਾ ਸੀ। ਪਰ ਇਹ ਭੇਤ ਬਾਹਰ ਨਾ ਨਿਕਲਣ ਦਿੱਤਾ ਗਿਆ। ਉਸ ਨੇ ਪਲੱਸਤਰ ਲੱਗੀ ਉਂਗਲ ਕੋਟ ਦੀ ਜੇਬ ਵਿਚ ਹੀ ਰੱਖੀ। ਉਹਦਾ ਸੈਮੀ ਫਾਈਨਲ ਤੇ ਫਾਈਨਲ ਮੈਚ ਖੇਡਣਾ ਬੇਹੱਦ ਜ਼ਰੂਰੀ ਸੀ। ਦੋ ਸਾਲ ਪਹਿਲਾਂ ਮਲਾਇਆ-ਸਿੰਗਾਪੁਰ ਦੇ ਟੂਰ ਸਮੇਂ ਭਾਰਤੀ ਟੀਮ ਦੇ 121 ਗੋਲਾਂ 'ਚੋਂ 83 ਗੋਲ ਉਸ ਨੇ ਕੀਤੇ ਸਨ। ਇਕ ਸਾਲ ਪਹਿਲਾਂ ਨਿਊਜ਼ੀਲੈਂਡ ਤੇ ਆਸਟ੍ਰੇਲੀਆ 'ਚ ਖੇਡਦਿਆਂ 203 ਗੋਲਾਂ 'ਚੋਂ 141 ਗੋਲ ਉਹਦੀ ਹਾਕੀ ਨਾਲ ਹੋਏ ਸਨ। ਗੋਲ ਕਰਨ ਵਿਚ ਉਹਦੀ ਦਹਿਸ਼ਤ ਸੀ।

ਸੈਮੀ ਫਾਈਨਲ ਤੇ ਫਾਈਨਲ ਮੈਚ ਉਹ ਦਰਦਨਿਵਾਰੂ ਟੀਕੇ ਲਗਵਾ ਕੇ ਖੇਡਿਆ। ਪਹਿਲਾਂ ਜਰਮਨੀ ਤੇ ਪਿੱਛੋਂ ਪਾਕਿਸਤਾਨ ਦੀ ਟੀਮ ਨੂੰ ਬਲਬੀਰ ਸਿੰਘ ਉਤੇ ਦੋ ਦੋ ਖਿਡਾਰੀ ਛਡਣੇ ਪਏ ਜਿਸ ਨਾਲ ਭਾਰਤ ਦੇ ਬਾਕੀ ਫਾਰਵਰਡਾਂ ਉਤੋਂ ਬੋਝ ਘਟਿਆ ਤੇ ਭਾਰਤੀ ਟੀਮ ਲਗਾਤਾਰ ਛੇਵੀਂ ਵਾਰ ਓਲੰਪਿਕ ਖੇਡਾਂ ਦਾ ਗੋਲਡ ਮੈਡਲ ਜਿੱਤ ਗਈ।

ਬਲਬੀਰ ਨੇ ਪੰਜ ਛੇ ਸਾਲ ਦੀ ਉਮਰ ਤਕ ਮਾਂ ਦਾ ਦੁੱਧ ਚੁੰਘਿਆ ਸੀ। ਉਸ ਦੇ ਪਿਤਾ ਸੁਤੰਤਰਤਾ ਸੰਗਰਾਮ ਵਿਚ ਜੇਲ੍ਹ ਯਾਤਰਾ 'ਤੇ ਤੁਰੇ ਰਹਿੰਦੇ ਸਨ। ਬੜੀ ਵਿਚਿੱਤਰ ਕਥਾ ਹੈ ਕਿ ਕਿਵੇਂ ਪੰਜਾਬ ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰ ਕੇ ਪੁਲਿਸ ਵਿਚ ਭਰਤੀ ਕੀਤਾ? ਕਿਵੇਂ ਲਾਹੌਰ ਵਿਚ ਉਹ ਮੰਗਿਆ ਤੇ ਵਿਆਹਿਆ ਗਿਆ? ਮੋਗੇ ਤੋਂ ਚੱਲੀ ਬਰਾਤ ਅਜੇ ਰਾਹ ਵਿਚ ਸੀ ਪਰ ਉਹ ਪਿਛਲੇ ਬੂਹੇ ਥਾਣੀ ਪਹਿਲੋਂ ਹੀ ਸਹੁਰਿਆਂ ਦੇ ਘਰ ਜਾ ਢੁੱਕਿਆ। ਸਾਲੀਆਂ ਦੇ ਮਖੌਲ ਤਾਂ ਫਿਰ ਏਨੇ ਕਾਹਲੇ ਨੂੰ ਸੁਣਨੇ ਈ ਪੈਣੇ ਸਨ!




*ਬਲਬੀਰ ਸਿੰਘ ਸੀਨੀਅਰ ਹਾਕੀ ਦੇ ਮੈਦਾਨ ਵਿਚ*

40ਵਿਆਂ ਵਿਚ ਸਕੂਲਾਂ ਕਾਲਜਾਂ 'ਚ ਹਾਕੀ ਖੇਡਣ ਦਾ ਮਾਹੌਲ, 1947 ਵਿਚ ਦੇਸ਼ ਦੀ ਵੰਡ ਸਮੇਂ ਹੋਈ ਕਤਲੋ-ਗਾਰਤ, ਬਲਬੀਰ ਸਿੰਘ ਦੀ ਪੱਗ ਵਿਚ ਦੀ ਗੋਲੀ ਦਾ ਲੰਘ ਜਾਣਾ ਤੇ ਉਸ ਦਾ ਕਹਿਣਾ ਕਿ ਜੇ ਗੋਲੀ ਦੋ ਇੰਚ ਹੇਠਾਂ ਹੁੰਦੀ ਤਾਂ ਨਾ ਉਹਦਾ ਹੈਟ ਟ੍ਰਿਕ ਹੁੰਦਾ ਤੇ ਨਾ 'ਦੀ ਗੋਲਡਨ ਹੈਟ ਟ੍ਰਿਕ' ਲਿਖੀ ਜਾਂਦੀ। ਪਾਕਿਸਤਾਨ 'ਚ ਖੇਡਣ ਗਈ ਪੰਜਾਬ ਪੁਲਿਸ ਦੀ ਹਾਕੀ ਟੀਮ ਨੂੰ ਮਿੰਟਗੁਮਰੀ ਲਾਗੇ ਭੂਮਨੇ ਦੀਆਂ ਮੱਖੀਆਂ ਨੇ ਭਜਾਇਆ ਤਾਂ ਠਾਣੇਦਾਰ ਬਖਸ਼ੀਸ਼ ਸਿੰਘ ਕਹਿਣ ਲੱਗਾ, "ਆਪਾਂ ਕਾਹਦੇ ਠਾਣੇਦਾਰ ਆਂ? ਆਪਣੇ ਨਾਲੋਂ ਤਾਂ ਆਹ ਮੱਖੀਆਂ ਈ ਤਕੜੀਆਂ ਜਿਹੜੀਆਂ ਆਪਾਂ ਨੂੰ ਵਾਹਣੀਂ ਪਾਈ ਫਿਰਦੀਆਂ!"

ਇਕ ਕਾਂਡ ਖਿਡਾਰੀਆਂ ਦੇ ਵਹਿਮਾਂ-ਵਿਸ਼ਵਾਸਾਂ ਬਾਰੇ ਹੈ। ਕੋਈ ਖਿਡਾਰੀ ਜੇਬ 'ਚ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਰੱਖਦਾ ਹੈ ਤੇ ਕੋਈ ਪੀਰ ਦਾ ਦਿੱਤਾ ਤਵੀਜ਼ ਪਹਿਨਦਾ ਹੈ। ਕਿਸੇ ਨੂੰ ਸਵੇਰੇ ਮੰਜੇ ਤੋਂ ਸੱਜੇ ਪਾਸੇ ਦੀ ਉਠਣ ਦਾ ਵਹਿਮ ਹੈ ਤੇ ਕਿਸੇ ਨੂੰ ਖੱਬੇ ਪਾਸੇ ਦੀ ਉਠਣ ਦਾ ਭਰਮ। ਕਿਸੇ ਨੂੰ ਕਿਸੇ ਖਾਸ ਖੇਡ-ਪੁਸ਼ਾਕ ਰਾਹੀਂ ਹੀ ਜਿੱਤਣ ਦਾ ਭਰੋਸਾ ਹੈ। ਸੁਰਜੀਤ ਸਿੰਘ ਨੂੰ ਵਹਿਮ ਸੀ ਕਿ ਉਹਦੀ ਜਰਸੀ ਦਾ ਨੰਬਰ ਚਾਰ ਉਹਦੇ ਲਈ ਮਨਹੂਸ ਹੈ। ਕੁਆਲਾਲੰਪੁਰ ਜਦੋਂ ਉਸ ਨੂੰ ਗੁੜ ਤੇ ਤਿਲ ਮੰਤਰ ਕੇ ਦਿੱਤੇ ਗਏ ਤਾਂ ਉਹਦਾ ਵਹਿਮ ਦੂਰ ਹੋ ਗਿਆ। ਇਕ ਸਮਾਂ ਐਸਾ ਵੀ ਸੀ ਜਦੋਂ ਸ਼ੀਸ਼ਾ ਭੰਨ ਕੇ ਮੈਚ ਖੇਡਣ ਜਾਣ ਨਾਲ ਭਾਰਤੀ ਟੀਮ ਨੂੰ ਮੈਚ ਜਿੱਤਣ ਦਾ ਵਿਸ਼ਵਾਸ ਹੋ ਜਾਂਦਾ ਸੀ। ਹੋਰ ਤਾਂ ਹੋਰ ਤੇਰਾਂ ਨੰਬਰ ਜੋ ਹੋਰਨਾਂ ਲਈ ਮੰਦਭਾਗਾ ਸਮਝਿਆ ਜਾਂਦੈ ਬਲਬੀਰ ਸਿੰਘ ਲਈ ਸੁਭਾਗਾ ਸਾਬਤ ਹੁੰਦਾ ਰਿਹਾ!

ਇਸ ਪੁਸਤਕ ਵਿਚ ਬਲਬੀਰ ਸਿੰਘ ਦੀ ਸ਼ਖਸੀਅਤ ਦੇ ਬਹੁਰੰਗੇ ਦਰਸ਼ਨ ਹੁੰਦੇ ਹਨ। ਹਾਕੀ ਦੀ ਕੋਚਿੰਗ ਬਾਰੇ ਬੜੀਆਂ ਕੰਮ ਦੀਆਂ ਗੱਲਾਂ ਕੀਤੀਆਂ ਗਈਆਂ ਹਨ। ਕੁਆਲਾਲੰਪੁਰ ਤੋਂ ਹਾਕੀ ਵਿਸ਼ਵ ਕੱਪ ਜਿੱਤਣ ਦਾ ਪੂਰਾ ਵਿਸਥਾਰ ਹੈ। ਜੇਤੂ ਟੀਮ ਦਾ ਇਕ ਪ੍ਰਦਰਸ਼ਨੀ ਮੈਚ ਬਾਲੀਵੁੱਡ ਦੇ ਐਕਟਰਾਂ ਤੇ ਐਕਟ੍ਰੈਸਾਂ ਨਾਲ ਵੀ ਹੋਇਆ ਸੀ ਜੋ ਫਿਲਮੀ ਮਸਾਲਾ ਹੋ ਸਕਦੈ। ਭਾਰਤੀ ਹਾਕੀ ਫੈਡਰੇਸ਼ਨ ਦੀ ਅੰਦਰਖਾਤੇ ਰਿਝਦੀ ਖਿਚੜੀ ਤੋਂ ਵੀ ਉਸ ਨੇ ਢੱਕਣ ਚੁਕਿਆ ਹੈ। ਹਾਕੀ ਫੈਡਰੇਸ਼ਨ ਨੇ ਵਿਸ਼ਵ ਕੱਪ ਜਿਤਾਉਣ ਵਾਲੇ ਬਲਬੀਰ ਸਿੰਘ ਨੂੰ ਇਨਾਮ ਸਨਮਾਨ ਤਾਂ ਕੀ ਦੇਣਾ ਸੀ ਉਲਟਾ ਇਕ ਮਤੇ ਰਾਹੀਂ ਨਿੰਦਿਆ ਕੀਤੀ ਸੀ!



*ਬਲਬੀਰ ਸਿੰਘ ਸੀਨੀਅਰ*

ਪੁਸਤਕ ਵਿਚ ਕਿਤੇ ਕਰੁਣਾ ਰਸ ਹੈ, ਕਿਤੇ ਬੀਰ ਰਸ ਤੇ ਕਿਤੇ ਹਾਸ ਰਸ। ਜਦੋਂ ਬਲਬੀਰ ਸਿੰਘ ਲੰਡਨ ਤੋਂ ਸੋਨੇ ਦਾ ਤਮਗਾ ਜਿੱਤ ਕੇ ਲਿਆਇਆ ਤਾਂ ਮੋਗੇ ਵਿਚ ਉਹਦਾ ਸਵਾਗਤੀ ਜਲੂਸ ਕੱਢਿਆ ਗਿਆ। ਉਹ ਤੇ ਉਹਦੀ ਪਤਨੀ ਹਾਰਾਂ ਨਾਲ ਲੱਦੇ ਖੁੱਲ੍ਹੀ ਜੀਪ 'ਤੇ ਸਵਾਰ ਸਨ। ਇਕ ਮਾਈ ਪੁੱਛਣ ਲੱਗੀ, "ਇਹ ਕਿਹੜੇ ਰਾਜਕੁਮਾਰ ਦਾ ਵਿਆਹ ਐ?"

ਉਤਰ ਮਿਲਿਆ ਕਿ ਵਿਆਹ-ਵਿਊਹ ਕੋਈ ਨੀ। ਬਲਬੀਰ ਖੇਡਾਂ 'ਚੋਂ ਸੋਨੇ ਦਾ ਤਕਮਾ ਜਿੱਤ ਕੇ ਲਿਆਇਐ। ਇਹ ਉਹਦਾ ਜਲੂਸ ਕੱਢਿਆ ਜਾ ਰਿਹੈ। ਮਾਈ ਹੈਰਾਨ ਹੋਈ ਆਖਣ ਲੱਗੀ, "ਇਹਦੇ ਮੂੰਹ 'ਤੇ ਤਾਂ ਦਾੜ੍ਹੀ ਆਈ ਹੋਈ ਐ। ਲੋਹੜਾ ਆ ਗਿਐ! ਇਹ ਅਜੇ ਵੀ ਖੇਡੀ ਜਾਂਦੈ?"

# ਸੁਖੀਏ ਕਉ ਪੇਖੈ ਸਭ ਸੁਖੀਆ...

**ਗੁਰਬਾਣੀ ਗਿਆਨ**

**ਸੋਰਠ ਮਹਲਾ ੫**
ਸੁਖੀਏ ਕਉ ਪੇਖੈ ਸਭ ਸੁਖੀਆ
ਰੋਗੀ ਕੈ ਭਾਣੈ ਸਭ ਰੋਗੀ॥
ਕਰਣ ਕਰਾਵਨਹਾਰ ਸੁਆਮੀ
ਆਪਨ ਹਾਥਿ ਸੰਜੋਗੀ॥੧॥
ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥
ਤਿਸ ਕੈ ਭਾਣੈ ਕੋਇ ਨ ਭੂਲਾ
ਜਿਨਿ ਸਗਲੋ ਬ੍ਰਹਮੁ ਪਛਾਤਾ॥ਰਹਾਉ॥
ਸੰਤ ਸੰਗਿ ਜਾ ਕਾ ਮਨੁ ਸੀਤਲੁ
ਓਹੁ ਜਾਣੈ ਸਗਲੀ ਠਾਂਢੀ॥
ਹਉਮੈ ਰੋਗਿ ਜਾ ਕਾ ਮਨੁ ਬਿਆਪਿਤ
ਓਹੁ ਜਨਮਿ ਮਰੈ ਬਿਲਲਾਤੀ॥੨॥
ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ
ਤਾ ਕਉ ਸਰਬ ਪ੍ਰਗਾਸਾ॥
ਅਗਿਆਨਿ ਅੰਧੇਰੈ ਸੂਝਸਿ ਨਾਹੀ
ਬਹੁੜਿ ਬਹੁੜਿ ਭਰਮਾਤਾ॥੩॥
ਸੁਣਿ ਬੇਨੰਤੀ ਸੁਆਮੀ ਅਪੁਨੇ
ਨਾਨਕੁ ਇਹੁ ਸੁਖੁ ਮਾਗੈ॥
ਜਹ ਕੀਰਤਨੁ ਤੇਰਾ ਸਾਧੂ ਗਾਵਹਿ
ਤਹ ਮੇਰਾ ਮਨੁ ਲਾਗੈ॥੪॥

ਗੁਰਦੇਵ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਆਖਦੇ ਹਨ, ਹੇ ਭਾਈ! ਜਿਵੇਂ ਸੁਖੀ ਵਸਦੇ ਇਨਸਾਨ ਨੂੰ ਬਾਕੀ ਸਾਰੇ ਵੀ ਸੁਖ ਵੱਸਦੇ ਹੀ ਪ੍ਰਤੀਤ ਹੁੰਦੇ ਹਨ ਅਤੇ ਦੁਖ ਦੀ ਪੀੜਾ ਵਿਚ ਗ੍ਰਸਤ ਬੰਦੇ ਨੂੰ ਸਾਰੇ ਜੀਵ ਰੋਗੀ ਹੀ ਦਿਖਾਈ ਦਿੰਦੇ ਹਨ; ਇਵੇਂ ਆਤਮਿਕ ਸੁਖ ਮਾਣ ਰਹੇ ਜੀਵ ਨੂੰ ਵੀ ਸਭ ਸੁਖੀ ਦਿਸਦੇ ਹਨ ਅਤੇ ਵਿਕਾਰਾਂ 'ਚ ਫਸੇ ਬੰਦੇ ਨੂੰ ਸਾਰਾ ਜਗਤ ਵਿਕਾਰੀ ਹੀ ਲਗਦਾ ਹੈ। ਪ੍ਰਭੂ ਨਾਲ ਜੁੜੇ ਜੀਵ ਜਾਣਦੇ ਹਨ ਕਿ ਕਰਨ ਕਰਾਉਣ ਵਾਲੇ ਪ੍ਰਭੂ ਨੇ ਸਭ ਕੁਝ ਆਪਣੇ ਹੱਥ ਵਿਚ ਰੱਖਿਆ ਹੋਇਆ ਹੈ।

ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥
ਤਿਸ ਕੈ ਭਾਣੈ ਕੋਇ ਨ ਭੂਲਾ
ਜਿਨਿ ਸਗਲੋ ਬ੍ਰਹਮੁ ਪਛਾਤਾ॥ਰਹਾਉ॥

ਗੁਰਦੇਵ ਚੰਚਲ ਮਨ ਦੀ ਅਵਸਥਾ ਦਾ ਜ਼ਿਕਰ ਕਰਦਿਆਂ ਆਖਦੇ ਹਨ, ਹੇ ਮੇਰੇ ਮਨ! ਜਿਸ ਜੀਵ ਨੇ ਆਪਣੇ ਅੰਦਰੋਂ ਮੇਰਾ ਅਤੇ ਤੇਰਾ ਦਾ ਝਗੜਾ ਹੀ ਮੁਕਾ ਦਿੱਤਾ ਅਤੇ ਆਪਣੇ ਆਪ ਨੂੰ ਪ੍ਰਭੂ ਨਾਲ ਜੋੜ ਲਿਆ, ਉਸ ਨੇ ਜਗਤ ਦੇ ਸਾਰੇ ਹੀ ਜੀਵਾਂ ਵਿਚ ਉਸ ਮਿਹਰਬਾਨ ਪ੍ਰਭੂ ਨੂੰ ਵੱਸਦਾ ਵੇਖ ਲਿਆ, ਉਸ ਮਾਲਕ ਨਾਲ ਜੁੜ ਚੁਕੇ ਵਡਭਾਗੇ ਜੀਵ ਦੇ ਖਿਆਲ ਵਿਚ ਤਾਂ ਕੋਈ ਜੀਵ ਵੀ ਕੁਰਾਹੇ ਨਹੀਂ ਪਿਆ ਅਤੇ ਸਭ ਕੁਝ ਉਸ ਮਾਲਕ ਦੇ ਹੁਕਮ ਵਿਚ ਹੋ ਰਿਹਾ ਹੈ।

ਸੰਤ ਸੰਗਿ ਜਾ ਕਾ ਮਨੁ ਸੀਤਲੁ
ਓਹੁ ਜਾਣੈ ਸਗਲੀ ਠਾਂਢੀ॥
ਹਉਮੈ ਰੋਗਿ ਜਾ ਕਾ ਮਨੁ ਬਿਆਪਿਤ
ਓਹੁ ਜਨਮਿ ਮਰੈ ਬਿਲਲਾਤੀ॥੨॥

ਹੇ ਭਾਈ! ਸਤਿ ਸੰਗਤਿ ਵਿਚ ਬੈਠ ਕੇ ਜਿਸ ਵਡਭਾਗੇ ਜੀਵ ਦਾ ਮਨੁ ਸੀਤਲ ਹੋ ਜਾਂਦਾ ਹੈ ਅਤੇ ਵਿਕਾਰਾਂ ਨਾਲੋਂ ਟੁੱਟ ਜਾਂਦਾ ਹੈ, ਉਹ ਤਾਂ ਸਾਰੀ ਲੁਕਾਈ ਨੂੰ ਹੀ ਠਾਂਢੀ, ਭਾਵ ਸ਼ਾਂਤ ਸਮਝ ਕੇ ਅਨੰਦ ਚਿਤ ਰਹਿੰਦਾ ਹੈ, ਪਰ ਜੋ ਜੀਵ ਹਉਮੈ ਵਿਚ ਫਸਿਆ ਪਿਆ ਹੈ, ਉਹ ਜਨਮ ਮਰਨ ਦੀ ਪੀੜਾ ਵਿਚ ਹੀ ਤੜਫਦਾ ਰਹਿੰਦਾ ਹੈ ਅਤੇ ਪ੍ਰਭੂ ਭਗਤੀ ਨਾਲੋਂ ਟੁਟਿਆ ਜੀਵ ਸਦਾ ਦੁਖੀ ਰਹਿੰਦਾ ਹੈ।

ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ
ਤਾ ਕਉ ਸਰਬ ਪ੍ਰਗਾਸਾ॥
ਅਗਿਆਨਿ ਅੰਧੇਰੈ ਸੂਝਸਿ ਨਾਹੀ
ਬਹੁੜਿ ਬਹੁੜਿ ਭਰਮਾਤਾ॥੩॥

ਹੇ ਭਾਈ! ਗਿਆਨ ਅੰਜਨ, ਭਾਵ ਪ੍ਰਭੂ ਦੀ ਸੂਝ ਵਾਲਾ ਗਿਆਨ ਰੂਪ ਸੁਰਮਾ ਜਿਸ ਜੀਵ ਦੀਆਂ ਅੱਖਾਂ ਵਿਚ ਪੈ ਜਾਂਦਾ ਹੈ, ਤਾ ਕਉ ਸਰਬ ਪ੍ਰਗਾਸਾ, ਉਸ ਵਡਭਾਗੇ ਜੀਵ ਨੂੰ ਆਤਮਿਕ ਜੀਵਨ ਦਾ ਚਾਨਣ ਹੋ ਜਾਂਦਾ ਹੈ; ਦੂਜੇ ਪਾਸੇ ਗਿਆਨ ਤੋਂ ਹੀਣਾ ਬੰਦਾ ਅਗਿਆਨ ਦੇ ਹਨੇਰੇ ਵਿਚ ਹੀ ਭਟਕਦਾ ਫਿਰਦਾ ਹੈ ਤੇ ਉਸ ਨੂੰ ਜੀਵਨ ਦੇ ਸਹੀ ਰਸਤੇ ਬਾਰੇ ਕੁਝ ਵੀ ਸੁਝਦਾ ਨਹੀਂ ਅਤੇ ਮੁੜ ਮੁੜ ਕੇ ਭਟਕਦਾ ਫਿਰਦਾ ਹੈ।


ਸੁਣਿ ਬੇਨੰਤੀ ਸੁਆਮੀ ਅਪੁਨੇ
ਨਾਨਕੁ ਇਹੁ ਸੁਖੁ ਮਾਗੈ॥
ਜਹ ਕੀਰਤਨੁ ਤੇਰਾ ਸਾਧੂ ਗਾਵਹਿ
ਤਹ ਮੇਰਾ ਮਨੁ ਲਾਗੈ॥੪॥

ਹੁਣ ਗੁਰਦੇਵ ਪਿਤਾ ਜੀ ਉਸ ਮਿਹਰਬਾਨ ਪ੍ਰਭੂ ਜੀ ਕੋਲ ਅਰਦਾਸ ਕਰਦੇ ਹਨ, ਹੇ ਮੇਰੇ ਸੁਆਮੀ! ਮੇਰੇ ਮਾਲਕ ਪ੍ਰਭੂ ਜੀਓ!! ਮੇਰੀ ਬੇਨਤੀ ਸੁਣ, ਤੇਰਾ ਇਹ ਦਾਸ ਨਾਨਕ ਤੇਰੇ ਦਰ ਤੋਂ ਸਦਾ ਇਹ ਸੁਖ, ਭਾਵ ਮੰਗਦਾ ਹੈ ਕਿ ਮੇਰੇ ਪ੍ਰਭੂ ਜੀਓ! ਜਹ ਕੀਰਤਨੁ ਤੇਰਾ ਸਾਧੂ ਗਾਵਹਿ, ਜਿਥੇ ਵੀ ਤੇਰੇ ਪਿਆਰੇ ਸੰਤ ਜਨ ਤੇਰਾ ਕੀਰਤਨ ਕਰਦੇ ਹੋਣ, ਤੇਰੀ ਸਿਫਤ-ਸਾਲਾਹ ਦੇ ਗੀਤ ਗਾ ਰਹੇ ਹੋਣ, ਮੇਰਾ ਮਨ ਉਥੇ ਸਦਾ ਹੀ ਜੁੜਿਆ ਰਹੇ।

**-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
**ਫੋਨ: 916-687-3536**

# ਸਾਰੇ ਪਾਸੇ ਤੰਦ ਨਹੀਂ, ਤਾਣੀ ਹੀ ਉਲਝੀ ਪਈ ਹੈ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਹੁਣ ਜਦੋਂ ਸਾਰਾ ਦੇਸ਼ ਬਿਹਾਰ ਦੀ ਘਟਨਾ ਨਾਲ ਉਬਲ ਰਿਹਾ ਹੈ, ਉਦੋਂ ਜਲੰਧਰ ਤੋਂ ਇਹ ਖਬਰ ਆਈ ਹੈ ਕਿ ਸਿਹਤ ਵਿਭਾਗ ਨੇ ਸਕੂਲਾਂ ਦੇ ਦੁਪਹਿਰ ਦਾ ਖਾਣਾ ਬਣਾਉਣ ਵਾਲੀਆਂ ਥਾਂਵਾਂ ਜਾ ਕੇ ਚੈਕ ਕੀਤੀਆਂ ਤੇ ਕਈ ਤਰੁੱਟੀਆਂ ਲੱਭੀਆਂ ਹਨ। ਸਕੂਲੀ ਖਾਣੇ ਦੀ ਇਹ ਚੈਕਿੰਗ ਛੇ ਸਾਲਾਂ ਬਾਅਦ ਹੋਈ ਹੈ। ਜਿਵੇਂ ਸਿਹਤ ਵਿਭਾਗ ਛੇ ਸਾਲਾਂ ਦਾ ਸੁੱਤਾ ਬਿਹਾਰ ਦੀ ਘਟਨਾ ਤੋਂ ਬਾਅਦ ਜਾਗ ਪਿਆ ਹੈ, ਉਸੇ ਤਰ੍ਹਾਂ ਸਕੂਲਾਂ ਦਾ ਖਾਣਾ ਬਣਾਉਣ ਵਾਲਿਆਂ ਨੇ ਵੀ ਉਸ ਦੁਖਾਂਤ ਪਿੱਛੋਂ ਚੈਕ ਹੋਣ ਦੇ ਡਰੋਂ ਕੁਝ ਸਫਾਈ ਵਗੈਰਾ ਕਰ ਲਈ ਹੋਵੇਗੀ, ਪਰ ਇਹ ਜਵਾਬ ਕੌਣ ਦੇਵੇਗਾ ਕਿ ਸਿਹਤ ਵਿਭਾਗ ਨੇ ਪਿਛਲੇ ਛੇ ਸਾਲਾਂ ਤੋਂ ਕਦੀ ਕਿਸੇ ਥਾਂ ਇਹ ਖਾਣਾ ਬਣਦਾ ਚੈਕ ਕਰਨ ਦੀ ਲੋੜ ਕਿਉਂ ਨਹੀਂ ਸੀ ਸਮਝੀ?***

ਨਿੱਤ ਵਾਪਰਦੇ ਦੁਖਾਂਤ ਦੇ ਦੌਰ ਵਿਚ ਹੁਣ ਬਿਹਾਰ ਦੇ 22 ਬੱਚੇ ਭਾਰਤ ਦੇ ਦੁਰ-ਪ੍ਰਬੰਧ ਕਾਰਨ ਮੌਤ ਦੀ ਗੋਦ ਪੈ ਗਏ ਹਨ। ਇਨ੍ਹਾਂ ਬੱਚਿਆਂ ਨੂੰ ਉਹੋ ਸਕੀਮ ਲੈ ਬੈਠੀ, ਜਿਹੜੀ ਇਨ੍ਹਾਂ ਦੇ ਭਲੇ ਲਈ ਬਣਾਈ ਗਈ ਸੀ। ਕੇਂਦਰ ਦੀ ਸਕੀਮ ਸੀ ਕਿ ਸਕੂਲੀ ਬੱਚਿਆਂ ਨੂੰ ਦੁਪਹਿਰ ਦਾ ਖਾਣਾ ਦਿੱਤਾ ਜਾਇਆ ਕਰੇਗਾ, ਜਿਸ ਦੇ ਤਿੰਨ ਕਾਰਨ ਦੱਸੇ ਗਏ ਸਨ। ਪਹਿਲਾ ਇਹ ਕਿ ਇਸ ਖਾਣੇ ਦੇ ਬਹਾਨੇ ਉਨ੍ਹਾਂ ਦਾ ਸਕੂਲ ਜਾਣ ਤੇ ਪੜ੍ਹਨ ਨੂੰ ਮਨ ਕਰੇਗਾ। ਦੂਸਰਾ, ਉਨ੍ਹਾਂ ਦੀ ਪਰਿਵਾਰਕ ਗਰੀਬੀ ਕਾਰਨ ਮਾਂ-ਬਾਪ ਵੱਲੋਂ ਉਨ੍ਹਾਂ ਨੂੰ ਕੰਮ ਉਤੇ ਲਾਏ ਜਾਣ ਦਾ ਰੁਝਾਨ ਕੁਝ ਘੱਟ ਕੀਤਾ ਜਾਣ ਦੇ ਮੌਕੇ ਵਧ ਜਾਣਗੇ। ਤੀਸਰਾ ਇਹ ਕਿ ਜਿਹੜੇ ਬੱਚਿਆਂ ਦੇ ਮਾਪੇ ਉਨ੍ਹਾਂ ਨੂੰ ਸਕੂਲ ਭੇਜਦੇ ਵੀ ਹਨ, ਉਨ੍ਹਾਂ ਵਾਸਤੇ ਵੀ ਭਾਰਤ ਦੇ ਆਮ ਘਰਾਂ ਦਾ ਖਾਣਾ ਬੱਚੇ ਦੇ ਵਿਕਾਸ ਦੀਆਂ ਲੋੜਾਂ ਪੂਰੀਆਂ ਕਰਨ ਵਾਲਾ ਨਹੀਂ। ਦੁਪਹਿਰ ਦੇ ਖਾਣੇ ਦੀ ਇਸ ਸਕੀਮ ਦੇ ਬਹਾਨੇ ਉਨ੍ਹਾਂ ਦੇ ਪੇਟ ਵਿਚ ਕੁਝ ਸਿਹਤ ਵਾਲੀ ਖੁਰਾਕ ਜਾ ਸਕੇਗੀ। ਜਿੰਨੇ ਬੱਚੇ ਭਾਰਤੀ ਸਕੂਲਾਂ ਵਿਚ ਪੜ੍ਹਦੇ ਹਨ ਤੇ ਉਨ੍ਹਾਂ ਲਈ ਇਹ ਸਕੀਮ ਚਲਾਈ ਜਾਂਦੀ ਹੈ, ਸੰਸਾਰ ਪੱਧਰ ਦੀਆਂ ਏਜੰਸੀਆਂ ਇਸ ਨੂੰ ਸੰਸਾਰ ਵਿਚ ਸਭ ਤੋਂ ਵੱਧ ਲੋਕਾਂ ਤੱਕ ਪਹੁੰਚ ਦੀ ਨੀਤੀ ਦਾ ਨਾਂ ਦੇ ਰਹੀਆਂ ਹਨ। ਸਕੀਮ ਮਾੜੀ ਨਹੀਂ ਸੀ, ਪਰ ਨਤੀਜੇ ਇਸ ਦੇ ਚੰਗੇ ਨਹੀਂ ਨਿਕਲੇ।

ਜਦੋਂ ਅਸੀਂ ਨਤੀਜੇ ਚੰਗੇ ਨਹੀਂ ਨਿਕਲੇ ਮੰਨਦੇ ਜਾਂ ਕਹਿੰਦੇ ਹਾਂ ਤਾਂ ਇਸ ਦਾ ਭਾਵ ਸਿਰਫ ਬਿਹਾਰ ਦੀ ਘਟਨਾ ਤੋਂ ਨਹੀਂ, ਸਕੀਮ ਦੇ ਸਮੁੱਚ ਤੋਂ ਹੈ। ਫਿਰ ਵੀ ਸਮੁੱਚੀ ਗੱਲ ਕਰਨ ਤੋਂ ਪਹਿਲਾਂ ਬਿਹਾਰ ਦੇ ਦੁਖਾਂਤ ਦੀ ਕਰਨੀ ਬਣਦੀ ਹੈ।

ਬਿਹਾਰ ਦੇ ਛਪਰਾ ਜ਼ਿਲੇ ਦੇ ਇੱਕ ਸਕੂਲ ਵਿਚ ਦੁਪਹਿਰ ਦਾ ਖਾਣਾ ਖਾਣ ਤੋਂ ਬਾਅਦ ਬੱਚਿਆਂ ਨੇ ਸਿਹਤ ਦੀ ਖਰਾਬੀ ਦੀ ਸ਼ਿਕਾਇਤ ਕਰਨੀ ਸ਼ੁਰੂ ਕੀਤੀ ਤੇ ਫਿਰ ਵਾਰੀ-ਵਾਰੀ ਹਸਪਤਾਲ ਜਾ ਕੇ ਦਮ ਤੋੜਨ ਲੱਗ ਪਏ। ਇਸ ਨਾਲ ਜਿੰਨਾ ਚੀਕ-ਚਿਹਾੜਾ ਉਨ੍ਹਾਂ ਦੇ ਘਰੀਂ ਪਿਆ, ਉਸ ਤੋਂ ਵੱਧ ਰਾਜਨੀਤੀ ਦੇ ਅਖਾੜੇ ਵਿਚ ਪੈ ਗਿਆ। ਭਾਰਤੀ ਜਨਤਾ ਪਾਰਟੀ ਵਾਲਿਆਂ ਨੇ ਕਿਹਾ ਕਿ ਅਸੀਂ ਜਦੋਂ ਦਾ ਨਿਤੀਸ਼ ਕੁਮਾਰ ਦੀ ਸਰਕਾਰ ਦਾ ਸਾਥ ਛੱਡਿਆ ਤਾਂ ਇਹ ਇੱਕਦਮ ਨਿਕੰਮੀ ਹੋ ਗਈ ਹੈ, ਜਿਸ ਦੇ ਸਿੱਟੇ ਵਜੋਂ ਮੌਤਾਂ ਹੋਈਆਂ ਹਨ। ਲਾਲੂ ਪ੍ਰਸਾਦ ਯਾਦਵ ਨੇ ਕਿਹਾ ਕਿ ਮੌਤਾਂ ਸਰਕਾਰੀ ਅਣਗਹਿਲੀ ਨਾਲ ਹੋਈਆਂ ਹਨ ਤਾਂ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਖਿਲਾਫ ਕਤਲ ਦਾ ਕੇਸ ਦਰਜ ਕੀਤਾ ਜਾਵੇ। ਨਿਤੀਸ਼ ਕੁਮਾਰ ਦੀ ਸਰਕਾਰ ਦੇ ਸਿੱਖਿਆ ਮੰਤਰੀ ਨੇ ਇਹ ਕਹਿ ਦਿੱਤਾ ਕਿ ਜਿਸ ਸਕੂਲ ਵਿਚ ਇਹ ਮੌਤਾਂ ਹੋਈਆਂ ਹਨ, ਉਥੇ ਲੱਗੀ ਪ੍ਰਿੰਸੀਪਲ ਦਾ ਪਤੀ ਲਾਲੂ ਪ੍ਰਸਾਦ ਦੀ ਪਾਰਟੀ ਦਾ ਹੈ ਤੇ ਖਾਣਾ ਸਪਲਾਈ ਕਰਨ ਵਾਲਾ ਵੀ ਉਸੇ ਪਾਰਟੀ ਦਾ ਹੈ, ਇਸ ਲਈ ਇਹ ਕੋਈ ਰਾਜਸੀ ਸਾਜ਼ਿਸ਼ ਹੋਈ ਜਾਪਦੀ ਹੈ। ਨਤੀਜੇ ਵਜੋਂ ਬੱਚਿਆਂ ਦੀ ਮੌਤ ਦਾ ਅਫਸੋਸ ਕਿਸੇ ਵੱਲੋਂ ਜ਼ਾਹਰ ਨਹੀਂ ਸੀ ਹੋ ਰਿਹਾ ਅਤੇ ਰਾਜਨੀਤੀ ਬੱਚਿਆਂ ਦੇ ਸਿਵਿਆਂ ਤੀਕਰ ਵੀ ਪਹੁੰਚਣ ਲਈ ਦੌੜਾਂ ਲਾ ਰਹੀ ਸੀ।

ਜਿਹੜੀ ਗੱਲ ਮੁੱਢਲੀ ਜਾਂਚ ਵਿਚ ਸਾਹਮਣੇ ਆਈ ਹੈ, ਉਹ ਇਹ ਹੈ ਕਿ ਖਾਣਾ ਪਕਾਉਣ ਵਾਲੇ ਤੇਲ ਦੀ ਬੋਤਲ ਦੇ ਨੇੜੇ ਇੱਕ ਕੀੜੇ-ਮਾਰ ਦਵਾਈ ਦੀ ਬੋਤਲ ਪਈ ਸੀ ਤੇ ਗਲਤੀ ਨਾਲ ਤੇਲ ਦੀ ਥਾਂ ਉਹ ਦਵਾਈ ਪੈ ਗਈ ਹੋ ਸਕਦੀ ਹੈ। ਕਿਸੇ ਵੀ ਪਾਸੇ ਤੋਂ ਇਹ ਸੂਹ ਨਹੀਂ ਨਿਕਲੀ ਕਿ ਕਿਸੇ ਨੇ ਜਾਣ-ਬੁੱਝ ਕੇ ਜ਼ਹਿਰ ਮਿਲਾ ਦਿੱਤਾ ਹੋਵੇਗਾ। ਜਿਹੜੀ ਬੀਬੀ ਖਾਣਾ ਬਣਾਉਂਦੀ ਹੈ, ਉਹ ਵਿਚਾਰੀ ਅਸਲੋਂ ਸਿੱਧੜ ਜਾਪਦੀ ਹੈ। ਜਿੰਨੇ ਘੱਟ ਪੈਸੇ ਇਸ ਕੰਮ ਲਈ ਦਿੱਤੇ ਜਾਂਦੇ ਹਨ, ਉਨ੍ਹਾਂ ਨਾਲ ਵਿਚਾਰੀਆਂ ਗਰੀਬੀ ਦੀਆਂ ਮਾਰੀਆਂ ਉਹੋ ਬੀਬੀਆਂ ਇਸ ਕੰਮ ਲਈ ਰੱਖੀਆਂ ਜਾਣਗੀਆਂ, ਜਿਨ੍ਹਾਂ ਨੂੰ ਸਾਫ-ਸਫਾਈ ਦੇ ਆਧੁਨਿਕ ਮਿਆਰਾਂ ਦੀ ਬਹੁਤੀ ਸਮਝ ਨਹੀਂ ਹੋ ਸਕਦੀ। ਸਫਾਈ ਦਾ ਖਿਆਲ ਰੱਖਣ ਦਾ ਕੰਮ ਸਕੂਲ ਦੀ ਪ੍ਰਿੰਸੀਪਲ ਦਾ ਹੋਣਾ ਚਾਹੀਦਾ ਸੀ, ਪਰ ਉਹ ਆਪਣੇ ਕੰਮਾਂ ਤੋਂ ਬਿਨਾਂ ਕੁਝ ਸਰਕਾਰੀ ਅਤੇ ਕੁਝ ਗੈਰ-ਸਰਕਾਰੀ ਕੰਮਾਂ ਲਈ ਏਨੀ ਰੁੱਝੀ ਹੋਈ ਦੱਸੀ ਜਾਂਦੀ ਹੈ ਕਿ ਇਸ ਕੰਮ ਵੱਲ ਉਸ ਤੋਂ ਧਿਆਨ ਹੀ ਨਹੀਂ ਦਿੱਤਾ ਜਾਂਦਾ ਹੋਣਾ।

ਜਦੋਂ ਇਹ ਘਟਨਾ ਵਾਪਰ ਗਈ, ਉਸ ਦੇ ਬਾਅਦ ਸਾਡੇ ਮੀਡੀਏ ਨੇ ਸਾਰੇ ਦੇਸ਼ ਦੇ ਸਕੂਲਾਂ ਵਿਚ ਇਸ ਸਕੀਮ ਦੇ ਅਧੀਨ ਬਣਾਏ ਤੇ ਵਰਤਾਏ ਜਾਂਦੇ ਖਾਣੇ ਬਾਰੇ ਕਈ ਰਿਪੋਰਟਾਂ ਪੇਸ਼ ਕਰ ਦਿੱਤੀਆਂ। ਇੱਕ ਰਾਜ ਦੇ ਇੱਕ ਸਕੂਲ ਦੇ ਜਿਸ ਕਮਰੇ ਵਿਚ ਖਾਣਾ ਬਣਾਇਆ ਜਾ ਰਿਹਾ ਸੀ, ਉਸ ਵਿਚ ਸਿਰਫ ਖਾਣਾ ਬਣਾਉਣ ਵਾਲੀ ਬੀਬੀ ਸੀ ਤੇ ਜਾਂ ਉਸ ਦੇ ਕੋਲ ਬੈਠਾ ਇੱਕ ਕੁੱਤਾ ਤੇ ਇੱਕ ਬਿੱਲੀ ਦਿਖਾਈ ਦਿੰਦੇ ਸਨ। ਜਦੋਂ ਉਹ ਬੀਬੀ ਕਿਸੇ ਕੰਮ ਲਈ ਰੁੱਝੀ ਹੋਵੇਗੀ ਤਾਂ ਉਹ ਕੁੱਤਾ ਜਾਂ ਬਿੱਲੀ ਕਿਸੇ ਪਾਸੇ ਭਾਂਡੇ ਵਿਚ ਮੂੰਹ ਵੀ ਮਾਰ ਸਕਦੇ ਸਨ। ਕਿਸੇ ਹੋਰ ਰਾਜ ਦੇ ਇੱਕ ਸਕੂਲ ਦੀ ਹਾਲਤ ਇਹ ਸੀ ਕਿ ਸਕੂਲ ਦੇ ਸਮੇਂ ਵਿਚ ਬੱਚੇ ਆਪਣੇ ਲਈ ਦੁਪਹਿਰ ਦਾ ਖਾਣਾ ਬਣਾਉਣ ਵਾਸਤੇ ਬਾਲਣ ਇਕੱਠਾ ਕਰਨ ਲਈ ਨਾਲ ਲੱਗਦੇ ਜੰਗਲ ਵਿਚ ਗਏ ਹੋਏ ਸਨ। ਪਤਾ ਲੱਗਾ ਕਿ ਇਹੋ ਜਿਹੀ ਬਾਲਣ-ਸੇਵਾ ਕਰਦੇ ਉਨ੍ਹਾਂ ਬੱਚਿਆਂ ਵਿਚੋਂ ਇੱਕ ਬੱਚਾ ਇੱਕ ਵਾਰੀ ਜੰਗਲ ਵਿਚ ਲੱਕੜਾਂ ਇਕੱਠੀਆਂ ਕਰਦਾ ਸੱਪ ਦਾ ਡੰਗ ਖਾ ਕੇ ਵੀ ਮਰ ਗਿਆ ਸੀ। ਇਸ ਦੇ ਬਾਵਜੂਦ ਉਹ ਵਰਤਾਰਾ ਜਾਰੀ ਸੀ। ਜਦੋਂ ਸਰਕਾਰਾਂ ਨੇ ਬਾਲਣ ਦਾ ਪ੍ਰਬੰਧ ਨਹੀਂ ਕਰਨਾ ਤੇ ਇਹ ਵੀ ਕਹਿਣਾ ਹੈ ਕਿ ਦੁਪਹਿਰ ਦਾ ਖਾਣਾ ਦੇਣਾ ਹੀ ਦੇਣਾ ਹੈ ਤਾਂ ਅਧਿਆਪਕ ਆਪਣੇ ਘਰੋਂ ਖਰਚਾ ਕਰ ਕੇ ਸਕੂਲ ਦੀ ਰਸੋਈ ਚੱਲਦੀ ਨਹੀਂ ਰੱਖ ਸਕਦੇ।

ਕਦੇ ਸਕੂਲਾਂ ਵਿਚ ਸਫਾਈ ਸੇਵਕ ਤੇ ਸੇਵਾਦਾਰ ਵੀ ਵੱਖੋ-ਵੱਖ ਹੁੰਦੇ ਸਨ। ਹੁਣ ਬਹੁਤ ਸਾਰੇ ਸਕੂਲਾਂ ਵਿਚ ਦੋਵਾਂ ਵਿਚੋਂ ਕੋਈ ਵੀ ਨਹੀਂ। ਉਨ੍ਹਾਂ ਦਾ ਕੰਮ ਕਈ ਅਧਿਆਪਕ ਬੱਚਿਆਂ ਤੋਂ ਕਰਵਾ ਲੈਂਦੇ ਹਨ, ਜਿਸ ਵਿਚ ਵਾਰੀ ਨਾਲ ਸਕੂਲ ਵਿਚ ਝਾੜੂ ਦੇਣਾ ਵੀ ਸ਼ਾਮਲ ਹੁੰਦਾ ਹੈ। ਬੱਚੇ ਨਾਂਹ ਨਹੀਂ ਕਰ ਸਕਦੇ। ਸਰਕਾਰੀ ਸਕੂਲਾਂ ਵਿਚ ਜਦੋਂ ਮੂਲੋਂ ਹੀ ਗਰੀਬ ਲੋਕਾਂ ਦੇ ਬੱਚੇ ਪੜ੍ਹਦੇ ਹੋਣ ਤਾਂ ਉਨ੍ਹਾਂ ਦੇ ਮਾਪੇ ਵੀ ਇਸ ਉਤੇ ਇਤਰਾਜ਼ ਨਹੀਂ ਕਰ ਸਕਦੇ। ਘਰੋਂ ਪੜ੍ਹਨ ਲਈ ਭੇਜੇ ਇਹ ਬੱਚੇ ਸਕੂਲ ਜਾ ਕੇ ਕਿਸ ਤਰ੍ਹਾਂ ਦੇ ਕੰਮ ਕਰਦੇ ਅਤੇ ਕਿੰਨੇ ਖਤਰੇ ਸਹੇੜਦੇ ਹਨ, ਇਸ ਦੀ ਇੱਕ ਮਿਸਾਲ ਸਾਨੂੰ ਪੰਜਾਬ ਦੇ ਫਿਰੋਜ਼ਪੁਰ ਜ਼ਿਲੇ ਦੇ ਇੱਕ ਸਕੂਲ ਵਿਚ ਇਸੇ ਉਨੀ ਜੁਲਾਈ ਨੂੰ ਵਾਪਰੇ ਦੁਖਾਂਤ ਤੋਂ ਮਿਲ ਗਈ ਹੈ। ਸਰਕਾਰੀ ਸਕੂਲ ਹੈ ਤੇ ਸਰਕਾਰ ਵੱਲੋਂ ਉਸ ਦਾ ਬਿੱਲ ਨਾ ਭਰੇ ਜਾਣ ਕਾਰਨ ਜਦੋਂ ਬਿਜਲੀ ਦਾ ਕੁਨੈਕਸ਼ਨ ਕੱਟ ਦਿੱਤਾ ਗਿਆ ਤਾਂ ਕੁੰਡੀ ਪਾ ਕੇ ਕੰਮ ਚਲਾਇਆ ਜਾ ਰਿਹਾ ਸੀ। ਮੀਂਹ ਪਿਆ ਤਾਂ ਛੱਤ ਉਤੇ ਪਾਣੀ ਜਮ੍ਹਾਂ ਹੋ ਗਿਆ। ਸਕੂਲ ਦੇ ਮੁਖੀ ਨੇ ਇੱਕ ਬੱਚੇ ਨੂੰ ਛੱਤ ਤੋਂ ਪਾਣੀ ਕੱਢਣ ਲਈ ਭੇਜ ਦਿੱਤਾ। ਬੱਚਾ ਕੁੰਡੀ ਕੁਨੈਕਸ਼ਨ ਵਾਲੀ ਤਾਰ ਨਾਲ ਚੰਬੜ ਗਿਆ ਤੇ ਸਵੇਰੇ ਪੜ੍ਹਨ ਲਈ ਭੇਜੇ ਪੁੱਤਰ ਦੀ ਲਾਸ਼ ਬਸਤੇ ਸਮੇਤ ਘਰ ਆ ਗਈ। ਇਸ ਦਾ ਜ਼ਿਮੇਵਾਰ ਕੌਣ ਹੈ? ਸਕੂਲ ਦੇ ਮੁਖੀ ਨੂੰ ਹਰ ਕੋਈ ਇਸ ਮੌਤ ਲਈ ਜ਼ਿਮੇਵਾਰ ਕਹੇਗਾ, ਪਰ ਕੀ ਇਸ ਮੌਤ ਦੀ ਜ਼ਿਮੇਵਾਰੀ ਤੋਂ ਉਸ ਰਾਜ ਦੀ ਸਰਕਾਰ ਲਾਂਭੇ ਕੀਤੀ ਜਾ ਸਕਦੀ ਹੈ, ਜਿਹੜੀ ਦੂਸਰੇ ਰਾਜ ਵਿਚਲੇ ਲਾਰੈਂਸ ਸਕੂਲ ਲਈ ਤਾਂ ਇੱਕ ਕਰੋੜ ਰੁਪਏ ਗਰਾਂਟ ਭੇਜਣ ਲਈ ਫਰਾਖਦਿਲੀ ਵਿਖਾ ਸਕਦੀ ਹੈ ਅਤੇ ਆਪਣੇ ਸਰਕਾਰੀ ਸਕੂਲਾਂ ਦੀਆਂ ਲੋੜਾਂ ਦਾ ਚੇਤਾ ਵੀ ਨਹੀਂ ਕਰਦੀ? ਇਹ ਬੱਚੇ ਉਨ੍ਹਾਂ ਲੋਕਾਂ ਦੇ ਹਨ, ਜਿਨ੍ਹਾਂ ਨੇ ਸਰਕਾਰ ਚਲਾਉਣ ਵਾਲਿਆਂ ਨੂੰ ਰਾਜ ਕਰਨ ਦਾ ਹੱਕ ਦਿੱਤਾ ਹੈ।

ਗੱਲ ਬਿਹਾਰ ਤੋਂ ਚੱਲਦੀ ਫਿਰੋਜ਼ਪੁਰ ਜ਼ਿਲੇ ਦੀ ਇੱਕ ਘਟਨਾ ਦੇ ਕਾਰਨ ਪੰਜਾਬ ਤੱਕ ਆ ਗਈ, ਜੇ ਨਾ ਆਈ ਹੁੰਦੀ, ਫੇਰ ਵੀ ਆਪਣੇ ਰਾਜ ਦੀ ਹਾਲਤ ਦੀ ਚਰਚਾ ਸਾਨੂੰ ਕਰਨੀ ਹੀ ਪੈਣੀ ਸੀ। ਸਾਡੇ ਪੰਜਾਬ ਦੇ ਸਕੂਲਾਂ ਵਿਚ ਖਾਣਾ ਬਣਾਉਣ ਵਾਲੀਆਂ ਕੁੱਕ ਬੀਬੀਆਂ ਨੂੰ ਮਾਮੂਲੀ ਤਨਖਾਹ ਮਿਲਦੀ ਹੈ ਤੇ ਉਹ ਵੀ ਵੇਲੇ ਸਿਰ ਨਹੀਂ ਦਿੱਤੀ ਜਾਂਦੀ, ਸਗੋਂ ਉਹ ਹਰ ਮਹੀਨੇ ਸਰਕਾਰ ਦੇ ਖਿਲਾਫ ਨਾਹਰੇਬਾਜ਼ੀ ਕਰ ਕੇ ਪੁਲਿਸ ਦੀ ਕੁੱਟ ਖਾਂਦੀਆਂ ਦਿੱਸਦੀਆਂ ਹਨ। ਕਦੀ ਉਨ੍ਹਾਂ ਦੀ ਤਨਖਾਹ ਪਿੱਛੋਂ ਨਹੀਂ ਆਈ ਹੁੰਦੀ ਤੇ ਕਦੀ ਆਉਣ ਦੇ ਬਾਵਜੂਦ ਜਿਸ ਕਿਸੇ ਨੇ ਦੇਣੀ ਹੁੰਦੀ ਹੈ, ਉਹ ਆਪਣੇ ਕੋਲ ਰੱਖ ਕੇ ਕਹੀ ਜਾਂਦਾ ਹੈ ਕਿ ਪਿੱਛੋਂ ਨਹੀਂ ਆਈ। ਇਸ ਤਨਖਾਹ ਦੀ ਝਾਕ ਵਿਚ ਉਨ੍ਹਾਂ ਤੋਂ ਵਗਾਰ ਕਰਵਾਈ ਜਾਂਦੀ ਹੈ। ਜਿਨ੍ਹਾਂ ਗਰੀਬੜੀਆਂ ਨੂੰ ਵੇਲੇ ਸਿਰ ਆਪਣਾ ਚੁੱਲ੍ਹਾ ਚੱਲਦਾ ਰੱਖਣ ਲਈ ਭੱਤਾ ਨਹੀਂ ਮਿਲ ਰਿਹਾ, ਉਹ ਸਰਕਾਰੀ ਕੰਮ ਕਿੰਨਾ ਕੁ ਮਨ ਲਾ ਕੇ ਕਰ ਸਕਦੀਆਂ ਹਨ? ਰਾਜ ਦੀ ਸਰਕਾਰ ਇਸ ਬਾਰੇ ਨਹੀਂ ਸੋਚਦੀ।

ਸਰਕਾਰ ਇਸ ਬਾਰੇ ਇਸ ਲਈ ਨਹੀਂ ਸੋਚਦੀ ਕਿ ਉਥੇ ਸੋਚਣ ਲਈ ਹੋਰ ਬਹੁਤ ਸਾਰੇ ਮੁੱਦੇ ਹਨ। ਪੰਜਾਬ ਦੇ ਸਿੱਖਿਆ ਵਿਭਾਗ ਵਿਚ ਪਿਛਲੇ ਕਈ ਹਫਤਿਆਂ ਤੋਂ ਸਿੱਖਿਆ ਮੰਤਰੀ ਅਤੇ ਡਾਇਰੈਕਟਰ ਜਨਰਲ ਦੇ ਸਿੰਗ ਫਸੇ ਰਹੇ ਸਨ ਤੇ ਬਾਕੀ ਸਾਰਾ ਕੁਝ ਠੱਪ ਹੋਇਆ ਰਿਹਾ ਸੀ। ਡਾਇਰੈਕਟਰ ਜਨਰਲ ਨੂੰ ਇਹ ਵਹਿਮ ਸੀ ਕਿ ਮੁੱਖ ਮੰਤਰੀ ਬਾਦਲ ਸਾਹਿਬ ਉਸ ਦੀ ਨੇਕ-ਨੀਤੀ ਬਾਰੇ ਜਾਣਦੇ ਹਨ, ਇਸ ਲਈ ਉਸ ਦੇ ਅਸੂਲੀ ਸਟੈਂਡ ਦੀ ਪ੍ਰੋੜ੍ਹਤਾ ਕਰਦੇ ਹੋਏ ਆਖਰ ਨੂੰ ਉਸ ਦਾ ਪੱਖ ਲੈ ਲੈਣਗੇ। ਉਹ ਇੱਕ ਪਿਛਲੇ ਡਾਇਰੈਕਟਰ ਜਨਰਲ ਨਾਲ ਵਾਪਰੇ ਭਾਣੇ ਨੂੰ ਵੀ ਭੁੱਲ ਗਿਆ। ਇਹ ਗੱਲ ਵੀ ਉਸ ਨੂੰ ਨਹੀਂ ਸੀ ਪਤਾ ਕਿ ਜਿਸ ਸਿੱਖਿਆ ਮੰਤਰੀ ਨਾਲ ਉਸ ਨੇ ਆਢਾ ਲਾ ਲਿਆ ਹੈ, ਉਹ ਬਠਿੰਡਾ ਜ਼ਿਲੇ ਦਾ ਅਕਾਲੀ ਦਲ ਦਾ ਆਗੂ ਹੈ ਤੇ ਬਠਿੰਡਾ ਇਸ ਵਕਤ ਪੰਜਾਬ ਦੀ ਰਾਜਨੀਤੀ ਵਿਚ ਏਨਾ ਵੱਡਾ ਮਹੱਤਵ ਧਾਰਨ ਕਰ ਚੁੱਕਾ ਹੈ ਕਿ ਉਸ ਦੇ ਸਾਹਮਣੇ ਚੰਡੀਗੜ੍ਹ ਵੀ ਨਿਗੂਣਾ ਜਾਪਣ ਲੱਗਾ ਹੈ।

ਦੋਵਾਂ ਦੀ ਖਹਿਬਾਜ਼ੀ ਵਿਚ ਕਿਸ ਨਾਲ ਕੀ ਬਣਿਆ, ਇਸ ਵਿਚ ਨਾ ਜਾਂਦੇ ਹੋਏ ਵੇਖਣ ਵਾਲੀ ਗੱਲ ਇਹ ਹੈ ਕਿ ਇਸ ਨਾਲ ਪੰਜਾਬ ਦੇ ਸਕੂਲਾਂ ਵਿਚ ਬੱਚਿਆਂ ਦੀ ਦੁਪਹਿਰ ਦੀ ਖੁਰਾਕ ਨਾਲ ਸਬੰਧਤ ਸਕੀਮ ਵੀ ਪ੍ਰਭਾਵਤ ਹੋਈ ਹੈ। ਜਿਹੜਾ ਪੈਸਾ ਕੇਂਦਰ ਸਰਕਾਰ ਨੇ ਅਪਰੈਲ ਵਿਚ ਪੰਜਾਬ ਦੇ ਸਕੂਲਾਂ ਲਈ ਭੇਜ ਦਿੱਤਾ ਸੀ, ਉਹ ਸਕੂਲਾਂ ਨੂੰ ਹੁਣ ਜੁਲਾਈ ਵਿਚ ਉਦੋਂ ਭੇਜਿਆ ਗਿਆ ਹੈ, ਜਦੋਂ ਬਿਹਾਰ ਦੀ ਘਟਨਾ ਦੇ ਬਾਅਦ ਮੀਡੀਏ ਨੇ ਪੰਜਾਬ ਦੇ ਸਕੂਲਾਂ ਦਾ ਮੁੱਦਾ ਚੁੱਕ ਲਿਆ। ਚਾਰ ਦਿਨ ਬਾਅਦ ਫਿਰ ਇਹ ਕੰਮ ਪੁਰਾਣੀ ਲੀਹ ਦੇ ਮੁਤਾਬਕ ਚੱਲਣ ਲੱਗੇਗਾ ਤੇ ਲੋਕਾਂ ਨੂੰ ਇਹ ਪਤਾ ਹੀ ਨਹੀਂ ਲੱਗਣਾ ਕਿ ਉਨ੍ਹਾਂ ਦੇ ਬੱਚਿਆਂ ਦੇ ਹੱਕ ਉਤੇ ਕਿਹੜੀ ਥਾਂ ਕੌਣ ਡੱਕਾ ਲਾਈ ਖੜਾ ਹੈ?

ਹੁਣ ਜਦੋਂ ਸਾਰਾ ਦੇਸ਼ ਬਿਹਾਰ ਦੀ ਘਟਨਾ ਨਾਲ ਉਬਲ ਰਿਹਾ ਹੈ, ਉਦੋਂ ਜਲੰਧਰ ਤੋਂ ਇਹ ਖਬਰ ਆਈ ਹੈ ਕਿ ਸਿਹਤ ਵਿਭਾਗ ਨੇ ਸਕੂਲਾਂ ਦੇ ਦੁਪਹਿਰ ਦਾ ਖਾਣਾ ਬਣਾਉਣ ਵਾਲੀਆਂ ਥਾਂਵਾਂ ਜਾ ਕੇ ਚੈਕ ਕੀਤੀਆਂ ਤੇ ਕਈ ਤਰੁੱਟੀਆਂ ਲੱਭੀਆਂ ਹਨ। ਸਕੂਲੀ ਖਾਣੇ ਦੀ ਇਹ ਚੈਕਿੰਗ ਛੇ ਸਾਲਾਂ ਬਾਅਦ ਹੋਈ ਹੈ। ਜਿਵੇਂ ਸਿਹਤ ਵਿਭਾਗ ਛੇ ਸਾਲਾਂ ਦਾ ਸੁੱਤਾ ਬਿਹਾਰ ਦੀ ਘਟਨਾ ਤੋਂ ਬਾਅਦ ਜਾਗ ਪਿਆ ਹੈ, ਉਸੇ ਤਰ੍ਹਾਂ ਸਕੂਲਾਂ ਦਾ ਖਾਣਾ ਬਣਾਉਣ ਵਾਲਿਆਂ ਨੇ ਵੀ ਉਸ ਦੁਖਾਂਤ ਪਿੱਛੋਂ ਚੈਕ ਹੋਣ ਦੇ ਡਰੋਂ ਕੁਝ ਸਫਾਈ ਵਗੈਰਾ ਕਰ ਲਈ ਹੋਵੇਗੀ, ਪਰ ਇਹ ਜਵਾਬ ਕੌਣ ਦੇਵੇਗਾ ਕਿ ਸਿਹਤ ਵਿਭਾਗ ਨੇ ਪਿਛਲੇ ਛੇ ਸਾਲਾਂ ਤੋਂ ਕਦੀ ਕਿਸੇ ਥਾਂ ਇਹ ਖਾਣਾ ਬਣਦਾ ਚੈਕ ਕਰਨ ਦੀ ਲੋੜ ਕਿਉਂ ਨਹੀਂ ਸੀ ਸਮਝੀ?

ਪੰਜਾਬ ਦਾ ਸਿਹਤ ਮੰਤਰੀ ਵੀ ਭਾਰਤੀ ਜਨਤਾ ਪਾਰਟੀ ਦਾ ਹੈ ਤੇ ਉਸ ਨਾਲ ਚੀਫ ਪਾਰਲੀਮੈਂਟਰੀ ਸੈਕਟਰੀ ਲੱਗੀ ਹੋਈ ਨਵਜੋਤ ਸਿੱਧੂ ਦੀ ਪਤਨੀ ਨਵਜੋਤ ਕੌਰ ਵੀ ਭਾਜਪਾ ਦੀ, ਪਰ ਦੋਵਾਂ ਦੀ ਬਣਦੀ ਨਹੀਂ। ਦੋਵਾਂ ਨੇ ਕਦੀ ਇਹ ਚੈਕ ਕਰਨ ਲਈ ਕੋਸ਼ਿਸ਼ ਨਹੀਂ ਕੀਤੀ ਕਿ ਉਨ੍ਹਾਂ ਦਾ ਮਹਿਕਮਾ ਕਿਸ ਹਾਲ ਵਿਚ ਹੈ? ਹੁਣ ਸਿਹਤ ਮਹਿਕਮਾ ਕਹਿੰਦਾ ਹੈ ਕਿ ਉਸ ਨੇ ਖਾਣਾ ਬਣਦਾ ਵੇਖ ਕੇ ਤਰੁਟੀਆਂ ਲੱਭੀਆਂ ਹਨ, ਪਰ ਜਿੰਨੀਆਂ ਵੀ ਲੱਭੀਆਂ ਹਨ, ਉਦੋਂ ਹੀ ਲੱਭੀਆਂ ਹਨ, ਜਦੋਂ ਉਹ ਲੋਕ ਚੌਕਸ ਹੋ ਚੁੱਕੇ ਸਨ, ਇਸ ਤੋਂ ਪਹਿਲਾਂ ਇਹੋ ਚੈਕਿੰਗ ਕੀਤੀ ਹੁੰਦੀ ਤਾਂ ਜਿਹੜਾ ਹਨੇਰ-ਖਾਤਾ ਲੱਭਣਾ ਸੀ, ਉਸ ਬਾਰੇ ਲੋਕ ਜਾਣਦੇ ਹਨ। ਕੇਂਦਰ ਨੂੰ ਕੋਸਣਾ ਸੌਖਾ ਹੈ, ਆਪਣਾ ਪ੍ਰਬੰਧ ਤਾਂ ਰਾਜ ਸਰਕਾਰ ਕੋਈ ਵੀ ਨਹੀਂ ਵੇਖ ਰਹੀ।

ਬੱਚੇ ਕਿਸੇ ਵੀ ਦੇਸ਼ ਦਾ ਭਵਿੱਖ ਹੁੰਦੇ ਹਨ ਤੇ ਇਸ ਭਵਿੱਖ ਨੂੰ ਸੰਭਾਲਣ ਦੀ ਲੋੜ ਹੈ, ਪਰ ਸੰਭਾਲਣ ਦੀ ਇਹ ਜ਼ਿਮੇਵਾਰੀ ਜਿਨ੍ਹਾਂ ਦੇ ਸਿਰ ਹੈ, ਉਨ੍ਹਾਂ ਵਿਚੋਂ ਸਚਮੁੱਚ ਇਸ ਨੂੰ ਕੌਣ ਸੰਭਾਲਦਾ ਹੈ, ਇਹ ਸਰਟੀਫਿਕੇਟ ਦੇ ਸਕਣਾ ਕਿਸੇ ਲਈ ਵੀ ਔਖਾ ਹੈ। ਸਰਕਾਰ ਕਿਸੇ ਰਾਜ ਵਿਚ ਕਾਂਗਰਸ ਦੀ ਹੋਵੇ, ਭਾਜਪਾ ਵਾਲੀ ਜਾਂ ਕੋਈ ਨਿਤੀਸ਼ ਕੁਮਾਰ ਵਰਗੀ, ਹਾਲਾਤ ਦਾ ਤੱਤ-ਸਾਰ ਇਹੋ ਹੈ ਕਿ ਤੰਦ ਨਹੀਂ, ਤਾਣੀ ਹੀ ਉਲਝੀ ਪਈ ਹੈ।

# ਅੰਮ੍ਰਿਤਸਰ ਵਿਚ ਬਣਨਗੇ ਚਾਰ ਸਵਾਗਤੀ ਗੇਟ

**ਅੰਮ੍ਰਿਤਸਰ:** ਪੰਜਾਬ ਸਰਕਾਰ ਨੇ ਇਤਿਹਾਸਕ ਸ਼ਹਿਰ ਨੂੰ ਆਉਂਦੀਆਂ ਚਾਰ ਮੁੱਖ ਸੜਕਾਂ 'ਤੇ ਸੈਲਾਨੀਆਂ ਤੇ ਸ਼ਰਧਾਲੂਆਂ ਦੇ ਸਵਾਗਤ ਤੇ ਸ਼ਹਿਰ ਦੀ ਸੁੰਦਰਤਾ ਵਧਾਉਣ ਦੇ ਮੰਤਵ ਨਾਲ ਵੱਡੇ-ਵੱਡੇ ਗੇਟ ਉਸਾਰਨ ਦਾ ਫੈਸਲਾ ਲਿਆ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਦੀ ਹਦਾਇਤ 'ਤੇ ਇਸ ਗੇਟ ਦਾ ਸ਼ਾਨਦਾਰ ਡਜ਼ਾਇਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਭਵਨ ਉਸਾਰੀ ਵਿਭਾਗ ਦੀ ਮਦਦ ਨਾਲ ਤਿਆਰ ਕੀਤਾ ਗਿਆ ਹੈ।

ਪਹਿਲਾ ਗੇਟ ਜਲੰਧਰ-ਅੰਮ੍ਰਿਤਸਰ ਰੋਡ ਉਪਰ ਬਣੇਗਾ ਜਿਸ 'ਤੇ ਤਕਰੀਬਨ 7.39 ਕਰੋੜ ਦੀ ਲਾਗਤ ਆਵੇਗੀ। ਇਸ ਗੇਟ ਦੀ ਉਸਾਰੀ ਮਗਰੋਂ ਦੂਸਰੇ ਤਿੰਨ ਗੇਟ ਅੰਮ੍ਰਿਤਸਰ-ਤਰਨਤਾਰਨ ਰੋਡ, ਅੰਮ੍ਰਿਤਸਰ-ਬਟਾਲਾ ਰੋਡ ਤੇ ਅੰਮ੍ਰਿਤਸਰ-ਅਟਾਰੀ ਸੜਕ ਉਪਰ ਉਸਾਰੇ ਜਾਣਗੇ। ਉਪ ਮੁੱਖ ਮੰਤਰੀ ਨੇ ਆਪਣੀ ਨਿਗਰਾਨੀ ਹੇਠ ਜਿਹੜਾ ਡਜ਼ਾਇਨ ਤਿਆਰ ਕਰਵਾਇਆ ਹੈ, ਉਸ ਵਿਚੋਂ ਅੰਮ੍ਰਿਤਸਰ ਦੀ ਵਿਰਾਸਤ ਰੂਪਮਾਨ ਹੁੰਦੀ ਹੈ। ਇਸ ਗੇਟ 'ਤੇ ਬਣਨ ਵਾਲੇ ਗੁੰਬਦ ਤੇ ਉਨ੍ਹਾਂ ਨੂੰ ਕੀਤਾ ਜਾਣ ਵਾਲਾ ਸੁਨਹਿਰੀ ਰੰਗ ਬਾਹਰੋਂ ਆਉਂਦੇ ਸੈਲਾਨੀਆਂ ਨੂੰ ਇਸ ਸ਼ਹਿਰ ਦੇ ਮੁੱਖ ਆਕਰਸ਼ਣ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰ ਹੋਂਦ ਦਰਸਾ ਕੇ ਧਾਰਮਿਕ ਰੰਗ ਵਿਚ ਰੰਗ ਦੇਵੇਗਾ। ਇਹ ਗੇਟ 100 ਫੁੱਟ ਉੱਚਾ ਤੇ 100 ਫੁੱਟ ਹੀ ਚੌੜਾ ਹੋਵੇਗਾ। ਗੇਟ ਵਿਚ ਰੌਸ਼ਨੀ ਦਾ ਬੰਦੋਬਸਤ ਕੀਤਾ ਜਾਵੇਗਾ ਜੋ ਰਾਤ ਸਮੇਂ ਅਲੌਕਿਕ ਨਜ਼ਾਰਾ ਪੇਸ਼ ਕਰੇਗਾ। ਇਸ ਤੋਂ ਇਲਾਵਾ ਗੇਟ ਦੇ ਆਲੇ-ਦੁਆਲੇ ਲੈਂਡ ਸਕੇਪਿੰਗ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।

RADIO CHARDI KALA

ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ

ਰੇਡੀਓ ਚੜ੍ਹਦੀ ਕਲਾ

ਡਾਇਲ ਕਰੋ ਤੇ ਸੁਣੋ
832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7
(ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7
(ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7
(ਬਾਲੀਵੁਡ ਮਿਊਜ਼ਿਕ)
www.desibiteradio.com

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

Wifi Radio ਖਰੀਦਣ ਅਤੇ ਹੋਰ ਜਾਣਕਾਰੀ ਲਈ
ਫੋਨ: 510-900-3600

*Radio CK, PO Box 296, Fremont, CA 94537*

# ਇੰਦਰਜੀਤ ਸਿੰਘ ਨਾਗਰਾ ਸੀਨੀਅਰ ਸਿਟੀਜ਼ਨ ਅਤੇ ਯੂਥ ਕਲੱਬ ਦੇ ਪ੍ਰਧਾਨ ਬਣੇ

**ਫਰਿਜ਼ਨੋ (ਪੰਜਾਬ ਟਾਈਮਜ਼ ਬਿਊਰੋ):** ਬਜ਼ੁਰਗਾਂ ਨੂੰ ਸਰੀਰਕ ਤੌਰ 'ਤੇ ਤੰਦਰੁਸਤ ਅਤੇ ਚੜ੍ਹਦੀ ਕਲਾ ਵਿਚ ਰੱਖਣ ਦੇ ਮਨੋਰਥ ਨਾਲ ਸੀਨੀਅਰ ਸਿਟੀਜ਼ਨ ਅਤੇ ਯੂਥ ਕਲੱਬ ਬਣਾਇਆ ਗਿਆ ਹੈ। ਇਹ ਉਪਰਾਲਾ ਇੰਦਰਜੀਤ ਸਿੰਘ ਨਾਗਰਾ ਦੇ ਉਦਮ ਨਾਲ ਕੀਤਾ ਗਿਆ ਹੈ ਜੋ ਆਪਣੇ ਪਰਿਵਾਰ ਸਮੇਤ ਬਜ਼ੁਰਗਾਂ ਦੀ ਸੇਵਾ ਕਰਨ ਦੇ ਨਾਲ ਨਾਲ ਹਰ ਸਨਿਚਰ-ਐਤਵਾਰ ਨੂੰ 40-50 ਬਜ਼ੁਰਗਾਂ ਦੀ ਟੀਮ ਨੂੰ ਰੱਸਾਕਸ਼ੀ ਦੀ ਸਿਖਲਾਈ ਦਿੰਦਾ ਹੈ। ਨਵੇਂ ਬਣਾਏ ਗਏ ਕਲੱਬ ਦਾ ਪ੍ਰਧਾਨ ਇੰਦਰਜੀਤ ਸਿੰਘ ਨਾਗਰਾ ਨੂੰ ਬਣਾਇਆ ਗਿਆ ਹੈ।

ਇੰਦਰਜੀਤ ਨਾਗਰਾ ਪੰਜਾਬ ਦੇ ਜ਼ਿਲ੍ਹਾ ਭਗਤ ਸਿੰਘ ਨਗਰ ਦਾ ਜੰਮਪਲ ਹੈ ਅਤੇ ਫਰਿਜ਼ਨੋ ਵਿਚ ਪਿਛਲੇ 15 ਸਾਲ ਤੋਂ ਰਹਿੰਦਾ ਆ ਰਿਹਾ ਹੈ। ਉਹ ਟਰੱਕਿੰਗ ਬਿਜਨਸ ਵਿਚ ਹੈ ਅਤੇ ਬਜ਼ੁਰਗਾਂ ਦੀ ਸੇਵਾ ਕਰਨ ਨੂੰ ਪਰਮਾਤਮਾ ਦੀ ਸੇਵਾ ਮੰਨਦਾ ਹੈ। ਕਿਸੇ ਵੀ ਬਜ਼ੁਰਗ ਨੂੰ ਹਸਪਤਾਲ, ਡੀ ਐਮ ਵੀ ਜਾਂ ਕਿਸੇ ਹੋਰ ਕੰਮ ਕਿਤੇ ਜਾਣਾ ਹੋਵੇ ਤਾਂ ਉਨ੍ਹਾਂ ਲਈ ਹਾਜ਼ਰ ਰਹਿੰਦਾ ਹੈ।



ਇੰਦਰਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਬੱਚਿਆਂ ਅਤੇ ਬਜ਼ੁਰਗਾਂ ਵਿਚ ਖੇਡਾਂ ਪ੍ਰਤੀ ਉਤਸ਼ਾਹ ਪੈਦਾ ਕਰਨ ਲਈ ਉਨ੍ਹਾਂ ਸੀਨੀਅਰ ਸਿਟੀਜ਼ਨ ਅਤੇ ਯੂਥ ਕਲੱਬ ਬਣਾਇਆ ਹੈ। ਇਸ ਕਲੱਬ ਵਲੋਂ ਆਉਂਦੇ ਦਿਨਾਂ ਵਿਚ ਅੰਡਰ-21 ਕਬੱਡੀ ਟੀਮ ਅਤੇ ਰੱਸਾਕਸ਼ੀ ਟੀਮਾਂ ਬਣਾਈਆਂ ਜਾਣਗੀਆਂ। ਕਲੱਬ ਵਲੋਂ ਅਕਤੂਬਰ ਮਹੀਨੇ ਇਕ ਮੇਲਾ ਕਰਵਾਉਣ ਦੀ ਯੋਜਨਾ ਬਣਾਈ ਜਾ ਰਹੀ ਹੈ ਜਿਸ ਵਿਚ ਬਜ਼ੁਰਗਾਂ ਦੀ ਕਬੱਡੀ, ਰੱਸਾਕਸ਼ੀ ਅਤੇ ਦੌੜਾਂ ਤੋਂ ਇਲਾਵਾ ਬੱਚਿਆਂ ਦੀ ਕਬੱਡੀ, ਬੀਬੀਆਂ ਤੇ ਬੱਚਿਆਂ ਦੀਆਂ ਦੌੜਾਂ ਕਰਵਾਈਆਂ ਜਾਣਗੀਆਂ।

ਉਨ੍ਹਾਂ ਦੱਸਿਆ ਕਿ ਸਥਾਨਕ ਪਤਵੰਤਿਆਂ ਅਵਤਾਰ ਸਿੰਘ ਗਿੱਲ ਅਤੇ ਹੈਰੀ ਗਿੱਲ (ਗਿੱਲ ਇੰਸ਼ੋਰੈਂਸ), ਅਜੀਤ ਗਿੱਲ (ਗਿੱਲ ਫਾਰਮ ਅਤੇ ਇਨਵੈਸਟਮੈਂਟ), ਅਵਤਾਰ ਡੇਲ (ਡੇਲ ਫਾਰਮ), ਸ਼ਿੰਦਰਪਾਲ ਸਿੰਘ ਸਹੋਤਾ (ਸਹੋਤਾ ਫਾਰਮ), ਟੋਨੀ ਗਿੱਲ ਅਤੇ ਅਮਰੀਕ ਗਿੱਲ (ਜੀ ਐਨ ਡੀ ਗਰੁਪ) ਨੇ ਕਲੱਬ ਨੂੰ ਹਰ ਤਰ੍ਹਾਂ ਦੀ ਮਦਦ ਦੇਣ ਦਾ ਭਰੋਸਾ ਦਿੱਤਾ ਹੈ।










*ਸੈਕਰਾਮੈਂਟੋ: ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਦੇ ਇਸਤਰੀ ਵਿੰਗ ਵਲੋਂ ਤੀਆਂ ਦਾ ਮੇਲਾ ਇਸ ਵਾਰ 11 ਅਗਸਤ ਨੂੰ ਕਰਵਾਇਆ ਜਾ ਰਿਹਾ ਹੈ। ਇਸ ਮੇਲੇ ਦੀ ਤਿਆਰੀ ਲਈ ਇਸਤਰੀ ਵਿੰਗ ਦੀ ਇਕ ਮੀਟਿੰਗ ਬਲਦੇਵ ਕੌਰ ਤੇ ਰਛਪਾਲ ਪਰਹਾਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਮੇਲੇ ਲਈ ਵੱਖ ਵੱਖ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਮੀਟਿੰਗ ਤੋਂ ਬਾਅਦ ਸੁਸਾਇਟੀ ਦੇ ਮੈਂਬਰਾਂ ਦੀ ਇਕ ਤਸਵੀਰ।*

# ਭਾਰਤ ਵਿਚ ਤੇਜ਼ਾਬੀ ਹਮਲਿਆਂ ਦਾ ਰੁਝਾਨ ਵਧਿਆ

**ਨਵੀਂ ਦਿੱਲੀ:** ਬੰਗਲਾਦੇਸ਼, ਭਾਰਤ ਤੇ ਕੰਬੋਡੀਆ ਵਿਚ ਸਭ ਤੋਂ ਵੱਧ ਤੇਜ਼ਾਬੀ ਹਮਲੇ ਕੀਤੇ ਜਾਂਦੇ ਹਨ। ਇਹ ਖੁਲਾਸਾ ਤੇਜ਼ਾਬੀ ਹਮਲਿਆਂ ਬਾਰੇ ਇਕ ਆਲਮੀ ਸੈਂਟਰ ਵੱਲੋਂ ਤਿਆਰ ਕੀਤੀ ਰਿਪੋਰਟ ਵਿਚ ਕੀਤਾ ਗਿਆ ਹੈ। ਏਵਨ ਫਾਊਂਡੇਸ਼ਨ ਫਾਰ ਵਿਮੈਨ ਵੱਲੋਂ ਪੇਸ਼ ਕੀਤੀ ਇਸ ਰਿਪੋਰਟ ਮੁਤਾਬਕ ਬੰਗਲਾਦੇਸ਼ ਵਿਚ 1999 ਤੋਂ ਲੈ ਕੇ 2010 ਤੱਕ ਤੇਜ਼ਾਬੀ ਹਮਲੇ ਦੇ 3000 ਕੇਸ ਪਾਏ ਗਏ ਹਨ ਜਦਕਿ ਭਾਰਤ ਵਿਚ ਇਨ੍ਹਾਂ ਬਾਰੇ ਕੋਈ ਸਰਕਾਰੀ ਅੰਕੜੇ ਮੌਜੂਦ ਨਹੀਂ ਹਨ ਪਰ ਅਖ਼ਬਾਰਾਂ ਤੋਂ ਮਿਲੀਆਂ ਜਾਣਕਾਰੀਆਂ ਮੁਤਾਬਕ ਜਨਵਰੀ 2002 ਤੋਂ 2010 ਤੱਕ ਤੇਜ਼ਾਬੀ ਹਮਲੇ ਦੇ 153 ਕੇਸ ਦਰਜ ਕੀਤੇ ਗਏ।

ਭਾਵੇਂ ਇਹ ਅੰਕੜੇ ਅਸਲੀ ਗਿਣਤੀ ਤੋਂ ਕਿੱਤੇ ਘੱਟ ਹਨ ਕਿਉਂਕਿ ਸਾਰੇ ਕੇਸ ਦਰਜ ਨਹੀਂ ਕੀਤੇ ਜਾਂਦੇ। ਜਿਥੇ ਇਨ੍ਹਾਂ ਤਿੰਨਾਂ ਦੇਸ਼ਾਂ ਨੂੰ ਤੇਜ਼ਾਬੀ ਹਮਲਿਆਂ ਵਿਚ ਮੋਹਰੀ ਮੰਨਿਆ ਜਾਂਦਾ ਹੈ, ਉਥੇ ਸਿਰਫ ਬੰਗਲਾਦੇਸ਼ ਵਿਚ ਹੀ 2002 ਵਿਚ ਇਸ ਬਾਰੇ ਕਾਨੂੰਨ ਬਣਾਏ ਗਏ। ਬੰਗਲਾਦੇਸ਼ ਨੇ 2002 ਵਿਚ ਐਲਾਨੇ ਕੰਟਰੋਲ ਐਕਟ ਤੇ ਐਸਿਡ ਕ੍ਰਾਈਮ ਕੰਟਰੋਲ ਐਕਟ ਨਾਂ ਦੇ ਦੋ ਕਾਨੂੰਨ ਬਣਾਏ ਤਾਂ ਜੋ ਤੇਜ਼ਾਬ ਦੀ ਵਿਕਰੀ ਤੇ ਹਮਲੇ ਦੀ ਗਿਣਤੀ 'ਤੇ ਕਾਬੂ ਪਾਇਆ ਜਾ ਸਕੇ। ਰਿਪੋਰਟ ਮੁਤਾਬਕ ਕਾਨੂੰਨ ਲਾਗੂ ਹੋਣ ਤੋਂ ਬਾਅਦ ਤੇਜ਼ਾਬੀ ਹਮਲਿਆਂ ਦੀ ਗਿਣਤੀ ਵਿਚ 15 ਤੋਂ 20 ਫੀਸਦੀ ਤੱਕ ਕਮੀ ਆਈ ਹੈ। ਸਾਲ ਦਰ ਦਾਲ ਇਨ੍ਹਾਂ ਵਿਚ ਵਾਧਾ ਵੇਖਿਆ ਗਿਆ ਹੈ। ਤੇਜ਼ਾਬੀ ਹਮਲਿਆਂ ਦੀ ਵਧਦੀ ਗਿਣਤੀ ਦਾ ਕਾਰਨ ਬਾਜ਼ਾਰ ਵਿਚ ਇਸ ਦੀ ਘੱਟ ਕੀਮਤ ਤੇ ਸਹਿਜ ਉਪਲਬਧਤਾ ਹੈ। 16 ਤੋਂ 25 ਰੁਪਏ ਦੀ ਕੀਮਤ ਵਿਚ ਤੇਜ਼ਾਬ ਸੁਨਾਰ, ਫਾਰਮੇਸੀ, ਆਟੋ ਮੋਬਾਈਲ ਮੁਰੰਮਤ ਦੀ ਦੁਕਾਨ ਜਾਂ ਕਿਤੋਂ ਵੀ ਖਰੀਦਿਆ ਜਾ ਸਕਦਾ ਹੈ।

ਹਮਲਿਆਂ ਦੇ ਸ਼ਿਕਾਰਾਂ ਵਿਚ ਵਧੇਰੇ ਗਿਣਤੀ ਔਰਤਾਂ ਦੀ ਪਾਈ ਗਈ ਹੈ ਜਿਸ ਵਿਚ 34 ਫੀਸਦੀ 18 ਤੋਂ 29 ਸਾਲਾਂ ਦੀਆਂ ਲੜਕੀਆਂ ਸ਼ਾਮਲ ਹਨ ਜਦ ਕਿ 14 ਫੀਸਦੀ ਲੜਕੀਆਂ 3 ਮਹੀਨੇ ਤੋਂ 17 ਸਾਲ ਦੀਆਂ ਪਾਈਆਂ ਗਈਆਂ। ਭਾਰਤ ਵਿਚ ਇਹ ਹਮਲੇ 61 ਫੀਸਦੀ ਕੇਸਾਂ ਵਿਚ ਜਨਤਕ ਥਾਵਾਂ 'ਤੇ ਕੀਤੇ ਗਏ ਹਨ। ਤੇਜ਼ਾਬ ਦੇ ਅਚਾਨਕ ਹੋਏ ਹਮਲੇ ਨੂੰ ਪੀੜਤ ਪਹਿਲਾਂ ਪਾਣੀ ਦਾ ਅਹਿਸਾਸ ਹੁੰਦਾ ਹੈ ਪਰ 30 ਸੈਕਿੰਡ ਦੇ ਅੰਦਰ ਤੇਜ਼ ਜਲਣ ਦਾ ਅਹਿਸਾਸ ਸ਼ੁਰੂ ਹੋ ਜਾਂਦਾ ਹੈ।

## 'ਤੇਜ਼ਾਬੀ ਹਮਲੇ ਗੈਰ-ਜ਼ਮਾਨਤੀ ਅਪਰਾਧ ਬਣਨ'

**ਨਵੀਂ ਦਿੱਲੀ:** ਸੂਬਿਆਂ ਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਨੂੰ ਹਦਾਇਤ ਜਾਰੀ ਕਰਦਿਆਂ ਸੁਪਰੀਮ ਕੋਰਟ ਨੇ ਆਖਿਆ ਹੈ ਕਿ ਉਹ ਤੇਜ਼ਾਬਾਂ ਦੀ ਵਿਕਰੀ ਨੂੰ ਨਿਯਮਤ ਕਰਨ ਲਈ 3 ਮਹੀਨਿਆਂ ਦੇ ਅੰਦਰ ਨਿਯਮ ਬਣਾਉਣ ਤੇ ਤੇਜ਼ਾਬੀ ਹਮਲੇ ਨੂੰ ਗ਼ੈਰ-ਜ਼ਮਾਨਤੀ ਅਪਰਾਧ ਬਣਾਇਆ ਜਾਵੇ। ਅਦਾਲਤ ਨੇ ਇਹ ਵੀ ਹਦਾਇਤ ਕੀਤੀ ਕਿ ਤੇਜ਼ਾਬੀ ਹਮਲੇ ਦੇ ਪੀੜਤਾਂ ਨੂੰ ਸਬੰਧਤ ਸੂਬਾ ਸਰਕਾਰ ਮੁਆਵਜ਼ੇ ਵਜੋਂ ਘੱਟੋ-ਘੱਟ 3 ਲੱਖ ਰੁਪਏ ਦੇਵੇ।

ਬੈਂਚ ਨੇ ਕਿਹਾ ਕਿ ਸੂਬਿਆਂ ਤੇ ਕੇਂਦਰੀ ਇਲਾਕਿਆਂ ਜਿਨ੍ਹਾਂ ਨੇ ਤੇਜ਼ਾਬ ਵਿਕਰੀ ਨਿਯਮਬੱਧ ਨਹੀਂ ਕੀਤੀ, ਕੇਂਦਰ ਸਰਕਾਰ ਵੱਲੋਂ ਬਣਾਏ ਖਰੜਾ ਨਿਯਮਾਂ ਦੇ ਨਮੂਨੇ ਦੇ ਆਧਾਰ 'ਤੇ ਦਿਸ਼ਾ ਨਿਰਦੇਸ਼ ਜਾਰੀ ਕਰਨ। ਕੇਂਦਰ ਤੇ ਸੂਬਾ ਸਰਕਾਰਾਂ ਨੂੰ ਇਹ ਵੀ ਕਿਹਾ ਕਿ ਉਹ ਮਿਲ ਕੇ ਕੰਮ ਕਰਨ ਤੇ ਤੇਜ਼ਾਬੀ ਹਮਲੇ ਨੂੰ ਗ਼ੈਰ-ਜ਼ਮਾਨਤੀ ਅਪਰਾਧ ਬਣਾਉਣ ਲਈ ਜ਼ਾਹਰ ਬਾਰੇ ਕਾਨੂੰਨ (ਪ੍ਰਆਇਜ਼ਨ ਐਕਟ) 1919 ਤਹਿਤ ਲੋੜੀਂਦੇ ਨਿਯਮ ਬਣਾਉਣ।

ਆਪਣੀਆਂ ਹਦਾਇਤਾਂ 'ਚ ਸੁਪਰੀਮ ਕੋਰਟ ਨੇ ਇਹ ਵੀ ਕਿਹਾ ਕਿ ਨਾਬਾਲਗਾਂ ਨੂੰ ਤੇਜ਼ਾਬ ਨਹੀਂ ਵੇਚਿਆ ਜਾਣਾ ਚਾਹੀਦਾ। ਤੇਜ਼ਾਬ ਖਰੀਦਣ ਵਾਲੇ ਨੂੰ ਆਪਣਾ ਪਛਾਣ-ਪੱਤਰ ਵਿਖਾਉਣਾ ਪਵੇਗਾ।

# ਗੋਰਾ ਚੱਕ ਵਾਲਾ ਦੀ ਨਵੀਂ ਐਲਬਮ ਫਰਿਜ਼ਨੋ 'ਚ ਰਿਲੀਜ਼

**ਫਰਿਜ਼ਨੋ:** ਪੰਜਾਬੀ ਗਾਇਕ ਗੋਰਾ ਚੱਕ ਵਾਲਾ ਦੀ ਨਵੀਂ ਐਲਬਮ 'ਗੋਰਾ ਲਾਈਵ-1' ਯਮਲਾ ਜੱਟ ਫਾਉਡੇਸ਼ਨ ਵਲੋਂ ਇਥੇ ਇੰਡੀਅਨ ਓਵਨ ਰੈਸਟੋਰੈਂਟ ਵਿਚ ਇਕ ਵਿਸ਼ੇਸ਼ ਸਮਾਗਮ ਕਰਕੇ ਰਿਲੀਜ਼ ਕੀਤੀ ਗਈ। ਜ਼ਿਕਰਯੋਗ ਹੈ ਕਿ ਗੋਰਾ ਚੱਕ ਵਾਲਾ ਦੀਆਂ ਹੁਣ ਤਕ 20 ਕੁ ਕੈਸਟਾਂ ਅਤੇ ਸੀਡੀਆਂ ਮਾਰਕੀਟ ਵਿਚ ਆ ਚੁਕੀਆਂ ਹਨ।

ਯਮਲਾ ਜੱਟ ਫਾਉਡੇਸ਼ਨ ਦੇ ਪ੍ਰਧਾਨ ਰਾਜ ਬਰਾੜ ਨੇ ਗੋਰੇ ਦੀ ਸਾਫ-ਸੁਥਰੀ ਗਾਇਕੀ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਅਜਿਹੀ ਗਾਇਕੀ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਹੈ। ਗਾਇਕ ਅਵਤਾਰ ਗਰੇਵਾਲ, ਸ਼ਾਇਰ ਧਰਮਵੀਰ ਥਾਂਦੀ, ਰੇਡੀਓ ਹੋਸਟ ਪਾਲ ਧਾਲੀਵਾਲ ਅਤੇ ਸ਼ਾਇਰ ਸੁੱਖੀ ਧਾਲੀਵਾਲ ਨੇ ਗੋਰੇ ਦੀ ਗਾਇਕੀ ਨੂੰ ਪੂਰਨ ਪਰਿਵਾਰਕ ਗਾਇਕੀ ਦੱਸਿਆ। ਕੁਲਵੰਤ ਉਭੀ ਧਾਲੀਆਂ ਨੇ ਕਿਹਾ ਕਿ ਗੋਰੇ ਦੀ ਇਹ ਨਵੀਂ ਐਲਬਮ ਸਮੇਂ ਦਾ ਸੱਚ ਹੈ। ਉਘੇ ਟਰਾਂਸਪੋਰਟਰ ਖੁਸ਼ ਧਾਲੀਵਾਲ ਨੇ ਗੋਰੇ ਚੱਕ ਵਾਲੇ ਨੂੰ ਇੱਕ ਸਫਲ ਗਾਇਕ ਗਰਦਾਨਿਆ।

ਗੀਤਕਾਰ ਸਵਰਨ ਸਿੱਧੂ ਅਤੇ ਅਵਤਾਰ ਸਿੰਘ ਨੇ ਆਪਣੀ ਸ਼ਾਇਰੀ ਨਾਲ ਚੰਗਾ ਰੰਗ ਬੰਨ੍ਹਿਆਂ। ਰੇਡੀਓ ਹੋਸਟ ਕੇ. ਬੀ. ਬਰਾੜ ਨੇ ਵੀ ਚੁਟਕਲਿਆਂ ਰਾਹੀਂ ਆਏ ਹੋਏ ਮਹਿਮਾਨਾਂ ਦੇ ਢਿੱਡੀਂ ਪੀੜਾਂ ਪਾ ਦਿਤੀਆਂ। ਗਾਇਕ ਧਰਮਵੀਰ ਥਾਂਦੀ, ਸੁਖੀ ਧਾਲੀਵਾਲ, ਅਵਤਾਰ ਗਰੇਵਾਲ ਅਤੇ ਰਾਜ ਬਰਾੜ ਨੇ ਆਪਣੇ ਗੀਤਾਂ ਨਾਲ ਸਰੋਤਿਆਂ ਦਾ ਮਨੋਰੰਜਨ ਕੀਤਾ। ਗੈਰੀ ਢੇਸੀ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਕੀਤਾ। ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਪਾਲ ਧਾਲੀਵਾਲ, ਦਲਬਾਰਾ ਸਿੰਘ ਧਾਲੀਵਾਲ, ਖੇਡ ਲੇਖਕ ਅਮਰਜੀਤ ਸਿੰਘ ਦੌਧਰ, ਰੰਮੀ ਧਾਲੀਵਾਲ (ਰਣਸੀਹ ਕਲਾਂ), ਜੈਲਾ ਧੂੜਕੋਟ, ਕੁਲਵਿੰਦਰ ਢਿਲੋਂ (ਬੁਟਰ), ਕਮਲ ਬਾਸੀ, ਹਰਜੀਤ ਗਰੇਵਾਲ, ਮਨਜੀਤ ਸਿੰਘ, ਦਰਸ਼ਨ ਸਿੰਘ ਧਾਲੀਵਾਲ ਅਤੇ ਰੇਡੀਓ ਹੋਸਟ ਜਸਵੰਤ ਮਹਿਮੀ ਹਾਜਰ ਸਨ।







The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing





Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 21 H, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

# ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮੈਰਿਕਾ


## ਗਦਰ ਲਹਿਰ ਦੀ ਸ਼ਤਾਬਦੀ ਨੂੰ ਸਮਰਪਿਤ ਕਾਨਫਰੰਸ-ਤਸਵੀਰਾਂ ਦੀ ਜ਼ੁਬਾਨੀ


































# ਕਸ਼ਮੀਰੀ ਦਰਦ ਦੀ ਦਾਸਤਾਂ 'ਹੰਝੂਆਂ ਦਾ ਹੜ੍ਹ'

ਕਲਾ ਪਰਿਕਰਮਾ

*ਦਸਤਾਵੇਜ਼ੀ ਫਿਲਮ 'ਓਸ਼ਨ ਆਫ ਟੀਅਰਜ਼' (ਹੰਝੂਆਂ ਦਾ ਹੜ੍ਹ) ਕਸ਼ਮੀਰੀ ਨੌਜਵਾਨ ਬਿਲਾਲ ਏ. ਜਾਨ ਨੇ ਬਣਾਈ ਹੈ ਅਤੇ ਇਹ ਪਬਲਿਕ ਸਰਵਿਸ ਬਰੌਡਕਾਸਟਿੰਗ ਟਰੱਸਟ ਦਿੱਲੀ ਨੇ ਪ੍ਰੋਡਿਊਸ ਕੀਤੀ ਹੈ। ਇਸ ਵਿਚ ਕਸ਼ਮੀਰ ਵਾਦੀ 'ਚ ਕਸ਼ਮੀਰੀਆਂ, ਖਾਸ ਕਰ ਕੇ ਔਰਤਾਂ ਉਤੇ ਹੋਏ ਜ਼ੁਲਮਾਂ ਦਾ ਜ਼ਿਕਰ ਹੈ। ਇਹ ਔਰਤਾਂ ਨਾਲ ਜਬਰ ਜਨਾਹ, ਕਤਲ ਅਤੇ ਲਾਪਤਾ ਹੋਏ ਨੌਜਵਾਨਾਂ ਦੀ ਕਹਾਣੀ ਵੀ ਨਾਲੋ-ਨਾਲ ਦੱਸਦੀ ਹੈ। ਬਿਲਾਲ ਨੇ ਇਸ ਫਿਲਮ ਵਿਚ ਡਰੇ ਹੋਏ ਅਤੇ ਬੇਵੱਸ ਬੰਦੇ ਦੇ ਮਨ ਦੀ ਵੇਦਨਾ ਦਾ ਮਾਰਮਿਕ ਚਿੱਤਰ ਪੇਸ਼ ਕੀਤਾ ਹੈ। ਉਸ ਨੇ ਸਾਡੇ ਸਮਿਆਂ ਦਾ ਸੱਚ ਸੁਣਾਇਆ ਹੈ। ਇਹ ਸੱਚ ਹੁਣ ਕਸ਼ਮੀਰੀਆਂ ਦੇ ਮੱਥਿਆਂ ਉਤੇ ਡੂੰਘਾ ਖੁਣਿਆ ਗਿਆ ਹੈ। -ਸੰਪਾਦਕ*



*ਕਸ਼ਮੀਰ ਦਾ ਇਕ ਮੰਜ਼ਰ! ਕਸ਼ਮੀਰ ਦੀ ਇਕ ਹੋਣੀ!!*

ਦਸਤਾਵੇਜ਼ੀ ਫਿਲਮਸਾਜ਼ ਬਿਲਾਲ ਏ. ਜਾਨ ਦੀ ਫਿਲਮ 'ਓਸ਼ਨ ਆਫ ਟੀਅਰਜ਼' (ਹੰਝੂਆਂ ਦਾ ਹੜ੍ਹ)' ਫਿਲਮ ਕੁਪਵਾੜਾ ਜ਼ਿਲ੍ਹੇ ਦੇ ਪਿੰਡ ਕੁਨਨ ਪੌਸ਼ਪੁਰਾ ਦੀ ਬਾਤ ਸੁਣਾਉਂਦੀ ਹੈ ਜਿੱਥੇ 23-24 ਫਰਵਰੀ 1991 ਦੀ ਰਾਤ ਨੂੰ 125 ਫੌਜੀਆਂ ਨੇ 30 ਔਰਤਾਂ ਨਾਲ ਜਬਰ ਜਨਾਹ ਕੀਤਾ। ਫੌਜ ਦਾ ਇਹ ਹਮਲਾ ਰਾਤੀਂ 11 ਵਜੇ ਸ਼ੁਰੂ ਹੋਇਆ ਅਤੇ ਅਗਲੇ ਦਿਨ ਸਵੇਰ ਤੱਕ ਚੱਲਿਆ। ਇਹ ਸਾਰੇ ਫੌਜੀ ਪੈਂਜ਼ ਗਾਂਵ ਕੈਂਪ ਦੇ ਸਨ। 'ਓਸ਼ਨ ਆਫ ਟੀਅਰਜ਼' ਸਭ ਤੋਂ ਪਹਿਲਾਂ 15 ਦਸੰਬਰ 2012 ਨੂੰ ਕਸ਼ਮੀਰ ਯੂਨੀਵਰਸਿਟੀ ਵਿਚ ਦਿਖਾਈ ਜਾਣੀ ਸੀ, ਪਰ ਸਰਕਾਰ ਦੇ ਦਬਾਅ ਕਾਰਨ ਯੂਨੀਵਰਸਿਟੀ ਨੇ ਇਹ ਪ੍ਰੋਗਰਾਮ ਕੈਂਸਲ ਕਰ ਦਿੱਤਾ। ਬਿਲਾਲ ਜਾਨ ਮੁਤਾਬਕ, ਉਸ ਨੇ ਬਥੇਰਾ ਕਿਹਾ ਕਿ ਫਿਲਮ ਸਰਕਾਰ ਦੇ ਹੀ ਇਕ ਅਦਾਰੇ ਨੇ ਬਣਵਾਈ ਹੈ ਅਤੇ ਇਸ ਨੂੰ ਸੈਂਸਰ ਸਰਟੀਫਿਕੇਟ ਮਿਲ ਚੁੱਕਾ ਹੈ, ਪਰ ਕਿਸੇ ਨੇ ਵੀ ਉਸ ਦੀ ਗੱਲ ਨਹੀਂ ਸੁਣੀ। ਬਿਲਾਲ ਦੱਸਦਾ ਹੈ ਕਿ ਕਸ਼ਮੀਰ ਵਿਚ ਅੱਜ ਦੀ ਤਰੀਕ ਵਿਚ ਕੋਈ ਸਿਨੇਮਾਘਰ ਨਹੀਂ ਹੈ। ਸਾਰੇ ਥੀਏਟਰਾਂ ਵਿਚ ਫੌਜ ਨੇ ਡੇਰੇ ਲਾਏ ਹੋਏ ਹਨ। ਸੂਬੇ ਵਿਚ ਨਾ ਕੋਈ ਫਿਲਮ ਬੋਰਡ ਹੈ ਤੇ ਨਾ ਹੀ ਫਿਲਮ ਬਣਾਉਣ ਲਈ ਕਿਸੇ ਕਿਸਮ ਦੇ ਫੰਡ ਦਿੱਤੇ ਜਾਂਦੇ ਹਨ। ਫਿਰ ਵੀ ਉਸ ਨੇ ਔਖੇ-ਸੌਖੇ ਆਪਣੀ ਇਹ ਫਿਲਮ ਬਣਾਉਣ ਦਾ ਮਿਸ਼ਨ ਪੂਰਾ ਕੀਤਾ। ਇਹ ਫਿਲਮ ਤੀਜੇ ਨੇਪਾਲ ਮਨੁੱਖ ਅਧਿਕਾਰ ਕੌਮਾਂਤਰੀ ਫਿਲਮ ਮੇਲੇ ਵਿਚ ਦਿਖਾਈ ਗਈ ਜਿਹੜਾ ਫਰਵਰੀ ਵਿਚ ਹੋਇਆ ਸੀ। ਯੂਟਿਊਬ ਉਤੇ ਇਹ ਫਿਲਮ ਹਜ਼ਾਰਾਂ ਵਾਰ ਦੇਖੀ ਜਾ ਚੁੱਕੀ ਹੈ।

ਕੁਨਨ ਪੌਸ਼ਪੁਰਾ ਘਟਨਾ ਨਾਲ ਸਬੰਧਤ ਔਰਤਾਂ ਦੇ ਕੁਝ ਖਾਵੰਦਾਂ ਦੀ ਤੜਫਾਹਟ ਅਤੇ ਗੁੱਸਾ ਇਸ ਫਿਲਮ ਵਿਚ ਨਸ਼ਰ ਹੋਇਆ ਹੈ। ਇਨ੍ਹਾਂ ਔਰਤਾਂ ਵਿਚੋਂ ਚਾਰ ਜ਼ਿਆਦਾ ਖੂਨ ਵਗਣ ਕਰ ਕੇ ਮੌਤ ਦੇ ਮੂੰਹ ਜਾ ਪਈਆਂ ਸਨ। 22 ਸਾਲ ਬਾਅਦ ਇਨ੍ਹਾਂ ਵਿਚੋਂ ਕੁਝ ਔਰਤਾਂ ਦਾ ਅਜੇ ਵੀ ਇਲਾਜ ਚੱਲ ਰਿਹਾ ਹੈ। ਜ਼ਰੀਫ਼ਾ ਜ਼ਿਆਦਾ ਲਹੂ ਵਗਣ ਕਾਰਨ ਮਰ ਗਈ ਸੀ। ਉਸ ਦੀਆਂ 6 ਅਣਵਿਆਹੀਆਂ ਧੀਆਂ ਹਨ। ਜ਼ੂਨਾ ਰਫੀਕਾ ਅਤੇ ਸਾਰਾ ਨੂੰ ਬੱਚੇਦਾਨੀਆਂ ਕੱਢਵਾਉਣੀਆਂ ਪਈਆਂ। ਸਾਰਾ ਦੱਸਦੀ ਹੈ ਕਿ ਉਸ ਦੀਆਂ ਦਵਾਈਆਂ ਉਤੇ ਹੀ 8-10 ਹਜ਼ਾਰ ਖ਼ਰਚ ਹੋ ਜਾਂਦਾ ਹੈ। ਇਸ ਘਟਨਾ ਦੀ ਮਾਰ ਬੱਚਿਆਂ ਉਤੇ ਵੀ ਪਈ ਹੈ। ਗੁਆਂਢੀ ਪਿੰਡਾਂ ਦੇ ਸਕੂਲਾਂ ਵਿਚ ਉਨ੍ਹਾਂ ਨੂੰ ਦਾਖ਼ਲ ਨਹੀਂ ਕੀਤਾ ਗਿਆ। ਕੁਝ ਬੱਚੇ ਖ਼ੁਦ ਹੀ ਸਕੂਲ ਨਹੀਂ ਗਏ, ਕਿਉਂਕਿ ਨਾਲ ਦੇ ਬੱਚੇ ਉਨ੍ਹਾਂ ਦਾ ਮਜ਼ਾਕ ਉਡਾਉਂਦੇ ਸੀ। ਜਿਨ੍ਹਾਂ ਕੁੜੀਆਂ ਨਾਲ ਜਬਰ ਜਨਾਹ ਹੋਇਆ, ਉਨ੍ਹਾਂ ਵਿਚੋਂ ਕਈ ਅਣ-ਵਿਆਹੀਆਂ ਹੀ ਰਹਿ ਗਈਆਂ।

ਇਸ ਫਿਲਮ ਵਿਚ ਦੋ ਕਸ਼ਮੀਰੀ ਮੁਟਿਆਰਾਂ ਨੀਲੋਫਰ (24) ਅਤੇ ਆਸੀਆ (18) ਦੀ ਕਹਾਣੀ ਵੀ ਸੁਣਾਈ ਗਈ ਹੈ ਜਿਨ੍ਹਾਂ ਨਾਲ ਫੌਜੀਆਂ ਨੇ ਪਹਿਲਾਂ ਬਲਾਤਕਾਰ ਕੀਤਾ ਅਤੇ ਫਿਰ ਕਤਲ ਕਰ ਦਿੱਤਾ। ਨਾਲ ਹੀ ਕਹਾਣੀ ਘੜ ਲਈ ਕਿ ਇਹ ਡੁੱਬ ਕੇ ਮਰੀਆਂ ਹਨ। ਬਾਅਦ ਵਿਚ ਰੌਲਾ ਪੈਣ ਉਤੇ ਪਤਾ ਲੱਗਾ ਕਿ ਕਹਾਣੀ ਤਾਂ ਕੋਈ ਹੋਰ ਸੀ। ਤੀਜਾ ਕੇਸ ਸਕੀਆਂ ਭੈਣਾਂ ਅਖਤਰਾ ਅਤੇ ਅਸਿਫਾ ਦਾ ਹੈ ਜਿਨ੍ਹਾਂ ਨੂੰ ਜਹਾਦੀਆਂ ਨੇ ਮਾਰ ਸੁੱਟਿਆ ਸੀ। ਇਨ੍ਹਾਂ ਉਤੇ ਹਮਲਾ ਕਰਨ ਵਾਲਿਆਂ ਵਿਚੋਂ ਇਕ ਵਸਮ ਗਨੀ ਮੁਕਾਬਲੇ ਵਿਚ ਮਾਰਿਆ ਜਾ ਚੁੱਕਾ ਹੈ। ਚੌਥੀ ਕਹਾਣੀ ਅਸ਼ਮਲ ਦੀ ਹੈ ਜਿਸ ਨਾਲ ਫੌਜੀਆਂ ਨੇ 20 ਅਪਰੈਲ 2002 ਨੂੰ ਜਬਰ ਜਨਾਹ ਕੀਤਾ। ਉਹ ਖੇਤਾਂ ਤੋਂ ਘਾਹ ਲੈਣ ਗਈ ਸੀ। ਉਸ ਦੀ 13 ਸਾਲ ਦੀ ਬੱਚੀ ਉਸ ਦੇ ਨਾਲ ਸੀ। ਇਸ ਬੱਚੀ ਨੇ ਆਪਣੀ ਮਾਂ ਨਾਲ ਇਹ ਜ਼ਿਆਦਤੀ ਡਰੀ-ਸਹਿਮੀ ਨੇ ਇਕ ਰੁੱਖ ਓਹਲੇ ਬੈਠੀ ਨੇ ਦੇਖੀ। ਬੁਰੀ ਹਾਲਤ ਵਿਚ ਜਦੋਂ ਅਸ਼ਮਲ ਨੂੰ ਹਸਪਤਾਲ ਲਿਜਾਇਆ ਜਾ ਰਿਹਾ ਸੀ ਤਾਂ ਰਾਹ ਵਿਚ ਹੀ ਦਿਲ ਦੇ ਦੌਰੇ ਨਾਲ ਉਸ ਦੀ ਮੌਤ ਹੋ ਗਈ। ਅਦਾਲਤ ਨੇ ਬੱਚੀ ਦੀ ਗਵਾਹੀ ਮੰਨੀ ਹੀ ਨਹੀਂ। ਫਿਲਮ ਵਿਚ ਕਸ਼ਮੀਰ ਵਿਚ ਲਾਪਤਾ ਹੋਏ ਬੰਦਿਆਂ ਬਾਰੇ ਚਰਚਾ ਹੈ ਜਿਨ੍ਹਾਂ ਦੀ ਗਿਣਤੀ ਦਾ ਤਾਂ ਹੁਣ ਕੋਈ ਹਿਸਾਬ ਕਿਤਾਬ ਹੀ ਨਹੀਂ। 'ਐਸੋਸੀਏਸ਼ਨ ਆਫ ਡਿਸਅਪੀਅਰਡ ਪਰਸਨਜ਼' ਮੁਤਾਬਕ 8 ਤੋਂ 10 ਹਜ਼ਾਰ ਤੱਕ ਨੌਜਵਾਨ ਲਾਪਤਾ ਹੋ ਚੁੱਕੇ ਹਨ।



*'ਓਸ਼ਨ ਆਫ ਟੀਅਰਜ਼' ਦਾ ਦ੍ਰਿਸ਼।*



**ਦਸਤਾਵੇਜ਼ੀ ਫਿਲਮਸਾਜ਼ ਬਿਲਾਲ ਏ. ਜਾਨ**

## ਓਸ਼ਨ ਆਫ ਟੀਅਰਜ਼ ਬਨਾਮ ਕਸ਼ਮੀਰ ਕੀ ਕਲੀ



*ਫਿਲਮ 'ਕਸ਼ਮੀਰ ਕੀ ਕਲੀ' ਵਿਚ ਅਦਾਕਾਰਾ ਸ਼ਰਮੀਲਾ ਟੈਗੋਰ।*

*ਵੀਹਵੀਂ ਸਦੀ ਦੇ 60ਵਿਆਂ ਅਤੇ 70ਵਿਆਂ ਵਾਲੇ ਦਹਾਕਿਆਂ ਦੌਰਾਨ ਫਿਲਮਾਂ ਵਿਚ ਜੰਮੂ ਕਸ਼ਮੀਰ ਦੀਆਂ ਵਾਦੀਆਂ ਦੇ ਬੜੇ ਹੁਸੀਨ ਚਿੱਤਰ ਮਿਲਦੇ ਹਨ। ਹਰ ਪਾਸੇ ਹਰਿਆਲੀ ਅਤੇ ਹੱਸਦੇ ਚਿਹਰੇ! 'ਕਸ਼ਮੀਰ ਕੀ ਕਲੀ' ਨਾਂ ਦੀ ਫਿਲਮ ਵਿਚ ਕਸ਼ਮੀਰ ਦੀ ਇਕ ਮੁਟਿਆਰ ਦੀ ਕਹਾਣੀ ਹੈ ਜਿਹੜੀ ਇਕ ਪਰਦੇਸੀ ਨਾਲ ਨੇਹੁ ਲਾ ਬੈਠਦੀ ਹੈ। ਉਦੋਂ ਕਸ਼ਮੀਰ ਦਾ ਮਤਲਬ ਘੁੰਮਣ-ਫਿਰਨ ਅਤੇ ਸੈਰ-ਸਪਾਟੇ ਵਾਲੀ ਥਾਂ ਸੀ। ਫਿਰ ਇਸ ਰੰਗ ਵਿਚ ਸਿਆਸਤ ਦਾ ਰੰਗ ਘੁਲਣ ਲੱਗ ਪਿਆ। ਫਿਰ ਫੌਜ ਪੁੱਜ ਗਈ। ਸਭ ਨੂੰ ਪਤਾ ਹੈ ਕਿ ਫੌਜ ਦੇ ਬੂਟ ਬਹੁਤ ਭਾਰੇ ਹੁੰਦੇ ਹਨ, ਇਹ ਲੋਕਾਂ ਦੇ ਸਰੀਰ ਅਤੇ ਜ਼ਿਹਨ ਉਤੇ ਉਹ ਜ਼ਖਮ ਕਰ ਜਾਂਦੇ ਹਨ ਜਿਹੜੇ ਫਿਰ ਸਾਰੀ ਉਮਰ ਨਹੀਂ ਭਰਦੇ। 'ਓਸ਼ਨ ਆਫ ਟੀਅਰਜ਼' ਨੇ ਇਨ੍ਹਾਂ ਜ਼ਖਮਾਂ ਦੀਆਂ ਹੀ ਗੱਲਾਂ ਕੀਤੀਆਂ ਹਨ।*

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 3 ਅਗਸਤ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-75



*ਖੇਤੀਬਾੜੀ ਹੋਈ ਮਸ਼ੀਨੀ, ਬਲਦ ਵੀ ਹੋ ਗਏ ਵਿਹਲੇ।*
*ਐਸ਼ੀ ਬੰਦਿਆਂ ਗਊ ਦੇ ਜਾਏ ਖੇਡਾਂ ਦੇ ਵਿਚ ਠੇਲੇ!*

## ਕੈਪਸ਼ਨ ਮੁਕਾਬਲਾ-73



ਸੜਕ ਕਿਨਾਰੇ ਰੱਖ ਕੁਝ ਚੀਜ਼ਾਂ,
ਕਿਸਮਤ ਪਈ ਅਜ਼ਮਾਵੇ ਔਰਤ।
ਮਰਦ ਸ਼ਰਾਬੀ ਬੱਚੇ ਭੁੱਖੇ,
ਘਰ ਨੂੰ ਕਿਵੇਂ ਚਲਾਵੇ ਔਰਤ।
ਦਸਾਂ ਨਹੁੰਆਂ ਦੀ ਕਰੇ ਕਮਾਈ
ਨਾਲੇ ਸੁਣਦੀ ਜੱਗ ਦੀਆਂ ਗੱਲਾਂ,
ਤੂੰ ਹੀ ਦੱਸ 'ਸੁਰਜੀਤ' ਦੇ ਰੱਬ ਜੀ,
ਕਿਸ ਪਾਸੇ ਨੂੰ ਜਾਵੇ ਔਰਤ?

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ: 916-687-3536***

---

ਦੁਕਾਨ ਸਜਾ ਕੇ ਆਸ 'ਚ ਬੈਠੀ,
ਗਾਹਕ ਕੋਈ ਨਾ ਆਵੇ।
ਪੈਸੇ ਵਾਲਾ ਖੜ੍ਹੇ ਕੋਈ ਨਾ,
ਦੇਖ ਕੇ ਨੱਕ ਚੜ੍ਹਾਵੇ।
ਮਾੜਾ ਦੇਖ ਕੇ ਕੋਲੋਂ ਲੰਘ ਜੇ,
ਜੇਬ੍ਹ 'ਚ ਹੱਥ ਨਾ ਜਾਵੇ।
ਘੁੱਗੂ ਘੋੜੇ ਬੈਠੇ ਝਾਕਣ,
ਬਾਜੇ ਵਿਚ ਕੋਈ ਫੂਕ ਨਾ ਲਾਵੇ।
ਅੱਕੀ ਥੱਕੀ ਮੈਂ ਹਾਂ ਬੈਠੀ ,
ਮੇਰੀ ਵੀ ਅੱਖ ਲਗਦੀ ਜਾਵੇ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਰਾਤ ਦਾ ਰੋਟੀ-ਟੁੱਕ ਕਰਕੇ
ਦੇਰ ਨਾਲ ਸੁੱਤੀ ਹੋਊ ਰਾਮ ਦੁਲਾਰੀ।
ਇਕ ਗਰਮੀ, ਦੂਜਾ ਗਾਹਕ ਕੋਈ ਨਾ,
ਤੀਜੀ ਉਨੀਂਦਰੇ ਨੇ ਮੱਤ ਮਾਰੀ।

***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

---

ਦਸਤਕਾਰੀ ਦਾ ਭੋਗ ਪੈ ਗਿਆ ਜਾਪੇ
ਵਿਰਲਾ ਹੀ ਹੁਣ ਮੁੱਲ ਪਾਵੇ।
ਆਨ ਲਾਈਨ ਹੁਣ ਹੁੰਦੇ ਸੌਦੇ
ਫੜ੍ਹੀ ਉਤੇ ਕੌਣ ਹੁਣ ਜਾਵੇ?
ਮਸ਼ੀਨੀ ਯੁਗ ਨੇ ਰੋਲ'ਤੇ ਕਿੱਤੇ
ਮਸਾਂ ਹੀ ਗਾਹਕ ਹੁਣ ਆਵੇ।
ਪਰ ਪੇਟ ਦੀ ਖਾਤਰ ਇਹ ਬੀਬੀ
ਫਿਰ ਵੀ ਆਪਣਾ ਸਿਰੜ ਪੁਗਾਵੇ।
ਕਹਿੰਦੇ ਉਦਮ ਨੂੰ ਹੀ ਫਲ ਲੱਗਦੇ
ਸੋ, ਰੱਬ ਬੂਰ ਮਿਹਨਤ ਨੂੰ ਪਾਵੇ।

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

# 300 ਸਾਲ ਪੁਰਾਣੇ ਗੁਰਦੁਆਰੇ ਦੀ ਮੁਰੰਮਤ ਰੁਕੀ

**ਕਰਾਚੀ:** ਤਿੰਨ ਸਦੀਆਂ ਪੁਰਾਣਾ ਗੁਰਦੁਆਰਾ ਭਾਈ ਬੀਬਾ ਸਿੰਘ ਜੁਗੀਵਾੜਾ ਹਸਤਨਗਰੀ ਜੋ ਪਿਸ਼ਾਵਰ ਤੋਂ ਕੁਝ ਦੂਰੀ 'ਤੇ ਤੇ ਪੱਛਮ ਪਾਸੇ ਵੱਲ ਸੰਨਸਾਨ ਜਗ੍ਹਾ 'ਤੇ ਸਥਿਤ ਹੈ, ਮਨੁੱਖੀ ਲਾਪਰਵਾਹੀ ਕਾਰਨ ਇਤਿਹਾਸ ਦਾ ਮੂਕ ਦਰਸ਼ਕ ਬਣ ਕੇ ਰਹਿ ਗਿਆ ਹੈ। ਸਥਾਨਕ ਲੋਕਾਂ ਅਨੁਸਾਰ ਇਹ ਗੁਰਦੁਆਰਾ ਦਸਵੇਂ ਗੁਰੂ ਗੋਬਿੰਦ ਸਿੰਘ ਦੇ ਸਮੇਂ ਦੌਰਾਨ ਬਣਾਇਆ ਗਿਆ ਸੀ ਜਿਸ ਦੀ ਮੁਰੰਮਤ ਦਾ ਕੰਮ ਫਰਵਰੀ ਤੋਂ ਰੁਕਿਆ ਹੋਇਆ ਹੈ। ਇਸ ਗੁਰਦੁਆਰੇ ਦਾ ਪ੍ਰੋਜੈਕਟ ਪਾਕਿਸਤਾਨ ਦੇ 55 ਲੱਖ ਰੁਪਏ ਦਾ ਸੀ ਜਿਸ ਨੂੰ 2012 ਦੇ ਅੰਤ ਤੱਕ ਮੁਕੰਮਲ ਕਰਨਾ ਸੀ। ਇਹ ਗੁਰਦੁਆਰਾ ਔਕਫ਼ ਬੋਰਡ (ਈ.ਟੀ.ਪੀ.ਬੀ.) ਦੀ ਨਿਗਰਾਨੀ ਹੇਠ ਆਉਂਦਾ ਹੈ ਤੇ ਈ.ਟੀ.ਬੀ.ਪੀ. ਦਾ ਮੁਖੀ ਨਾ ਨਿਯੁਕਤ ਹੋਣ ਕਰਕੇ ਇਸ ਗੁਰਦੁਆਰੇ ਦੀ ਮੁਰੰਮਤ ਦਾ ਕੰਮ ਰੁਕਿਆ ਹੋਇਆ ਹੈ।



ਸਨਮਾਨ ਹਾਸਲ ਕਰਨ ਵਾਲੇ ਬੱਚੇ ਸੈਨੇਟਰ ਕੌਰਬਟ ਅਤੇ ਸਿੱਖ ਸਪੋਰਟਸ ਐਸੋਸੀਏਸ਼ਨ ਦੇ ਅਹੁਦੇਦਾਰਾਂ ਨਾਲ

# ਸੈਨੇਟਰ ਐਲਨ ਕੌਰਬਟ ਵਲੋਂ ਪੰਜਾਬੀ ਕਲਾਸ ਦੇ ਬੱਚਿਆਂ ਦਾ ਸਨਮਾਨ

**ਯੂਨੀਅਨ ਸਿਟੀ (ਬਿਊਰੋ):** ਸਿੱਖ ਸਪੋਰਟਸ ਐਸੋਸੀਏਸ਼ਨ ਵਲੋਂ ਇਥੇ ਲੋਗਨ ਹਾਈ ਸਕੂਲ ਵਿਚ ਕਰਵਾਈਆਂ ਗਈਆਂ ਖੇਡਾਂ ਦੌਰਾਨ ਸਟੇਟ ਸੈਨੇਟਰ ਐਲਨ ਕੌਰਬਟ ਨੇ ਲੋਗਨ ਹਾਈ ਸਕੂਲ ਦੀ ਪੰਜਾਬੀ ਕਲਾਸ ਦੇ ਵਿਦਿਆਰਥੀਆਂ ਦਾ ਸਨਮਾਨ ਕੀਤਾ।

ਜਿਨ੍ਹਾਂ ਬਚਿਆਂ ਦਾ ਸਨਮਾਨ ਕੀਤਾ ਗਿਆ, ਉਨ੍ਹਾਂ ਵਿਚ ਪੂਜਾ ਕੌਰ ਗਿੱਲ, ਇੰਦਰਵੀਰ ਸਿੰਘ, ਜਸਪ੍ਰੀਤ ਕੌਰ ਜੱਸੀ, ਰੁਪਿਨ ਧਾਲੀਵਾਲ, ਗੁਰਜੋਤ ਸਿੰਘ ਸੰਧੂ, ਤਰਨਪ੍ਰੀਤ ਕੌਰ, ਅਨੂਪ ਕੌਰ ਰਾਣਾ, ਮਨਪ੍ਰੀਤ ਕੌਰ ਵੜੈਚ, ਕਿਰਨ ਕੌਰ ਸਿੰਘ, ਤਨਵੀਰ ਸਿੰਘ ਧਾਲੀਵਾਲ, ਸ਼ਲੀਨ ਕੌਰ ਟੰਡਾ, ਨਵਦੀਪ ਕੌਰ ਮਠਾਰੂ, ਜਾਸਮੀਨ ਕੌਰ, ਜਸਪ੍ਰੀਤ ਕੌਰ, ਜਸਰੂਪ ਸਿੰਘ ਭਸੀਨ, ਇਰਮਾਨ ਸਿੰਘ ਮਸ਼ਿਆਣਾ, ਅਮਨਦੀਪ ਕੌਰ ਸਿੰਘ, ਹਰਸਿਮਰਨ ਕੌਰ ਨੰਦਰਾ, ਸਿਦਕਦੀਪ ਕੌਰ ਘੁੰਮਣ, ਕਮਲਜੋਤ ਸਿੰਘ ਸੈਣੀ ਅਤੇ ਗੁਰਵਿੰਦਰ ਸਿੰਘ ਸਹੋਤਾ ਦੇ ਨਾਂ ਸ਼ਾਮਲ ਹਨ। ਪੰਜਾਬੀ ਕਲਾਸ ਦੇ ਇੰਚਾਰਜ ਹਰਪਾਲ ਸਿੰਘ ਰਾਣਾ ਨੇ ਬੱਚਿਆਂ ਦੇ ਇਸ ਸਨਮਾਨ ਲਈ ਸੈਨੇਟਰ ਐਲਨ ਕੌਰਬਟ ਦਾ ਧੰਨਵਾਦ ਕੀਤਾ।

To Advertise with Punjab Times
Call: 847-359-0746

# ਅਣਖੀਲੇ ਗੱਭਰੂ ਭੰਗੜਾ ਟੀਮ ਰਹੀ ਜੇਤੂ

**ਸੈਕਰਾਮੈਂਟੋ (ਬਿਊਰੋ):** ਸੈਕਰਾਮੈਂਟੋ ਦੀ ਅਣਖੀਲੇ ਗੱਭਰੂ ਨਾਂ ਦੀ ਟੀਮ ਨੇ 20 ਜੁਲਾਈ ਨੂੰ ਨਟੋਰੀਅਸ ਭੰਗੜਾ ਕਲੱਬ ਵਲੋਂ ਕਰਵਾਏ ਗਏ ਇੰਟਰਨੈਸ਼ਨਲ ਭੰਗੜਾ ਮੁਕਾਬਲਿਆਂ ਵਿਚ ਪਹਿਲਾ ਸਥਾਨ ਹਾਸਲ ਕੀਤਾ।

ਇਸ ਮੁਕਾਬਲੇ ਲਈ ਵੈਨਕੂਵਰ, ਨਿਊ ਯਾਰਕ, ਟੋਰਾਂਟੋ, ਕੈਲਗਰੀ, ਮਿਸ਼ੀਗਨ ਅਤੇ ਕੈਲੀਫੋਰਨੀਆ ਤੋਂ 17 ਟੀਮਾਂ ਪਹੁੰਚੀਆਂ ਜਿਨ੍ਹਾਂ ਵਿਚੋਂ 11 ਟੀਮਾਂ ਨੇ ਮੁਕਾਬਲੇ ਵਿਚ ਹਿੱਸਾ ਲਿਆ।

ਦੂਜੇ ਨੰਬਰ ਉਤੇ ਬੇਏਰੀਆ ਦੀ ਬੀ ਕੇ ਟੀਮ ਆਈ ਅਤੇ ਤੀਜੇ ਨੰਬਰ ਉਤੇ ਨਾਰਥ ਕੈਰੋਲਾਈਨਾ ਦੀ ਟੀਮ ਰਹੀ। ਜੇਤੂ ਅਣਖੀਲੇ ਗੱਭਰੂ ਟੀਮ ਵਿਚ ਸਨੀ ਗਿੱਲ, ਬਲਜੋਤ ਕਾਹਲੋਂ, ਰਵੀ ਪਰਹਾਰ, ਜਗਦੀਪ, ਜੇ ਕੇ ਪਾਬਲਾ, ਜਸਦੀਪ, ਰਣਜੀਤ ਮਾਨ, ਅੰਮ੍ਰਿਤ ਫਰਵਾਲਾ, ਰੋਸ਼ਨ ਦੋਸਾਂਝ ਅਤੇ ਗੁਰਪ੍ਰੀਤ ਧਾਲੀਵਾਲ ਸ਼ਾਮਲ ਸਨ।



ਅਣਖੀਲੇ ਗੱਭਰੂ ਭੰਗੜਾ ਟੀਮ




M.K. Nijjar DDS
Ruchi Nijjar DDS
Laser Dentistry
No shots, No Drill, No Pain.
Family Dentistry
Cosmetic Dentistry
Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome
510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

PANNU'S
PASSPORT & VISA SERVICES
Fremont | Manteca | San Francisco
Help in:- APPLICATIONS & DOCUMENTS PREPARATION
• PASSPORT • VISA • OCI • PIO • RENUNCIATION
• NOTARY • PHOTO • FAX • COPY • INTERNET
4444 GEARY BLVD. #210, SAN FRANCISCO, CA
PANNU'S (Between 8th and 9th Avenue), Across Citi Bank
Tel: 510-667-8440 or 510-677-5200

Soft Touch Dental Practice
A reason to smile . . .
Call us Today!
(510) 952-9395
State of the art Dental Facility in your neighborhood.

General Dentistry Including
Periodontal Care, Cosmetic Dentistry
Root-Canals, Invisalign, Crowns
Most Insurances Accepted
0% Finance Options
Promotional Rate For New Patients
$69.99
Cleaning Exam X-Rays
www.soft touch dental practice.com
ਅਸੀਂ ਮੁਸਕਰਾਹਟਾਂ ਵੰਡਦੇ ਹਾਂ
Special Rates For New Patients.

ਡਾ. ਅੰਮ੍ਰਿਤਪਾਲ ਕੌਰ
Call us Today (510) 952-9395
email: amrit@drakaur.com
People Like Us On Yelp!
facebook.com/
softtouchdentalpractice
Parking in the back.
2701 Decoto Road, 1A, Union City, CA 94587
Conveniently Located Near Union City BART
From San Jose, Northbound 880, Exit Decoto, Make A Right, Left On Royal Ann.
From Oakland, Southbound 880, Exit Decoto, Make A Left, Left On Royal Ann.

# ਸਾਕਾ ਨੀਲਾ ਤਾਰਾ ਦੇ ਬਦਲੇ ਲਈ ਕੀਤਾ ਜਨਰਲ ਬਰਾੜ 'ਤੇ ਹਮਲਾ

**ਲੰਡਨ:** ਜੂਨ 1984 ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਭਾਰਤੀ ਹਕੂਮਤ ਵੱਲੋਂ ਕੀਤੇ ਗਏ ਹਮਲੇ ਮੌਕੇ ਫੌਜ ਦੀ ਅਗਵਾਈ ਕਰਨ ਵਾਲੇ ਸੇਵਾਮੁਕਤ ਲੈਫਟੀਨੈਂਟ ਜਨਰਲ ਕੁਲਦੀਪ ਸਿੰਘ ਬਰਾੜ 'ਤੇ ਬੀਤੇ ਵਰ੍ਹੇ 30 ਸਤੰਬਰ ਨੂੰ ਲੰਡਨ ਵਿਚ ਹਮਲਾ ਕਰਕੇ ਜ਼ਖ਼ਮੀ ਕਰਨ ਤੇ ਉਸ ਦੀ ਪਤਨੀ ਮੀਨਾ ਬਰਾੜ ਨੂੰ ਧੱਕੇ ਮਾਰਨ ਸਬੰਧੀ ਸਾਊਥ ਵਰਕ ਕਰਾਊਨ ਕੋਰਟ ਵਿਚ ਚੱਲ ਰਹੇ ਕੇਸ ਦੌਰਾਨ ਸਾਹਮਣੇ ਆਇਆ ਕਿ ਜਨਰਲ ਬਰਾੜ 'ਤੇ ਹਮਲਾ ਕਰਨ ਵਾਲੇ ਹਮਲਾਵਰਾਂ ਨਾਲ ਹਰਜੀਤ ਕੌਰ ਵਾਸੀ ਲੰਡਨ ਦਾ ਲਗਾਤਾਰ ਫੋਨ ਰਾਹੀਂ ਸੰਪਰਕ ਬਣਿਆ ਰਿਹਾ ਸੀ।

ਉਹ ਉਨ੍ਹਾਂ ਨਾਲ ਹੀ ਬੱਸ ਵਿਚ ਸਵਾਰ ਸੀ ਜਿਸ ਦਾ ਸਬੂਤ ਉਸ ਦੀਆਂ ਫੋਨ ਕਾਲਾਂ ਤੋਂ ਮਿਲਦਾ ਹੈ। ਇਸਤਗਾਸਾ ਦੀ ਵਕੀਲ ਮਿਸ ਐਨਬੇਲ ਡਾਰਲੇ ਨੇ ਕਿਹਾ ਕਿ ਜਨਰਲ ਬਰਾੜ 'ਤੇ ਹੋਇਆ ਹਮਲਾ ਯੋਜਨਾਬੱਧ ਹੈ ਤੇ ਇਸ ਦਾ ਕਾਰਨ ਜੂਨ 1984 ਮੌਕੇ ਸ੍ਰੀ ਦਰਬਾਰ ਸਾਹਿਬ 'ਤੇ ਹੋਇਆ ਫੌਜੀ ਹਮਲਾ ਹੈ। ਸਿੱਖ ਹਮਲਾਵਰ ਜਨਰਲ ਬਰਾੜ ਨੂੰ ਇਸ ਕਾਰਵਾਈ ਲਈ ਜ਼ਿੰਮੇਵਾਰ ਮੰਨ ਰਹੇ ਹਨ। ਮਿਸ ਡਾਰਲੇ ਅਨੁਸਾਰ ਇਸ ਮੌਕੇ ਦੀ ਚਸ਼ਮਦੀਦ ਗਵਾਹ



ਜਨਰਲ ਬਰਾੜ ਦੀ ਪਤਨੀ ਮੀਨਾ ਬਰਾੜ ਹੈ।

ਇਸ ਮੌਕੇ ਬਰਾੜ ਦੀਆਂ ਗਵਾਹੀਆਂ ਵੀਡੀਓ ਸੰਪਰਕ ਰਾਹੀਂ ਭਾਰਤ ਵਿਚੋਂ ਲਈਆਂ ਜਾ ਰਹੀਆਂ ਹਨ। ਇਨ੍ਹਾਂ ਹਮਲਾਵਰਾਂ ਵਿਚੋਂ ਬਲਜਿੰਦਰ ਸਿੰਘ ਸੰਘਾ ਨੇ ਖੁਦ ਨੂੰ ਦੋਸ਼ੀ ਮੰਨ ਲਿਆ ਹੈ ਜਿਸ ਨੂੰ ਸਜ਼ਾ ਕੇਸ ਦੇ ਨਿਬੇੜੇ ਪਿੱਛੋਂ ਸੁਣਾਈ ਜਾਵੇਗੀ ਜਦਕਿ ਮਨਦੀਪ ਸਿੰਘ ਸੰਧੂ, ਦਿਲਬਾਗ ਸਿੰਘ ਤੇ ਹਰਜੀਤ ਕੌਰ ਨੇ ਖੁਦ ਨੂੰ ਬੇਕਸੂਰ ਦੱਸਿਆ ਹੈ। ਮਨਦੀਪ ਸਿੰਘ ਸੰਧੂ ਨੇ ਕਿਹਾ ਹੈ ਕਿ ਉਹ ਹਮਲੇ ਮੌਕੇ ਉੱਥੇ ਮੌਜੂਦ ਨਹੀਂ ਸੀ ਜਦਕਿ ਦਿਲਬਾਗ ਸਿੰਘ ਨੇ ਇਸ ਬਾਰੇ ਕੁਝ ਵੀ ਕਹਿਣ ਤੋਂ ਇਨਕਾਰ ਕੀਤਾ ਹੈ। ਅਦਾਲਤ ਵਿਚ ਇਸਤਗਾਸਾ ਪੱਖ ਦੀ ਵਕੀਲ ਮਿਸ ਡਾਰਲੇ ਨੇ ਘਟਨਾ ਸਥਾਨ 'ਤੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੇ ਵੀਡੀਓ ਵੀ ਵਿਖਾਏ ਹਨ। ਇਨ੍ਹਾਂ ਮੁਲਜ਼ਮਾਂ ਵਿਚੋਂ 34 ਸਾਲਾ ਮਨਦੀਪ ਸਿੰਘ ਸੰਧੂ ਬਰਮਿੰਘਮ ਦਾ ਰਹਿਣ ਵਾਲਾ ਹੈ ਜਦਕਿ 33 ਸਾਲਾ ਬਲਜਿੰਦਰ ਸਿੰਘ ਸੰਘਾ ਵੁਲਵਰਹੈਂਪਟਨ ਦਾ ਵਸਨੀਕ ਹੈ, 37 ਸਾਲਾ ਦਿਲਬਾਗ ਸਿੰਘ ਤੇ 39 ਸਾਲਾ ਹਰਜੀਤ ਕੌਰ ਲੰਡਨ ਇਲਾਕੇ ਦੇ ਰਹਿਣ ਵਾਲੇ ਹਨ। ਅਦਾਲਤ ਵਿਚ ਇਸ ਨੂੰ ਆਮ ਸਧਾਰਨ ਹਮਲਾ ਨਹੀਂ ਬਲਕਿ ਇਕ ਯੋਜਨਾਬੱਧ ਤਰੀਕੇ ਨਾਲ ਕੀਤਾ ਗਿਆ ਹਮਲਾ ਦੱਸਿਆ ਜਾ ਰਿਹਾ ਹੈ। ਅਦਲਾਤ ਨੂੰ ਦੱਸਿਆ ਗਿਆ ਕਿ ਇਹ ਹਮਲਾਵਾਰ ਜ਼ਿੰਦਗੀ ਵਿਚ ਕਦੇ ਵੀ ਜਨਰਲ ਬਰਾੜ ਨੂੰ ਮਿਲੇ ਨਹੀਂ। ਇਸ ਲਈ ਜਨਰਲ ਬਰਾੜ ਦੀ ਫੌਜੀ ਨੌਕਰੀ ਦੌਰਾਨ ਸ੍ਰੀ ਦਰਬਾਰ ਸਾਹਿਬ 'ਤੇ ਹੋਈ ਕਾਰਵਾਈ ਦਾ ਇਹ ਬਦਲਾ ਹੈ। ਵਕੀਲ ਮਿਸ ਡਾਰਲੇ ਅਨੁਸਾਰ ਇਸ ਘਟਨਾਕ੍ਰਮ ਦੀ ਮੁੱਖ ਚਾਬੀ ਹਰਜੀਤ ਕੌਰ ਹੈ। ਮਿਸ ਡਾਰਲੇ ਨੇ ਕਿਹਾ ਕਿ ਭਾਵੇਂ ਸਾਕਾ ਨੀਲਾ ਤਾਰਾ ਕਈ ਸਾਲ ਪਹਿਲਾਂ ਹੋਇਆ ਸੀ ਪਰ ਸਿੱਖਾਂ ਨੂੰ ਇਹ ਭੁੱਲਿਆ ਨਹੀਂ। ਹਮਲਾਵਰਾਂ ਤੱਕ ਪਹੁੰਚਣ ਲਈ ਇਕ ਫੋਨ ਹੀ ਸਹਾਰਾ ਬਣਿਆ ਹੈ ਜੋ ਘਟਨਾ ਸਥਾਨ ਤੇ ਡਿੱਗ ਪਿਆ ਸੀ ਜੋ ਪੁਲਿਸ ਨੂੰ ਹਮਲੇ ਦੀ ਗੁੱਥੀ ਸੁਲਝਾਉਣ ਲਈ ਸਹਾਈ ਹੋਇਆ।

## ਸਿੱਖ ਕਤਲੇਆਮ ਦੇ ਪੀੜਤਾਂ ਵੱਲੋਂ ਹਲਫਨਾਮੇ ਦਾਇਰ

**ਮੁਹਾਲੀ:** ਹਰਿਆਣੇ ਦੇ ਹੋਂਦ ਚਿੱਲੜ, ਗੁੜਗਾਉਂ ਤੇ ਪਟੌਦੀ ਵਿਚ 84 ਦੌਰਾਨ ਹੋਏ ਸਿੱਖ ਕਤਲੇਆਮ ਦੀ ਜਾਂਚ ਕਰ ਰਹੇ ਅਲਾਹਾਬਾਦ ਹਾਈ ਕੋਰਟ ਦੇ ਸੇਵਾਮੁਕਤ ਜੱਜ ਜਸਟਿਸ ਟੀਪੀ ਗਰਗ ਦੀ ਅਦਾਲਤ ਨੇ ਪਟੌਦੀ 'ਚ ਕਤਲ ਕੀਤੇ 17 ਸਿੱਖਾਂ ਦੇ ਕੇਸ ਦੀ ਸੁਣਵਾਈ ਕੀਤੀ।

ਹੋਂਦ-ਚਿੱਲੜ ਤਾਲਮੇਲ ਕਮੇਟੀ ਦੇ ਆਗੂਆਂ ਮਨਵਿੰਦਰ ਸਿੰਘ ਗਿਆਸਪੁਰਾ ਤੇ ਭਾਈ ਦਰਸ਼ਨ ਸਿੰਘ ਘੋਲੀਆਂ ਨੇ ਦੱਸਿਆ ਕਿ ਪੀੜ੍ਹਤਾਂ ਜੀਵਨੀ ਬਾਈ, ਸ਼ਾਂਤੀ ਦੇਵੀ ਤੇ ਅੰਮ੍ਰਿਤ ਕੌਰ ਨੇ ਹਲਫਨਾਮੇ ਦਾਇਰ ਕੀਤੇ। ਜੀਵਨੀ ਬਾਈ ਨੇ ਹਲਫਨਾਮੇ ਵਿਚ ਦੱਸਿਆ ਕਿ ਉਹ 2 ਨਵੰਬਰ 1984 ਨੂੰ ਆਪਣੇ ਘਰ ਵਿਚ ਹੀ ਸਨ ਕਿ ਅਚਾਨਕ ਭੀੜ ਨੇ ਹਮਲਾ ਕਰ ਦਿੱਤਾ ਤੇ ਉਸ ਦੇ ਪਤੀ ਕਿਸਨ ਸਿੰਘ ਨੂੰ ਮਾਰ ਦਿੱਤਾ। ਆਪਣੇ ਪਿਤਾ ਨੂੰ ਬਚਾਉਂਦੇ ਉਸ ਦੇ ਤਿੰਨੇ ਪੁੱਤਰ ਹਰਭਜਨ ਸਿੰਘ, ਹਰਨਾਮ ਸਿੰਘ ਤੇ ਕੁਲਦੀਪ ਸਿੰਘ ਨੂੰ ਵੀ ਮੌਕੇ 'ਤੇ ਹੀ ਮਾਰ ਦਿੱਤਾ ਗਿਆ। ਪੀੜ੍ਹਤ ਅੰਮ੍ਰਿਤ ਕੌਰ ਨੇ ਦੱਸਿਆ ਕਿ ਉਸ ਦੇ ਪਤੀ ਅਮਰਜੀਤ ਸਿੰਘ ਨੂੰ ਕਾਤਲ ਭੀੜ ਨੇ ਮਾਰ ਦਿੱਤਾ। ਜੱਜ ਨੇ ਬਾਕੀ ਰਹਿੰਦੇ ਹਲਫਨਾਮੇ ਦਾਇਰ ਕਰਨ ਦੀ ਅਗਲੀ ਤਾਰੀਖ਼ 13 ਅਗਸਤ 'ਤੇ ਅੱਗੇ ਪਾ ਦਿੱਤੀ। ਸ. ਗਿਆਸਪੁਰਾ ਤੇ ਭਾਈ ਦਰਸ਼ਨ ਸਿੰਘ ਘੋਲੀਆ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੀੜਤਾਂ ਦੇ ਹੱਕ ਵਿਚ ਡਟਣ।

# ਸੁਪਰੀਮ ਕੋਰਟ ਵੱਲੋਂ ਜਗਤਾਰ ਸਿੰਘ ਹਵਾਰਾ ਦੀ ਪਟੀਸ਼ਨ ਮਨਜ਼ੂਰ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕਾਂਡ ਵਿਚ ਉਮਰ ਕੈਦ ਦੀ ਸਜ਼ਾ ਖ਼ਿਲਾਫ਼ ਬੱਬਰ ਖਾਲਸਾ ਦੇ ਖਾੜਕੂ ਭਾਈ ਜਗਤਾਰ ਸਿੰਘ ਹਵਾਰਾ ਵੱਲੋਂ ਪੂਰੀ ਸੁਣਵਾਈ ਲਈ ਪਾਈ ਪਟੀਸ਼ਨ ਨੂੰ ਮਨਜ਼ੂਰ ਕਰ ਲਿਆ ਤੇ ਨਾਲ ਹੀ ਪਟੀਸ਼ਨ ਬਾਰੇ ਸੀਬੀਆਈ ਤੋਂ ਜੁਆਬਤਲਬੀ ਕੀਤੀ ਹੈ। ਜਸਟਿਸ ਬੀ.ਐਸ. ਚੌਹਾਨ ਤੇ ਜਸਟਿਸ ਐਸ.ਏ. ਬੋਬਡੇ ਦੇ ਬੈਂਚ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ 12 ਅਕਤੂਬਰ, 2010 ਦੇ ਫੈਸਲੇ ਖ਼ਿਲਾਫ਼ ਹਵਾਰਾ ਦੀ ਅਪੀਲ ਉਪਰ ਸੀਬੀਆਈ ਨੂੰ ਨੋਟਿਸ ਜਾਰੀ ਕੀਤਾ ਹੈ। ਹਾਈ ਕੋਰਟ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਦੋਸ਼ ਵਿਚ ਭਾਈ ਹਵਾਰਾ ਦੀ ਸਜ਼ਾ-ਏ-ਮੌਤ ਨੂੰ ਉਮਰ ਕੈਦ ਵਿਚ ਤਬਦੀਲ ਕਰਦਿਆਂ ਕਿਹਾ ਸੀ ਕਿ ਉਸ ਨੂੰ ਮੌਤ ਤੱਕ ਜੇਲ੍ਹ ਵਿਚ ਰਹਿਣਾ ਹੋਵੇਗਾ। ਸੀਬੀਆਈ ਨੇ ਪੰਜ ਦਸੰਬਰ, 2011 ਨੂੰ ਸੁਪਰੀਮ ਕੋਰਟ ਵਿਚ ਅਪੀਲ ਦਾਇਰ ਕੀਤੀ ਜਿਸ ਵਿਚ ਭਾਈ ਹਵਾਰਾ ਦੀ ਮੌਤ ਦੀ ਸਜ਼ਾ ਦੇਣ ਦੀ ਅਪੀਲ ਕਰਦਿਆਂ ਕਿਹਾ ਸੀ ਕਿ ਉਸ ਦਾ ਅਪਰਾਧ ਖਤਰਨਾਕ ਸ਼੍ਰੇਣੀ ਵਿਚ ਆਉਂਦਾ ਹੈ।



ਏਜੰਸੀ ਨੇ ਕਿਹਾ ਸੀ ਕਿ ਇਹ ਭਿਆਨਕ ਅਪਰਾਧ ਸੀ ਜਿਸ ਵਿਚ ਮੁੱਖ ਮੰਤਰੀ ਸਣੇ 17 ਵਿਅਕਤੀ ਮਾਰੇ ਗਏ ਸਨ ਤੇ 15 ਹੋਰ ਜ਼ਖ਼ਮੀ ਹੋਏ ਸਨ। ਹਾਈ ਕੋਰਟ ਨੇ ਇਸ ਮਾਮਲੇ ਵਿਚ ਭਾਈ ਬਲਵੰਤ ਸਿੰਘ ਦੀ ਮੌਤ ਦੀ ਸਜ਼ਾ ਬਰਕਰਾਰ ਰੱਖਦਿਆਂ ਸ਼ਮਸ਼ੇਰ ਸਿੰਘ, ਗੁਰਮੀਤ ਸਿੰਘ ਤੇ ਲਖਵਿੰਦਰ ਸਿੰਘ ਦੀ ਉਮਰ ਕੈਦ ਦੀ ਸਜ਼ਾ ਦੀ ਪੁਸ਼ਟੀ ਕੀਤੀ ਸੀ। ਆਤਮਘਾਤੀ ਦਿਲਾਵਰ ਸਿੰਘ ਤੇ ਉਸ ਦੇ ਸਾਥੀਆਂ ਨੇ ਚੰਡੀਗੜ੍ਹ ਸਥਿਤ ਦਸ ਮੰਜ਼ਲਾ ਪੰਜਾਬ ਸਿਵਲ ਸਕੱਤਰੇਤ ਦੇ ਦਾਖਲਾ ਗੇਟ 'ਤੇ 31 ਅਗਸਤ, 1995 ਨੂੰ ਬੰਬ ਧਮਾਕਾ ਕਰਕੇ ਸ. ਬੇਅੰਤ ਸਿੰਘ ਸਣੇ 17 ਵਿਅਕਤੀਆਂ ਦੀ ਹੱਤਿਆ ਕਰ ਦਿੱਤੀ ਸੀ।

# ਧਰਮ ਯੁੱਧ ਮੋਰਚਾ ਜਾਰੀ ਰੱਖਣ ਦਾ ਫੈਸਲਾ

**ਚੰਡੀਗੜ੍ਹ:** ਯੂਨਾਈਟਿਡ ਸਿੱਖ ਮੂਵਮੈਂਟ ਵੱਲੋਂ ਰਾਜਾਂ ਦੀ ਖ਼ੁਦਮੁਖ਼ਤਾਰੀ ਤੇ ਆਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਲਈ ਚਾਰ ਅਗਸਤ ਨੂੰ ਯੂਪੀਏ ਦੀ ਚੇਅਰਪਰਸਨ ਸੋਨੀਆ ਗਾਂਧੀ ਦੀ ਕੋਠੀ ਮੂਹਰੇ ਧਰਨਾ ਦਿੱਤਾ ਜਾਵੇਗਾ। ਧਰਨੇ ਦੌਰਾਨ ਜੇਲ੍ਹਾਂ ਵਿਚ ਬੰਦ ਬੇਕਸੂਰ ਸਿੱਖਾਂ ਨੂੰ ਰਿਹਾਅ ਕਰਨ ਲਈ ਦਬਾਅ ਪਾਇਆ ਜਾਵੇਗਾ।

੨ਲੰਘੇ ਦਿਨੀਂ ਮੂਵਮੈਂਟ ਦੇ ਕੇਂਦਰੀ ਅਹੁਦੇਦਾਰਾਂ, ਜ਼ਿਲ੍ਹਾ ਪ੍ਰਧਾਨਾਂ ਸਮੇਤ ਵੱਖ-ਵੱਖ ਵਿੰਗਾਂ ਦੇ ਅਹੁਦੇਦਾਰਾਂ ਦੀ ਮੀਟਿੰਗ ਇਥੋਂ ਦੇ ਕੇਂਦਰੀ ਸਿੰਘ ਸਭਾ ਵਿਖੇ ਹੋਈ। ਮੀਟਿੰਗ ਦੌਰਾਨ ਕੇਂਦਰੀ ਨੇਤਾਵਾਂ ਵੱਲੋਂ 1947 ਵਿਚ ਕੀਤੇ ਵਾਅਦਿਆਂ ਮੁਤਾਬਕ ਪੰਜਾਬ ਨੂੰ ਵਿਸ਼ੇਸ਼ ਖਿੱਤਾ ਕਰਾਰ ਦੇਣ 'ਤੇ ਵੀ ਜ਼ੋਰ ਦਿੱਤਾ ਗਿਆ। ਮੀਟਿੰਗ ਵਿਚ ਸ਼ਾਮਲ ਨੇਤਾਵਾਂ ਦਾ ਕਹਿਣਾ ਸੀ ਕਿ ਧਰਮ ਯੁੱਧ ਮੋਰਚਾ ਨਾ ਜਿੱਤਿਆ ਗਿਆ ਹੈ, ਨਾ ਹਾਰਿਆ ਗਿਆ ਹੈ ਤੇ ਨਾ ਹੀ ਛੱਡਿਆ ਗਿਆ ਹੈ।

ਇਸ ਲਈ ਮੋਰਚੇ ਨੂੰ ਜਾਰੀ ਰੱਖਣ ਲਈ ਚਾਰ ਅਗਸਤ ਤੋਂ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਖਾੜਕੂ ਪਰਿਵਾਰਾਂ ਸਮੇਤ ਅਪਰੈਲ 1978 ਤੋਂ ਅੱਜ ਤੱਕ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨੂੰ 10-10 ਲੱਖ ਰੁਪਏ ਦਾ ਮੁਆਵਜ਼ਾ ਦੇਣ ਦੀ



ਮੰਗ ਕੀਤੀ ਗਈ ਹੈ। ਨਵੰਬਰ 1984 ਦੇ ਸਿੱਖ ਕਤਲੇਆਮ ਸਮੇਤ ਝੂਠੇ ਪੁਲੀਸ ਮੁਕਾਬਲਿਆਂ ਵਿਚ ਮਾਰੇ ਗਏ ਸਿੱਖ ਨੌਜਵਾਨਾਂ ਦੀ ਪੜਤਾਲ ਕਰਨ ਲਈ ਸੁਪਰੀਮ ਕੋਰਟ ਜਾਂ ਮਨੁੱਖੀ ਅਧਿਕਾਰ ਕਮਿਸ਼ਨ ਦੀ ਦੇਖ-ਰੇਖ ਵਿਚ ਵਿਸ਼ੇਸ਼ ਪੜਤਾਲੀਆ ਕਮੇਟੀ ਬਣਾਉਣ ਦੀ ਮੰਗ ਵੀ ਕੀਤੀ ਗਈ ਹੈ। ਮੀਟਿੰਗ ਵਿਚ ਇਨਸਾਫ਼ ਲਹਿਰ ਵਜੋਂ 28 ਅਗਸਤ ਨੂੰ ਮਾਲੇਰਕੋਟਲਾ ਤੇ 24 ਜੁਲਾਈ ਨੂੰ ਪਿੰਡ ਬ੍ਰਹਮਪੁਰਾ ਵਿਚ ਕਨਵੈਨਸ਼ਨ ਕਰਨ ਦਾ ਫ਼ੈਸਲਾ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਲਈ ਚਾਰ ਅਗਸਤ 1982 ਨੂੰ ਮੋਰਚਾ ਸ਼ੁਰੂ ਕੀਤਾ ਗਿਆ ਸੀ। ਇਨਸਾਫ਼ ਲਹਿਰ ਸ਼ੁਰੂ ਕਰਨ ਵਾਸਤੇ ਚਾਰ ਅਗਸਤ ਦੀ ਇਸੇ ਕਰਕੇ ਚੋਣ ਕੀਤੀ ਗਈ ਹੈ।

# 'ਆਜ਼ਾਦ' ਭਾਰਤ ਵਿਚ ਹੀ ਰੁਲ ਗਏ ਆਜ਼ਾਦੀ ਘੁਲਾਟੀਆਂ ਦੇ ਵਾਰਸ

**ਸੰਗਰੂਰ (ਪੰਜਾਬ ਟਾਈਮਜ਼ ਬਿਊਰੋ):** 'ਆਜ਼ਾਦ' ਭਾਰਤ ਵਿਚ ਆਜ਼ਾਦੀ ਘੁਲਾਟੀਆਂ ਦੇ ਵਾਰਸ ਰੁਲ ਰਹੇ ਹਨ। ਇਸ ਦੀ ਮਸਾਲ ਇਥੇ ਸਰਦਾਰ ਕਲੋਨੀ ਵਿਚ ਖਸਤਾਹਾਲ ਦੋ ਖਣਾਂ ਦੀ ਕੋਠੜੀ ਨੂੰ ਦੇਖ ਕੇ ਮਿਲਦੀ ਹੈ। ਇਹ ਘਰ ਅੰਗਰੇਜ਼ਾਂ ਦੀ ਰੋਇਲ ਇੰਡੀਅਨ ਨੇਵੀਂ ਵਿਚ ਬਤੌਰ ਸਿਗਨਲਮੈਨ ਨੌਕਰੀ ਕਰਦੇ ਤੇ ਅੰਗਰੇਜ਼ਾਂ ਦੇ ਅੱਠ ਸਮੁੰਦਰੀ ਜਹਾਜ਼ਾਂ 'ਤੇ ਤਿਰੰਗਾ ਲਹਿਰਾਉਣ ਵਾਲੇ ਸੁਤੰਤਰਤਾ ਸੰਗਰਾਮੀ ਹਰਦਿਆਲ ਸਿੰਘ ਦਾ ਹੈ। ਅੰਗਰੇਜ਼ਾਂ ਦੇ ਅੱਠ ਸਮੁੰਦਰੀ ਜਹਾਜ਼ਾਂ ਤੋਂ ਅੰਗਰੇਜ਼ ਸਰਕਾਰ ਦਾ ਝੰਡਾ ਯੂਨੀਅਨ ਜੈਕ ਉਤਾਰ ਕੇ ਭਾਰਤ ਦਾ ਤਿਰੰਗਾ ਲਹਿਰਾਉਣ ਵਾਲੇ ਹਰਦਿਆਲ ਸਿੰਘ ਦਾ ਕਰੀਬ ਡੇਢ ਦਹਾਕਾ ਪਹਿਲਾਂ ਦੇਹਾਂਤ ਹੋ ਗਿਆ ਸੀ।

ਅੱਜਕੱਲ੍ਹ ਇਸ ਘਰ ਵਿਚ ਉਨ੍ਹਾਂ ਦਾ ਪੁੱਤਰ ਪਰਮਿੰਦਰ ਸਿੰਘ ਗੁਰਬਤ ਦੀ ਜ਼ਿੰਦਗੀ ਗੁਜ਼ਾਰਨ ਲਈ ਮਜਬੂਰ ਹੈ। ਦੇਸ਼ ਭਗਤ ਦਾ ਇਹ ਵਾਰਸ ਦੋ ਵਕਤ ਦੀ ਰੋਟੀ ਲਈ ਵੀ ਮੁਥਾਜ ਹੈ। ਖਸਤਾ ਹਾਲ ਕੋਠੜੀ ਵਿਚ ਬੰਦ ਪਏ ਟਰੰਕਾਂ ਵਿਚੋਂ ਮਿਲੇ ਦਸਤਾਵੇਜ਼ਾਂ ਅਨੁਸਾਰ ਹਰਦਿਆਲ ਸਿੰਘ 10 ਜੁਲਾਈ, 1944 ਨੂੰ ਅੰਗਰੇਜ਼ ਸਰਕਾਰ ਦੀ ਰਾਇਲ ਇੰਡੀਅਨ ਨੇਵੀ ਵਿਚ ਭਰਤੀ ਹੋਏ ਸਨ। ਉਨ੍ਹਾਂ ਨੂੰ ਟਰੇਨਿੰਗ ਤੋਂ ਬਾਅਦ ਜਹਾਜ਼ ਦਾ



ਸਿਗਨਲਮੈਨ ਨਿਯੁਕਤ ਕਰਕੇ ਬਲੋਚਿਸਤਾਨ ਭੇਜ ਦਿੱਤਾ ਗਿਆ ਸੀ।

ਉਸ ਸਮੇਂ ਬਹੁਤ ਸਾਰੀਆਂ ਜਥੇਬੰਦੀਆਂ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕਰ ਰਹੀਆਂ ਸਨ। ਉਨ੍ਹਾਂ ਵਿਚੋਂ ਸਰਦਾਰ ਵੱਲਭ ਭਾਈ ਪਟੇਲ ਅਹਿਮ ਨਾਂ ਸੀ। ਹਰਦਿਆਲ ਸਿੰਘ ਨੇ ਆਪਣੀ ਹੱਥ ਲਿਖਤ ਸੰਖੇਪ ਜੀਵਨੀ ਵਿਚ ਜ਼ਿਕਰ ਕੀਤਾ ਹੈ ਕਿ ਸਰਦਾਰ ਪਟੇਲ ਨੇ ਉਨ੍ਹਾਂ ਨਾਲ ਟਰਾਂਸਮੀਟਰ 'ਤੇ ਰਾਬਤਾ ਬਣਾ ਕੇ ਅੰਗਰੇਜ਼ਾਂ ਦੇ ਜਹਾਜ਼ਾਂ 'ਤੇ ਤਿਰੰਗਾ ਲਹਿਰਾਉਣ ਦੀ ਜ਼ਿੰਮੇਵਾਰੀ ਸੌਂਪੀ ਸੀ। ਸਰਦਾਰ ਪਟੇਲ ਵੱਲੋਂ ਦਿੱਤੇ ਪ੍ਰੋਗਰਾਮ ਅਨੁਸਾਰ ਹਜਦਿਆਲ ਸਿੰਘ ਨੇ 15 ਅਪਰੈਲ, 1946 ਨੂੰ ਸੂਰਜ ਚੜ੍ਹਨ ਤੋਂ ਪਹਿਲਾਂ ਅੰਗਰੇਜ਼ਾਂ ਦੇ ਅੱਠ ਸਮੁੰਦਰੀ ਜਹਾਜ਼ਾਂ ਤੋਂ ਯੂਨੀਅਨ ਜੈਕ ਅੰਗਰੇਜ਼ਾਂ ਦੇ ਝੰਡੇ ਨੂੰ ਉਤਾਰ ਕੇ ਹਿੰਦੋਸਤਾਨ ਦਾ ਤਿਰੰਗਾ ਲਹਿਰਾ ਦਿੱਤਾ ਸੀ।

ਅੰਗਰੇਜ਼ ਹਕੂਮਤ ਨੇ ਹਰਦਿਆਲ ਸਿੰਘ ਨੂੰ ਲਾਲਚ ਦਿੱਤੇ ਤੇ ਕਮਿਸ਼ਨਰ ਰੈਂਕ ਦੀ ਪੇਸ਼ਕਸ਼ ਵੀ ਕੀਤੀ ਪਰ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਸਭ ਕੁਝ ਠੁਕਰਾ ਦਿੱਤਾ। ਅੰਗਰੇਜ਼ਾਂ ਵੱਲੋਂ ਹਰਦਿਆਲ ਸਿੰਘ ਤੇ ਸਾਥੀ ਸੈਨਿਕਾਂ ਨੂੰ ਗੋਲੀ ਮਾਰਨ ਦਾ ਹੁਕਮ ਹੋਇਆ ਪਰ ਦੇਸ਼ ਦੇ ਉਚ ਨੇਤਾਵਾਂ ਤੇ ਕਾਬਲ ਵਕੀਲ ਭੁਲਾ ਭਾਈ ਡੇਸਾਈ ਦੀ ਵਕਾਲਤ ਸਦਕਾ ਅੰਗਰੇਜ਼ ਹਕੂਮਤ ਨੇ ਮੌਤ ਦੀ ਸਜ਼ਾ ਤਾਂ ਵਾਪਸ ਲੈ ਲਈ ਪਰ ਇਨ੍ਹਾਂ ਸੱਤ ਬਾਗ਼ੀ ਸੈਨਿਕਾਂ ਨੂੰ ਜਲ ਸੈਨਾ ਵਿਚੋਂ ਕੱਢ ਦਿੱਤਾ ਗਿਆ। ਦੇਸ਼ ਆਜ਼ਾਦ ਹੋਣ ਤੋਂ ਬਾਅਦ ਕਈ ਸਰਕਾਰਾਂ ਬਣੀਆਂ ਪਰ 1987 ਤੱਕ ਹਰਦਿਆਲ ਸਿੰਘ ਦੀ ਕਿਸੇ ਨੇ ਵੀ ਸਾਰ ਨਾ ਲਈ। ਕਾਫੀ ਭੱਜ ਨੱਠ ਕਰਨ ਤੋਂ ਬਾਅਦ 1989 ਵਿਚ ਇਸ ਦੇਸ਼ ਭਗਤ ਨੂੰ ਪੈਨਸ਼ਨ ਨਸੀਬ ਹੋਈ ਤੇ ਜੀਂਦ ਵਿਖੇ ਡੀ.ਸੀ. ਦਫ਼ਤਰ ਵਿਚ ਕਲਰਕ ਦੀ ਨੌਕਰੀ ਮਿਲੀ। ਸੁਤੰਤਰਤਾ ਸੰਗਰਾਮੀ ਨੇ ਪੰਜਾਬ ਸਰਕਾਰ ਨੂੰ ਪੱਤਰ ਭੇਜ ਕੇ ਕੋਈ ਪਲਾਟ ਅਲਾਟ ਕਰਨ ਦੇ ਤਰਲੇ ਵੀ ਕੀਤੇ ਪਰ ਕਿਸੇ ਨੇ ਨਾ ਪੁੱਛਿਆ।

ਪੰਜ ਪੁੱਤਰਾਂ ਤੇ ਦੋ ਧੀਆਂ ਵਿਚੋਂ ਇਕ ਪੁੱਤਰ ਪਰਮਿੰਦਰ ਸਿੰਘ ਉਰਫ਼ ਪੰਮੀ ਆਪਣੇ ਪਿਤਾ ਦੇ ਘਰ ਵਿਚ ਇਕੱਲਾ ਹੀ ਰਹਿ ਰਿਹਾ ਹੈ। ਉਸ ਨੇ ਦੱਸਿਆ ਕਿ ਉਸ ਦੇ ਪਿਤਾ ਨੇ ਬੜੀ ਮੁਸ਼ਕਲ ਨਾਲ ਉਸ ਨੂੰ ਪੜ੍ਹਾਇਆ ਤੇ ਜਰਨਲਿਜ਼ਮ ਦੀ ਮਾਸਟਰ ਡਿਗਰੀ ਵੀ ਕਰਵਾਈ। ਉਨ੍ਹਾਂ ਦੇ ਪਿਤਾ ਨੇ ਉਸ ਦੀ ਤੇ ਭਰਾਵਾਂ ਦੀ ਨੌਕਰੀ ਲਈ ਬੜੇ ਯਤਨ ਕੀਤੇ ਪਰ ਕਿਸੇ ਨੂੰ ਵੀ ਸਰਕਾਰੀ ਨੌਕਰੀ ਨਸੀਬ ਨਹੀਂ ਹੋਈ।

ਆਲ ਇੰਡੀਆ ਯੂਨੀਵਰਸਿਟੀ ਵਨ ਪਲੇਅ ਤੇ ਮੋਨੋਐਕਟਿੰਗ ਵਿਚ ਗੋਲਡ ਮੈਡਲ ਵਿਜੇਤਾ ਪਰਮਿੰਦਰ ਸਿੰਘ ਨੇ ਭਰੇ ਮਨ ਨਾਲ ਕਿਹਾ ਕਿ ਸਮੇਂ ਦੇ ਹਾਕਮ ਉਸ ਦੇ ਪਿਤਾ ਦੀ ਕੁਰਬਾਨੀ ਦਾ ਮੁੱਲ 15 ਅਗਸਤ ਤੇ 26 ਜਨਵਰੀ ਨੂੰ ਇਕ ਚਾਹ ਦਾ ਕੱਪ ਤੇ ਲੋਈ ਦੇ ਕੇ ਮੋੜ ਦਿੰਦੇ ਹਨ। ਪਰਮਿੰਦਰ ਨੇ ਵੱਖ-ਵੱਖ ਵਿਸ਼ਿਆਂ 'ਤੇ ਤਿੰਨ ਪੁਸਤਕਾਂ ਵੀ ਲਿਖੀਆਂ ਪਰ ਪੈਸਿਆਂ ਦੀ ਥੁੜ੍ਹ ਕਾਰਨ ਛਪ ਨਹੀਂ ਸਕੀਆਂ। ਇਨ੍ਹਾਂ ਦੇ ਖਰੜੇ ਤਿਪ-ਤਿਪ ਕਰਦੀ ਛੱਤ ਹੇਠ ਪਏ ਬੰਦ ਟਰੰਕਾਂ ਵਿਚ ਸਹਿਕ ਰਹੇ ਹਨ। ਪਰਮਿੰਦਰ ਸਿੰਘ ਨੇ ਦੱਸਿਆ ਕਿ ਇਕ ਦਿਨ ਮਾਯੂਸ ਹੋ ਕੇ ਭਰੇ ਮਨ ਨਾਲ ਉਸ ਦੇ ਪਿਤਾ ਨੇ ਉਸ ਨੂੰ ਕਿਹਾ ਸੀ ਜੇਕਰ ਅੱਜ ਅੰਗਰੇਜ਼ ਹਕੂਮਤ ਹੁੰਦੀ ਤਾਂ ਉਸ ਦਾ ਪੁੱਤਰ ਅੰਗਰੇਜ਼ਾਂ ਦੇ ਸਮੁੰਦਰੀ ਜਹਾਜ਼ਾਂ ਵਿਚ ਵੱਡਾ ਅਫ਼ਸਰ ਹੋਣਾ ਸੀ।

# ਆਰਥਿਕ ਨਿਘਾਰ ਦੇ ਬਾਵਜੂਦ ਧਾਰਮਿਕ ਡੇਰੇ ਮਾਲਾ-ਮਾਲ

## ਡੇਰਾ ਸਿਰਸਾ ਦੀ ਰੋਜ਼ਾਨਾ ਆਮਦਨ 16 ਲੱਖ ਤੋਂ ਟੱਪੀ

**ਚੰਡੀਗੜ੍ਹ (ਬਿਊਰੋ):** ਡੇਰਾ ਸਿਰਸਾ ਦੀ ਵਿਵਾਦਾਂ ਵਿਚ ਰਹਿਣ ਕਰਕੇ ਹੋਰ ਚੜ੍ਹਾਈ ਹੋਈ ਹੈ ਤੇ ਰੋਜ਼ਾਨਾ ਆਮਦਨ 16 ਲੱਖ ਰੁਪਏ ਤੋਂ ਵੀ ਟੱਪ ਗਈ ਹੈ। ਇਹ ਵੀ ਹੈਰਾਨੀ ਦੀ ਗੱਲ ਹੈ ਕਿ ਭਾਵੇਂ ਦੇਸ਼ ਦੀ ਆਰਥਿਕ ਵਿਕਾਸ ਦਰ ਡਿਕਡੋਲੇ ਖਾ ਰਹੀ ਹੈ ਤੇ ਮਹਿੰਗਾਈ ਕਾਰਨ ਆਮ ਆਦਮੀ ਦਾ ਜਿਊਣਾ ਮੁਹਾਲ ਹੋਇਆ ਪਿਆ ਹੈ ਪਰ ਧਾਰਮਿਕ ਡੇਰੇ ਮਾਲਾਮਾਲ ਹੁੰਦੇ ਜਾ ਰਹੇ ਹਨ। ਪਿਛਲੇ ਕਈ ਸਾਲਾਂ ਤੋਂ ਤਰ੍ਹਾਂ ਤਰ੍ਹਾਂ ਦੇ ਵਿਵਾਦਾਂ ਵਿਚ ਘਿਰਦੇ ਰਹੇ ਇਥੋਂ ਦੇ ਡੇਰਾ ਸਿਰਸਾ ਦੀ ਆਮਦਨੀ ਬਾਰੇ ਹੈਰਾਨ ਕਰ ਦੇਣ ਵਾਲੇ ਅੰਕੜੇ ਸਾਹਮਣੇ ਆਏ ਹਨ।

ਪਤਾ ਚੱਲਿਆ ਹੈ ਕਿ ਇਸ ਡੇਰੇ ਦੀ ਇਕ ਦਿਨ ਦੀ ਕਮਾਈ 16 ਲੱਖ 44 ਹਜ਼ਾਰ 833 ਰੁਪਏ ਹੈ। ਇਸ ਦਾ ਮਤਲਬ ਹੈ ਕਿ ਡੇਰੇ ਦੀ ਸਾਲਾਨਾ ਕਮਾਈ 60 ਕਰੋੜ ਤਿੰਨ ਲੱਖ 64 ਹਜ਼ਾਰ 103 ਰੁਪਏ ਹੈ। ਜੇ ਇਸ ਨਾਲ ਜੁੜੀਆਂ ਹੋਰ ਸੰਸਥਾਵਾਂ ਦੀ ਆਮਦਨੀ ਵੀ ਇਸ ਵਿਚ ਜੋੜ ਲਈ ਜਾਵੇ ਤਾਂ ਸਾਲਾਨਾ ਆਮਦਨ ਅਰਬ ਰੁਪਏ ਦੇ ਕਰੀਬ ਪੁੱਜ ਜਾਂਦੀ ਹੈ। ਕੁਝ ਸਾਲ ਪਹਿਲਾਂ ਡੇਰੇ ਦੀ ਕਮਾਈ ਇਸ ਤੋਂ ਅੱਧੀ ਵੀ ਨਹੀਂ ਸੀ।

ਅਸਲ ਵਿਚ ਡੇਰੇ ਤੇ ਇਸ ਨਾਲ ਜੁੜੀ ਸੁਸਾਇਟੀ ਤੇ ਫਾਊਂਡੇਸ਼ਨ ਨੂੰ ਆਮਦਨ ਕਰ ਦੀ ਧਾਰਾ 10 (23) ਤੇ 11 ਤਹਿਤ ਟੈਕਸ ਤੋਂ ਛੋਟ ਮਿਲੀ ਹੋਈ ਹੈ। ਆਮਦਨ ਕਰ ਤੋਂ ਛੋਟ ਬਾਰੇ ਜਾਣਨ ਲਈ ਹੀ ਹਿਸਾਰ ਨਿਵਾਸੀ ਸੂਚਨਾ ਦੇ ਅਧਿਕਾਰ ਕਾਨੂੰਨ ਐਵਾਰਡੀ ਰਮੇਸ਼ ਵਰਮਾ ਨੇ



ਪਿਛਲੇ ਦਿਨੀਂ ਆਮਦਨ ਕਰ ਵਿਭਾਗ ਤੋਂ ਸੂਚਨਾ ਮੰਗੀ ਸੀ। ਇਸ ਦੇ ਜਵਾਬ ਵਿਚ ਵਿਭਾਗ ਨੇ ਪਿਛਲੇ ਤਿੰਨ ਸਾਲਾਂ ਦੇ ਵੇਰਵੇ ਮੁਹੱਈਆ ਕਰਵਾਏ ਹਨ।

ਆਮਦਨ ਕਰ ਵਿਭਾਗ ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ ਸਾਲ 2010-11 ਵਿਚ ਡੇਰਾ ਸਿਰਸਾ ਵੱਲੋਂ ਆਪਣੀ ਸਾਲਾਨਾ ਆਮਦਨ 29 ਕਰੋੜ 18 ਲੱਖ 68 ਹਜ਼ਾਰ 117 ਰੁਪਏ ਦਰਸਾਈ ਗਈ ਸੀ। ਭਾਵ ਰੋਜ਼ਾਨਾ ਸੱਤ ਲੱਖ 99 ਹਜ਼ਾਰ 638 ਰੁਪਏ ਦੀ ਕਮਾਈ। ਸਾਲ 2011-12 ਦੌਰਾਨ ਡੇਰੇ ਦੀ ਕਮਾਈ 60 ਫੀਸਦੀ ਦੀ ਦਰ ਨਾਲ ਵਧੀ। ਉਸ ਸਾਲ ਡੇਰੇ ਨੇ ਆਮਦਨ ਕਰ ਵਿਭਾਗ ਨੂੰ 46 ਕਰੋੜ 75 ਲੱਖ 51 ਹਜ਼ਾਰ 288 ਰੁਪਏ ਦੀ ਆਮਦਨੀ ਹੋਣ ਦੀ ਸੂਚਨਾ ਦਿੱਤੀ ਸੀ। ਇਹ ਇਸ ਤੋਂ ਇਕ ਸਾਲ ਪਹਿਲਾਂ ਦੀ ਆਮਦਨੀ ਨਾਲੋਂ 17 ਕਰੋੜ 56 ਲੱਖ, 83 ਹਜ਼ਾਰ 171 ਰੁਪਏ ਵੱਧ ਸੀ। ਆਮਦਨ ਕਰ ਵਿਭਾਗ ਦੇ ਅੰਕੜਿਆਂ ਮੁਤਾਬਕ ਸਾਲ 2012-13 ਦੌਰਾਨ ਡੇਰੇ ਦੀ ਆਮਦਨ ਵਿਚ ਸਾਲਾਨਾ 28.4 ਫੀਸਦੀ ਵਾਧਾ ਹੋਇਆ ਤੇ ਆਮਦਨ 60 ਕਰੋੜ, ਤਿੰਨ ਲੱਖ 64 ਹਜ਼ਾਰ 103 ਰੁਪਏ ਦਰਜ ਕੀਤੀ ਗਈ। ਪਿਛਲੇ ਤਿੰਨ ਸਾਲਾਂ ਦੌਰਾਨ ਡੇਰੇ ਦੀ ਕਮਾਈ ਦਾ ਜੇ ਹਿਸਾਬ ਲਾਇਆ ਜਾਵੇ ਤਾਂ ਕਮਾਈ ਵਿਚ ਦੁਗਣਾ ਵਾਧਾ ਹੋਇਆ।

ਡੇਰੇ ਨਾਲ ਜੁੜੀ ਸ਼ਾਹ ਸਤਨਾਮ ਰਿਸਰਚ ਐਂਡ ਡਿਵੈਲਪਮੈਂਟ ਫਾਊਂਡੇਸ਼ਨ ਦੀ ਆਮਦਨ ਦੋ ਸਾਲਾਂ ਵਿਚ 76 ਫੀਸਦੀ ਵਧੀ ਹੈ। 2010-11 ਵਿਚ ਇਸ ਦੀ ਆਮਦਨ 16 ਕਰੋੜ 52 ਲੱਖ, 48 ਹਜ਼ਾਰ 455 ਰੁਪਏ ਸੀ ਜੋ 2012-13 ਵਿਚ 29 ਕਰੋੜ ਅੱਠ ਲੱਖ 18 ਹਜ਼ਾਰ 760 ਰੁਪਏ 'ਤੇ ਪੁੱਜ ਗਈ ਸੀ।

ਡੇਰੇ ਨਾਲ ਜੁੜੀ ਇਕ ਹੋਰ ਸੰਸਥਾ ਪਰਮ ਪਿਤਾ ਸ਼ਾਹ ਸਤਨਾਮ ਐਜੂਕੇਸ਼ਨ ਐਂਡ ਵੈਲਫੇਅਰ ਸੁਸਾਇਟੀ ਦੀ ਆਮਦਨੀ ਤਿੰਨ ਸਾਲਾਂ ਵਿਚ ਤਕਰੀਬਨ 300 ਫੀਸਦੀ ਦੀ ਦਰ ਨਾਲ ਵਧੀ ਹੈ। ਵਿਭਾਗ ਦੇ ਅੰਕੜਿਆਂ ਅਨੁਸਾਰ ਇਹ 2010-11 ਵਿਚ ਇਕ ਕਰੋੜ 95 ਲੱਖ 61 ਹਜ਼ਾਰ 729 ਰੁਪਏ ਤੋਂ ਵਧ ਕੇ 2012-13 ਦੌਰਾਨ 8 ਕਰੋੜ 40 ਲੱਖ 59 ਹਜ਼ਾਰ 792 ਰੁਪਏ ਹੋ ਗਈ ਸੀ। ਉਂਜ, ਡੇਰੇ ਦੀ ਗ੍ਰੀਨ ਐਂਡ ਵੈਲਫੇਅਰ ਫੋਰਸ ਦੀ ਆਮਦਨੀ 2010-11 ਵਿਚ 3 ਕਰੋੜ 2 ਲੱਖ 89 ਹਜ਼ਾਰ 600 ਰੁਪਏ ਤੋਂ ਘਟ ਕੇ 2011-12 ਵਿਚ ਇਕ ਕਰੋੜ 72 ਲੱਖ 46 ਹਜ਼ਾਰ 860 ਰੁਪਏ ਰਹਿ ਗਈ ਸੀ।

# 'ਮੇਲਾ ਗਦਰ ਸ਼ਤਾਬਦੀ ਦਾ' 28 ਅਕਤੂਬਰ ਤੋਂ

**ਜਲੰਧਰ:** ਗ਼ਦਰ ਪਾਰਟੀ ਦੇ ਸੌ ਵਰ੍ਹੇ ਪੂਰੇ ਹੋਣ 'ਤੇ ਗਦਰੀ ਬਾਬਿਆਂ ਦੇ ਇਤਿਹਾਸ ਨੂੰ ਪ੍ਰਗਟਾਉਂਦਾ ਪੰਜ ਰੋਜ਼ਾ ਮੇਲਾ ਲਾਉਣ ਦਾ ਫੈਸਲਾ ਲਿਆ ਗਿਆ ਹੈ। 'ਮੇਲਾ ਗ਼ਦਰ ਸ਼ਤਾਬਦੀ ਦਾ' ਨਾਂ ਹੇਠ ਲੱਗਣ ਵਾਲਾ ਇਹ ਮੇਲਾ 28 ਅਕਤੂਬਰ ਤੋਂ ਸ਼ੁਰੂ ਹੋਵੇਗਾ ਤੇ ਦੋ ਨਵੰਬਰ ਨੂੰ ਕਾਮਾਗਾਟਾ ਮਾਰੂ ਸ਼ਤਾਬਦੀ (2014), ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਸਾਥੀਆਂ ਦੀ ਸ਼ਹੀਦੀ ਸ਼ਤਾਬਦੀ (2015), ਸਾਕਾ ਬਰਮਾ ਸਾਜ਼ਿਸ਼ ਕੇਸ ਸ਼ਤਾਬਦੀ (2016) ਤੇ ਰੂਸੀ ਕ੍ਰਾਂਤੀ ਸ਼ਤਾਬਦੀ (2017) ਦੀ ਨਿਰੰਤਰ ਲੜੀ ਦਾ ਆਗਾਜ਼ ਕਰਨ ਦੇ ਐਲਾਨ ਨਾਲ ਸਮਾਪਤ ਹੋਵੇਗਾ।

ਜ਼ਿਕਰਯੋਗ ਹੈ ਕਿ ਗ਼ਦਰ ਸ਼ਤਾਬਦੀ ਮੇਲੇ ਨੂੰ ਨਵੇਂ ਮੁਕਾਮ 'ਤੇ ਪਹੁੰਚਾਉਣ ਲਈ ਸ਼ਹੀਦ ਮਦਨ ਲਾਲ ਢੀਂਗਰਾ ਦੇ ਸ਼ਹੀਦੀ ਦਿਨ 17 ਅਗਸਤ ਨੂੰ ਦੇਸ਼ ਭਗਤ ਯਾਦਗਾਰ ਹਾਲ ਤੋਂ ਚੱਲ ਕੇ, ਅੰਮ੍ਰਿਤਸਰ ਤੇ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਦੇ ਪਿੰਡ ਭਕਨਾ ਤੋਂ ਵੱਖ-ਵੱਖ ਪੜਾਵਾਂ ਵਿਚ ਪੰਜਾਬ ਭਰ ਵਿਚ ਗ਼ਦਰ ਸ਼ਤਾਬਦੀ ਮਾਰਚ ਕੀਤਾ ਜਾਏਗਾ। ਮਾਝਾ, ਮਾਲਵਾ ਤੇ ਦੁਆਬਾ ਦੇ ਵਿਸ਼ੇਸ਼ ਕਰਕੇ ਗ਼ਦਰੀ ਤੇ ਇਨਕਲਾਬੀ ਕੌਮੀ ਇਤਿਹਾਸ ਨਾਲ ਜੁੜੇ ਪਿੰਡਾਂ, ਕਸਬਿਆਂ, ਸ਼ਹਿਰਾਂ ਵਿਚੋਂ ਹੁੰਦਾ ਹੋਇਆ ਇਹ ਕਾਫ਼ਲਾ ਵੱਖ-ਵੱਖ ਥਾਵਾਂ 'ਤੇ ਪੜਾਅ ਕਰੇਗਾ।

# ਪੰਜਾਬ ਦਾ ਲੋਕਪਾਲ ਅਧਿਕਾਰਾਂ ਤੋਂ ਉਕਾ ਸੱਖਣਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸਿਰਫ਼ ਖਾਨਾਪੂਰਤੀ ਲਈ ਹੀ ਲੋਕਪਾਲ ਬਣਾਇਆ ਹੈ। ਲੋਕਪਾਲ ਕੋਲ ਅਜਿਹੇ ਕੋਈ ਅਧਿਕਾਰ ਨਹੀਂ ਕਿ ਉਹ ਕਿਸੇ ਭ੍ਰਿਸ਼ਟ ਉੱਚ ਅਧਿਕਾਰੀ ਜਾਂ ਸਿਆਸੀ ਆਗੂ ਨੂੰ ਹੱਥ ਪਾ ਸਕੇ। ਇਸ ਤੋਂ ਇਲਾਵਾ ਲੋਕਪਾਲ ਕੋਲ ਸ਼ਿਕਾਇਤਾਂ ਦੀ ਜਾਂਚ ਲਈ ਕੋਈ ਸਟਾਫ਼ ਨਹੀਂ। ਕਿਸੇ ਜਨਤਕ ਦਫ਼ਤਰ ਵਿਚ ਤਾਇਨਾਤ ਸਿਆਸਤਦਾਨ ਦੇ ਭ੍ਰਿਸ਼ਟ ਕੰਮਾਂ ਦਾ ਆਪਣੇ ਆਪ ਨੋਟਿਸ ਲੈ ਕੇ ਕਾਰਵਾਈ ਕਰਨ ਦਾ ਵੀ ਅਧਿਕਾਰ ਲੋਕਪਾਲ ਕੋਲ ਨਹੀਂ ਹੈ।

ਅਜਿਹੀ ਹਾਲਤ ਵਿਚ ਲੋਕਪਾਲ ਆਗੂਆਂ ਵਿਰੁੱਧ ਭ੍ਰਿਸ਼ਟਾਚਾਰ, ਫਰਾਡ ਤੇ ਅਹੁਦੇ ਦੀ ਦੁਰਵਰਤੋਂ ਦੇ ਮਾਮਲਿਆਂ ਜਾਂ ਸ਼ਿਕਾਇਤਾਂ ਨਾਲ ਨਹੀਂ ਨਜਿੱਠ ਸਕਦਾ ਹੈ। ਇਸ ਵੇਲੇ ਲੋਕਪਾਲ ਦੇ ਦਫ਼ਤਰ ਵਿਚ ਇਕ ਆਈ.ਜੀ ਰੈਂਕ ਦਾ ਪੁਲਿਸ ਅਧਿਕਾਰੀ, ਚਾਰ ਕਾਂਸਟੇਬਲ ਤੇ ਹੈੱਡ-ਕਾਂਸਟੇਬਲ ਹੀ ਸ਼ਿਕਾਇਤਾਂ ਦੀ ਜਾਂਚ ਕਰਨ ਲਈ ਹਨ। ਇਸ ਤਰ੍ਹਾਂ ਅਸਲ ਵਿਚ ਸ਼ਿਕਾਇਤਾਂ ਦੀ ਜਾਂਚ ਲਈ ਕੋਈ ਵੀ ਨਹੀਂ ਕਿਉਂਕਿ ਆਈ.ਜੀ ਪੱਧਰ ਦੇ ਅਧਿਕਾਰੀ ਜਾਂਚ ਲਈ ਤੇ ਲੋੜੀਂਦੀ ਸਮੱਗਰੀ ਤੇ ਸਬੂਤ ਇਕੱਠੇ ਕਰਨ ਪਿੰਡਾਂ ਵਿਚ ਨਹੀਂ ਜਾਂਦੇ।

ਵਾਰ-ਵਾਰ ਬੇਨਤੀਆਂ ਦੇ ਬਾਵਜੂਦ ਸੂਬਾ ਸਰਕਾਰ ਨੇ ਲੋਕਪਾਲ ਨੂੰ ਜਾਂਚ ਦੇ ਕੰਮ ਲਈ ਲੋੜੀਂਦਾ ਸਟਾਫ ਮੁਹੱਈਆ ਨਹੀਂ ਕਰਾਇਆ। ਸਰਕਾਰ ਦਾ ਕਹਿਣਾ ਹੈ ਕਿ ਪੁਲਿਸ ਅਫਸਰਾਂ ਦੀ ਘਾਟ ਕਾਰਨ ਲੋਕਪਾਲ ਦਫ਼ਤਰ ਵਿਚ ਸਟਾਫ ਦੇਣਾ ਔਖਾ ਹੈ। ਹੋਰ ਤਾਂ ਹੋਰ ਦਫ਼ਤਰ ਵਿਚ ਕਾਰਜਕਾਰੀ ਇੰਜੀਨਅਰ ਜਿਹਾ ਤਕਨੀਕੀ ਸਟਾਫ ਵੀ ਨਹੀਂ ਜੋ ਭ੍ਰਿਸ਼ਟਾਚਾਰ ਅਹੁਦੇ ਦੀ ਦੁਰਵਰਤੋਂ ਜਿਹੀਆਂ ਸ਼ਿਕਾਇਤਾਂ ਵੀ ਜਾਂਚ ਵਿਚ ਮਦਦ ਕਰ ਸਕੇ। ਸੂਤਰਾਂ ਮੁਤਾਬਕ ਲੋਕਪਾਲ ਕੋਲ 2002-




03 ਤੋਂ ਜਾਂਚ ਲਈ ਸ਼ਿਕਾਇਤਾਂ ਵਿਚਾਰ ਅਧੀਨ ਹਨ। ਸਟਾਫ ਦੀ ਘਾਟ ਕਾਰਨ ਹੀ ਅਜਿਹਾ ਵਾਪਰ ਰਿਹਾ ਹੈ। ਕਰਨਾਟਕਾ 'ਚ ਲੋਕਪਾਲ ਨੂੰ ਹੈਡ ਆਫਿਸ 'ਚ ਅਮਲੇ ਤੋਂ ਬਿਨਾ ਸਾਰੇ ਜ਼ਿਲ੍ਹਿਆਂ ਵਿਚ ਐਸ.ਪੀ ਪੱਧਰ ਦੇ ਪੁਲਿਸ ਅਫਸਰ ਦਿੱਤੇ ਹੋਏ ਹਨ। ਉਥੇ ਲੋਕਪਾਲ, ਜਨਤਕ ਸੇਵਕਾਂ ਦੀ ਸੰਪਤੀ ਦੇ ਤਲਾਸ਼ੀ ਅਪਰੇਸ਼ਨਾਂ ਦੇ ਹੁਕਮ ਦੇਣ ਦੇ ਵੀ ਅਧਿਕਾਰ ਰੱਖਦਾ ਹੈ ਜਦਕਿ ਪੰਜਾਬ ਦੇ ਲੋਕਪਾਲ ਕੋਲ ਕਿਸੇ ਜਨਤਕ ਸੇਵਕ ਵਿਰੁੱਧ ਭ੍ਰਿਸ਼ਟਾਚਾਰ ਦੀ ਕਿਸੇ ਸ਼ਿਕਾਇਤ ਦਾ ਆਪਣੇ ਆਪ ਨੋਟਿਸ ਲੈਣ ਦਾ ਵੀ ਅਧਿਕਾਰ ਨਹੀਂ ਹੈ।

ਲੋਕਪਾਲ ਦਫ਼ਤਰ ਵਿਚ ਬਹੁਤੀਆਂ ਸ਼ਿਕਾਇਤਾਂ ਸਰਕਾਰੀ ਮੁਲਾਜ਼ਮਾਂ ਵਿਰੁੱਧ ਹੀ ਹਨ। ਲੋਕਪਾਲ ਨੇ ਰਾਜ ਸਰਕਾਰ ਨੂੰ ਲਿਖਿਆ ਹੈ ਕਿ ਮਿਲੀਭੁਗਤ ਜਾਂ ਕੋਈ ਕੁਤਾਹੀ ਸਿੱਧ ਹੋਣ 'ਤੇ ਇਸ ਨੂੰ ਲੋਕ ਸੇਵਕਾਂ ਵਿਰੁੱਧ ਕੇਸਾਂ ਦੀ ਜਾਂਚ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ। ਦਿਲਚਸਪ ਗੱਲ ਹੈ ਕਿ ਪੰਜਾਬ ਲੋਕਪਾਲ ਕਾਨੂੰਨ ਵਿਚ ਹਾਲ ਹੀ ਵਿਚ ਸੋਧ ਕਰਦਿਆਂ ਰਾਜ ਸਰਕਾਰ ਨੇ ਲੋਕਪਾਲ ਨੂੰ ਜ਼ਿਲ੍ਹਾ ਪ੍ਰੀਸ਼ਦਾਂ ਦੇ ਚੇਅਰਪਰਸਨਾਂ, ਵਾਈਸ ਚੇਅਰਪਰਸਨ, ਮਿਉਂਸਪਲ ਕਾਰਪੋਰੇਸ਼ਨਾਂ ਦੇ ਮੇਅਰ, ਸੀਨੀਅਰ ਮੇਅਰ ਤੇ ਡਿਪਟੀ ਮੇਅਰ ਜਾਂ ਮਿਉਂਸਪਲ ਕਮੇਟੀਆਂ ਦੇ ਪ੍ਰਧਾਨਾਂ ਤੇ ਉਪ ਪ੍ਰਧਾਨਾਂ ਵਿਰੁੱਧ ਜੇਕਰ ਭ੍ਰਿਸ਼ਟਾਚਾਰ ਦੀ ਕੋਈ ਸ਼ਿਕਾਇਤ ਹੋਵੇ ਤਾਂ ਜਾਂਚ ਕਰਨ ਦੇ ਅਖ਼ਤਿਆਰ ਦਿੱਤੇ ਹਨ।

ਪਹਿਲਾਂ ਇਹ ਸਾਰੇ ਲੋਕਪਾਲ ਦੇ ਘੇਰੇ ਵਿਚ ਨਹੀਂ ਸਨ। ਰਾਜ ਸਰਕਾਰ ਨੇ ਇਨ੍ਹਾਂ ਅਦਾਰਿਆਂ ਦੇ ਮੁਲਾਜ਼ਮ ਵੀ ਇਸ ਦੇ ਘੇਰੇ ਵਿਚ ਰੱਖੇ ਹਨ। ਇਸ ਸਾਲ ਦੇ ਸ਼ੁਰੂ ਐਕਟ ਵਿਚ ਸੋਧ ਕਰਦਿਆਂ ਪੰਜਾਬ ਸਰਕਾਰ ਨੇ ਉਪ ਲੋਕਪਾਲ ਦੀ ਨਿਯੁਕਤੀ ਦੀ ਵਿਵਸਥਾ ਕੀਤੀ ਸੀ ਪਰ ਇਹ ਨਿਯੁਕਤੀ ਨਹੀਂ ਹੋਈ। ਕੋਈ ਸੇਵਾ ਵਿਚ ਜਾਂ ਸੇਵਾਮੁਕਤ ਜ਼ਿਲ੍ਹਾ ਤੇ ਸੈਸ਼ਨ ਜੱਜ ਜਾਂ ਸਕੱਤਰ ਪੱਧਰ ਦਾ ਅਧਿਕਾਰੀ ਇਸ ਅਹੁਦੇ 'ਤੇ ਨਿਯੁਕਤ ਹੋ ਸਕਦਾ ਹੈ।


MTSBS, LLC
Merchant Solutions
Independent Gas Stations and Convenience Stores


**Say goodbye to**
Slow credit card terminals
Poor support
Confusing statements
Higher costs



**Say hello to**
Superior support
High speed processing
Better customer service
Higher profits, lower expenses, peace of mind

ਵਧੀਆ ਸਰਵਿਸ
ਬਹੁਤ ਵਾਜਬ ਰੇਟ

**1-800-871-6610**









**ਇਸ ਮਹੀਨੇ ਸਪੈਸ਼ਲ ਆਫਰ**

**Dynatrac 8 Drive Tire for $3000**



**Global Multi Services**

**1950 E. Miner Ave., Stockton, CA 95205**

**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ ਵਾਲਿਆਂ ਵਲੋਂ**

**ਸਟਾਕਟਨ ਇਲਾਕੇ 'ਚ ਰਹਿੰਦੇ ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇਕੋ ਛੱਤ ਥੱਲੇ**

***Repair Shop***

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰਮੰਤ ਤਸੱਲੀਬਖਸ਼ ਕੀਤੀ ਜਾਂਦੀ ਹੈ। 50 ਟਰੱਕਾਂ ਦੀ ਖੁੱਲ੍ਹੀ ਡੁੱਲ੍ਹੀ ਪਾਰਕਿੰਗ ਦਾ ਵੀ ਪ੍ਰਬੰਧ ਹੈ। ਟਰੱਕ ਟਰੇਲਰ ਵਾਸ਼ ਵੀ ਕੀਤਾ ਜਾਂਦਾ ਹੈ।

**ਫੋਨ: 209-547-9210**
**ਫੈਕਸ: 209-547-9211**

**ਸਟਾਕਟਨ ਇਲਾਕੇ ਵਿਚ ਪੰਜਾਬੀ ਭਰਾਵਾਂ ਦੀ ਇਕੋ ਇਕ Allignment Shop**

**ਪਿਛਲੇ ਅੱਠ ਸਾਲਾਂ ਤੋਂ ਤੁਹਾਡੀ ਸੇਵਾ ਵਿਚ**

***Registration Services***

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, Dot Fuel Tax, Corporation Filing ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲਈ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਤੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਮਦਦ ਕਰਦੇ ਹਾਂ।

**ਫੋਨ: 209-982-9996 ਫੈਕਸ: 209-982-9997**

**e-mail: globalmultiservices123@yahoo.com**

# ਪੰਜਾਬ ਸਰਕਾਰ ਦਾ ਖਜ਼ਾਨਾ ਭਰਨ ਦੀਆਂ ਸਭ ਸਕੀਮਾਂ ਫੇਲ੍ਹ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਰਕਾਰ ਲਈ ਚਲੰਤ ਵਿੱਤੀ ਵਰ੍ਹੇ ਦੀ ਕਮਾਈ ਪੱਖੋਂ ਸ਼ੁਰੂਆਤ ਆਸ ਨਾਲੋਂ ਕਿਤੇ ਉਲਟ ਰਹੀ। ਸਾਲ ਦੀ ਪਹਿਲੀ ਤਿਮਾਹੀ ਨੇ ਹੀ ਸਰਕਾਰੀ ਖ਼ਜ਼ਾਨੇ ਨੂੰ ਹਿਲਾ ਕੇ ਰੱਖ ਦਿੱਤਾ ਹੈ। ਸਰਕਾਰ ਨੇ ਭਾਵੇਂ ਪਿਛਲੇ ਵਰ੍ਹੇ ਆਮ ਲੋਕਾਂ 'ਤੇ ਮੋਟੇ ਟੈਕਸ ਲੈ ਕੇ ਆਰਥਿਕ ਮੰਦਹਾਲੀ ਦੇ ਦੌਰ ਤੋਂ ਖਹਿੜਾ ਛਡਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਇਹ ਜੁਗਾੜਬੰਦੀ ਆਸਾਂ 'ਤੇ ਖਰੀ ਨਹੀਂ ਉੱਤਰੀ।

ਸਰਕਾਰ ਲਈ ਅਪਰੈਲ ਤੇ ਮਈ ਮਹੀਨੇ ਮੋਟੀ ਕਮਾਈ ਦੇ ਮੰਨੇ ਜਾਂਦੇ ਹਨ ਕਿਉਂਕਿ ਇਨ੍ਹਾਂ ਦੌਰਾਨ ਕਣਕ ਦੀ ਖਰੀਦ ਤੋਂ ਹੋਣ ਵਾਲੀ ਵੈਟ ਦੀ ਕਮਾਈ ਨਾਲ ਸਰਕਾਰ ਦੇ ਖ਼ਜ਼ਾਨੇ ਭਰਦੇ ਹਨ। ਇਸ ਵਾਰੀ ਕਣਕ ਦਾ ਝਾੜ ਘਟਣ ਨਾਲ ਵੈਟ ਪਿਛਲੇ ਸਾਲ ਦੇ ਮੁਕਾਬਲੇ ਸੱਤ ਫੀਸਦੀ ਘੱਟ ਆਇਆ।

ਸੂਬੇ ਵਿਚ ਨਵੀਆਂ ਕਾਰਾਂ ਖਰੀਦਣ ਦੇ ਸ਼ੌਕੀਨਾਂ ਦੀ ਗਿਣਤੀ ਵਿਚ ਵੀ ਵੱਡੀ ਕਮੀ ਆਈ ਹੈ। ਵਿੱਤ ਵਿਭਾਗ ਦੇ ਅਧਿਕਾਰੀਆਂ ਦੀ ਫਿਕਰਮੰਦੀ ਇਸ ਕਰ ਕੇ ਵਧੀ ਹੈ ਕਿ ਖਰਚਿਆਂ ਵਿਚ 13 ਤੋਂ 15 ਫੀਸਦੀ ਤੱਕ ਦਾ ਵਾਧਾ ਹੋਣ ਦਾ ਅਨੁਮਾਨ ਹੈ ਜਦੋਂਕਿ ਟੈਕਸ ਵਸੂਲੀ 11 ਫੀਸਦੀ ਦੀ ਦਰ ਨਾਲ ਹੀ ਵਧ ਰਹੀ ਹੈ।

ਪੰਜਾਬ ਦੇ ਕਰ ਤੇ ਆਬਕਾਰੀ ਵਿਭਾਗ ਤੋਂ ਮਿਲੇ ਅੰਕੜਿਆਂ ਮੁਤਾਬਕ ਇਸ ਸਾਲ ਕਣਕ ਤੋਂ ਵੈਟ ਦੀ ਵਸੂਲੀ 721 ਕਰੋੜ ਰੁਪਏ ਹੋਈ ਜੋ ਪਿਛਲੇ ਸਾਲ 779.22 ਕਰੋੜ ਰੁਪਏ ਸੀ। ਇਹ ਘਾਟਾ ਸੱਤ ਫੀਸਦੀ ਤੱਕ ਦਾ ਹੈ। ਅਹਿਮ ਤੱਥ ਇਹ ਹੈ ਕਿ ਸਾਲ 2011-12 ਦੌਰਾਨ ਕਣਕ ਤੋਂ ਵੈਟ ਦੀ ਵਸੂਲੀ 551.7 ਕਰੋੜ ਦੇ ਮੁਕਾਬਲੇ ਸਾਲ 2012-13 ਵਿਚ 779.22 ਕਰੋੜ ਰੁਪਏ ਹੋਈ ਸੀ ਜੋ 41.4 ਫੀਸਦੀ ਵੱਧ ਮੰਨੀ ਗਈ ਸੀ।

## ਆਸ ਨਾਲੋਂ ਕਿਤੇ ਘੱਟ ਟੈਕਸ ਵਸੂਲੀ



## ਹੋਰ ਟੈਕਸ ਲਾਉਣ ਦੀ ਤਿਆਰੀ

ਪੰਜਾਬ ਸਰਕਾਰ ਨੇ ਮਾਲੀ ਘਾਟੇ ਨੂੰ ਦੂਰ ਕਰਨ ਲਈ ਜਨਤਾ 'ਤੇ ਟੈਕਸਾਂ ਦਾ ਬੋਝ ਪਾਉਣ ਦਾ ਮਨ ਬਣਾ ਲਿਆ ਹੈ। ਸੂਤਰਾਂ ਮੁਤਾਬਕ ਸਰਕਾਰ ਨੇ ਡੀਜ਼ਲ 'ਤੇ ਵੈਟ 8.8 ਫੀਸਦੀ ਤੋਂ ਵਧਾ ਕੇ 13 ਫੀਸਦੀ ਕਰ ਕੇ 500 ਰੁਪਏ ਸਾਲਾਨਾ ਆਮਦਨ ਵਧਾਉਣ ਤੇ ਪ੍ਰੋਫੈਸ਼ਨਲ ਟੈਕਸ ਲਾ ਕੇ 500 ਕਰੋੜ ਹੋਰ ਜੁਟਾਉਣ ਦੀ ਤਜਵੀਜ਼ ਬਣਾਈ ਹੈ। ਸਰਕਾਰ ਨੇ ਮੁਲਾਜ਼ਮਾਂ ਨੂੰ 58 ਸਾਲ ਦੀ ਸੇਵਾ ਮੁਕਤੀ ਤੋਂ ਸੇਵਾ ਕਾਲ ਵਿਚ ਇਕ ਸਾਲ ਦਾ ਵਾਧਾ ਕੀਤਾ ਸੀ ਜਿਸ ਨਾਲ 1000 ਕਰੋੜ ਦੀਆਂ ਦੇਣਦਾਰੀਆਂ ਟਲ ਗਈਆਂ ਸਨ। ਇਸੇ ਤਰ੍ਹਾਂ ਇਸ ਵਾਰੀ ਫਿਰ ਸੇਵਾ ਕਾਲ ਵਿਚ ਇਕ ਸਾਲ ਦਾ ਵਾਧਾ ਹੋਣ ਦੀ ਸੰਭਾਵਨਾ ਹੈ।

ਪੰਜਾਬ ਵਿਚ ਵਾਹਨਾਂ ਦੀ ਬਹੁਤਾਤ ਹੋਣ ਕਾਰਨ ਪੈਟਰੋਲ ਤੇ ਡੀਜ਼ਲ ਦੀ ਖ਼ਪਤ ਵਿਚ ਵੀ ਹਰ ਸਾਲ ਰਿਕਾਰਡ ਵਾਧਾ ਹੋਣ ਨਾਲ ਵੈਟ ਦੀ ਵੱਡੀ ਵਸੂਲੀ ਹੁੰਦੀ ਸੀ। ਇਸ ਵਾਰ ਇਸ ਖੇਤਰ ਨੇ ਵੀ ਸਰਕਾਰ ਨੂੰ ਨਿਰਾਸ਼ ਹੀ ਕੀਤਾ ਹੈ। ਪੈਟਰੋਲ ਤੇ ਡੀਜ਼ਲ ਤੋਂ ਸਾਲ 2011-12 ਦੌਰਾਨ 506.54 ਕਰੋੜ, ਸਾਲ 2012-13 ਦੌਰਾਨ 35.8 ਫੀਸਦੀ ਦੇ ਵਾਧੇ ਨਾਲ 687.82 ਕਰੋੜ ਰੁਪਏ ਦੀ ਕਮਾਈ ਹੋਈ ਜਦੋਂਕਿ ਚਲੰਤ ਮਾਲੀ ਸਾਲ ਦੇ ਪਹਿਲੇ ਤਿੰਨਾਂ ਮਹੀਨਿਆਂ ਦੌਰਾਨ ਇਸ ਖੇਤਰ ਵਿਚੋਂ 828.43 ਕਰੋੜ ਰੁਪਏ ਆਏ ਜੋ ਮਹਿਜ਼ 20.4 ਫੀਸਦੀ ਦਾ ਵਾਧਾ ਹੈ।

ਇਸੇ ਤਰ੍ਹਾਂ ਐਂਟਰੀ ਟੈਕਸ ਦੀ ਵਸੂਲੀ ਵਿਚ ਵੀ ਛੇ ਫੀਸਦੀ ਦੀ ਗਿਰਾਵਟ ਆਈ ਹੈ। ਪੰਜਾਬ ਵਿਚ ਕਾਰਾਂ ਦੀ ਵਿਕਰੀ ਤੋਂ 2011-12 ਦੌਰਾਨ 301.38 ਕਰੋੜ ਤੇ 2012-13 ਦੌਰਾਨ 31.4 ਫੀਸਦੀ ਵਾਧੇ ਨਾਲ 396.11 ਕਰੋੜ ਰੁਪਏ ਮਿਲੇ। ਇਸ ਸਾਲ ਕਾਰਾਂ ਦੀ ਖਰੀਦ ਤੋਂ ਕਰ 374.81 ਕਰੋੜ ਰੁਪਏ ਆਇਆ ਜੋ 5.4 ਫੀਸਦੀ ਦਾ ਘਾਟਾ ਦਿਖਾ ਰਿਹਾ ਹੈ। ਇਸ ਤਰ੍ਹਾਂ ਨਾਲ ਕਾਰਾਂ ਦੀ ਖਰੀਦ ਵਿਚ ਵੀ ਵੱਡੀ ਕਮੀ ਦੇਖਣ ਨੂੰ ਮਿਲ ਰਹੀ ਹੈ।

ਸਰਕਾਰ ਨੇ ਕਈ ਤਰ੍ਹਾਂ ਦੇ ਟੈਕਸਾਂ ਤੇ ਰਜਿਸਟਰੀ ਫੀਸ, ਕੁਲੈਕਟਰ ਰੇਟਾਂ ਵਿਚ ਵਾਧਾ ਵੀ ਕੀਤਾ ਪਰ ਰਜਿਸਟਰੀਆਂ ਤੋਂ ਕਮਾਈ ਪਿਛਲੇ ਸਾਲ ਨਾਲੋਂ ਵਧ ਨਹੀਂ ਸਕੀ। ਸਰਕਾਰ ਨੂੰ ਪਿਛਲੇ ਸਾਲ ਪਹਿਲੀ ਤਿਮਾਹੀ ਦੌਰਾਨ 800.23 ਕਰੋੜ ਰੁਪਏ ਦੀ ਕਮਾਈ ਹੋਈ ਤਾਂ ਇਸ ਸਾਲ ਵੀ 806.34 ਕਰੋੜ ਰੁਪਏ ਦੀ ਕਮਾਈ ਹੋ ਸਕੀ ਹੈ। ਮਾਲ ਵਿਭਾਗ ਦੇ ਤੱਥਾਂ ਮੁਤਾਬਕ ਲੁਧਿਆਣਾ ਜ਼ਿਲ੍ਹੇ ਸਮੇਤ 12 ਜ਼ਿਲ੍ਹਿਆਂ ਵਿਚ ਰਜਿਸਟਰੀਆਂ ਤੋਂ ਹੋਣ ਵਾਲੀ ਆਮਦਨ ਪਿਛਲੇ ਸਾਲ ਨਾਲੋਂ ਵੀ ਘਟ ਗਈ ਹੈ।

ਅੰਮ੍ਰਿਤਸਰ ਤੇ ਜਲੰਧਰ ਜ਼ਿਲ੍ਹਿਆਂ ਵਿਚੋਂ ਜ਼ਿਆਦਾ ਮਾਲੀਆ ਆਇਆ ਹੈ ਜਿਸ ਸਦਕਾ ਅੰਕੜਾ ਪਿਛਲੇ ਸਾਲ ਦੇ ਬਰਾਬਰ ਹੋ ਗਿਆ ਮੰਨਿਆ ਜਾ ਰਿਹਾ ਹੈ। ਪੰਜਾਬ ਸਰਕਾਰ ਨੇ ਕਰ ਤੇ ਆਬਕਾਰੀ ਵਿਭਾਗ ਨੂੰ 17 ਫੀਸਦੀ ਤੱਕ ਵੈਟ ਦੇ ਵਾਧੇ ਦਾ ਟੀਚਾ ਦਿੱਤਾ ਸੀ ਪਰ ਵਿਭਾਗ ਪਿਛਲੇ ਸਾਲ ਦੀ ਪਹਿਲੀ ਤਿਮਾਹੀ ਦੇ ਬਰਾਬਰ ਵੀ ਨਹੀਂ ਪਹੁੰਚ ਸਕਿਆ। ਪਿਛਲੇ ਮਾਲੀ ਸਾਲ ਦੌਰਾਨ ਇਨ੍ਹਾਂ ਮਹੀਨਿਆਂ ਦੌਰਾਨ ਵੈਟ ਵਿਚ 12 ਫੀਸਦੀ ਦਾ ਵਾਧਾ ਹੋਇਆ ਸੀ ਪਰ ਇਸ ਸਾਲ 11 ਫੀਸਦੀ ਦਾ ਵਾਧਾ ਹੋਇਆ ਹੈ।

ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਦੇਸ਼ ਵਿਆਪੀ ਮੰਦਵਾੜੇ ਕਾਰਨ ਆਰਥਿਕ ਝਟਕੇ ਮਹਿਸੂਸ ਹੋ ਰਹੇ ਹਨ। ਵਿੱਤ ਵਿਭਾਗ ਨੂੰ ਇਹ ਹਾਲਤ ਕੁਝ ਮਹੀਨਿਆਂ ਤੱਕ ਸੁਧਰਨ ਦੀ ਉਮੀਦ ਹੈ। ਉਧਰ, ਆਰਥਿਕ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਸਾਲ ਸਰਕਾਰ ਲਈ ਵਿੱਤੀ ਸੰਕਟ ਵਾਲਾ ਰਹੇਗਾ ਜਿਸ ਕਾਰਨ ਸਰਕਾਰ ਨੂੰ ਖਰਚਿਆਂ ਵਿਚ ਕਟੌਤੀ ਕਰਨੀ ਚਾਹੀਦੀ ਹੈ। ਗ਼ੌਰਤਲਬ ਹੈ ਕਿ ਸਰਕਾਰ ਨੇ 38 ਕਰੋੜ ਰੁਪਏ ਦਾ ਨਵਾਂ ਹੈਲੀਕਾਪਟਰ ਪਿਛਲੇ ਮਹੀਨਿਆਂ ਦੌਰਾਨ ਖਰੀਦਿਆ ਹੈ ਤੇ ਹੁਣ ਸਰਕਾਰ ਵੱਲੋਂ ਜਹਾਜ਼ ਖ਼ਰੀਦਣ ਦੀ ਤਿਆਰੀ ਕੀਤੀ ਜਾ ਰਹੀ ਹੈ।

# ਨਾਜਾਇਜ਼ ਕਲੋਨੀਆਂ ਬਾਰੇ ਨੀਤੀ ਨੇ ਦਮ ਤੋੜਿਆ

**ਚੰਡੀਗੜ੍ਹ:** ਗੱਠਜੋੜ ਵਿਚ ਭਾਈਵਾਲ ਭਾਜਪਾ ਦੇ ਵਿਰੋਧ ਪਿੱਛੋਂ ਪੰਜਾਬ ਸਰਕਾਰ ਨੇ ਸੂਬੇ ਵਿਚ ਨਾਜਾਇਜ਼ ਕਲੋਨੀਆਂ ਨੂੰ ਜਾਇਜ਼ ਬਣਾਉਣ ਲਈ ਐਲਾਨੀ ਨੀਤੀ ਵਾਪਸ ਲੈ ਲਈ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਭਾਜਪਾ ਦੇ ਸੂਬਾ ਪ੍ਰਧਾਨ ਕਮਲ ਸ਼ਰਮਾ ਨਾਲ ਆਏ ਭਾਜਪਾ ਆਗੂਆਂ ਵਿਚਾਲੇ ਹੋਈ ਮੀਟਿੰਗ ਦੌਰਾਨ ਇਹ ਫੈਸਲਾ ਲਿਆ ਗਿਆ। ਭਾਜਪਾ ਵੱਲੋਂ ਲਗਾਤਾਰ ਇਸ ਨੀਤੀ ਨੂੰ ਰੱਦ ਕਰਨ ਦੀ ਮੰਗ ਕੀਤੀ ਜਾ ਰਹੀ ਸੀ।

ਦੋਵਾਂ ਸੱਤਾਧਾਰੀ ਭਾਈਵਾਲਾਂ ਦੇ ਆਗੂਆਂ ਵਿਚਾਲੇ ਸਹਿਮਤੀ ਬਣੀ ਹੈ ਕਿ ਕਲੋਨੀਆਂ ਨੂੰ ਨਿਯਮਤ ਕਰਨ ਲਈ ਨਵੀਂ ਨੀਤੀ ਬਣਾਈ ਜਾਵੇਗੀ ਜਿਸ ਵਿਚ ਫੀਸਾਂ ਤੇ ਹੋਰ ਜੁਰਮਾਨੇ ਨਵੇਂ ਸਿਰੇ ਤੋਂ ਤੈਅ ਹੋਣਗੇ। ਨਵੀਂ ਨੀਤੀ ਬਣਾਉਣ ਲਈ ਸੁਖਬੀਰ ਬਾਦਲ ਦੀ ਅਗਵਾਈ ਵਿਚ ਛੇ ਮੈਂਬਰੀ ਕਮੇਟੀ ਬਣਾਈ ਗਈ ਹੈ। ਕਮੇਟੀ ਦੇ ਮੈਂਬਰਾਂ ਵਿਚ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ, ਲੋਕ ਨਿਰਮਾਣ ਮੰਤਰੀ ਸ਼ਰਨਜੀਤ ਸਿੰਘ ਢਿੱਲੋਂ, ਸਥਾਨਕ ਸਰਕਾਰਾਂ ਬਾਰੇ ਮੰਤਰੀ ਭਗਤ ਚੁੰਨੀ ਲਾਲ, ਭਾਜਪਾ ਦੇ ਸੂਬਾ ਪ੍ਰਧਾਨ ਕਮਲ ਸ਼ਰਮਾ ਸ਼ਾਮਲ ਹਨ।

ਭਾਜਪਾ ਦੇ ਵਫ਼ਦ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਵੀ ਮੀਟਿੰਗ ਕਰਨੀ ਸੀ ਪਰ ਉਨ੍ਹਾਂ ਦੇ ਬਿਮਾਰ ਹੋਣ ਕਾਰਨ ਇਹ ਮੀਟਿੰਗ ਨਹੀਂ ਹੋਈ। ਸੂਤਰਾਂ ਮੁਤਾਬਕ ਸ. ਬਾਦਲ ਨੇ ਪਹਿਲਾਂ ਹੀ ਭਾਜਪਾ ਦੇ ਸੂਬਾ ਪ੍ਰਧਾਨ ਕਮਲ ਸ਼ਰਮਾ ਨੂੰ ਸਪੱਸ਼ਟ ਕਰ ਦਿੱਤਾ ਕਿ ਕਲੋਨੀਆਂ ਦੀ ਨੀਤੀ ਦੇ ਮੁੱਦੇ 'ਤੇ ਸੁਖਬੀਰ ਬਾਦਲ ਨਾਲ ਹੀ ਮੀਟਿੰਗ ਕਰਕੇ ਮਾਮਲੇ ਦਾ ਨਿਬੇੜਾ ਕਰ ਲਿਆ ਜਾਵੇ ਕਿਉਂਕਿ ਇਹ ਵਿਭਾਗ ਵੀ ਉਪ ਮੁੱਖ ਮੰਤਰੀ ਹੀ ਦੇਖਦੇ ਹਨ। ਅਕਾਲੀਆਂ ਵੱਲੋਂ ਵੀ ਆਪਣੀ ਸਰਕਾਰ ਦੀ ਇਸ ਨੀਤੀ ਦਾ ਵਿਰੋਧ ਕੀਤਾ ਜਾ ਰਿਹਾ ਹੈ।

ਇਸ ਤੋਂ ਪਹਿਲਾਂ ਪੰਜਾਬ ਵਿਚ ਕਲੋਨਾਈਜ਼ਰ ਲਗਾਤਾਰ ਆਪਣੀਆਂ ਮੀਟਿੰਗਾਂ ਕਰ ਕੇ ਪੰਜਾਬ ਸਰਕਾਰ ਦੀ ਇਸ ਨੀਤੀ ਵਿਰੁੱਧ ਸੰਘਰਸ਼ ਛੇੜਨ ਦੇ ਪ੍ਰੋਗਰਾਮ ਉਲੀਕਦੇ ਰਹੇ ਹਨ। ਉਹ ਖਫਾ ਸਨ ਕਿ ਸਰਕਾਰ ਦੀ ਇਸ ਨੀਤੀ ਨਾਲ ਉਨ੍ਹਾਂ 'ਤੇ ਭਾਰੀ ਆਰਥਿਕ ਬੋਝ ਪਏਗਾ। ਉਹ ਇਸ ਨੀਤੀ ਵਿਚ ਸੋਧਾਂ ਦੀ ਮੰਗ ਕਰ ਰਹੇ ਸਨ।

# ਪੰਜਾਬ ਦਾ ਲੋਹਾ ਉਦਯੋਗ ਵੀ ਠੰਢਾ ਪਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਦੀਆਂ ਨੀਤੀਆਂ ਨੇ ਸੂਬੇ ਵਿਚ ਲੋਹਾ ਉਦਯੋਗ ਨੂੰ ਖੂੰਝੇ ਲਾਉਣ ਵਿਚ ਕੋਈ ਕਸਰ ਨਹੀਂ ਛੱਡੀ। ਪਿਛਲੇ ਛੇ ਮਹੀਨਿਆਂ ਦੌਰਾਨ ਖੰਨਾ ਤੇ ਮੰਡੀ ਗੋਬਿੰਦਗੜ੍ਹ ਵਿਚ 31 ਰੋਲਿੰਗ ਮਿੱਲਾਂ ਤੇ ਇੰਡਕਸ਼ਨ ਫਰਨਿਸ਼ਾਂ ਨੇ ਆਪਣੇ ਬਿਜਲੀ ਦੇ ਕੁਨੈਕਸ਼ਨ ਕਟਵਾ ਦਿੱਤੇ ਹਨ ਤੇ ਕੰਮ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਹੈ। ਇਸ ਤੋਂ ਇਲਾਵਾ ਪਿਛਲੇ ਕਈ ਮਹੀਨਿਆਂ ਤੋਂ 90 ਹੋਰ ਰੋਲਿੰਗ ਮਿੱਲਾਂ ਤੇ ਇੰਡਕਸ਼ਨ ਫਰਨਿਸ਼ਾਂ ਵੀ ਬੰਦ ਪਈਆਂ ਹਨ ਜਿਨ੍ਹਾਂ ਨੇ ਅਜੇ ਬਿਜਲੀ ਦੇ ਕੁਨੈਕਸ਼ਨ ਤਾਂ ਨਹੀਂ ਕਟਵਾਏ ਪਰ ਹਰ ਮਹੀਨੇ ਬਿਜਲੀ ਬੋਰਡ ਵੱਲੋਂ ਲਾਗੂ ਘੱਟੋ-ਘੱਟ ਦਰ ਦੇ ਬਿੱਲ ਭਰ ਰਹੀਆਂ ਹਨ। ਜਦੋਂਕਿ ਕੁਝ ਮਿੱਲਾਂ ਬਿਜਲੀ ਦੀ ਘੱਟੋ ਘੱਟ ਦਰ ਦੇ ਬਰਾਬਰ ਕੁਝ ਦਿਨ ਹੀ ਚਲਾਈਆਂ ਜਾ ਰਹੀਆਂ ਹਨ।

ਮਿੱਲ ਮਾਲਕਾਂ ਦਾ ਕਹਿਣਾ ਹੈ ਕਿ ਪਾਵਰਕਾਮ ਨੂੰ ਘੱਟੋ-ਘੱਟ ਦਰ ਉਦੋਂ ਲੈਣੀ ਚਾਹੀਦੀ ਹੈ ਜਦੋਂ ਉਹ ਬਿਜਲੀ ਦਾ ਉਤਪਾਦਨ ਪੂਰਾ ਕਰ ਰਹੀ ਹੋਵੇ। ਜਦੋਂ ਪੂਰਾ ਸਾਲ ਬਿਜਲੀ ਦੇ ਕੱਟ ਲੱਗੇ ਰਹਿੰਦੇ ਹਨ ਤਾਂ ਪਾਵਰਕਾਮ ਨੂੰ ਬਿਜਲੀ ਦੇ ਘੱਟੋ-ਘੱਟ ਦਰ ਲੈਣ ਦਾ ਕੋਈ ਹੱਕ ਨਹੀਂ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਦੇ ਲੋਹਾ ਉਦਯੋਗ ਦਾ ਮੁਕਾਬਲਾ ਹੋਰ ਗੁਆਂਢੀ ਰਾਜਾਂ ਨਾਲ ਹੈ, ਜਿਥੇ ਈ-ਟ੍ਰਿਪ ਵਰਗੀ ਕੋਈ ਵਿਵਸਥਾ ਲਾਗੂ ਨਹੀਂ ਹੈ। ਜੇਕਰ ਪੰਜਾਬ ਵਿਚ ਲੋਹਾ ਉਦਯੋਗਾਂ ਨੂੰ ਬਚਾਉਣਾ ਹੈ ਤਾਂ ਲੋਹੇ ਉੱਤੇ ਵੈਟ ਤੇ ਐਂਟਰੀ ਟੈਕਸ ਦੋ ਫ਼ੀਸਦੀ ਕਰ ਦੇਣਾ ਚਾਹੀਦਾ ਹੈ ਨਹੀਂ ਤਾਂ ਆਉਣ ਵਾਲੇ ਦਿਨਾਂ ਵਿਚ ਬੰਦ ਹੋਣ ਵਾਲੀਆਂ ਮਿੱਲਾਂ ਦੀ ਗਿਣਤੀ 30 ਤੋਂ ਵਧ ਕੇ 330 ਹੋ ਜਾਵੇਗੀ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਹੈ ਕਿ ਪਿਛਲੇ ਛੇ ਮਹੀਨਿਆਂ ਦੌਰਾਨ ਮੰਡੀ ਗੋਬਿੰਦਗੜ੍ਹ ਤੇ ਖੰਨਾ ਦੀਆਂ 31 ਸਟੀਲ ਰੋਲਿੰਗ ਮਿੱਲਾਂ ਬੰਦ ਹੋਈਆਂ ਤੇ ਬਿਜਲੀ ਦੇ ਕੁਨੈਕਸ਼ਨ ਕੱਟ ਦਿੱਤੇ ਗਏ ਹਨ।

# ਪੰਜਾਬ ਸਰਕਾਰ ਦਾ ਖਜ਼ਾਨਾ ਬਾਦਲਾਂ ਨੇ ਹੜ੍ਹਾਇਆ

**ਚੰਡੀਗੜ੍ਹ (ਬਿਊਰੋ):** ਪੰਜਾਬ ਦੀ ਮਾੜੀ ਵਿੱਤੀ ਹਾਲਤ ਦੇ ਬਾਵਜੂਦ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਹੈਲੀਕਾਪਟਰ ਤੋਂ ਥੱਲੇ ਲੱਤ ਨਹੀਂ ਲਾਉਂਦੇ। ਦੋਵਾਂ ਬਾਦਲਾਂ ਨੇ ਆਪਣੇ ਇਸ ਸ਼ਾਹੀ ਸ਼ੌਕ 'ਤੇ ਪਿਛਲੇ 17 ਮਹੀਨਿਆਂ ਦੌਰਾਨ ਤਕਰੀਬਨ 20 ਕਰੋੜ ਰੁਪਏ ਖਰਚੇ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਹਵਾਈ ਸਫ਼ਰ ਸਭ ਤੋਂ ਜ਼ਿਆਦਾ ਹੈ। ਪਹਿਲੀ ਜਨਵਰੀ, 2012 ਤੋਂ ਲੈ ਕੇ 31 ਜਨਵਰੀ, 3013 ਤੱਕ ਸ. ਬਾਦਲ ਦੇ ਹਵਾਈ ਸਫ਼ਰ 'ਤੇ ਤਕਰੀਬਨ 15 ਕਰੋੜ ਰੁਪਏ ਖਰਚ ਆਏ ਹਨ।

ਇਸ ਸਮੇਂ ਦੌਰਾਨ ਸੁਖਬੀਰ ਬਾਦਲ ਦੇ ਹਵਾਈ ਸਫ਼ਰ 'ਤੇ ਤਕਰੀਬਨ ਪੰਜ ਕਰੋੜ ਰੁਪਏ ਖਰਚ ਹੋਇਆ ਹੈ। ਬਾਦਲਾਂ ਦੇ ਹਵਾਈ ਖਰਚ ਦਾ ਹਿਸਾਬ ਦੇਖਿਆ ਜਾਵੇ ਤਾਂ ਇਹ ਖਰਚ ਰੋਜ਼ਾਨਾ ਦਾ ਚਾਰ ਲੱਖ ਰੁਪਏ ਬਣਦਾ ਹੈ। ਸਪੈਨ ਏਅਰ, ਏਅਰ ਚਾਰਟਰ ਸਰਵਿਸਿਜ਼ ਪ੍ਰਾਈਵੇਟ ਲਿਮਟਿਡ ਤੇ ਏਅਰ ਕਿੰਗ ਚਾਰਟਰਜ਼ ਪ੍ਰਾਈਵੇਟ ਲਿਮਟਿਡ ਨੂੰ ਹੈਲੀਕਾਪਟਰ ਤੇ ਵਿਸ਼ੇਸ਼ ਜਹਾਜ਼ਾਂ ਦੀ ਵਰਤੋਂ ਦੇ ਬਿੱਲਾਂ ਦੀ ਜੋ ਅਦਾਇਗੀ ਸ਼ਹਿਰੀ ਹਵਾਬਾਜ਼ੀ ਵਿਭਾਗ ਵੱਲੋਂ ਕੀਤੀ ਗਈ ਹੈ, ਮੁਤਾਬਕ ਪ੍ਰਕਾਸ਼ ਸਿੰਘ ਬਾਦਲ ਨੇ ਹੈਲੀਕਾਪਟਰ ਤੇ ਵਿਸ਼ੇਸ਼ ਚਾਰਟਿਡ ਫਲਾਈਟ ਦੀ ਵਰਤੋਂ ਤਕਰੀਬਨ 200 ਵਾਰੀ ਕੀਤੀ। ਇਸੇ ਤਰ੍ਹਾਂ ਸੁਖਬੀਰ ਬਾਦਲ ਵੱਲੋਂ ਇਸ ਸਮੇਂ ਦੌਰਾਨ ਸਵਾ ਸੌ ਵਾਰੀ ਹੈਲੀਕਾਪਟਰ ਤੇ ਵਿਸ਼ੇਸ਼ ਜਹਾਜ਼ ਦਾ ਸਫ਼ਰ ਕੀਤਾ।

ਸੂਚਨਾ ਦਾ ਅਧਿਕਾਰ ਤਹਿਤ ਮਿਲੀ ਜਾਣਕਾਰੀ ਮੁਤਾਬਕ ਮੁੱਖ ਮੰਤਰੀ ਵੱਲੋਂ ਪਿਛਲੇ ਸਾਲ ਅਕਤੂਬਰ ਮਹੀਨੇ ਹੈਲੀਕਾਪਟਰ ਦੀ ਵਰਤੋਂ ਏਨੀ ਜ਼ਿਆਦਾ ਕੀਤੀ ਗਈ ਕਿ ਸਰਕਾਰ ਵੱਲੋਂ ਹਵਾਈ ਸਫ਼ਰ ਬਦਲੇ 83 ਲੱਖ ਰੁਪਏ ਦੀ ਅਦਾਇਗੀ ਕੀਤੀ ਗਈ। ਸ਼ਹਿਰੀ ਹਵਾਬਾਜ਼ੀ ਵਿਭਾਗ ਵੱਲੋਂ ਹੈਲੀਕਾਪਟਰ ਦੇ ਵਿਸ਼ੇਸ਼ ਜਹਾਜ਼ ਦੀ ਵਰਤੋਂ ਦੇ ਜਿਨ੍ਹਾਂ ਬਿੱਲਾਂ ਦੀ ਅਦਾਇਗੀ ਕੀਤੀ ਗਈ ਹੈ, ਉਨ੍ਹਾਂ ਵਿਚ ਆਮ ਤੌਰ 'ਤੇ ਹੀ 50 ਲੱਖ ਰੁਪਏ ਤੋਂ 70 ਲੱਖ ਰੁਪਏ ਤੱਕ ਮਹੀਨੇ ਦੀ ਵਰਤੋਂ ਦੇ ਬਿੱਲ ਹਨ। ਇਸ ਤੋਂ ਸਪੱਸ਼ਟ ਹੈ ਕਿ ਹੈਲੀਕਾਪਟਰ ਦੀ ਵਰਤੋਂ ਕਰਨ ਲੱਗਿਆਂ ਮੁੱਖ ਮੰਤਰੀ ਜਾਂ ਉਪ ਮੁੱਖ ਮੰਤਰੀ ਵੱਲੋਂ ਸਰਕਾਰੀ ਖ਼ਜ਼ਾਨੇ ਦੇ ਘਾਟੇ ਦਾ ਕੋਈ ਖਿਆਲ ਨਹੀਂ ਰੱਖਿਆ ਜਾ ਰਿਹਾ। ਮੁੱਖ ਮੰਤਰੀ ਦਾ ਸਫ਼ਰ ਆਮ ਤੌਰ 'ਤੇ ਨਵੀਂ ਦਿੱਲੀ ਤੇ ਪੰਜਾਬ ਦੇ ਸ਼ਹਿਰਾਂ ਦਾ ਹੈ। ਸੁਖਬੀਰ ਸਿੰਘ ਬਾਦਲ ਦੀ ਵਰਤੋਂ ਬਾਰੇ ਝਾਤੀ ਮਾਰਿਆਂ ਪਤਾ ਲਗਦਾ ਹੈ ਕਿ ਉਹ ਅਕਸਰ ਨਵੀਂ ਦਿੱਲੀ ਹੀ ਰਹਿੰਦੇ ਹਨ। ਉਨ੍ਹਾਂ ਦੀਆਂ ਕਈ ਉਡਾਣਾਂ ਅਜਿਹੀਆਂ ਹਨ ਜਦੋਂ ਸੁਖਬੀਰ ਦਿੱਲੀ ਤੋਂ ਪੰਜਾਬ ਕਿਸੇ ਸਰਕਾਰੀ ਕੰਮ ਲਈ ਆਏ ਤੇ ਵਾਪਸ ਦਿੱਲੀ ਹੀ ਚਲੇ ਗਏ।

ਪਿਛਲੇ ਸਾਲ ਦੀ 26 ਮਈ ਨੂੰ ਉਪ ਮੁੱਖ ਮੰਤਰੀ ਨਵੀਂ ਦਿੱਲੀ ਤੋਂ ਸਿੱਧੇ ਬਾਦਲ ਪਿੰਡ ਆਏ ਤੇ ਵਾਪਸ ਦਿੱਲੀ ਹੀ ਚਲੇ ਗਏ। ਇਕ ਦਿਨ ਦੇ ਦੌਰੇ ਦਾ ਸਰਕਾਰੀ ਖ਼ਜ਼ਾਨੇ 'ਤੇ ਪੰਜ ਲੱਖ 69 ਹਜ਼ਾਰ 279 ਰੁਪਏ ਦਾ ਭਾਰ ਪਿਆ। ਉਪ ਮੁੱਖ ਮੰਤਰੀ ਨੇ ਚੰਡੀਗੜ੍ਹ ਤੋਂ ਕੋਚੀਨ ਤੇ ਮੁੰਬਈ ਦੇ ਦੌਰਿਆਂ ਲਈ ਵਿਸ਼ੇਸ਼ ਜਹਾਜ਼ ਦੀ ਵਰਤੋਂ ਕੀਤੀ ਤੇ ਇਸ ਚਾਰ ਦਿਨਾਂ ਦੌਰੇ ਦਾ 32 ਲੱਖ 43 ਹਜ਼ਾਰ 201 ਰੁਪਏ ਖਰਚ ਆਇਆ। ਇਸੇ ਤਰ੍ਹਾਂ ਸੱਤ ਤੋਂ ਨੌਂ ਮਾਰਚ ਤੱਕ ਉਪ ਮੁੱਖ ਮੰਤਰੀ ਨੇ ਦਿੱਲੀ ਤੋਂ ਕਾਲਝਰਾਨੀ ਤੇ ਅੰਮ੍ਰਿਤਸਰ ਦਾ ਦੌਰਾ ਕੀਤਾ ਜਿਸ ਦਾ ਖ਼ਰਚ 16 ਲੱਖ 39 ਹਜ਼ਾਰ 929 ਰੁਪਏ ਆਇਆ। ਉਕਤ ਸਮੇਂ ਦੌਰਾਨ ਮੁੱਖ ਮੰਤਰੀ ਦੇ ਜਵਾਈ ਆਦੇਸ਼ ਪ੍ਰਤਾਪ ਸਿੰਘ ਕੈਰੋਂ ਹੀ ਅਜਿਹੇ ਖੁਸ਼ਨਸੀਬ ਮੰਤਰੀ ਹਨ ਜਿਨ੍ਹਾਂ ਨੂੰ ਅੱਧੀ ਦਰਜਨ ਵਾਰੀ ਹੈਲੀਕਾਪਟਰ ਦੀ ਵਰਤੋਂ ਦੇ ਅਧਿਕਾਰ ਮਿਲੇ। ਖੁਰਾਕ ਤੇ ਸਿਵਲ ਸਪਲਾਈ ਮੰਤਰੀ ਦੇ ਦੌਰਿਆਂ 'ਤੇ ਤਕਰੀਬਨ 50 ਲੱਖ ਰੁਪਏ ਦਾ ਖਰਚ ਹੋਇਆ ਹੈ। ਸ. ਕੈਰੋਂ ਨੇ 13 ਅਪਰੈਲ ਨੂੰ ਹੈਲੀਕਾਪਟਰ ਵਰਤਿਆ ਤੇ ਸਰਕਾਰ ਨੇ 18 ਲੱਖ 10 ਹਜ਼ਾਰ 160 ਰੁਪਏ ਅਦਾ ਕੀਤੇ। ਇਸੇ ਤਰ੍ਹਾਂ ਚਾਰ ਵਾਰੀ ਹੋਰ ਵਰਤੋਂ ਦੇ ਚਾਰ ਲੱਖ ਤੋਂ ਸਾਢੇ ਅੱਠ ਲੱਖ ਰੁਪਏ ਤੱਕ ਖਰਚ ਕੀਤੇ ਗਏ। ਬਿਕਰਮ ਸਿੰਘ ਮਜੀਠੀਆ ਨੂੰ ਸਰਕਾਰੀ ਹੈਲੀਕਾਪਟਰ ਇਕ-ਦੋ ਵਾਰੀ ਹੀ ਮਿਲਿਆ।

ਮਹੱਤਵਪੂਰਨ ਤੱਥ ਇਹ ਵੀ ਹੈ ਕਿ ਪਿਛਲੇ 17 ਮਹੀਨਿਆਂ ਦੌਰਾਨ ਤਿੰਨ ਤੋਂ ਚਾਰ ਮਹੀਨਿਆਂ ਦਾ ਸਮਾਂ ਅਜਿਹਾ ਆਇਆ ਜਦੋਂ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਵਿਦੇਸ਼ ਦੌਰਿਆਂ ਜਾਂ ਫਿਰ ਚੋਣਾਂ ਦੇ ਪ੍ਰਚਾਰ ਵਿਚ ਰੁੱਝੇ ਰਹੇ। ਇਸ ਸਮੇਂ ਦੌਰਾਨ ਹੀ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀਆਂ ਚੋਣਾਂ, ਮੋਗਾ ਤੇ ਦਸੂਹਾ ਉਪ ਚੋਣਾਂ ਹੋਈਆਂ। ਦੋਵੇਂ ਬਾਦਲਾਂ ਨੇ ਵਿਦੇਸ਼ ਦੌਰੇ ਵੀ ਖੁੱਲ੍ਹ ਕੇ ਕੀਤੇ। ਵਿਦੇਸ਼ ਦੌਰਿਆਂ ਦਾ ਖਰਚਾ ਵੱਖਰਾ ਹੈ। ਸਰਕਾਰ ਨੇ ਇਸ ਸਮੇਂ ਦੌਰਾਨ ਕਈ ਵਾਰੀ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਲਈ ਵੱਖੋ ਵੱਖਰੇ ਹੈਲੀਕਾਪਟਰ ਇਕੋ ਦਿਨ ਜਾਂ ਫਿਰ ਵਿਸ਼ੇਸ਼ ਚਾਰਟਡ ਜਹਾਜ਼ ਦੀ ਵਰਤੋਂ ਵੀ ਕੀਤੀ।

## ਹਵਾਈ ਝੂਟਿਆਂ 'ਤੇ 20 ਕਰੋੜ ਉਡਾਏ



# ਸੰਗੀਤ ਦੇ ਜੈਕਾਰਿਆਂ ਦੀ ਗੂੰਜ ਵਿਚ

## ਪੰਜਾਬੀ ਗਾਇਕੀ ਦੇ ਅੰਦਰ-ਬਾਹਰ



**ਐਸ. ਅਸ਼ੋਕ ਭੌਰਾ**

ਮਿਹਨਤੀ ਤੇ ਇਮਾਨਦਾਰ ਲੋਕਾਂ ਨੇ ਅੱਜ ਤੱਕ ਜੋਤਸ਼ੀਆਂ ਅੱਗੇ ਹੱਥ ਨਹੀਂ ਕੱਢਿਆ, ਵਿਹਲੜ ਅਤੇ ਨਿਕੰਮੇ ਲੋਕ ਹੀ ਪੱਤਰੀਆਂ 'ਚੋਂ ਮੁਕੱਦਰ ਲੱਭਣ ਵਿਚ ਲੱਗੇ ਰਹੇ ਹਨ। ਜੇ ਸਾਡਾ ਇਹ ਵਿਸ਼ਵਾਸ ਹੈ ਕਿ ਉਪਰ ਵਾਲਾ ਸਭ ਕੁਝ ਦੇਖ ਰਿਹਾ ਹੈ, ਮਤਲਬ ਉਹਦੀ ਕਦੇ ਅੱਖ ਨਹੀਂ ਲਗਦੀ, ਫਿਰ ਇਸ ਗੱਲ ਵਿਚ ਵੀ ਸ਼ੱਕ ਨਹੀਂ ਜਾਂਦੀ ਕਿ ਉਹ ਪੰਜ ਤੱਤ ਦਾ ਪੁਤਲਾ ਨਹੀਂ ਹੋਵੇਗਾ, ਪਰ ਇਹ ਗਲਤੀ ਅਸੀਂ ਫਿਰ ਵੀ ਪਤਾ ਨਹੀਂ ਕਿਉਂ ਕਰ ਰਹੇ ਹਾਂ ਕਿ ਬੰਦੇ ਸਾਨੂੰ ਭਗਵਾਨ ਲੱਗਣ ਲੱਗ ਪੈਂਦੇ ਹਨ। ਸੰਗੀਤ ਉਹ ਕਲਾ-ਸ਼ਿੰਗਾਰ ਹੈ ਜੋ ਹਸਤੀ ਤਾਂ ਮਿਟਾ ਦਿੰਦਾ ਹੈ ਪਰ ਸ਼ਖ਼ਸੀਅਤ ਉਸਾਰਦਾ ਹੈ। ਲਤਾ ਨੂੰ ਪਿਆਰ ਕਰਨ ਵਾਲਿਆਂ ਨੇ ਕਦੇ ਉਹਦੇ ਚਿਹਰੇ ਦਾ ਚੇਤਾ ਹੀ ਨਹੀਂ ਰੱਖਿਆ। ਅਸਲ ਵਿਚ ਸੰਗੀਤ ਅੰਦਰ ਇਨਕਲਾਬ ਲਿਆਉਣ ਦੀ ਸਮਰੱਥਾ ਨਾ ਵੀ ਹੋਵੇ, ਪਰਿਵਰਤਨ ਲਿਆਉਣ ਦੀ ਹਿੰਮਤ ਜ਼ਰੂਰ ਹੁੰਦੀ ਹੈ। ਅਨੇਕਾਂ ਅਜਿਹੀਆਂ ਉਦਾਹਰਣਾਂ ਹਨ ਕਿ ਧੁਨਾਂ ਨੇ ਬੰਦੇ ਦੀਆਂ ਆਦਤਾਂ ਤੇ ਸੁਭਾਅ ਬਦਲਿਆ ਹੈ।

ਜਦੋਂ ਖੰਭੇ ਖਿੱਚੇ ਜਾ ਰਹੇ ਹੋਣ ਤਾਂ ਪੱਕੀ ਗੱਲ ਹੁੰਦੀ ਹੈ ਕਿ ਬਿਜਲੀ ਨਵੀਆਂ ਥਾਂਵਾਂ 'ਤੇ ਰੋਸ਼ਨੀ ਕਰਨ ਚੱਲੀ ਹੈ, ਤੇ ਜਦੋਂ ਗਲੀਆਂ-ਸੜਕਾਂ ਦੀ ਪੁੱਟ-ਪਟਾਈ ਹੋ ਰਹੀ ਹੋਵੇ ਤਾਂ ਅੰਦਾਜ਼ਾ ਲੱਗ ਜਾਂਦਾ ਹੈ ਕਿ ਕੰਮ ਜਾਂ ਤਾਂ ਸੀਵਰੇਜ ਦਾ ਚੱਲੇਗਾ ਜਾਂ ਵਾਟਰ ਸਪਲਾਈ ਲਈ ਪਾਈਪ ਲਾਈਨ ਪਵੇਗੀ ਜਾਂ ਫਿਰ ਟੈਲੀਫੋਨ ਦੀਆਂ ਤਾਰਾਂ ਪੈਣਗੀਆਂ। ਪੱਕੀ ਗੱਲ ਹੈ ਕਿ ਹਾਲਾਤ ਬੰਦੇ ਨੂੰ ਆਪਣੇ ਵੱਲ ਖਿੱਚ ਰਹੇ ਹੁੰਦੇ ਹਨ। ਜਦੋਂ ਪਹਿਲੀ ਸਰਦਲ ਲੰਘ ਕੇ ਮੈਂ ਗਾਇਕੀ ਦੇ ਆਂਗਣ ਵਿਚ ਪ੍ਰਵੇਸ਼ ਹੋਇਆ ਤਾਂ ਕੁਝ ਘਟਨਾਵਾਂ ਅਜਿਹੀਆਂ ਵਾਪਰੀਆਂ, ਜਿਵੇਂ ਪੰਜਾਬੀ ਪਾਕਿਸਤਾਨ ਕੋਲ ਹੁੰਦਿਆਂ ਵੀ ਉਹਦੀ ਭੰਡੀ ਕਰਨਗੇ ਪਰ ਅਮਰੀਕਾ, ਕੈਨੇਡਾ ਦੀਆਂ ਸਿਫਤਾਂ ਐਂ ਕਰਨਗੇ ਜਿਵੇਂ ਕੰਧ ਸਾਂਝੀ ਹੋਵੇ। ਕਈ ਵਾਰ ਲੱਗ ਨਹੀਂ ਰਿਹਾ ਹੁੰਦਾ ਕਿ ਨੱਕ ਫੀਨਾ ਹੋਵੇ, ਅੱਖਾਂ ਚੁੰਨ੍ਹੀਆਂ ਹੋਣ ਤਾਂ ਗੋਰਾ ਰੰਗ ਵੀ ਦੁਹਾਈ ਦੇ ਰਿਹਾ ਹੁੰਦਾ ਹੈ। ਮੇਰੀ ਤੌਬਾ! ਤੇ ਜੇ ਨੈਣ-ਨਕਸ਼ ਸੋਹਣੇ ਹੋਣ ਤਾਂ ਰੰਗ ਨੂੰ ਮਾਰੋ ਗੋਲੀ।

ਸਿਆਣੇ ਕਹਿੰਦੇ ਨੇ ਕਿ ਉਹ ਅੱਗਾਂ ਲਾਉਣ ਦਾ ਯਤਨ ਨਾ ਕਰੋ ਜਿਨ੍ਹਾਂ ਨੂੰ ਬੁਝਾਉਣ ਦੀ ਤੁਹਾਡੇ ਕੋਲ ਸਮਰੱਥਾ ਨਾ ਹੋਵੇ, ਪਰ ਜੇ ਗੀਤ-ਸੰਗੀਤ ਨਾਲ ਮੁਹੱਬਤ ਦੀ ਗਲਵੱਕੜੀ ਹੈ ਤਾਂ ਬੁੱਢੇਵਾਰੇ ਵੀ ਦੀਵੇ ਦੀ ਲੋਅ ਨਾਲ ਸੂਈ 'ਚ ਧਾਗਾ ਪਾਇਆ ਜਾ ਸਕਦਾ ਹੈ। ਗੀਤ ਜਦੋਂ ਅੰਦਰੋਂ ਜਾਗੇਗਾ ਤਾਂ ਬਾਹਰੋਂ ਗਿੱਧਾ ਪੈਣ ਦੀ ਸੰਭਾਵਨਾ ਬਣ ਜਾਵੇਗੀ। ਕੁਝ ਰੰਗੀਨ ਵਾਰਦਾਤਾਂ ਨੇ ਮੈਨੂੰ ਪੰਜਾਬੀ ਗਾਇਕੀ ਦੇ ਬੜਾ ਨੇੜੇ ਲੈ ਆਂਦਾ।

ਉਨ੍ਹਾਂ ਤੋਂ ਮੁਆਫੀ ਚਾਹਾਂਗਾ ਜਿਹੜੇ ਸਿਰਫ ਧਰਮ ਦੇ ਬੁਰਕੇ ਵਿਚ ਇਸ ਗੱਲ ਤੋਂ ਖਫ਼ਾ ਹੋ ਜਾਣਗੇ, ਪਰ ਹੈ ਬਿਲਕੁਲ ਸੱਚੀ ਗੱਲ। ਉਨ੍ਹਾਂ ਦਿਨਾਂ ਵਿਚ ਅਕਾਲੀ ਦਲ ਦੀ ਜਮਾਂਬੰਦੀ ਪੁਰਸ਼ਾਂ ਦੇ ਹੱਥ ਨਹੀਂ ਸੀ, ਮਹਾਂਪੁਰਸ਼ਾਂ ਕੋਲ ਸੀ। ਉਦੋਂ ਕਮਾਂਡ ਬਾਦਲਾਂ ਕੋਲ ਨਹੀਂ, ਸੰਤਾਂ ਕੋਲ ਸੀ; ਯਾਨਿ ਧਾਰਮਿਕ ਪਰ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਸੰਤ ਹਰਚੰਦ ਸਿੰਘ ਲੌਂਗੋਵਾਲ ਸਨ। ਉਨ੍ਹਾਂ ਕਿਤੇ ਸਾਡੇ ਲਾਗੇ ਗੁਰਦੁਆਰਾ ਚਰਨ ਕੰਵਲ ਬੰਗਾ ਵਿਖੇ ਆਉਣਾ ਸੀ। ਇਤਫਾਕਨ ਇਸੇ ਸਮੇਂ ਦੌਰਾਨ ਸੁਰਿੰਦਰ ਸ਼ਿੰਦੇ ਦੀ ਗਾਇਕੀ ਪੰਜਾਬੀਆਂ ਦੇ ਦਿਲਾਂ 'ਚ ਪ੍ਰਵਾਨ ਚੜ੍ਹ ਚੁੱਕੀ ਸੀ ਤੇ ਇਕ ਲੋਕ ਗਾਥਾ ਦੀ ਬੜੀ ਚਰਚਾ ਸੀ, 'ਜਿਉਣੇ ਮੌੜ ਨੇ ਲੁੱਟੀਆਂ ਤੀਆਂ ਲੌਂਗੋਵਾਲ ਦੀਆਂ।'

ਸਾਡੇ ਪਿੰਡ ਦੀਆਂ ਖਜੂਰਾਂ ਲਾਗੇ ਬੋਹੜ ਹੇਠ ਕੁਝ ਸਿਆਣੇ ਬੰਦੇ ਬੈਠੇ ਸਨ ਕਿ ਪਿੰਡ ਦਾ ਚੌਕੀਦਾਰ ਸਾਧੂ ਵੀ ਵਿਚਾਲੇ ਆ ਕੇ ਬੈਠ ਗਿਆ। ਚਿੱਟੇ ਕੱਪੜੇ ਪਾਏ ਦੇਖ ਕੇ ਉਹਨੂੰ ਰੁਲਦੂ ਅਮਲੀ ਨੇ ਪੁੱਛਿਆ, "ਕਿਧਰ ਚੱਲਿਐਂ?"

ਆਂਹਦਾ, "ਸ਼ਹਿਰ ਚੱਲਿਆਂ ਬੰਗਿਆਂ ਨੂੰ, ਸੰਤ ਲੌਂਗੋਵਾਲ ਹੋਰਾਂ ਦੇ ਵਿਚਾਰ ਸੁਣਨ।"

ਰੁਲਦੂ ਨੇ ਸਵਾਲ ਕਰ'ਤਾ। ਕਹਿਣ ਲੱਗਾ, "ਸੰਤਾਂ ਨੂੰ ਇਹ ਜ਼ਰੂਰ ਪੁੱਛ ਕੇ ਆਈਂ ਕਿ ਜਿਊਣੇ ਮੌੜ ਨੇ ਲੌਂਗੋਵਾਲ ਦੀਆਂ ਤੀਆਂ ਹੀ ਕਿਉਂ ਲੁੱਟੀਆਂ ਸਨ? ਬਾਹਲੀ ਖਰਾਬੀ ਤਾਂ ਨਹੀਂ ਕੀਤੀ ਸੀ?"

ਚੌਕੀਦਾਰ ਬਣਾ ਸੰਵਾਰ ਕੇ ਆਂਹਦਾ, "ਬਈ ਰੁਲਦੂ ਰਾਮਾ! ਆਪਾਂ ਤਾਂ ਹੈਗੇ ਆਂ ਹਮਾਤੜ ਬੰਦੇ। ਆਪਣੇ 'ਚ ਤਾਂ ਏਨੀ ਜੁਰਅਤ ਹੈ ਨ੍ਹੀਂ, ਪਈ ਏਦਾਂ ਪੁੱਛ ਸਕੀਏ। ਆਹ ਅਖ਼ਬਾਰਾਂ ਆਲੇ ਨੂੰ ਲੈ ਜਾਨੈਂ, ਇਹ ਪੁੱਛ ਲਏ।" ਉਹਨੇ ਇਸ਼ਾਰਾ ਮੇਰੇ ਵੱਲ ਕਰ'ਤਾ।

ਨਿਮਾਣੀ ਮੱਤ, ਤੁਰ ਪਿਆ ਚੌਕੀਦਾਰ ਨਾਲ ਟੁੱਟੇ ਜਿਹੇ ਸਾਈਕਲ 'ਤੇ, ਪਈ ਚੱਲ ਪੂਰੀ ਕਹਾਣੀ ਹੀ ਸੁਣਾਂਗੇ ਜਿਊਣੇ ਮੌੜ ਤੇ ਤੀਆਂ ਦੀ। ਬਿਨਾਂ ਈ ਸੱਪ ਤੋਂ ਬੀਨ ਵਜਾਉਣ, ਅਸੀਂ ਪੁੱਜ ਗਏ ਗੁਰਦੁਆਰਾ ਚਰਨ ਕੰਵਲ। ਡਿਓਢੀ 'ਚ ਮਿਲ ਪਿਆ ਸਾਡੇ ਪਿੰਡ ਦਾ ਢਾਡੀ ਅਵਤਾਰ ਸਿੰਹੁ। ਉਹ ਚੌਕੀਦਾਰ ਨੂੰ ਪੁੱਛਣ ਲੱਗਾ, "ਕਿੱਦਾਂ ਆਏ ਆਂ?" ਉਹ ਕਹਿੰਦਾ, "ਜੀ ਸੰਤਾਂ ਦੇ ਦਰਸ਼ਨ ਕਰਨ", ਤੇ ਨਾਲ ਲਗਦੀ ਈ ਉਹਨੇ ਮੇਰੇ ਵੱਲ ਇਸ਼ਾਰਾ ਕਰ ਕੇ ਪੁੱਛ ਲਿਆ, "...ਤੇ ਹਾਅ?"

"ਇਹ ਖਬਾਰਾਂ-ਖਬੂਰਾਂ 'ਚ ਲਿਖਦੈ। ਇਹ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਪੁੱਛਣ ਆਇਐ, ਪਈ ਜਿਊਣੇ ਮੌੜ ਨੇ ਲੌਂਗੋਵਾਲ ਦੀਆਂ ਤੀਆਂ ਕਾਹਤੋਂ ਲੁੱਟੀਆਂ ਸਨ।"

ਮੇਰੀ ਤਾਂ ਵੱਡੇ ਮਾਰਕ ਟੱਲੀ ਦੀ ਉਹਨੇ ਕੱਢ'ਤੀ ਫੂਕ। ਕਹਿਣ ਲੱਗਾ, "ਚੌਕੀਦਾਰਾ! ਤੂੰ ਤਾਂ ਸਿਆਣਾ ਬਿਆਣੈਂ। ਇਹਦੀ ਤੈਂ ਛਿੱਲ ਲਹਾਉਣੀ ਆ ਸਿੰਘਾਂ ਤੋਂ। ਤੀਆਂ ਦਾ ਭਲਾ ਸੰਤਾਂ ਨਾਲ ਕੀ ਸਬੰਧ?" ਉਹ ਮੇਰੇ ਮੋਢਿਆਂ 'ਤੇ ਹੱਥ ਰੱਖ ਕੇ ਪਰ੍ਹਾਂ ਨੂੰ ਲਿਜਾ ਕੇ ਕਹਿਣ ਲੱਗਾ, "ਕਾਕਾ, ਕਿਹੜੇ ਕੁੱਤਖਾਨੇ 'ਚ ਪਿਆ ਹੋਇਐਂ...ਕੋਈ ਚੱਜ ਦੀ ਗੱਲ ਕਰ। ਢਾਡੀਆਂ ਬਾਰੇ ਲਿਖ, ਫਿਰ ਮਿਲਾਵਾਂਗੇ ਤੈਨੂੰ ਸੰਤ ਲੌਂਗੋਵਾਲ ਨੂੰ। ਲੰਗਰ ਛਕ, ਤੇ ਜਾਹ ਮੁੜ ਜਾ ਘਰ ਨੂੰ।"

ਖ਼ੈਰ! ਵਿਅੰਗਮਈ ਨਜ਼ਰੀਏ ਵਾਲੀ ਹਮਦਰਦੀ ਦੀ ਇਹ ਆਵਾਜ਼ ਤਾਂ ਮੱਧਮ ਸੀ, ਪਰ ਇਸ ਦਾ ਪ੍ਰਭਾਵ ਮੇਰੇ ਅੰਦਰਲੇ ਮਨੁੱਖ ਤੱਕ ਸਿੱਧਾ ਪਿਆ ਸੀ। ਮੈਂ ਸਮਝ ਗਿਆ ਸੀ ਕਿ ਢਾਡੀ ਮੈਨੂੰ ਮੱਤ ਤਾਂ ਦੇ ਗਿਆ ਹੈ, ਪਰ ਉਹ ਆਪਣੀ ਭੁੱਖ ਦਾ ਮੈਨਯੂ ਵੀ ਮੇਰੇ ਹੱਥ ਫੜਾ ਗਿਆ ਹੈ।

ਉਸ ਦਿਨ ਮੈਨੂੰ ਸਮਝ ਆ ਗਈ ਕਿ ਸਿਰਫ ਮੁਕਲਾਵੇ ਵਾਲੇ ਦਿਨ ਹੀ ਔਰਤ ਡਰ ਰਹੀ ਹੁੰਦੀ ਹੈ, ਅਗਲੇ ਦਿਨਾਂ 'ਚ ਮਰਦ ਹੱਥਾਂ ਦੀ ਪੱਖੀ ਬਣਾ ਕੇ ਝੱਲਣ ਦਾ ਯਤਨ ਕਰ ਰਿਹਾ ਹੁੰਦਾ ਹੈ।

ਕੋਈ ਕੰਜੂਸ ਫਿਲਮ ਦੇਖ ਕੇ ਉਚੀ ਉਚੀ ਰੋਂਦਿਆਂ ਦੁਹਾਈ ਦੇ ਰਿਹਾ ਸੀ, "ਮੂਰਖੋ! ਅਨੰਦ ਥੀਏਟਰ 'ਚ ਨਹੀਂ, ਪੈਸੇ 'ਚ ਹੁੰਦਾ ਹੈ।" ਹਕੀਕਤ ਇਹ ਹੈ ਕਿ ਦੁਨੀਆਂ ਦੀ ਬਹੁ-ਗਿਣਤੀ ਨੂੰ ਅਨੰਦ ਲੈਣਾ ਨਹੀਂ ਆ ਰਿਹਾ। ਕਈ ਬੰਦੇ ਅੰਗੜਾਈ ਲੈ ਕੇ ਵੀ ਨਿਹਾਲ ਹੋ ਜਾਂਦੇ ਨੇ, ਪਰ ਪੰਜਾਬੀ ਗਾਇਕੀ ਵਿਚ ਪਿਆਰ ਕਰਨ ਤੇ ਮੁਹੱਬਤ ਦੇ ਅਰਥ ਜਾਣਨ ਵਾਲੇ ਕਿਸੇ ਸਾਧਾਰਨ ਮਨੁੱਖ ਦੀ ਸੁਹਜ ਅਵਸਥਾ ਕਿਵੇਂ ਅਨੰਦਮਈ ਦੌਰ 'ਚ ਪਹੁੰਚਦੀ ਹੈ, ਪੜ੍ਹੇ-ਲਿਖੇ ਵੀ ਸੋਚਣਗੇ- ਹੈਂ! ਏਦਾਂ ਵੀ ਹੁੰਦੈ!!

ਗੜ੍ਹਸ਼ੰਕਰ ਦੀ ਟਰੱਕ ਯੂਨੀਅਨ ਵਿਚ ਪ੍ਰੋਗਰਾਮ ਹੋ ਰਿਹਾ ਸੀ ਅਖਾੜੇ ਦੇ ਰੂਪ ਵਿਚ, ਮੁਹੰਮਦ ਸਦੀਕ ਤੇ ਰਣਜੀਤ ਕੌਰ ਦਾ। ਗੱਲ ਉਨ੍ਹਾਂ ਦਿਨਾਂ ਦੀ ਆ ਜਦੋਂ ਵੀਹ-ਵੀਹ ਕੋਹ ਤੋਂ ਲੋਕ ਪੈਦਲ, ਸਾਇਕਲਾਂ ਤੇ ਟੈਂਪੂਆਂ 'ਚ ਚੜ੍ਹ ਕੇ ਇਸ ਜੋੜੀ ਨੂੰ ਵੇਖਣ ਆਉਂਦੇ ਸਨ। ਉਦੋਂ ਬਜ਼ੁਰਗ ਕਿਹਾ ਕਰਦੇ ਸਨ, "ਬਈ ਗੱਭਰੂਓ! ਕੰਮ-ਧੰਦਾ ਵੇਲੇ ਸਿਰ ਨਿਪਟਾ ਲਿਓ, ਆਥਣੇ ਸਦੀਕ-ਰਣਜੀਤ ਦਾ ਗੌਣ-ਪਾਣੀ ਸੁਣਨੈਂ।"

ਉਪਰ ਆਲੇ ਪ੍ਰੋਗਰਾਮ ਵਿਚ ਮੈਂ ਵੀ ਅਨੰਦਪੁਰ ਵਾਲੀ ਬੱਸ 'ਚ ਚੜ੍ਹ ਕੇ ਪਹੁੰਚ ਗਿਆ ਸਾਂ। ਅਖਾੜਾ ਤਾਂ ਹਾਲੇ ਦੋ ਘੰਟੇ ਨੂੰ ਲਗਣਾ ਸੀ, ਪਰ ਭੀੜ ਏਨੀ 'ਬੌਬੀ' ਫਿਲਮ ਵੇਲੇ ਹੀ ਵੇਖੀ ਸੀ। ਲੋਕ ਗਰਮੀ 'ਚ ਵੀ ਉਪਰ ਥੱਲੇ ਹੋਏ ਪਏ ਸਨ। ਕੋਈ ਅਗਾਊਂ ਹੀ ਦਰਖ਼ਤਾਂ 'ਤੇ ਲਟਕ ਗਿਆ ਸੀ, ਕੋਈ ਟਰੱਕਾਂ-ਟਰਾਲੀਆਂ 'ਤੇ। ਲੋਕ ਰਣਜੀਤ ਕੌਰ ਦੀ ਇਕ ਝਲਕ ਵੇਖਣ ਲਈ ਸ਼ੈਦਾਈ ਹੋਏ ਪਏ ਸਨ।



ਤਿੰਨ-ਚਾਰ ਅੱਧਖੜ ਜਿਹੀ ਉਮਰ ਦੇ ਬੰਦੇ ਢੇਰ 'ਤੇ ਚੜ੍ਹ ਕੇ ਕਹਿਣ ਲੱਗੇ, "ਲੈ ਬਈ, ਇੱਥੋਂ ਦਿਸੂ ਪੂਰੀ ਬੀਬੀ ਸਿਰ ਤੋਂ ਪੈਰਾਂ ਤੱਕ।" ਚੜ੍ਹ ਤਾਂ ਮੈਂ ਵੀ ਉਨ੍ਹਾਂ ਦੇ ਪਿੱਛੇ ਇਸ ਢੇਰ 'ਤੇ ਗਿਆ, ਪਰ ਸਮੱਸਿਆਵਾਂ ਕਈ ਸਨ। ਇਕ ਤਾਂ ਗਰਮੀ ਕਰ ਕੇ ਢੇਰ ਭੜਾਸ ਬਹੁਤ ਮਾਰ ਰਿਹਾ ਸੀ, ਦੂਜਾ ਮੁਸ਼ਕ ਵੀ ਮਾਰੇ। ਗਿੱਲਾ ਹੋਣ ਕਾਰਨ ਪੈਰ ਵੀ ਹੇਠਾਂ ਧਸ ਰਹੇ ਸਨ। ਖ਼ੈਰ! ਪ੍ਰੋਗਰਾਮ 'ਨਾਨਕ ਵੀਰਾ ਮੈਂ ਤੈਨੂੰ ਘੋੜੀ ਚੜ੍ਹਾਉਨੀ ਆਂ' ਧਾਰਮਿਕ ਗੀਤ ਨਾਲ ਸ਼ੁਰੂ ਹੋਇਆ। ਫਿਰ ਹੋਰ ਤੇ ਫਿਰ ਹੋਰ...ਫਿਰ ਪਟਾ 'ਕਲਕੱਤਿਓਂ ਪੱਖੀ ਲਿਆਉਣ' ਵਾਲਾ ਚੜ੍ਹ ਪਿਆ।

ਮੁਹੰਮਦ ਸਦੀਕ ਸਿਆਣਾ ਪਹਿਲਾਂ ਹੈ ਹੀ ਸੀ। ਉਹ ਆਪਣੀ ਕਾਰ ਨਹੀਂ ਲਿਜਾਂਦਾ ਸੀ ਪ੍ਰੋਗਰਾਮ 'ਤੇ; ਕਿਉਂਕਿ ਇਕ ਤਾਂ ਕਾਰ ਦੀ ਟੁੱਟ-ਭੱਜ ਘੱਟ ਹੋਊ, ਤੇ ਦੂਜਾ ਟੈਕਸੀ ਦਾ ਖਰਚ ਅੱਧੋ-ਅੱਧ ਹੋਣਾ ਸੀ, ਪਰ ਇਤਫਾਕ ਇਹ ਸੀ ਕਿ ਟੈਕਸੀ ਚਲਾਉਣ ਵਾਲਾ ਡਰਾਇਵਰ ਇਕੋ ਹੀ ਉਨ੍ਹਾਂ ਨਾਲ ਬੜੀ ਦੇਰ ਰਿਹਾ। ਇਸੇ ਲਈ ਸਦੀਕ ਦੀ ਟੀਮ ਵਿਚ ਜਿਵੇਂ ਘੜਾ ਵਜਾਉਣ ਵਾਲੇ ਮੁੱਛਮੈਨ ਬੰਸੀ ਦੀ ਪਛਾਣ ਸੀ, ਇਵੇਂ ਉਨ੍ਹਾਂ ਦੇ ਡਰਾਇਵਰ ਨੂੰ ਸਾਰੇ ਜਾਣਦੇ ਸਨ। ਹਾਲੇ ਪ੍ਰੋਗਰਾਮ ਚਲਦੇ ਨੂੰ ਅੱਧਾ ਕੁ ਘੰਟਾ ਹੀ ਹੋਇਆ ਹੋਊ ਕਿ ਮੈਂ ਵੇਖਿਆ ਕਿ ਰੰਗੀਲਾ ਜਿਹਾ ਬੰਦਾ ਸਟੇਜ ਦੇ ਪਿੱਛੇ ਟੈਕਸੀ ਡਰਾਇਵਰ ਨਾਲ ਗੱਲਾਂ ਕਰ ਰਿਹਾ ਸੀ। ਮੈਂ ਵੀ ਢੇਰ ਤੋਂ ਮਾਰੀ ਛਾਲ, ਤੇ ਦੋਹਾਂ ਕੋਲ ਕੱਛਾਂ 'ਚ ਹੱਥ ਦੇ ਕੇ ਜਾ ਖੜ੍ਹਾ ਹੋਇਆ। ਅਸਲ ਵਿਚ ਗੱਲਾਂ ਤਾਂ ਉਹ ਦੋਵੇਂ ਕਰ ਰਹੇ ਸਨ, ਪਰ ਸੁਆਦ ਮੈਨੂੰ ਵੀ ਪੂਰਾ ਆ ਰਿਹਾ ਸੀ।

ਸਿਰ ਤੋਂ ਸਾਫਾ ਖੋਲ੍ਹ ਕੇ ਫੇਰ ਲਪੇਟੇ ਮਾਰ ਕੇ ਉਹ ਡਰਾਇਵਰ ਨੂੰ ਆਪਣਾ ਬਣਾਉਣ ਲਈ ਜਿਵੇਂ ਪੁੱਛ ਰਿਹਾ ਹੋਵੇ- "ਯਾਰ ਲਾਉਣੀ ਤਾਂ ਘੁੱਟ ਲਿਆਵਾਂ।"

"ਨਹੀਂ ਮੈਂ ਪੀਂਦਾ ਨ੍ਹੀਂ।"

"ਮੁਹੰਮਦ ਸਦੀਕ ਤਾਂ ਲਾ ਲੈਂਦਾ ਹੋਣੈ ਘੁੱਟ?"

"ਵੇਖਿਆ ਨ੍ਹੀਂ ਕਦੇ।"

"ਲੋੜ ਵੀ ਕੀ ਐ। ਅਸੀਂ ਤਾਂ ਹੁਣ ਨ੍ਹੀਂ ਛੇ ਦਿਨ ਪੀਣੀ ਇਕ ਦਿਨ ਰਣਜੀਤ ਕੌਰ ਵੇਖ ਕੇ। ਇਹਦੇ ਨਾਲ ਤਾਂ ਰੋਜ਼ ਰਹਿੰਦੀ ਆ। ਅੱਛਾ! ਆਏਂ ਦੱਸ, ਪਈ ਤੂੰ ਕਿਥੇ ਕੁ ਬਹਿੰਨਾ ਹੁੰਨਾ?"

"ਤੂੰ ਯਾਰ ਬੰਦਾ ਕਿ ਚਰਖਾ। ਜਦ ਮੈਂ ਕਿਹਾ, ਪਈ ਉਨ੍ਹਾਂ ਦੀ ਗੱਡੀ ਚਲਾਉਨਾ ਹੁੰਨਾ, ਫਿਰ ਡਰਾਇਵਰ ਵਾਲੀ ਸੀਟ 'ਤੇ ਸਟੇਰਿੰਗ ਫੜ ਕੇ ਹੀ ਬਹਿਨਾਂ।"

"ਚੱਲ ਇਹ ਤਾਂ ਠੀਕ ਐ। ਮੂਹਰੇ ਤੇਰੇ ਨਾਲ ਦੀ ਸੀਟ 'ਤੇ ਕੌਣ ਬਹਿੰਦਾ ਹੁੰਦਾ?"

"ਰਣਜੀਤ ਕੌਰ ਦਾ ਡੈਡੀ।"

"ਬੱਲੇ ਬੱਲੇ। ਸਿੱਧਾ ਮੂਹਰੇ ਨੂੰ ਦੇਖਦਾ ਰਹਿੰਦਾ ਹੋਣਾ ਤੇਰੇ ਵਾਂਗ।"

"ਕਿਉਂ ਉਹਦੀ ਧੌਣ 'ਤੇ ਸ਼ਿਕੰਜਾ ਕੱਸਿਆ ਹੁੰਦਾ?"

"ਬਾਈ ਗੁੱਸਾ ਨਾ ਕਰ। ਤੇਰੇ ਨਾਲ ਗੱਲਾਂ ਕਰ ਕੇ ਮੈਨੂੰ ਸੁਆਦ ਉਧਰ ਅਖਾੜਾ ਵੇਖਣ ਨਾਲੋਂ ਵੀ ਵੱਧ ਆ ਰਿਹੈ। ਪੈਗ ਤਾਂ ਦੋ ਈ ਲਾਏ ਸੀ, ਪਰ ਨਸ਼ਾ ਸਿਰੇ ਲੱਗਾ ਪਿਆ। ਅੱਛਾ, ਸਦੀਕ ਕਿੱਥੇ ਬਹਿੰਦਾ ਹੁੰਦਾ?"

"ਐਧਰ ਮੇਰੇ ਮਗਰਲੀ ਬਾਰੀ ਕੋਲ।"

"ਦੂਏ ਬੰਨੇ?"

"ਉਧਰ ਯਾਰ ਰਣਜੀਤ ਕੌਰ। ਉਹਨੂੰ ਕਿਤੇ ਅਸੀਂ ਡਿੱਗੀ 'ਚ ਬਿਠਾ ਕੇ ਲਿਆਉਨੇ ਆਂ।"

"ਬਾਈ, ਗੱਲ ਬਸ ਸੁਣਨ ਵਾਲੀ ਈ ਆ।"

"ਦੋਹਾਂ ਦੇ ਵਿਚਾਲੇ ਤਾਂ ਨ੍ਹੀਂ ਬਹਿੰਦਾ ਕੋਈ।"

"ਨਹੀਂ?"

"ਸਦਕੇ ਤੇਰੇ ਸਦੀਕ ਸਿਹਾਂ! ਪਿਛਲੇ ਜਨਮ 'ਚ ਤੂੰ ਕੋਈ ਫਕੀਰ ਹੋਵੇਂਗਾ ਪੱਕਾ, ਜਿਹੜੀਆਂ ਮੌਜਾਂ ਲੁੱਟਦੈਂ। ਬੁੜ੍ਹਾ ਤਾਂ ਰਣਜੀਤ ਦਾ ਸੰਗਦਾ ਈ ਪਿੱਛੇ ਨੂੰ ਵੇਖਦਾ ਹੋਣਾ?"

"ਜਾਹ ਬਈ ਪ੍ਰੋਗਰਾਮ ਵੇਖ ਲੈ ਹੁਣ।"

"ਜਾਨੈਂ! ਪਰ ਯਾਰ ਮੇਰੀ ਇਕ ਇੱਛਾ ਈ ਪੂਰੀ ਕਰਦੇ।"

"ਦੱਸ ਕਿਹੜੀ ਐ?"

"ਬਾਈ, ਜੇ ਗੁੱਸਾ ਨਾ ਕਰੇਂ ਤਾਂ ਉਸ ਸੀਟ 'ਤੇ ਬਿੰਦ ਕੁ ਬਹਿ ਜਾਂ ਜਿਥੇ ਰਣਜੀਤ ਬਹਿੰਦੀ ਆ?"

"ਬਹਿ'ਲਾ ਜਾ ਕੇ ਯਾਰ! ਤੂੰ ਕਰ ਲੈ ਮਨ ਰਾਜੀ।"

ਤੇ ਉਹ ਭੱਜ ਕੇ ਬਹਿ ਗਿਆ ਬਾਰੀ ਖੋਲ੍ਹ ਕੇ। ਕਦੇ ਸੀਟ 'ਤੇ ਹੱਥ ਫੇਰਿਆ ਕਰੇ, ਕਦੇ ਢੋਅ 'ਤੇ। ਗੱਲਾਂ ਆਪਣੇ ਨਾਲ ਈ ਕਰੀ ਜਾਵੇ, 'ਐਹ ਤੋਂ ਗਾਂਹ ਨੂੰ ਨ੍ਹੀਂ ਹੁੰਦੀ ਹੋਣੀ ਸੁੱਖ ਨਾਲ ਰਣਜੀਤ ਕੌਰ! ਪਰਸ ਪਤਾ ਨਹੀਂ ਵਿਚਾਲੇ ਸੀਟ 'ਤੇ ਰੱਖਦੀ ਹੋਊ ਜਾਂ ਹੇਠਾਂ ਪੈਰਾਂ 'ਚ!! ਆਏਂ ਬਾਹਰ ਨੂੰ ਵੀ ਸੀਸੇ ਥਾਣੀਂ ਦੇਖਦੀ ਹੋਊ!!! ਹੋਰ ਕਿਤੇ ਸਦੀਕ 'ਤੇ ਤਾਂ ਨ੍ਹੀਂ ਨਿਗ੍ਹਾ ਗੱਡੀ ਰੱਖਦੀ ਹੋਣੀ...।'

"ਓ...ਆਜਾ ਬਸ ਕਰ ਉਤਰਿਆ ਥੱਲੇ ਹੁਣ?"

"ਮਿੰਨਤ ਆਲੀ ਗੱਲ ਐ, ਬਿੰਦ ਕੁ ਹੋਰ ਲੁੱਟ ਲੈਣ ਦੇ ਨਜ਼ਾਰੇ...ਸੁਰਖੀ ਬਿੰਦੀ ਵੀ ਇਥੇ ਬਹਿ ਕੇ ਲਾਉਂਦੀ ਹੋਊ...।"

ਤੇ ਅੱਧੇ ਘੰਟੇ ਬਾਅਦ ਉਹ ਐਂ ਗੱਡੀ 'ਚੋਂ ਬਾਗੋ-ਬਾਗ ਉਤਰਿਆ, ਜਿਵੇਂ ਕਿਸੇ ਦੀ ਮੰਗੇਤਰ ਦਿੱਲੀ ਦੇ ਹਵਾਈ ਅੱਡੇ ਤਾਂ ਆਣ ਉਤਰੀ ਹੋਵੇ।

ਫਿਰ ਮੈਨੂੰ ਸੁਲ੍ਹਾ ਮਾਰਨ ਲੱਗਾ, "ਜੁਆਨਾ ਤੈਂ ਤਾਂ ਨ੍ਹੀਂ ਬਹਿਣਾ ਦੋ ਮਿੰਟ...?"

ਜੀ ਤਾਂ ਮੇਰਾ ਐਂ ਕਰੇ, ਪਈ ਪਹਿਲਾਂ ਈ ਬਹਿ ਜਾਂ; ਤੇ ਉਤਰਾਂ ਲੁਧਿਆਣੇ ਜਾ ਕੇ, ਪਰ ਹੌਲੀ ਦੇਣੀ ਫੇਰ ਕਹਿ ਹੀ ਦਿੱਤਾ, "ਨਹੀਂ ਕੋਈ ਗੱਲ ਨ੍ਹੀਂ।"

"ਚਲੋ ਤੇਰੀ ਮਰਜ਼ੀ।" ਉਹਦੀ ਜਿਵੇਂ ਚਾਅ ਵਿਚ ਹੀ ਜ਼ੁਬਾਨ ਥਥਲਾ ਗਈ ਹੋਵੇ। "ਬੜੀ ਮਿਹਰਬਾਨੀ ਡਲੈਵਰ ਸਾਹਿਬ। ਸਾਡੇ ਸਹੁਰੀ ਦੇ ਸੁਪਨੇ ਈ ਪੂਰੇ ਨ੍ਹੀਂ ਕੀਤੇ ਤੂੰ, ਹੁਣ ਤਾਂ ਜਾ ਕੇ ਧਰਮ ਰਾਜ ਨੂੰ ਕਿਹਾ ਕਰਾਂਗੇ, ਛੜੇ ਨਾ ਆਖ, ਉਥੇ ਬਹਿ ਕੇ ਆਏ ਆਂ ਜਿਥੇ ਰਣਜੀਤ ਕੌਰ ਬਹਿੰਦੀ ਹੁੰਦੀ ਸੀ।"

ਉਸ ਦਿਨ ਮੈਨੂੰ ਲੱਗਾ ਸੀ ਕਲਾ ਦੀ ਪੂਜਾ ਦੇ ਅਰਥ ਕੀ ਹੁੰਦੇ ਹਨ, ਤੇ ਇਹ ਵੀ ਵਹਿਮ ਮਨ 'ਚੋਂ ਨਿਕਲ ਗਿਆ ਸੀ ਕਿ ਕਮਲੀ ਸਿਵਿਆਂ ਦੇ ਰਾਹ ਨਹੀਂ ਪਈ।

ਬਿਆਸ, ਝਨਾਂ ਦੇ ਨੇੜੇ ਹੋਣ ਲੱਗ ਪਿਆ ਸੀ।

## ਕਾਵਿ-ਵਿਅੰਗ

### ਪੜ੍ਹੋ ਜ਼ਰਾ ਇਤਿਹਾਸ

ਪਿਛਲਾ ਪੜ੍ਹ ਕੇ ਜ਼ਰਾ ਇਤਿਹਾਸ ਵੇਖੋ
ਬਦਲ ਬਦਲ ਕੇ ਸਰਕਾਰਾਂ ਆਉਂਦੀਆਂ ਨੇ।
ਉਹੀ ਆਦਮੀ ਇਕੋ ਵਿਚਾਰਧਾਰਾ
ਐਵੇਂ ਪੱਗਾਂ ਭੁਲੇਖਾ ਪਾਉਂਦੀਆਂ ਨੇ।

ਨੀਲੀ-ਚਿੱਟੀ ਦੇ ਵਿਚ ਨਹੀਂ ਫਰਕ ਕੋਈ
ਲੋਕਾਂ ਸਾਹਮਣੇ ਰੰਗ ਵਟਾਉਂਦੀਆਂ ਨੇ।
ਇਕੋ ਥਾਲੀ ਦੇ ਵਿਚ ਪਰੋਸ ਕੇ ਤੇ
ਰੋਟੀ ਇਕੱਠੀਆਂ ਬੈਠ ਕੇ ਖਾਂਦੀਆਂ ਨੇ।

ਰਿਸ਼ਵਤਾਂ ਘਪਲਿਆਂ ਵਿਚ ਹਿੱਸੇਦਾਰ ਸਾਰੇ
ਅੰਦਰੋ-ਅੰਦਰੀਂ ਵੰਡੀਆਂ ਪਾਈ ਜਾਂਦੇ।
ਅੱਜ ਤੱਕ ਹੋਇਆ ਕਿਸੇ ਨੂੰ ਕੁਝ ਵੀ ਨਹੀਂ
ਐਵੇਂ ਲੋਕਾਂ ਨੂੰ ਪਾਗਲ ਬਣਾਈ ਜਾਂਦੇ।

ਰਿਸ਼ਤੇਦਾਰੀਆਂ ਵਿਚ ਰਿਸ਼ਤੇਦਾਰ ਸਾਰੇ
ਇਮਾਨਦਾਰੀ ਨਾਲ ਰਿਸ਼ਤੇ ਨਿਭਾਈ ਜਾਂਦੇ।
ਇਕ ਦੂਜੇ ਨੂੰ ਬੁਰਾ ਭਲਾ ਕਹਿਣ ਐਵੇਂ
ਅੰਦਰੋ-ਅੰਦਰੀਂ ਹੱਥ ਮਿਲਾਈ ਜਾਂਦੇ।

ਝੜੀ ਚੋਣਾਂ ਦੀ ਆਏ ਦਿਨ ਲੱਗੀ ਰਹਿੰਦੀ
ਸਾਰਾ ਪੰਜਾਬ ਨਸ਼ਿਆਂ 'ਤੇ ਲਾ ਦਿੱਤਾ।
ਇੰਨਾ ਬੀਬੀਆਂ ਦਾ ਮਾਣ-ਸਨਮਾਨ ਕੀਤਾ
ਅਹਾਤਾ ਬੀਬੀਆਂ ਲਈ ਵੱਖਰਾ ਬਣਾ ਦਿੱਤਾ।

ਭੁੱਖੇ ਮਰਦੇ ਗਰੀਬ ਪੰਜਾਬ ਅੰਦਰ
ਜੇਲ੍ਹ 'ਚ ਸੁੱਟ ਦਿੰਦੇ ਮੰਗੇ ਜੇ ਹੱਕ ਕੋਈ।
ਖੁਦਕੁਸ਼ੀਆਂ ਕਿਸਾਨ ਵੀ ਕਰੀ ਜਾਂਦੇ
'ਨੂਰਪੁਰੀ' ਨਾ ਫੜਦਾ ਏ ਹੱਥ ਕੋਈ।

ਕੋਈ ਨਹੀਂ ਘੱਟ, ਇਕ ਦੂਜੇ ਤੋਂ ਵੱਧ ਸਾਰੇ
ਨਿਡਰ ਹੋ ਕੇ ਮਨਮਾਨੀਆਂ ਕਰੀ ਜਾਂਦੇ।
ਜੇ ਕੋਈ ਮਰਦਾ ਤਾਂ ਬੇਸ਼ੱਕ ਮਰ ਜਾਵੇ
ਸਾਡੇ ਲੀਡਰ ਤਜੋਰੀਆਂ ਭਰੀ ਜਾਂਦੇ।

*-ਗੁਰਦਿਆਲ ਸਿੰਘ ਨੂਰਪੁਰੀ*
*ਫੋਨ: 408-449-3662*

## ਮਿੰਨੀ ਵਿਅੰਗ

### ਰੋਟੀ ਦਾ ਜੁਗਾੜ

"ਉਸਤਾਦ ਜੀ, ਕੀ ਬਣਾ ਰਹੇ ਓ?" ਪੱਥਰ ਉਤੇ ਬੈਠ ਕੇ ਚਿਹਰਾ ਘੜ ਰਹੇ ਬੁੱਤਘਾੜੇ ਨੂੰ ਮਜ਼ਦੂਰ ਨੇ ਪੁੱਛਿਆ।

"ਬੁੱਤ ਤਾਂ ਭਗਵਾਨ ਦਾ ਹੀ ਘੜਨ ਲੱਗਾ ਸੀ, ਪਰ ਹੁਣ ਅੱਖਾਂ ਸ਼ੈਤਾਨ ਦੀਆਂ ਬਣ ਗਈਆਂ, ਬੜਾ ਅਫ਼ਸੋਸ ਐ।" ਬੁੱਤਘਾੜੇ ਨੇ ਗਮਗੀਨ ਸੁਰ ਵਿਚ ਕਿਹਾ।

"ਅਫਸੋਸ ਕਰਨ ਦੀ ਲੋੜ ਨਹੀਂ। ਜਦ ਤੂੰ ਭਗਵਾਨ ਦੀ ਇੱਜ਼ਤ ਨਹੀਂ ਕਰਦਾ...ਉਤੇ ਪੈਰ ਰੱਖੀ ਬੈਠਾਂ, ਫੇਰ ਚਿੱਤਰ ਤਾਂ ਸ਼ੈਤਾਨ ਵਰਗਾ ਹੀ ਬਣੂੰ।"

"ਪਹਿਲਾਂ ਤਾਂ ਇਹ ਪੱਥਰ ਦੀ ਸਿਲ ਹੀ ਸੀ, ਭਗਵਾਨ ਦੀ ਮੂਰਤ ਤਾਂ ਮੇਰੇ ਦਿਮਾਗ ਵਿਚ ਐ। ਇਸ ਤੋਂ ਮੈਂ ਵਾਧੂ ਛਿਲਤਰਾਂ ਲਾਹ ਲਾਹ ਕੇ, ਵਿਚੋਂ ਭਗਵਾਨ ਕੱਢ ਰਿਹਾਂ।"

"ਫੇਰ ਤੇਰੇ ਦਿਮਾਗ 'ਚ ਸ਼ੈਤਾਨ ਵੀ ਵੜਿਆ ਬੈਠਾ ਹੋਊ ਜੋ ਤੈਥੋਂ ਅੱਖਾਂ ਸ਼ੈਤਾਨ ਦੀਆਂ ਬਣ ਗਈਆਂ। ਚੱਲ ਤੂੰ ਸ਼ੈਤਾਨ ਹੀ ਬਣਾ ਦੇ...ਦੇਸ਼ ਭਗਤੀ ਦੇ ਨਾਂ ਉਤੇ...ਇਥੇ ਨੇਤਾ ਲੋਕ ਕੀ ਕੁਝ ਨਹੀਂ ਕਰਦੇ!"

"ਸ਼ੈਤਾਨ ਦੀ ਮੂਰਤੀ ਵਿਕਣੀ ਨਹੀਂ ਭਗਤਾ! ਇਥੇ ਹੀ ਪਈ ਰਹੂ ਸਾਲਾਂ ਬੱਧੀ! ਭਗਵਾਨ ਦੀ ਮੂਰਤ ਕਿਸੇ ਮੰਦਰ ਵਾਲਿਆਂ ਫਟਾ ਫਟ ਖਰੀਦ ਕੇ ਲੈ ਜਾਣੀ ਐ। ਮੈਨੂੰ ਚਾਰ ਪੈਸੇ ਮਿਲਣਗੇ। ਟੱਬਰ ਦੀ ਰੋਟੀ ਦਾ ਜੁਗਾੜ ਹੋ ਜਾਊ।"

"ਗੱਭਰੂਆ, ਤੇਰਾ 'ਕੱਲੇ ਦਾ ਹੀ ਨਹੀਂ, ਸਗੋਂ ਨਾਲ ਹੀ ਪੰਡਤਾਂ ਦਾ ਵੀ ਤੋਰੀ ਫੁਲਕਾ ਚੱਲ ਪੈਣੈ।"

*-ਅਵਤਾਰ ਸਿੰਘ ਹੰਸਰਾ, ਬੇਕਰਜ਼ਫੀਲਡ (ਕੈਲੀਫੋਰਨੀਆ)*

## ਰਿਬੇਰੋ ਦੀ ਆਪਬੀਤੀ-8

# ਸਿਆਸੀ ਪਹੁੰਚ, ਪੁਲਿਸ ਪ੍ਰਸ਼ਾਸਨ ਤੇ ਆਮ ਲੋਕ

*ਲੈਫਟੀਨੈਂਟ ਜਨਰਲ ਕੁਲਦੀਪ ਸਿੰਘ ਬਰਾੜ, ਪੰਜਾਬ ਪੁਲਿਸ ਦੇ ਸਾਬਕਾ ਮੁਖੀ ਕੇ.ਪੀ.ਐਸ. ਗਿੱਲ ਅਤੇ ਜੂਲੀਓ ਰਿਬੇਰੋ ਨੇ ਪਿਛਲੀ ਸਦੀ ਦੇ ਅੱਸੀਵਿਆਂ ਦੇ ਦੌਰ ਉਪਰ ਕਿਤਾਬਾਂ ਲਿਖੀਆਂ ਹਨ। ਇਹ ਕਿਤਾਬਾਂ ਕਿਉਂਕਿ ਸਟੇਟ ਅਫਸਰਾਂ ਵਲੋਂ ਲਿਖੀਆਂ ਗਈਆਂ, ਇਸ ਕਰ ਕੇ ਇਹ ਸਟੇਟ ਦਾ ਏਜੰਡਾ ਹਨ ਪਰ ਰਿਬੇਰੋ ਇਨ੍ਹਾਂ ਤਿੰਨਾਂ ਵਿਚੋਂ ਭਿੰਨ ਹੈ ਕਿਉਂਕਿ ਕਦੀ ਕਦਾਈਂ ਉਹ ਸਟੇਟ ਨਾਲ ਸਹਿਮਤ ਨਹੀਂ ਹੁੰਦਾ। ਇਹੀ ਗੱਲ ਉਸ ਨੂੰ ਬਾਕੀਆਂ ਨਾਲੋਂ ਨਿਖੇੜਦੀ ਹੈ। ਰਿਬੇਰੋ ਦੀ ਧਿਰ ਨਾਲ ਭਾਵੇਂ ਕਿਸੇ ਵੀ ਸੂਰਤ ਸਹਿਮਤ ਨਹੀਂ ਹੋਇਆ ਜਾ ਸਕਦਾ, ਪਰ ਉਸ ਦੀ ਲਿਖਤ ਤੋਂ ਪਤਾ ਲੱਗਦਾ ਹੈ ਕਿ ਸਟੇਟ ਕੀ ਸੋਚਦੀ ਰਹੀ, ਕੀ ਕਰਦੀ ਰਹੀ, ਕਿਉਂ ਕਰਦੀ ਰਹੀ? ਰਿਬੇਰੋ ਵੱਲੋਂ ਲਿਖੀ ਕਿਤਾਬ 'ਬੁੱਲਟ ਫਾਰ ਬੁੱਲਟ' ਦੇ ਕੁੱਝ ਪੰਨਿਆਂ ਦਾ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਉਘੇ ਲੇਖਕ ਪ੍ਰੋ. ਹਰਪਾਲ ਸਿੰਘ ਪੰਨੂ ਨੇ ਕੀਤਾ ਹੈ ਜੋ ਅਸੀਂ ਕਿਸ਼ਤਵਾਰ ਛਾਪ ਰਹੇ ਹਾਂ। ਇਸ ਕਿਸ਼ਤ ਵਿਚ ਖਾੜਕੂਆਂ ਅਤੇ ਪੰਜਾਬ ਪੁਲਿਸ ਵਿਚਕਾਰ ਹੋ ਰਹੀ ਟੱਕਰ ਦੌਰਾਨ ਸਿਆਸਤਦਾਨਾਂ ਦੀ ਪਹੁੰਚ ਬਾਰੇ ਟਿੱਪਣੀਆਂ ਹਨ। -ਸੰਪਾਦਕ*

**ਜੂਲੀਓ ਰਿਬੇਰੋ**
**ਅਨੁਵਾਦ: ਹਰਪਾਲ ਸਿੰਘ ਪੰਨੂ**
**ਫੋਨ: 91-94642-51454**

**ਪੰਨਾ 306:** ਪੁਲਿਸ ਜਦੋਂ ਖਾੜਕੂਆਂ ਵਿਰੁਧ ਲੜ ਰਹੀ ਸੀ, ਸਭ ਤੋਂ ਵੱਡੀ ਮੁਸ਼ਕਿਲ ਪੈਦਾ ਕਰ ਰਹੀਆਂ ਸਨ ਮਨੁੱਖੀ ਅਧਿਕਾਰ ਸੰਸਥਾਵਾਂ। ਇਹ ਖਾੜਕੂਆਂ ਦੀਆਂ ਹਮਦਰਦ ਸਨ ਤੇ ਪੁਲਿਸ ਉਪਰ ਵਧੀਕੀਆਂ ਕਰਨ ਦੇ ਦੋਸ਼ ਲਾ ਰਹੀਆਂ ਸਨ। ਇਨ੍ਹਾਂ ਵਿਚ ਸਿੱਖ ਬੁੱਧੀਜੀਵੀ ਸਨ, ਵਧੇਰੇ ਕਰ ਕੇ ਵਕੀਲ। ਮੈਂ ਆਪਣੇ ਆਪ ਨੂੰ ਪੁੱਛਦਾ-ਜੇ ਆਤੰਕਵਾਦੀ ਹਿੰਦੂ ਹੁੰਦੇ ਤੇ ਉਨ੍ਹਾਂ ਹੱਥੋਂ ਸਿੱਖ ਮਰ ਰਹੇ ਹੁੰਦੇ, ਪੁਲਿਸ ਹਿੰਦੂਆਂ ਦਾ ਸ਼ਿਕਾਰ ਕਰਦੀ, ਕੀ ਫਿਰ ਵੀ ਇਹ ਜਥੇਬੰਦੀਆਂ ਇਹੋ ਬੋਲੀ ਬੋਲਦੀਆਂ? ਪੁਲਿਸ ਐਕਸ਼ਨ ਨੂੰ ਉਹ "ਸਟੇਟ ਟੈਰਰਿਜ਼ਮ" ਕਹਿੰਦੀਆਂ। ਜੇ ਹਿੰਦੂਆਂ ਹੱਥੋਂ ਸਿੱਖ ਮਰਨ ਲਗਦੇ, ਕੀ ਉਨ੍ਹਾਂ ਇਸ ਸਟੇਟ ਟੈਰਰਿਜ਼ਮ ਦੀ ਮੰਗ ਨਹੀਂ ਕਰਨੀ ਸੀ? ਮਾਡਰਨ ਦੁਨੀਆਂ ਵਿਚ ਇਨ੍ਹਾਂ ਮੁਸ਼ਕਿਲਾਂ ਦਾ ਸਾਹਮਣਾ ਤਾਂ ਕਰਨਾ ਪਵੇਗਾ ਹੀ।

ਇਕ ਰਿਟਾਇਰਡ ਸਿੱਖ ਜਰਨੈਲ ਅਕਸਰ ਮੈਨੂੰ ਮਿਲਣ ਆ ਜਾਂਦਾ। ਕੁਝ ਸਾਲ ਪਹਿਲਾਂ ਅੰਡਰਗਰਾਉਂਡ ਨਾਗਿਆਂ ਵਿਰੁਧ ਉਸ ਨੇ ਜੰਗ ਲੜੀ ਸੀ। ਉਹ ਮਿਲਣਸਾਰ, ਹਸਮੁਖ ਸੀ। ਅਸੀਂ ਦੇਰ ਤੱਕ ਗੱਪਸ਼ਪ ਕਰਦੇ ਰਹਿੰਦੇ। ਇਕ ਦਿਨ ਉਸ ਨੇ ਮੈਨੂੰ ਕਿਹਾ, ਪੁਲਿਸ ਮੁੰਡਿਆਂ ਉਪਰ ਜ਼ਿਆਦਾ ਹੀ ਸਖਤੀ ਕਰ ਰਹੀ ਹੈ। ਮੈਂ ਪੁੱਛਿਆ, ਨਾਗਾਲੈਂਡ ਵਿਚ ਤੁਸੀਂ ਇਹ ਮਸਲਾ ਕਿਵੇਂ ਹੱਲ ਕੀਤਾ? ਉਹ ਬਿਨਾਂ ਕਿਸੇ ਝਿਜਕ ਦੇ ਮੰਨ ਗਿਆ ਕਿ ਅਸੀਂ ਅੰਡਰਗਰਾਉਂਡ ਨਾਗਿਆਂ ਉਪਰ ਸਖਤੀ ਕੀਤੀ ਸੀ ਤੇ ਸਾਡੇ ਉਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ ਲੱਗੇ ਸਨ।

**ਪੰਨਾ 313:** ਹਰਿਆਣਾ ਵਿਚ ਅਸੈਂਬਲੀ ਚੋਣ ਆ ਗਈ। ਭਜਨ ਲਾਲ ਨੇ ਰਾਜੀਵ ਗਾਂਧੀ ਤੇ ਰੇਅ ਨੂੰ ਆਖਿਆ ਕਿ ਜੇ ਪੰਜਾਬ ਦੀ ਬਰਨਾਲਾ ਸਰਕਾਰ ਤੋੜ ਦਿੱਤੀ ਜਾਵੇ, ਕਾਂਗਰਸ ਦੀ ਜਿੱਤ ਯਕੀਨੀ ਹੈ। ਮੈਂ ਹਾਲਾਤ ਦਾ ਜਾਇਜ਼ਾ ਲੈਂਦਾ ਰਹਿੰਦਾ ਸਾਂ। ਬਰਨਾਲਾ ਸਰਕਾਰ ਤੋੜ ਦਿੱਤੀ ਗਈ। ਰੇਅ ਨੇ ਮੈਨੂੰ ਪੁੱਛਿਆ, ਹਰਿਆਣਾ ਵਿਚ ਕੀ ਹੋਵੇਗਾ? ਮੈਂ ਕਿਹਾ, ਕਾਂਗਰਸ ਹਾਰੇਗੀ। ਰੇਅ ਚੁੱਪ ਕਰ ਗਿਆ। ਉਸ ਨੇ ਸਮਝਿਆ, ਮੈਨੂੰ ਜਾਂ ਤਾਂ ਸਿਆਸਤ ਦਾ ਪਤਾ ਨਹੀਂ, ਜਾਂ ਫਿਰ ਮੈਂ ਨਿਰਾਸ਼ਾਵਾਦੀ ਹਾਂ। ਰਿਜ਼ਲਟ ਆਇਆ। ਕਾਂਗਰਸ ਉਡ ਗਈ।

ਪੰਜਾਬ ਵਿਚ 1988 ਦੀਆਂ ਲੋਕ ਸਭਾ ਚੋਣਾਂ ਆ ਗਈਆਂ। ਕਾਂਗਰਸ ਸਾਰੀਆਂ 13 ਸੀਟਾਂ 'ਤੇ ਚੋਣ ਲੜ ਰਹੀ ਸੀ। ਮੈਂ ਰਾਜੀਵ ਗਾਂਧੀ ਨੂੰ ਮਿਲਣ ਗਿਆ। ਮਿਲਣ ਵਾਲੇ ਹੋਰ ਅਫਸਰਾਂ ਨਾਲ ਬੈਠ ਕੇ ਗੱਪਸ਼ਪ ਕਰਨ ਲੱਗੇ। ਆਈ.ਐਫ.ਐਸ. ਪਾਰਥਾਸਾਰਥੀ ਬਹੁਤ ਤੀਖਣ ਬੁੱਧੀ ਵਾਲਾ ਤੇ ਭਲਾਮਾਣਸ ਸੀ। ਉਸ ਨੇ ਮੈਨੂੰ ਪੁੱਛਿਆ, ਪੰਜਾਬ ਵਿਚ ਕਾਂਗਰਸ ਕਿੰਨੀਆਂ ਸੀਟਾਂ ਲੈ ਜਾਵੇਗੀ? ਮੈਂ ਕਿਹਾ, ਤਿੰਨ, ਹੱਦ ਚਾਰ। ਮੇਰਾ ਜਵਾਬ ਸੁਣ ਕੇ ਉਹ ਹੈਰਾਨ ਹੋ ਗਿਆ। ਉਸ ਨੇ ਦੱਸਿਆ, ਪ੍ਰਧਾਨ ਮੰਤਰੀ ਅਨੁਸਾਰ ਤਾਂ ਅੱਠ-ਨੌਂ ਸੀਟਾਂ ਲੈ ਜਾਵੇਗੀ। ਮੈਂ ਪੁੱਛਿਆ, ਪ੍ਰਧਾਨ ਮੰਤਰੀ ਨੂੰ ਇਹ ਇਤਲਾਹ ਕਿਸ ਨੇ ਦਿੱਤੀ? ਆਈ.ਬੀ. ਦੇ ਕਿਸੇ ਅਫਸਰ ਨੇ? ਆਈ.ਬੀ. ਚੀਫ ਨਾਰਾਇਣਨ ਤਾਂ ਬੜੀ ਤਿੱਖੀ ਬੁੱਧੀ ਵਾਲਾ ਬੰਦਾ ਹੈ ਤੇ ਸਾਫਗੋ। ਉਹ ਅਜਿਹੀ ਇਤਲਾਹ ਨਹੀਂ ਦੇ ਸਕਦਾ। ਕਿਸੇ ਚਹੇਤੇ ਨੇ ਖੁਸ਼ ਕਰਨ ਲਈ ਕਹਿ ਦਿੱਤਾ ਹੋਣਾ। ਨਤੀਜਾ ਆਇਆ ਤਾਂ ਕਾਂਗਰਸ ਨੂੰ ਕੇਵਲ ਦੋ ਸੀਟਾਂ ਮਿਲੀਆਂ।

ਸਿੱਖ ਮਾਨਸਿਕਤਾ ਨੂੰ ਜਿੰਨਾ ਕੁ ਮੈਂ ਸਮਝ ਸਕਿਆ ਹਾਂ, ਉਸ ਅਨੁਸਾਰ ਸਿਆਸੀ ਹੱਲ ਲੱਭਣ ਦੀ ਥਾਂ ਪਹਿਲਾਂ ਜਜ਼ਬਾਤੀ ਮੁਸ਼ਕਿਲਾਂ ਹੱਲ ਕਰੋ। ਚੰਡੀਗੜ੍ਹ ਪੰਜਾਬ ਨੂੰ ਨਹੀਂ ਦੇਣਾ ਨਾ ਸਹੀ, ਦਿੱਲੀ ਦੰਗਿਆਂ ਦੌਰਾਨ ਕਤਲ ਕੀਤੇ ਗਏ ਦੋ ਹਜ਼ਾਰ ਸਿੱਖਾਂ ਦੇ ਕਾਤਲਾਂ ਨੂੰ ਤਾਂ ਸਜ਼ਾਵਾਂ ਦਿਉ।

ਸਿੱਖ ਉਦਮੀ ਲੋਕ ਹਨ। ਉਨ੍ਹਾਂ ਵਿਚ ਅਨੇਕ ਗੁਣ ਹਨ। ਉਹ ਤਰੱਕੀ ਚਾਹੁੰਦੇ ਹਨ, ਬਿਹਤਰੀਨ ਕਿਸਾਨ, ਬਿਹਤਰੀਨ ਸਿਪਾਹੀ, ਬਿਹਤਰੀਨ ਮਕੈਨਿਕ ਹਨ, ਚੰਗੇ ਦੋਸਤ ਹਨ, ਚੰਗੇ ਮੇਜ਼ਬਾਨ ਹਨ। ਕਦੀ ਕਦੀ ਤਾਂ ਮੈਂ ਸੋਚਦਾ, ਇਨ੍ਹਾਂ ਨੂੰ ਮੇਜ਼ਬਾਨੀ ਕੁੱਝ ਘਟਾ ਦੇਣੀ ਚਾਹੀਦੀ ਹੈ। ਸਿੱਖ ਦਾ ਇਕ ਹੋਰ ਗੁਣ ਇਹ ਹੈ ਕਿ ਮੌਤ ਵਲੋਂ ਉਹ ਬੇਪ੍ਰਵਾਹ ਹੈ, ਦੇਰ ਸਵੇਰ ਇਹ ਆਏਗੀ ਹੀ ਆਏਗੀ। ਮੈਂ ਅਜਿਹੇ ਕੇਸ ਦੇਖੇ ਜਦੋਂ ਖਾੜਕੂਆਂ ਨੇ ਗੋਲੀਆਂ ਦਾਗ ਕੇ ਦੋ ਮੋਟਰ-ਸਾਈਕਲ ਸਵਾਰ ਫੁੰਡ ਦਿੱਤੇ। ਉਹ ਪਛਾਣੇ ਗਏ, ਕਿਉਂਕਿ ਵਰਦੀ ਪਹਿਨੀ ਹੋਈ ਸੀ। ਜੇ ਸਿਵਲ ਕੱਪੜਿਆਂ ਵਿਚ ਹੁੰਦੇ, ਫਿਰ ਵੀ ਪਛਾਣੇ ਜਾਂਦੇ, ਕਿਉਂਕਿ ਪੀਲੇ ਰੰਗ ਦੇ ਮੋਟਰ ਸਾਈਕਲ ਪੁਲਿਸ ਦੇ ਹਨ। ਇਹ ਤਾਂ ਹੋਇਆ ਸੋ ਹੋਇਆ, ਅਜੇ ਹੁਣੇ ਦੋ ਕਾਂਸਟੇਬਲ ਕਤਲ ਹੋਏ ਹਨ। ਤੁਰੰਤ ਦੋ ਹੋਰ ਕਾਂਸਟੇਬਲ ਆ ਗਏ, ਮੋਟਰ ਸਾਈਕਲ ਸਟਾਰਟ ਕੀਤਾ। ਜਿੱਧਰ ਪੈਟਰੋਲ 'ਤੇ ਮਰਨ ਵਾਲੇ ਜਾ ਰਹੇ ਸਨ, ਉਧਰ ਹੀ ਇਹ ਦੋ ਚੱਲ ਪਏ।

**ਪੰਨਾ 315:** ਪੰਜਾਬ ਵਿਚ ਮੇਰਾ ਪਹਿਲਾ ਵਰ੍ਹਾ ਸੀ। ਐਸ.ਪੀ. ਅੰਮ੍ਰਿਤਸਰ ਪੀ.ਐਸ. ਕਾਹਲੋਂ ਦਾ ਪੁੱਤਰ ਮਾਰ ਦਿੱਤਾ, ਬਸ ਇਸ ਵਾਸਤੇ ਕਿ ਪੁਲਸੀਏ ਦਾ ਮੁੰਡਾ ਸੀ। ਕਾਹਲੋਂ ਦੇ ਪੁੱਤਰ ਦੀ ਚਿਤਾ ਨੂੰ ਅਗਨੀ ਛੁਹਾਈ ਤਾਂ ਉਹ ਗੱਜਿਆ-ਮੈਂ ਸਹੁੰ ਖਾਂਦਾ ਹਾਂ, ਬਦਲਾ ਲਵਾਂਗਾ। ਦਲਬੀਰ ਸਿੰਘ ਮਾਂਗਟ ਆਈ.ਜੀ. ਪੀ.ਏ.ਪੀ. ਦਾ ਡਾਕਟਰ ਪੁੱਤਰ ਪਟਿਆਲੇ ਕਤਲ ਕੀਤਾ, ਉਸ ਨੇ ਬਦਲਾ ਲੈਣ ਦੀ ਸਹੁੰ ਨਹੀਂ ਖਾਧੀ। ਪੂਰਾ ਈਮਾਨਦਾਰ ਅਫਸਰ। ਇਸ ਦੇ ਕਾਕੇ ਨੇ ਮੇਰੀ ਪਤਨੀ ਦਾ ਇਲਾਜ ਕੀਤਾ ਸੀ। ਜ਼ਖਮ ਵਿਚੋਂ ਦੀ ਸਲਾਖ ਪਾਰ ਲੰਘਾ ਕੇ ਉਸ ਨੇ ਮੈਨੂੰ ਦੱਸਿਆ ਸੀ-ਦੇਖੋ ਗੋਲੀ ਆਰ-ਪਾਰ ਲੰਘ ਗਈ ਹੈ। ਇਹ ਜੁਆਨ ਜ਼ਖਮੀ ਖਾੜਕੂਆਂ ਦਾ ਵੀ ਇਵੇਂ ਇਲਾਜ ਕਰਦਾ ਜਿਵੇਂ ਪੁਲਸੀਆਂ ਦਾ। ਉਸ ਨੇ ਡਿਗਰੀ ਲੈਣ ਵੇਲੇ ਸਹੁੰ ਚੁੱਕੀ ਸੀ ਨਾ, ਕਿ ਇਲਾਜ ਕਰਨ ਵੇਲੇ ਪੱਖਪਾਤ ਨਹੀਂ ਕਰਾਂਗਾ। ਅਜੇ ਨਵਾਂ-ਨਵਾਂ ਵਿਆਹ ਹੋਇਆ ਸੀ, ਪਤਨੀ ਵੀ ਡਾਕਟਰ ਸੀ। ਜਿਸ ਕਾਰ ਵਿਚ ਉਹ ਕੰਮ 'ਤੇ ਜਾ ਰਿਹਾ ਸੀ, ਪਤਨੀ ਨੇ ਉਸੇ ਕਾਰ ਵਿਚ ਡਿਉਟੀ ਨਿਭਾਅ ਕੇ ਘਰ ਪਰਤਣਾ ਸੀ।



***ਮੈਂ ਕਈ ਵਾਰ ਸੋਚਿਆ, ਬਰਨਾਲੇ ਦੀ ਥਾਂ ਉਦੋਂ ਕੈਪਟਨ ਕੰਵਲਜੀਤ ਸਿੰਘ ਮੁੱਖ ਮੰਤਰੀ ਹੁੰਦਾ, ਅਸੀਂ ਛੇਤੀ ਸਫਲ ਹੋ ਜਾਂਦੇ। ਬਰਨਾਲਾ ਨਰਮ ਆਦਮੀ ਸੀ, ਦਬਾਅ ਅੱਗੇ ਝੁਕ ਜਾਂਦਾ। ਕੈਪਟਨ ਸਖਤ ਜਾਨ ਸੀ। ਮੈਨੂੰ ਯਾਦ ਹੈ ਜਦੋਂ ਭਿੰਡਰਾਂਵਾਲੇ ਦਾ ਪਿਤਾ ਅੰਮ੍ਰਿਤ ਛਕਾਉਂਦਾ ਪੰਜਾਬ ਦਾ ਟੂਰ ਕਰ ਰਿਹਾ ਸੀ ਤੇ ਸਿੱਖੀ ਵਿਚ ਪਰਪੱਕ ਰਹਿਣ ਦੇ ਉਪਦੇਸ਼ ਦੇ ਰਿਹਾ ਸੀ, ਇਹ ਚਿੰਤਾਜਨਕ ਸੀ। ਚੀਫ ਸੈਕਟਰੀ ਵੈਸ਼ਨਵ ਨੂੰ ਅਤੇ ਮੈਨੂੰ ਲੈ ਕੇ ਕੈਪਟਨ ਬਰਨਾਲੇ ਕੋਲ ਗਿਆ ਤੇ ਕਿਹਾ- ਇਸ ਬੁੱਢੇ ਨੂੰ ਗ੍ਰਿਫਤਾਰ ਕਰੋ। ਪਹਿਲੋਂ ਬਰਨਾਲਾ ਹਿਚਕਚਾਇਆ, ਫਿਰ ਹਾਂ ਕਰ ਦਿੱਤੀ। ਮੈਂ ਅਤੇ ਕੈਪਟਨ ਬੈਠ ਕੇ ਗ੍ਰਿਫਤਾਰੀ ਦੀ ਸਕੀਮ ਬਣਾਉਣ ਲੱਗੇ। ਘੰਟੇ ਕੁ ਬਾਅਦ ਸੁਨੇਹਾ ਮਿਲਿਆ- ਬਰਨਾਲਾ ਸਾਹਿਬ ਦਾ ਫੋਨ ਆਇਆ ਹੈ, ਸਾਡੇ ਨਾਲ ਗੱਲ ਕਰਨੀ ਹੈ। ਅਸੀਂ ਚੌਂਕ ਗਏ, ਉਹੀ ਹੋਇਆ ਜੋ ਹੋਣਾ ਸੀ, ਉਹ ਬਦਲ ਗਿਆ; ਕਿਹਾ- ਨਹੀਂ, ਅਜਿਹਾ ਕਰਨ ਨਾਲ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜੇਗੀ। ਦਰਅਸਲ ਇਸ ਵੱਡੇ ਭਿੰਡਰਾਂਵਾਲੇ ਦਾ ਮਕਸਦ ਧਾਰਮਿਕ ਘੱਟ, ਸਿਆਸੀ ਵਧੀਕ ਸੀ।***

ਮਾਂਗਟ ਨੇ ਆਪਣੇ ਪੁੱਤਰ ਦੀ ਮੌਤ ਦਾ ਸੂਰਬੀਰਾਂ ਵਾਂਗ ਸਾਹਮਣਾ ਕੀਤਾ। ਸਸਕਾਰ ਜਲੰਧਰ ਹੋਣਾ ਸੀ। ਮੈਂ ਜਹਾਜ਼ ਰਾਹੀਂ ਜਲੰਧਰ ਪੁੱਜਾ। ਮਾਂਗਟ ਨੂੰ ਪਤਾ ਸੀ ਮੈਂ ਆਵਾਂਗਾ, ਉਸ ਨੇ ਮੈਨੂੰ ਅਤੇ ਮੇਰੀ ਪਤਨੀ ਨੂੰ ਉਡੀਕ ਕੇ, ਪੁੱਜਣ ਉਪਰੰਤ ਚਿਤਾ ਨੂੰ ਅਗਨੀ ਛੁਹਾਈ। ਪਤਾ ਲੱਗਾ ਬਰਨਾਲਾ ਸਾਹਿਬ ਨੇ ਫੋਨ 'ਤੇ ਗੱਲ ਕਰਨੀ ਚਾਹੀ ਸੀ, ਮਾਂਗਟ ਨੇ ਇਨਕਾਰ ਕਰ ਦਿੱਤਾ।

ਬਹੁਤ ਸਾਰੇ ਅਫਸਰਾਂ ਨੇ ਵੀ ਰਾਜੀਵ ਗਾਂਧੀ ਨੂੰ ਗਵਰਨਰੀ ਰਾਜ ਲਾਗੂ ਕਰਨ ਲਈ ਕਿਹਾ ਸੀ, ਕਿਉਂਕਿ ਬਰਨਾਲਾ ਸਰਕਾਰ ਉਨ੍ਹਾਂ ਦੇ ਕੰਮ ਵਿਚ ਵਿਘਨ ਪਾਉਂਦੀ ਸੀ। ਫੜੇ ਗਏ ਖਾੜਕੂਆਂ ਨੂੰ ਛੁਡਵਾਉਣ ਲਈ ਮੰਤਰੀਆਂ ਦੇ ਫੋਨ ਆਉਂਦੇ ਰਹਿੰਦੇ। ਇਉਂ ਇਕ ਹੱਥ ਬੰਨ੍ਹਿਆਂ ਰਹਿੰਦਾ; ਕੇਵਲ ਇਕ ਹੱਥ ਨਾਲ ਲੜ ਰਹੇ ਹਾਂ। ਮੈਂ ਇਸ ਮੱਤ ਨਾਲ ਸਹਿਮਤ ਨਹੀਂ ਸਾਂ। ਮੈਂ ਜਾਣਦਾ ਸਾਂ, ਮੰਤਰੀਆਂ ਦੀ ਆਪਣੀ ਮਜਬੂਰੀ ਹੈ। ਉਨ੍ਹਾਂ ਵਿਚੋਂ ਬਹੁਤੇ ਡਰੇ ਹੋਏ ਸਨ, ਉਹ ਖਾੜਕੂਆਂ ਵਿਰੁਧ ਬਿਆਨ ਨਹੀਂ ਦੇ ਸਕਦੇ ਸਨ। ਗ੍ਰਿਹ ਮੰਤਰੀ ਕੈਪਟਨ ਕੰਵਲਜੀਤ ਸਿੰਘ ਖਾੜਕੂਆਂ ਦਾ ਪੱਕਾ ਦੁਸ਼ਮਣ ਸੀ, ਮਜ਼ਬੂਤ, ਗਤੀਸ਼ੀਲ। ਇਕ-ਦੂਜੇ ਨਾਲ ਕੰਮ ਕਰ ਕੇ ਅਸੀਂ ਖੁਸ਼ ਹੁੰਦੇ, ਕਿਉਂਕਿ ਸੁਭਾਅ ਮਿਲਦੇ ਸਨ। ਜਿਹੜੀ ਚੀਜ਼ ਸਭ ਤੋਂ ਵਧ ਚੰਗੀ ਲੱਗੀ, ਉਹ ਸੀ ਉਸ ਦੀ ਈਮਾਨਦਾਰੀ ਅਤੇ ਵਚਨਬੱਧਤਾ।

**ਪੰਨਾ 318:** ਮੈਂ ਕਈ ਵਾਰ ਸੋਚਿਆ, ਬਰਨਾਲੇ ਦੀ ਥਾਂ ਉਦੋਂ ਕੈਪਟਨ ਕੰਵਲਜੀਤ ਸਿੰਘ ਮੁੱਖ ਮੰਤਰੀ ਹੁੰਦਾ, ਅਸੀਂ ਛੇਤੀ ਸਫਲ ਹੋ ਜਾਂਦੇ। ਬਰਨਾਲਾ ਨਰਮ ਆਦਮੀ ਸੀ, ਦਬਾਅ ਅੱਗੇ ਝੁਕ ਜਾਂਦਾ। ਕੈਪਟਨ ਸਖਤ ਜਾਨ ਸੀ। ਮੈਨੂੰ ਯਾਦ ਹੈ, ਜਦੋਂ ਭਿੰਡਰਾਂਵਾਲੇ ਦਾ ਪਿਤਾ ਅੰਮ੍ਰਿਤ ਛਕਾਉਂਦਾ ਪੰਜਾਬ ਦਾ ਟੂਰ ਕਰ ਰਿਹਾ ਸੀ ਤੇ ਸਿੱਖੀ ਵਿਚ ਪਰਪੱਕ ਰਹਿਣ ਦੇ ਉਪਦੇਸ਼ ਦੇ ਰਿਹਾ ਸੀ, ਇਹ ਚਿੰਤਾਜਨਕ ਸੀ। ਚੀਫ ਸੈਕਟਰੀ ਵੈਸ਼ਨਵ ਨੂੰ ਅਤੇ ਮੈਨੂੰ ਲੈ ਕੇ ਕੈਪਟਨ ਬਰਨਾਲੇ ਕੋਲ ਗਿਆ ਤੇ ਕਿਹਾ-ਇਸ ਬੁੱਢੇ ਨੂੰ ਗ੍ਰਿਫਤਾਰ ਕਰੋ। ਪਹਿਲੋਂ ਬਰਨਾਲਾ ਹਿਚਕਚਾਇਆ, ਫਿਰ ਹਾਂ ਕਰ ਦਿੱਤੀ।

ਮੈਂ ਅਤੇ ਕੈਪਟਨ ਬੈਠ ਕੇ ਗ੍ਰਿਫਤਾਰੀ ਦੀ ਸਕੀਮ ਬਣਾਉਣ ਲੱਗੇ। ਘੰਟੇ ਕੁ ਬਾਅਦ ਸੁਨੇਹਾ ਮਿਲਿਆ-ਬਰਨਾਲਾ ਸਾਹਿਬ ਦਾ ਫੋਨ ਆਇਆ ਹੈ, ਸਾਡੇ ਨਾਲ ਗੱਲ ਕਰਨੀ ਹੈ। ਅਸੀਂ ਚੌਂਕ ਗਏ, ਉਹੀ ਹੋਇਆ ਜੋ ਹੋਣਾ ਸੀ, ਉਹ ਬਦਲ ਗਿਆ; ਕਿਹਾ-ਨਹੀਂ, ਅਜਿਹਾ ਕਰਨ ਨਾਲ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜੇਗੀ। ਦਰਅਸਲ ਇਸ ਵੱਡੇ ਭਿੰਡਰਾਂਵਾਲੇ ਦਾ ਮਕਸਦ ਧਾਰਮਿਕ ਘੱਟ, ਸਿਆਸੀ ਵਧੀਕ ਸੀ।

ਗਵਰਨਰ ਦੀ ਇੱਛਾ ਸੀ ਕਿ ਲੋਕਾਂ ਨੂੰ ਦਿੱਸਣਾ ਚਾਹੀਦੈ, ਗਵਰਨਰੀ ਰਾਜ ਬਰਨਾਲਾ ਸਰਕਾਰ ਨਾਲੋਂ ਵਧੀਆ ਹੈ। ਸੜਕਾਂ ਉਪਰ ਥਾਂ-ਥਾਂ ਚੈਕ ਪੋਸਟਾਂ ਸਨ ਜੋ ਆਉਂਦੇ-ਜਾਂਦੇ ਰਾਹੀਆਂ ਨੂੰ ਰੋਕ ਕੇ ਤਲਾਸ਼ੀ ਲੈ ਕੇ ਜ਼ਲੀਲ ਕਰਦੀਆਂ। ਬਹੁਤੀਆਂ ਹਟਾ ਦਿੱਤੀਆਂ। ਜਲੰਧਰ ਮੈਂ ਕੁੱਝ ਪਤਵੰਤੇ ਸਿੱਖਾਂ ਵਿਚਕਾਰ ਬੈਠਾ ਸਾਂ। ਤਕੜੇ ਜ਼ਿਮੀਦਾਰਾਂ ਅਤੇ ਵਪਾਰੀਆਂ ਦੀ ਮੀਟਿੰਗ ਸੀ। ਸਾਰੇ ਸਾਬਤ ਸੂਰਤ ਸਨ, ਇਕ ਮੋਨਾ ਸੀ। ਇਹ ਮੋਨਾ, ਮੇਰੇ ਮੇਜ਼ਬਾਨ ਜੱਟ ਸਿੱਖ ਦਾ ਭਰਾ ਸੀ। ਮੇਜ਼ਬਾਨ ਨੇ ਸ਼ਿਕਾਇਤ ਕੀਤੀ ਕਿ ਚੰਡੀਗੜ੍ਹ ਤੋਂ ਜਲੰਧਰ ਆਉਂਦਿਆਂ ਦਰਜਨਾਂ ਥਾਂਵਾਂ 'ਤੇ ਨਿਰੰਤਰ ਮੇਰੀ ਤਲਾਸ਼ੀ ਲਈ ਗਈ, ਪਰ ਮੇਰੇ ਮੋਨੇ ਭਰਾ ਨੂੰ ਕਿਸੇ ਨੇ ਦੇਖਿਆ ਤੱਕ ਨਹੀਂ। ਮੈਂ ਜੁਆਨਾਂ ਨੂੰ ਥਾਂ-ਥਾਂ ਇਹ ਕਹਾਣੀ ਸੁਣਾਈ। ਉਨ੍ਹਾਂ ਦੇ ਮਨਾਂ 'ਤੇ ਕਿੰਨਾ ਕੁ ਅਸਰ ਹੋਇਆ, ਪਤਾ ਨਹੀਂ; ਨਫਰਤ ਮਿਟਾਉਣੀ ਬਹੁਤ ਔਖੀ ਹੈ, ਕਿਉਂਕਿ ਇਸ ਦਾ ਆਧਾਰ ਅਕਲ, ਬੁੱਧੀ ਨਹੀਂ; ਜਜ਼ਬਾ ਹੈ।

ਚੈਕ ਪੋਸਟਾਂ ਹਟਾਏ ਜਾਣ ਤੋਂ ਰੇਅ ਖੁਸ਼ ਸੀ। ਬੇਕਸੂਰ ਮੁੰਡਿਆਂ ਦੀਆਂ ਰਿਹਾਈਆਂ ਦਾ ਸਿਲਸਿਲਾ ਤੇਜ਼ ਕਰ ਦਿੱਤਾ। ਉਸ ਦੀ ਇੱਛਾ ਸੀ, ਕੁੱਝ ਸਾਬਕ ਵਜ਼ੀਰ ਸਲਾਖਾਂ ਪਿੱਛੇ ਕਰ ਦਿੱਤੇ ਜਾਣ। ਦੋ ਸ਼ੱਕੀਆਂ ਨੂੰ ਪੁਰਾਣੇ ਗਲਤ ਕੰਮਾਂ ਕਾਰਨ ਫੜ ਲਿਆ। ਪਟਿਆਲੇ ਦਾ ਐਸ.ਐਸ.ਪੀ. ਗੁਰਇਕਬਾਲ ਸਿੰਘ ਭੁੱਲਰ, ਚੰਦੂਮਾਜਰਾ ਨੂੰ ਕੁੜਿੱਕੀ ਵਿਚ ਫਸਾ ਕੇ ਬੜਾ ਖੁਸ਼ ਹੋਇਆ। ਚੰਦੂਮਾਜਰਾ ਉਸ ਨੂੰ ਚੰਗਾ ਨਹੀਂ ਲਗਦਾ ਸੀ, ਪਰ ਸਾਡੀ ਪਾਲਿਸੀ ਕਿਸੇ ਸਾਬਕਾ ਮੰਤਰੀ ਦੀ ਹੱਤਕ ਕਰਨੀ ਨਹੀਂ ਸੀ। ਮੈਨੂੰ ਸ਼ੱਕ ਹੈ ਕਿ ਭੁੱਲਰ ਨੇ ਇਹ ਪ੍ਰਭਾਵ ਦਿੱਤਾ ਕਿ ਚੰਦੂਮਾਜਰਾ ਨੂੰ ਮੈਂ ਫਸਾਇਆ ਹੈ। ਬਰਨਾਲਾ ਸਾਹਿਬ ਤੋਂ ਪਤਾ ਲੱਗਾ ਕਿ ਭੁੱਲਰ ਨੇ ਉਸ ਨੂੰ ਅਕਾਰਨ ਜ਼ਲੀਲ ਕੀਤਾ ਹੈ ਤਾਂ ਮੈਂ ਭੁੱਲਰ ਦੀ ਖਿਚਾਈ ਕੀਤੀ।

ਦੂਜਾ ਗ੍ਰਿਫਤਾਰ ਕੀਤਾ ਗਿਆ ਵਜ਼ੀਰ ਗੁਰਦਾਸਪੁਰ ਜ਼ਿਲੇ ਦਾ ਸੀ। ਉਸ ਦਾ ਅਕਸ ਸਹੀ ਨਹੀਂ ਸੀ। ਖਾੜਕੂਆਂ ਨਾਲ ਉਸ ਦੇ ਸਬੰਧ ਹੋਣ ਦਾ ਸ਼ੱਕ ਸੀ। ਮੈਨੂੰ ਪਤਾ ਸੀ, ਬਹੁਤੇ ਲੀਡਰ ਆਪਣੀ ਸੁਰੱਖਿਆ ਵਾਸਤੇ ਖਾੜਕੂਆਂ ਨਾਲ ਬਣਾ ਕੇ ਰੱਖਦੇ ਸਨ। ਕੁੱਝ ਪੁਲਸੀਏ ਇਸੇ ਕਾਰਨਵੱਸ ਖਾੜਕੂਆਂ ਨਾਲ ਘੁਲੇ-ਮਿਲੇ। ਜਦੋਂ ਮੈਂ ਪੰਜਾਬੋਂ ਜਾਣ ਲੱਗਾ, ਦੋ ਸਾਲ ਬਾਅਦ ਇਹ ਮੰਤਰੀ ਮੈਨੂੰ ਮਿਲਿਆ ਤੇ ਕਿਹਾ-ਸਮਾਂ ਲੰਘਣ ਨਾਲ ਪ੍ਰਤੀਤ ਹੋਇਆ ਹੈ ਤੁਸੀਂ ਬੁਰੇ ਆਦਮੀ ਨਹੀਂ।

ਜਦੋਂ ਰਾਜੀਵ ਗਾਂਧੀ ਨੇ ਮੈਨੂੰ ਆਪਣੀ ਸੁਰੱਖਿਆ ਵੱਲ ਧਿਆਨ ਦੇਣ ਲਈ ਕਿਹਾ ਤਾਂ ਮੇਰੇ ਦਿਮਾਗ ਵਿਚ ਅਵਿੰਦਰ ਸਿੰਘ ਬਰਾੜ ਆਇਆ। ਮੈਂ ਰਾਜੀਵ ਗਾਂਧੀ ਤੋਂ ਉਸ ਦੇ ਹੁਕਮ ਪੰਜਾਬ ਦੇ ਕਰਵਾ ਲਏ, ਨਾਲੇ ਉਸ ਦੀ ਪਤਨੀ ਦੇ। ਇਹੋ ਜਿਹੇ ਸ਼ਾਨਦਾਰ ਅਫਸਰ ਘੱਟ ਹਨ। ਉਸ ਨੇ ਮੈਨੂੰ ਕਦੀ ਨਹੀਂ ਕਿਹਾ ਕਿ ਫਲਾਣੀ ਥਾਂ ਨਹੀਂ ਜਾਣਾ, ਉਸ ਨੂੰ ਬੱਸ ਅਗਾਊਂ ਪਤਾ ਹੋਣਾ ਚਾਹੀਦਾ ਸੀ, ਮੈਂ ਜਾਣਾ ਕਿੱਥੇ ਹੈ।

ਇਕ ਸਾਲ ਤਨਦੇਹੀ ਨਾਲ ਉਸ ਨੇ ਮੇਰੀ ਹਿਫਾਜ਼ਤ ਕੀਤੀ। ਇਕ ਦਿਨ ਕਹਿਣ ਲੱਗਾ-ਇਹ ਥਕਾਊ ਕੰਮ ਕਰਦਿਆਂ ਸਾਲ ਬੀਤ ਗਿਐ। ਪਟਿਆਲੇ ਐਸ.ਐਸ.ਪੀ ਦੀ ਥਾਂ ਖਾਲੀ ਹੋ ਰਹੀ ਹੈ, ਜੇ ਉਥੇ ਭੇਜ ਦਿਉ! ਮੈਨੂੰ ਪਤਾ ਸੀ ਹੋਣਹਾਰ ਆਈ.ਪੀ.ਐਸ. ਦਾ ਕੰਮ ਕੇਵਲ ਮੇਰੀ ਸਕਿਉਰਿਟੀ ਦਾ ਨਹੀਂ ਹੈ, ਤੇ ਇਕ ਸਾਲ ਬਹੁਤ ਹੋ ਗਿਆ। ਮੈਂ ਉਸ ਦੀ ਬਦਲੀ ਪਟਿਆਲੇ ਕਰ ਦਿੱਤੀ। ਉਹ ਮੈਨੂੰ ਲਗਾਤਾਰ ਹਦਾਇਤਾਂ ਦਿੰਦਾ ਰਹਿੰਦਾ-ਇਕੋ ਰਸਤੇ ਜਾਣ ਦਾ ਰੁਟੀਨ ਨਹੀਂ ਬਣਾਉਣਾ, ਹਰ ਐਤਵਾਰ ਇਕੋ ਗਿਰਜੇ ਵਿਚ ਨਹੀਂ ਜਾਣਾ। ਥਾਂਵਾਂ ਨਿਰੰਤਰ ਬਦਲਦੇ ਰਹੋ।

ਅਵਿੰਦਰ ਨੇ ਇਕ ਦਿਨ ਮੈਨੂੰ ਦੱਸਿਆ ਕਿ ਆਪਣੀ ਲਿਸਟ ਵਿਚ ਦਰਜ ਫਲਾਣਾ ਖਾੜਕੂ ਮੈਂ ਫੜ ਲਿਆ, ਤੇ ਖੁਦ ਇੰਟੈਰੋਗੇਸ਼ਨ ਕੀਤੀ। ਮੈਨੂੰ ਯਕੀਨ ਹੋ ਗਿਐ, ਇਹ ਮੁੰਡਾ ਖਾੜਕੂ ਨਹੀਂ; ਨਾ ਉਨ੍ਹਾਂ ਵਿਚ ਰਲੇਗਾ। ਮੈਂ ਉਸ ਨੂੰ ਛੱਡ ਦਿੱਤਾ।

### ਇਸ ਲਿਖਤ ਦਾ ਮਤਲਬ...

ਰਿਬੇਰੋ ਦੀ ਜੀਵਨੀ ਦੇ ਹਿੱਸੇ ਛਪਣ ਸਾਰ ਪੰਜਾਬੀ ਪਾਠਕਾਂ ਵਿਚ ਮਜ਼ਬੂਤ ਹਲਚਲ ਹੋਈ। ਵਧੀਕ ਪਾਠਕਾਂ ਨੇ ਚਾਹਿਆ ਹੈ ਸਾਰੀ ਕਿਤਾਬ ਦਾ ਪੰਜਾਬੀ ਵਿਚ ਅਨੁਵਾਦ ਹੋਵੇ। ਕੁੱਝ ਪਾਠਕਾਂ ਨੇ ਮੈਨੂੰ ਸਵਾਲ ਕੀਤਾ- ਇਸ ਲਿਖਤ ਨੂੰ ਅਨੁਵਾਦ ਕਰਨ ਪਿੱਛੇ ਤੁਹਾਡਾ ਕੀ ਮਨੋਰਥ ਹੈ? ਮੇਰਾ ਉਤਰ ਸੀ- ਨਾ ਕਿਸੇ ਦਾ ਦਿਲ ਦੁਖਾਣ ਲਈ ਅਨੁਵਾਦ ਕੀਤਾ, ਨਾ ਕਿਸੇ ਨੂੰ ਖੁਸ਼ ਕਰਨ ਲਈ। ਵਾਈਕਿੰਗ ਨੇ ਇਹ ਕਿਤਾਬ 1998 ਵਿਚ ਛਾਪੀ ਸੀ, ਯਾਨਿ 15 ਸਾਲ ਪਹਿਲਾਂ; ਉਦੋਂ ਇਸ ਕਿਤਾਬ ਬਾਰੇ ਗੱਲ ਕਰਨ ਦਾ, ਗੱਲ ਸੁਣਨ ਦਾ ਮਾਹੌਲ ਨਹੀਂ ਸੀ। ਹੁਣ ਗਰਦ-ਗੁਬਾਰ ਹੇਠਾਂ ਬੈਠ ਗਿਆ ਹੈ, ਹੁਣ ਆਪਾ-ਚੀਨਣ, ਵਿਸ਼ਲੇਸ਼ਣ ਕਰਨ ਦੀ ਘੜੀ ਆ ਗਈ ਹੈ। ਕਥਾ ਕਰਦਿਆਂ, ਵਿਖਿਆਨ ਕਰਦਿਆਂ ਸਿੱਖ ਕਥਾਕਾਰ ਕਾਜ਼ੀ ਨੂਰ ਮੁਹੰਮਦ ਦਾ ਅਕਸਰ ਜ਼ਿਕਰ ਕਰਦੇ ਹਨ। ਸ਼ਾਇਰ ਕਾਜ਼ੀ ਨੂਰ ਮੁਹੰਮਦ ਅਹਿਮਦਸ਼ਾਹ ਅਬਦਾਲੀ ਦਾ ਸਕੱਤਰ ਸੀ। ਭਾਰਤ ਉਪਰ ਹਮਲੇ ਦੌਰਾਨ ਉਹ ਅਬਦਾਲੀ ਨਾਲ ਆਉਣ ਵਾਸਤੇ ਤਿਆਰ ਨਹੀਂ ਸੀ, ਅਬਦਾਲੀ ਨੇ ਅਪਣੀ ਸੂਰਮਗਤੀ ਉਪਰ ਜੰਗਨਾਮਾ ਲਿਖਵਾਉਣਾ ਸੀ, ਉਸ ਨੂੰ ਇਹ ਕਹਿ ਕੇ ਮਨਾਇਆ ਗਿਆ ਕਿ ਵਾਪਸੀ ਵਕਤ ਤੁਹਾਨੂੰ ਕਾਬਲ ਦਾ ਜੱਜ (ਕਾਜ਼ੀ) ਨਿਯੁਕਤ ਕਰਾਂਗੇ। ਅਜਿਹਾ ਕੀਤਾ ਗਿਆ, ਤਾਂ ਹੀ ਉਸ ਦੇ ਨਾਮ ਨਾਲ ਕਾਜ਼ੀ ਖਿਤਾਬ ਲਗਦਾ ਹੈ। ਨੂਰ ਮੁਹੰਮਦ ਦਾ ਹਵਾਲਾ ਇਸ ਕਰ ਕੇ ਦਿੱਤਾ ਜਾਂਦਾ ਹੈ ਕਿ ਉਹ ਦੁਸ਼ਮਣ ਹੁੰਦਾ ਹੋਇਆ ਵੀ ਕਈ ਕੁੱਝ ਸੁਹਣਾ ਲਿਖ ਗਿਆ। ਰਿਬੇਰੋ ਭਾਰਤੀ ਸਟੇਟ ਦਾ ਕਾਰਿੰਦਾ ਹੈ ਜਿਸ ਨੇ ਦਿੱਤੀ ਗਈ ਜ਼ਿੰਮੇਵਾਰੀ ਨਿਭਾਉਣੀ ਹੈ। ਅਸੀਂ ਦੇਖਣਾ ਹੈ ਕਿ ਜ਼ਿੰਮੇਵਾਰੀ ਨਿਭਾਉਂਦਿਆਂ ਉਹ ਮਾਨਵੀ ਕਦਰਾਂ-ਕੀਮਤਾਂ ਦਾ ਕੁੱਝ ਧਿਆਨ ਰੱਖਦਾ ਹੈ ਕਿ ਤਬਾਹੀ ਦਾ ਸੁਹਾਗਾ ਫੇਰੀ ਜਾਂਦਾ ਹੈ। ਫਿਰ ਅਸੀਂ ਮੁਕਾਬਲਾ ਵੀ ਕਰਨਾ ਹੈ, ਮੁਕਾਬਲਾ ਲੈਫਟੀਨੈਂਟ ਜਨਰਲ ਕੁਲਦੀਪ ਸਿੰਘ ਬਰਾੜ ਅਤੇ ਪੁਲਿਸ ਚੀਫ ਕੇ.ਪੀ.ਐਸ. ਗਿੱਲ ਨਾਲ ਹੋਵੇਗਾ। 'ਬੁੱਲਟ ਫਾਰ ਬੁੱਲਟ' ਕਿਤਾਬ ਦੇ ਸਮਾਨੰਤਰ ਬਰਾੜ ਦੀ 'ਅਪਰੇਸ਼ਨ ਬਲੂ ਸਟਾਰ' ਅਤੇ ਗਿੱਲ ਦੀ 'ਨਾਈਟਸ ਆਫ ਫਾਲਸਹੁੱਡ' ਦਾ ਅਧਿਐਨ ਕਰਨਾ ਜ਼ਰੂਰੀ ਹੈ।



ਹਰਪਾਲ ਸਿੰਘ ਪੰਨੂ

ਬੇਸ਼ਕ ਰਿਹਾਈ ਪਹਿਲਾਂ ਕਰ ਦਿੱਤੀ, ਦੱਸਿਆ ਮੈਨੂੰ ਬਾਅਦ ਵਿਚ; ਤਾਂ ਵੀ ਉਸ ਨੇ ਆਪਣੀ ਜ਼ਿੰਮੇਵਾਰੀ ਤਾਂ ਨਿਭਾਈ। ਮੈਨੂੰ ਉਸ ਦੀ ਜੱਜਮੈਂਟ ਉਤੇ ਪੂਰਾ ਭਰੋਸਾ ਸੀ। ਉਸ ਦੇ ਕਹਿਣ 'ਤੇ ਮੈਂ ਲਿਸਟ ਵਿਚੋਂ ਮੁੰਡੇ ਦਾ ਨਾਮ ਕੱਟ ਦਿੱਤਾ।

**ਪੰਨਾ 326:** ਮੈਂ ਜਲੰਧਰ ਖੇਡ ਸਮਾਰੋਹ ਵਿਚ ਬੈਠਾ ਸਾਂ। ਅਵਿੰਦਰ ਪਟਿਆਲੇ ਤੋਂ ਕੋਈ ਖਬਰ ਲਿਆਇਆ ਸੀ। ਉਸ ਨੇ ਮੈਨੂੰ ਦੱਸਿਆ ਕਿ ਕਾਲੇ ਟਰੈਕ ਸੂਟ ਪਹਿਨ ਕੇ ਖਿਡਾਰੀਆਂ ਦੇ ਲਿਬਾਸ ਵਿਚ ਕੁਝ ਖਾੜਕੂ ਮੈਨੂੰ ਮਾਰਨ ਦੀ ਨੀਤ ਨਾਲ ਪਟਿਆਲੇ ਮੋਤੀ ਬਾਗ ਵਿਚ ਆਉਂਦੇ ਹਨ। ਉਨ੍ਹਾਂ ਨੂੰ ਮੇਰੇ ਜੌਗਿੰਗ ਦੇ ਸ਼ੌਕ ਦਾ ਪਤਾ ਹੈ। ਉਸ ਨੇ ਕਿਹਾ ਕਿ ਸੂਚਨਾ ਸਹੀ ਹੈ, ਇਸ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਮੇਰੀ ਹੈਰਾਨੀ ਦੇਖੋ, ਅਗਲੇ ਦਿਨ ਜਦੋਂ ਮੈਂ ਜਲੰਧਰੋਂ ਚੰਡੀਗੜ੍ਹ ਜਾ ਰਿਹਾ ਸਾਂ, ਵਰਦੀਧਾਰੀ ਪੁਲਸੀਆਂ ਨੇ ਮੇਰੀ ਗੱਡੀ ਰੋਕੀ, ਮੈਨੂੰ ਦੱਸਿਆ ਕਿ ਅੱਜ ਸਵੇਰ ਸਾਰ ਖਾੜਕੂਆਂ ਨੇ ਮੋਤੀ ਬਾਗ ਵਿਚ ਅਵਿੰਦਰ ਸਿੰਘ ਦੀ ਹੱਤਿਆ ਕਰ ਦਿੱਤੀ। ਚੰਡੀਗੜ੍ਹ ਜਾਣ ਦੀ ਥਾਂ ਆਪਣੀ ਪਤਨੀ ਸਣੇ ਮੈਂ ਪਟਿਆਲੇ ਦਾ ਰੁਖ ਕੀਤਾ। ਦੋਵਾਂ ਦੀਆਂ ਅੱਖਾਂ ਹੰਝੂਆਂ ਨਾਲ ਭਰੀਆਂ ਹੋਈਆਂ। ਕੇਵਲ ਬਿਹਤਰੀਨ ਅਫਸਰ ਨਹੀਂ, ਉਹ ਤਾਂ ਮੇਰੇ ਪਰਿਵਾਰ ਦਾ ਮੈਂਬਰ ਬਣ ਗਿਆ ਸੀ। ਮੈਨੂੰ ਲੱਗਾ, ਮੇਰਾ ਪੁੱਤਰ ਕਤਲ ਹੋ ਗਿਆ। ਪੁਲਿਸ ਨੇ ਪੰਜਾਬ ਦੇ ਹਾਲਾਤ 'ਤੇ ਲਗਭਗ ਕਾਬੂ ਪਾ ਲਿਆ ਸੀ, ਅੰਮ੍ਰਿਤਸਰ ਦੇ ਬਾਜ਼ਾਰਾਂ ਵਿਚ ਰੌਣਕਾਂ ਪਰਤ ਆਈਆਂ ਸਨ, ਵਾਰਦਾਤਾਂ ਬਹੁਤ ਘਟ ਗਈਆਂ ਸਨ। ਅਵਿੰਦਰ ਦੇ ਕਤਲ ਨੇ ਪੁਲਿਸ ਅਫਸਰਾਂ ਵਿਚ ਤਰਥੱਲੀ ਮਚਾ ਦਿੱਤੀ। ਕਈ ਤਾਂ ਇਸ ਤਰ੍ਹਾਂ ਦੀਆਂ ਗੱਲਾਂ ਵੀ ਕਰਨ ਲੱਗੇ ਕਿ ਜੇ ਉਹ ਮਾਰੇ ਗਏ, ਪਿਛੋਂ ਬੱਚਿਆਂ ਤੇ ਵਿਧਵਾ ਦਾ ਕੀ ਬਣੇਗਾ? ਇਸ ਘਟਨਾ ਬਾਅਦ ਖਾੜਕੂ ਕਾਰਵਾਈਆਂ ਜ਼ੋਰ ਫੜਦੀਆਂ ਗਈਆਂ ਤੇ ਪੁਲਿਸ ਐਕਸ਼ਨ ਘਟ ਗਏ। ਕਈ ਪੁਲਿਸ ਅਫਸਰ ਇਸ ਬਹਾਨੇ ਸ਼ਰੇਆਮ ਰਿਸ਼ਵਤ ਲੈਣ ਲੱਗੇ ਕਿ ਜੇ ਅਸੀਂ ਮਰ ਗਏ ਤਾਂ ਸਾਡੇ ਬੱਚਿਆਂ ਦਾ ਕੀ ਬਣੇਗਾ?

ਅਵਿੰਦਰ ਐਨ.ਆਈ.ਐਸ. ਵਿਚ ਜੌਗਿੰਗ ਕਰਦਾ ਜਦੋਂ ਗੋਲੀਆਂ ਦਾ ਸ਼ਿਕਾਰ ਹੋਇਆ, ਉਸ ਨਾਲ ਐਸ.ਪੀ. ਕੇ.ਆਰ.ਐਸ. ਗਿੱਲ ਵੀ ਕਤਲ ਹੋਇਆ। ਏ.ਐਸ.ਪੀ. ਚਟੋਪਾਧਿਆਏ ਨੇ ਵੀ ਉਨ੍ਹਾਂ ਨਾਲ ਹੋਣਾ ਸੀ, ਸਬੱਬੀਂ ਬਰਾੜ ਨੇ ਉਸ ਦੀ ਡਿਊਟੀ ਉਸ ਸਵੇਰ ਪਰੇਡ ਅਟੈਂਡ ਕਰਨ ਦੀ ਲਾ ਦਿੱਤੀ। ਅਵਿੰਦਰ ਦੀ ਪਤਨੀ ਸੁੱਖੀ ਵੀ ਜੌਗਿੰਗ ਕਰਨ ਉਸ ਨਾਲ ਜਾਇਆ ਕਰਦੀ ਸੀ, ਉਸ ਦਿਨ ਕਹਿੰਦੀ, ਕੁੱਝ ਥਕਾਵਟ ਹੈ; ਨਹੀਂ ਗਈ।

ਅਵਿੰਦਰ ਨੂੰ ਜਦੋਂ ਸੂਚਨਾ ਮਿਲ ਗਈ ਸੀ, ਟਰੈਕ ਸੂਟ ਪਹਿਨੀ ਖਾੜਕੂ ਮੋਤੀ ਬਾਗ ਵਿਚ ਆਉਂਦੇ ਹਨ, ਤਾਂ ਉਹ ਸੂਚਨਾ ਥੋੜ੍ਹੀ ਸੀ, ਇਹ ਤਾਂ ਵਾਰਨਿੰਗ ਸੀ ਕਿ ਬਚ ਕੇ ਰਹੋ। ਵਾਰਨਿੰਗ ਨਜ਼ਰਅੰਦਾਜ਼ ਕਰ ਕੇ ਉਸ ਨੇ ਉਹੀ ਕੰਮ ਕੀਤਾ ਜਿਸ ਤੋਂ ਮੈਨੂੰ ਵਰਜਦਾ ਸੀ। ਖਾੜਕੂਆਂ ਨੇ ਉਸ ਦਾ ਇਕੋ ਰੂਟ ਤਾੜ ਲਿਆ ਸੀ।

'ਟਾਈਮਜ਼ ਆਫ ਇੰਡੀਆ' ਵਿਚ ਚੰਦਰ ਮੋਹਨ ਨੇ 16-12-1987 ਨੂੰ ਲਿਖਿਆ: ਰਿਸ਼ਤੇਦਾਰਾਂ, ਮਜ਼ਦੂਰਾਂ, ਪੇਂਡੂਆਂ, ਸਦਮਾ-ਗ੍ਰਸਤ ਪੁਲਿਸ ਕਰਮੀਆਂ, ਦੋਸਤਾਂ, ਪ੍ਰਸ਼ੰਸਕਾਂ ਨੇ ਨਿਡਰ ਆਦਮੀ ਪੰਜਾਬ ਪੁਲਿਸ ਮੁਖੀ ਜੂਲੀਓ ਫਰਾਂਸਿਸ ਰਿਬੇਰੋ ਨੂੰ ਸੋਗ ਸਭਾ ਸਾਹਮਣੇ ਰੁਦਨ ਕਰਦੇ ਸੁੰਨ ਖੜ੍ਹਾ ਦੇਖਿਆ। ਅੱਜ ਉਹ ਆਪਣੇ ਬੁਲੰਦ ਆਪੇ ਵਿਚ ਨਹੀਂ ਸੀ। ਉਸ ਨੇ ਇਕ ਲਫਜ਼ ਨਹੀਂ ਕਿਹਾ। ਅਵਿੰਦਰ ਉਸ ਦੇ ਖਾਸ ਜੁਆਨਾਂ ਵਿਚੋਂ ਸੀ। ਛੇ ਮਹੀਨੇ ਪਹਿਲਾਂ ਉਹ ਚੀਫ ਦਾ ਨਿੱਜੀ ਸੁਰੱਖਿਆ ਅਫਸਰ ਸੀ, ਚੜ੍ਹਦੇ ਤੋਂ ਲਹਿੰਦੇ ਤੱਕ ਪ੍ਰਛਾਵੇਂ ਵਾਂਗ ਉਸ ਦੇ ਨਾਲ ਰਹਿੰਦਾ। ਰਿਬੇਰੋ ਦਾ ਉਸ ਵਿਚ ਇੰਨਾ ਭਰੋਸਾ ਕਿ 32 ਸਾਲ ਦੀ ਉਮਰੇ ਐਸ.ਐਸ.ਪੀ. ਲਾ ਦਿੱਤਾ। ਰਿਬੇਰੋ ਦੇ ਨਿੱਜੀ ਨੈਟਵਰਕ 'ਚ ਵੱਡਾ ਮੋਘਾ ਹੋ ਗਿਆ ਹੈ।

ਅਵਿੰਦਰ ਸਿੰਘ ਬਰਾੜ ਨੂੰ 1988 ਦੇ ਗਣਤੰਤਰ ਦਿਵਸ ਮੌਕੇ ਮਰਨ ਉਪਰੰਤ ਪਦਮਸ੍ਰੀ ਦਿੱਤਾ ਗਿਆ। ਉਸ ਦੀ ਵਿਧਵਾ ਨੂੰ ਇਨਾਮ ਲਿਜਾਣ ਵਾਸਤੇ ਸੱਦਾ ਪੱਤਰ ਮਿਲਿਆ ਜਿਸ ਵਿਚ ਲਿਖਿਆ ਸੀ ਕਿ ਉਹ ਆਪਣੇ ਨਾਲ ਰਾਸ਼ਟਰਪਤੀ ਭਵਨ ਵਿਚ ਦੋ ਹੋਰ ਮਨਚਾਹੇ ਬੰਦਿਆਂ ਨੂੰ ਲੈ ਕੇ ਆ ਸਕਦੀ ਹੈ। ਉਸ ਨੇ ਸਾਰੇ ਸਕੇ-ਸਬੰਧੀ ਨਜ਼ਰਅੰਦਾਜ਼ ਕਰ ਕੇ ਮੈਨੂੰ ਅਤੇ ਮੇਰੀ ਪਤਨੀ ਨੂੰ ਸੱਦਾ ਦਿੱਤਾ। ਉਸ ਦੇ ਸੱਦੇ ਨੇ ਦਿਲ ਛੁਹਿਆ।

ਇਸ ਰਸਮ ਤੋਂ ਬਾਅਦ ਸੁੱਖੀ ਨੇ ਪੰਜਾਬ ਵੱਲ ਚਾਲੇ ਪਾ ਦਿੱਤੇ; ਅਸੀਂ ਬੰਬੇ ਚਲੇ ਗਏ ਜਿਥੇ ਜਸਲੋਕ ਹਸਪਤਾਲ ਵਿਚ ਮੇਰਾ ਪ੍ਰਾਸਟੇਟ ਗਲੈਂਡ ਦਾ ਆਪ੍ਰੇਸ਼ਨ ਹੋਣਾ ਸੀ। ਮੇਰਾ ਦੌਰਾ ਪੂਰੀ ਤਰ੍ਹਾਂ ਗੁਪਤ ਸੀ। ਥੋੜ੍ਹੇ ਦਿਨ ਤਾਂ ਪਤਾ ਨਾ ਲੱਗਾ, ਪਰ ਮੇਰੀ ਗੈਰਹਾਜ਼ਰੀ ਬਾਰੇ ਘੁਸਰ-ਮੁਸਰ ਹੋਣ ਲੱਗੀ, ਲੋਕ ਸਵਾਲ ਪੁੱਛਣ ਲੱਗੇ। ਪੱਤਰਕਾਰ ਰਾਜ ਭਵਨ ਤੱਕ ਪੁੱਜ ਗਏ। ਗਵਰਨਰ ਰੇਅ ਦੱਸਣਾ ਨਹੀਂ ਚਾਹੁੰਦਾ ਸੀ, ਬੇਵੱਸ ਹੋ ਕੇ ਦੱਸਣਾ ਪਿਆ। ਅਪ੍ਰੇਸ਼ਨ ਬਾਅਦ ਮੈਂ ਆਰਾਮ ਕਰ ਰਿਹਾ ਸਾਂ ਕਿ ਰੇਅ ਨੇ ਫੋਨ 'ਤੇ ਦੱਸਿਆ-ਮੈਂ ਨਹੀਂ ਚਾਹੁੰਦਾ ਸਾਂ ਦੱਸਣਾ, ਮਜਬੂਰੀਵੱਸ ਦੱਸਣਾ ਪੈ ਗਿਆ; ਕਿਉਂਕਿ ਅਫਵਾਹਾਂ ਦਾ ਦੌਰ ਚੱਲ ਪਿਆ ਸੀ। ਮੈਨੂੰ ਰੇਅ ਨੇ ਇਹ ਵੀ ਪੁੱਛਿਆ ਕਿ ਦੋ ਸਾਲ ਸਰਵਿਸ ਵਿਚ ਹੋਰ ਵਾਧਾ ਲੈ ਚੁੱਕਾ ਹਾਂ। ਹੁਣ ਸੋਚ ਕੇ ਦੱਸਾਂਗਾ। ਮੈਂ ਇਕ ਸਾਲ ਦੇ ਹੋਰ ਵਾਧੇ ਬਾਰੇ 'ਹਾਂ' ਕਰਦਿਆਂ ਲਿਖਿਆ-ਖਾੜਕੂਆਂ ਵਿਰੁਧ ਜੰਗ ਲੰਮੀ ਹੈ, ਦੁਖਦਾਈ ਹੈ, ਕਿਸੇ ਨਾ ਕਿਸੇ ਨੂੰ ਤਾਂ ਮੈਥੋਂ ਚਾਰਜ ਲੈਣਾ ਹੀ ਪਏਗਾ। ਮੈਂ ਇਕ ਸਾਲ ਦਾ ਵਾਧਾ ਇਸ ਲਈ ਮੰਨ ਲਿਆ ਸੀ, ਤਾਂ ਕਿ ਤੁਸੀਂ ਮੇਰੀ ਥਾਂ ਹੋਰ ਯੋਗ ਚੀਫ ਲੱਭ ਸਕੋ। ਹੁਣ ਇਕ ਸਾਲ ਦਾ ਵਾਧਾ ਇਸ ਕਰ ਕੇ ਪ੍ਰਵਾਨ ਕਰ ਲਿਆ ਤਾਂ ਕਿ ਇਸ ਨਾਲ ਮੇਰਾ ਬਦਲ ਲੱਭ ਸਕੇ।

ਚੰਡੀਗੜ੍ਹ ਆ ਕੇ ਪਤਾ ਲੱਗਾ ਕਿ ਕੇ.ਪੀ.ਐਸ. ਗਿੱਲ ਨੇ ਆਪਣੇ ਹੱਕ ਵਿਚ ਲਾਬਿੰਗ ਸ਼ੁਰੂ ਕਰ ਰੱਖੀ ਹੈ, ਨਾਲੇ ਕਹਿ ਰਿਹਾ ਹੈ ਨਿਕੰਮਾ ਰਿਬੇਰੋ ਕੀ ਕਰੇਗਾ? ਮੈਂ ਇਨ੍ਹਾਂ ਗੱਲਾਂ ਵੱਲ ਧਿਆਨ ਨਾ ਦਿੱਤਾ, ਕਿਉਂਕਿ ਮੈਨੂੰ ਐਕਸਟੈਨਸ਼ਨ ਲੈਣ ਵਿਚ ਰੁਚੀ ਨਹੀਂ ਸੀ।

ਡਿਊਟੀ ਜਾਇਨ ਕਰ ਲਈ। ਰੇਅ ਨੇ ਰਾਜ ਭਵਨ ਸੱਦਿਆ, ਕਿਹਾ-ਮੈਂ ਤੁਹਾਨੂੰ ਆਪਣਾ ਸਲਾਹਕਾਰ ਲਾਉਣਾ ਹੈ। ਸਲਾਹਕਾਰ ਦਾ ਰੁਤਬਾ ਵਜ਼ੀਰ ਦਾ ਹੁੰਦਾ ਹੈ। ਤਨਖਾਹ ਨਾਲ ਵਿਸ਼ੇਸ਼ ਭੱਤਾ ਵੀ ਮਿਲਦਾ ਹੈ। ਕਿਉਂਕਿ ਸਲਾਹਕਾਰ ਕੇਵਲ ਇਕ ਹੋਵੇਗਾ, ਇਸ ਲਈ ਅੱਧੇ ਮੰਤਰਾਲੇ ਤੁਸੀਂ ਰੱਖਿਓ, ਅੱਧੇ ਮੇਰੇ ਕੋਲ ਹੋਣਗੇ। ਹੋਮ, ਸ਼ਹਿਰੀ ਵਿਕਾਸ, ਪੇਂਡੂ ਵਿਕਾਸ, ਪੀ.ਡਬਲਿਊ.ਡੀ., ਲੇਬਰ, ਟ੍ਰਾਂਸਪੋਰਟ ਸਭ ਤੁਹਾਡੇ ਹਵਾਲੇ। ਇਨ੍ਹਾਂ ਮੰਤਰਾਲਿਆਂ ਦੇ ਸਕੱਤਰ ਤੁਹਾਡੇ ਅੱਗੇ ਜਵਾਬਦੇਹ ਹੋਣਗੇ। ਮੈਂ 'ਹਾਂ' ਕਰ ਦਿੱਤੀ।

ਮੇਰੇ ਕੋਲ ਤਕਰੀਬਨ ਸੌ ਬੰਦੇ ਔਸਤਨ ਆਪਣੇ ਕੰਮਾਂ ਲਈ ਮਿਲਣ ਆਉਂਦੇ। ਸਰਕਾਰ ਟੁੱਟਣ ਕਾਰਨ ਵਜ਼ੀਰ ਰਹੇ ਨਾ, ਸਕੱਤਰ ਪਰਜਾ ਨੂੰ ਮਿਲ ਕੇ ਖੁਸ਼ ਨਹੀਂ ਹੁੰਦੇ। ਕੁੱਝ ਮੁਸ਼ਕਿਲਾਂ ਤਾਂ ਮੈਂ ਮਿੰਟਾਂ ਵਿਚ ਹੱਲ ਕਰ ਦਿੰਦਾ। ਗੁਰਦਾਸਪੁਰ ਤੋਂ ਸਰਪੰਚ ਇਕ ਮੁੰਡੇ ਨੂੰ ਲੈ ਕੇ ਆਇਆ, ਦੱਸਿਆ ਇਹ ਖਾੜਕੂਆਂ ਨਾਲ ਰਲ ਗਿਆ ਸੀ। ਇਕ ਕਤਲ ਵੀ ਕਰ ਦਿੱਤਾ। ਹੁਣ ਪਛਤਾ ਰਿਹੈ। ਖਿਮਾ ਕਰ ਦਿਉ। ਮੈਂ ਮੁੰਡੇ ਨੂੰ ਕਿਹਾ-ਜੇ ਸੱਚ ਦੱਸ ਦਏਂਗਾ ਤਾਂ ਮੁਆਫ ਕਰ ਦਿਆਂਗਾ। ਦੱਸ ਕਿੰਨੇ ਕਤਲ ਕੀਤੇ? ਮੁੰਡੇ ਨੇ ਕਿਹਾ-ਦੋ। ਮੈਂ ਉਸ ਦੀਆਂ ਅੱਖਾਂ ਵਿਚ ਪਛਤਾਵਾ ਦੇਖਿਆ। ਐਸ.ਐਸ.ਪੀ. ਨੂੰ ਫੋਨ ਕਰ ਕੇ ਕਹਿ ਦਿੱਤਾ, ਮੁੰਡੇ ਨੂੰ ਤੰਗ ਨਹੀਂ ਕਰਨਾ ਮੁੜ ਕੇ।

ਦੂਜਾ ਦੁਖਿਆਰਾ ਰਿਟਾਇਰਡ ਫੌਜੀ ਸੂਬੇਦਾਰ ਸੀ। ਉਸ ਦਾ ਮੁੰਡਾ ਖਾੜਕੂਆਂ ਨਾਲ ਰਲ ਗਿਆ। ਉਸ ਨੇ ਦੱਸਿਆ-ਦਿਨ ਦੇਖੋ ਨਾ ਰਾਤ, ਪੁਲਿਸ ਬੂਹੇ ਖੜਕਾਉਂਦੀ ਰਹਿੰਦੀ ਹੈ। ਉਸ ਨੂੰ ਤੇ ਉਸ ਦੇ ਬਾਕੀ ਪੁੱਤਰਾਂ ਨੂੰ ਘੰਟਿਆਂ ਬੱਧੀ ਠਾਣੇ ਬਿਠਾਈ ਰੱਖਦੀ ਹੈ। ਜੇ ਇਹ ਵਤੀਰਾ ਪੁਲਿਸ ਨੇ ਨਾ ਬਦਲਿਆ, ਬਾਕੀ ਮੁੰਡੇ ਵੀ ਖਾੜਕੂ ਹੋ ਜਾਣਗੇ। ਮੈਂ ਦੇਖਣ ਸਾਰ ਆਪਣੇ ਮੁੰਡੇ ਨੂੰ ਗੋਲੀ ਮਾਰ ਦਿਆਂਗਾ, ਪਰ ਪੁਲਿਸ ਜ਼ਲੀਲ ਤਾਂ ਨਾ ਕਰੇ। ਮੈਂ ਸੂਬੇਦਾਰ ਦੀ ਗੱਲ ਧਿਆਨ ਨਾਲ ਸੁਣੀ ਤੇ ਕਿਹਾ-ਆਪਣੇ ਪੁੱਤ ਨੂੰ ਗੋਲੀ ਨਾ ਮਾਰੀਂ। ਪੁਲਿਸ ਦੇ ਸਪੁਰਦ ਕਰ ਦੇਈਂ। ਐਸ. ਐਸ. ਪੀ. ਨੂੰ ਸਮਝਾ ਦਿੱਤਾ। ਮਾਮਲਾ ਨਿਬੜ ਗਿਆ।

ਡੇਢ ਸਾਲ ਮੈਂ ਸਲਾਹਕਾਰ ਰਿਹਾ, ਤਾਂ ਪਤਾ ਲੱਗਾ, ਬੇਸ਼ਕ ਮੈਂ ਕਿੰਨੀ ਨਰਮਾਈ ਨਾਲ ਪੇਸ਼ ਆਉਂਦਾ ਸਾਂ, ਲੋਕ ਵਰਦੀ ਤੋਂ ਤ੍ਰਹਿੰਦੇ ਹਨ।

*(ਚਲਦਾ)*

> ***ਮੇਰੇ ਕੋਲ ਤਕਰੀਬਨ ਸੌ ਬੰਦੇ ਔਸਤਨ ਆਪਣੇ ਕੰਮਾਂ ਲਈ ਮਿਲਣ ਆਉਂਦੇ। ਸਰਕਾਰ ਟੁੱਟਣ ਕਾਰਨ ਵਜ਼ੀਰ ਰਹੇ ਨਾ, ਸਕੱਤਰ ਪਰਜਾ ਨੂੰ ਮਿਲ ਕੇ ਖੁਸ਼ ਨਹੀਂ ਹੁੰਦੇ। ਕੁਝ ਮੁਸ਼ਕਿਲਾਂ ਤਾਂ ਮੈਂ ਮਿੰਟਾਂ ਵਿਚ ਹੱਲ ਕਰ ਦਿੰਦਾ। ਗੁਰਦਾਸਪੁਰ ਤੋਂ ਸਰਪੰਚ ਇਕ ਮੁੰਡੇ ਨੂੰ ਲੈ ਕੇ ਆਇਆ, ਦੱਸਿਆ- ਇਹ ਖਾੜਕੂਆਂ ਨਾਲ ਰਲ ਗਿਆ ਸੀ। ਇਕ ਕਤਲ ਵੀ ਕਰ ਦਿੱਤਾ। ਹੁਣ ਪਛਤਾ ਰਿਹੈ। ਖਿਮਾਂ ਕਰ ਦਿਉ। ਮੈਂ ਮੁੰਡੇ ਨੂੰ ਕਿਹਾ- ਜੇ ਸੱਚ ਦੱਸ ਦਏਂਗਾ ਤਾਂ ਮੁਆਫ ਕਰ ਦਿਆਂਗਾ। ਦੱਸ ਕਿੰਨੇ ਕਤਲ ਕੀਤੇ? ਮੁੰਡੇ ਨੇ ਕਿਹਾ- ਦੋ। ਮੈਂ ਉਸ ਦੀਆਂ ਅੱਖਾਂ ਵਿਚ ਪਛਤਾਵਾ ਦੇਖਿਆ। ਐਸ.ਐਸ.ਪੀ. ਨੂੰ ਫੋਨ ਕਰ ਕੇ ਕਹਿ ਦਿੱਤਾ, ਮੁੰਡੇ ਨੂੰ ਤੰਗ ਨਹੀਂ ਕਰਨਾ ਮੁੜ ਕੇ।***

# ਅਖੇ, ਹੁਣ ਪਾਲੀਵੁੱਡ ਬਾਲੀਵੁੱਡ ਨੂੰ ਟੱਕਰ ਦੇਣ ਲੱਗ ਪਿਐ

**ਕੀ ਮੈਂ ਝੂਠ ਬੋਲਿਐ...**



**ਸਵਰਨ ਸਿੰਘ ਟਹਿਣਾ**
*ਫੋਨ:91-98141-78883*

ਪੰਜਾਬ ਦੀ ਆਬੋ ਹਵਾ ਵਿਚ ਪਿਛਲੇ ਕੁਝ ਸਾਲਾਂ ਤੋਂ 'ਪੰਜਾਬੀ ਫਿਲਮ ਬਣਾਵਾਂਗੇ, ਪੈਸੇ ਡਬਲ ਕਮਾਵਾਂਗੇ, ਨਾਂ ਵੀ ਚਮਕਾਵਾਂਗੇ ਤੇ ਢੋਲੇ ਦੀਆਂ ਲਾਵਾਂਗੇ' ਵਾਲੀ ਗੱਲ ਪ੍ਰੋਡਿਊਸਰ ਕੂਕਾਂ ਮਾਰ-ਮਾਰ ਸੁਣਾਈ ਜਾ ਰਹੇ ਹਨ। ਸਾਫ ਏ ਕਿ ਪੰਜਾਬੀ ਫਿਲਮਾਂ ਦਾ ਦਾਇਰਾ ਕਾਫੀ ਵਧ ਗਿਆ ਏ, ਧੜਾਧੜ ਪੰਜਾਬੀ ਫਿਲਮਾਂ ਆ-ਜਾ ਰਹੀਆਂ ਨੇ, ਇਕ ਚੱਲ ਨਿਕਲਦੀ ਏ ਤਾਂ ਦਸਾਂ ਦੇ ਹੌਸਲੇ ਬੁਲੰਦ ਹੋ ਜਾਂਦੇ ਨੇ, ਦੋ ਡਿੱਗਦੀਆਂ ਨੇ ਤਾਂ ਦਸ ਚੰਗੇ ਮਾਹੌਲ ਦੀ ਉਡੀਕ ਕਰਨ ਲੱਗਦੇ ਨੇ। ਭਾਵ ਪੰਜਾਬੀ ਫਿਲਮਾਂ ਦੇ ਸਿਰਜਣਹਾਰਿਆਂ ਦਾ ਭਰੋਸਾ ਵੀ ਟੁੱਟਦਾ-ਜੁੜਦਾ ਰਹਿੰਦਾ ਏ ਤੇ ਦਰਸ਼ਕਾਂ ਦਾ ਵੀ।

ਬਹੁਤੇ ਲੇਖਕ ਪਿਛਲੇ ਕੁਝ ਸਾਲਾਂ ਤੋਂ ਬੜੇ ਵਿਸ਼ੇਸ਼ਣ ਲਾ-ਲਾ ਲਿਖ ਰਹੇ ਨੇ, 'ਪਾਲੀਵੁੱਡ ਹੋਇਆ, ਬਾਲੀਵੁੱਡ ਦੇ ਹਾਣ ਦਾ' ਜਾਂ 'ਬਾਲੀਵੁੱਡ ਵੀ ਪਾਲੀਵੁੱਡ ਵੱਲ ਮੁੜਨ ਦਾ ਇਛੁੱਕ।' ਪਰ ਇਹ ਸਭ ਲਿਖਣ ਵਾਲਿਆਂ ਦੀ ਸੋਚ ਸਿਰਫ ਦੋ-ਚਾਰ ਫਿਲਮਾਂ ਦੇ ਵਿਸ਼ਲੇਸ਼ਣ ਜਾਂ ਆਪਣੇ 'ਚਹੇਤੇ' ਨੂੰ ਖੁਸ਼ ਕਰਨ ਤੱਕ ਸੀਮਤ ਹੁੰਦੀ ਏ। ਸੋਚੋ, ਪੰਜਾਬੀ ਫਿਲਮਾਂ ਦੇ ਵਿਸ਼ੇ, ਕਲਾਕਾਰ, ਡਾਇਰੈਕਟਰ ਜਾਂ ਬਾਕੀ ਨਿੱਕ-ਸੁੱਕ ਹਿੰਦੀ ਫਿਲਮਾਂ ਦੇ ਹਾਣ ਦਾ ਹੋਣ ਦੇ ਨੇੜੇ-ਤੇੜੇ ਹੈ ਜਾਂ ਨਹੀਂ? ਕੀ ਸਿਰਫ ਦੋ ਪੰਜਾਬੀ ਫਿਲਮਾਂ ਵੱਲੋਂ ਵੀਹ-ਵੀਹ ਕਰੋੜ ਦੀ ਕਮਾਈ ਕਰਨ ਮਗਰੋਂ ਇਹ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਏ ਕਿ ਹੁਣ ਪੰਜਾਬੀ ਫਿਲਮਾਂ 'ਤੇ ਸੱਚੀਮੁੱਚੀਂ ਸੁਨਹਿਰੇ ਦਿਨ ਆ ਚੱਲੇ ਨੇ?

ਨਕਲ ਕਰਨੀ ਪੰਜਾਬੀ ਦੇ ਸੁਭਾਅ ਵਿਚ ਸ਼ਾਮਲ ਏ ਤੇ ਪਿਛਲੱਗ ਅਸੀਂ ਏਨੇ ਹਾਂ ਕਿ ਹਰ ਵਰ੍ਹੇ 'ਗਿੰਨੀਜ਼ ਬੁੱਕ' ਵਿਚ ਸਾਡਾ ਹੀ ਨਾਂ ਸ਼ਾਮਲ ਹੋ ਸਕਦਾ ਹੈ, ਉਹ ਵੀ ਬਿਨਾਂ ਮੁਕਾਬਲੇ। ਕਹਿੰਦੇ ਨੇ ਇਕ ਵਾਰ ਇਕ ਅੰਨ੍ਹੇ ਵਿਅਕਤੀ ਨੇ ਅੱਖਾਂ 'ਤੇ ਐਨਕ ਲਾਈ ਹੋਈ ਸੀ। ਵਿਚਾਰੇ ਨਾਲ ਕੁਦਰਤ ਨੇ ਧੱਕਾ ਕੀਤਾ ਸੀ ਤੇ ਉਹ ਖੱਬਿਓਂ ਸੱਜੇ, ਸੱਜਿਓਂ ਖੱਬੇ ਅੰਦਾਜ਼ੇ ਨਾਲ ਤੁਰਦਾ ਜਾ ਰਿਹਾ ਸੀ। ਕੋਲੋਂ ਲੰਘਦੇ ਪੰਜਾਬੀ ਨੇ ਸੋਚਿਆ ਕਿ ਇਹ ਹੱਥ 'ਚ ਸੋਟੀ ਫੜ ਬੜੇ ਸਟਾਈਲ ਨਾਲ ਘੁੰਮਦਾ ਫਿਰਦੈ, ਕਦੇ ਖੱਬੇ, ਕਦੇ ਸੱਜੇ, ਮਟਕ ਰਿਹੈ। ਇੰਜ ਕਰਨ ਨਾਲ ਇਹਨੂੰ ਖਾਸ ਮਜ਼ਾ ਆਉਂਦਾ ਹੋਣੈ। ਉਹ ਪੋਲੇ ਪੈਰੀਂ ਉਹਦੇ ਪਿੱਛੇ ਤੁਰ ਪਿਆ, ਅੱਖਾਂ 'ਤੇ ਐਨਕ ਲਾਈ ਤੇ ਜਿੱਧਰ ਅੰਨ੍ਹਾ ਜਾਵੇ, ਉਧਰ ਨੂੰ ਹੋ ਤੁਰੇ। ਦੋ ਪੰਜਾਬੀਆਂ ਨੇ ਆਪਣੇ ਪੰਜਾਬੀ ਭਰਾ ਨੂੰ ਇੰਜ ਕਰਦਿਆਂ ਦੇਖਿਆ ਤੇ ਉਹ ਵੀ ਉਹਦੇ ਪਿੱਛੇ ਤੁਰ ਨਕਲ ਕਰਨ ਲੱਗ ਪਏ। ਚਾਰਾਂ ਨੇ ਹੋਰ ਦੇਖਿਆ ਤਾਂ ਉਹ ਵੀ ਡਿੱਕਡੋਲੇ ਖਾਂਦੇ ਉਨ੍ਹਾਂ ਪਿੱਛੇ ਤੁਰ ਪਏ ਤੇ ਇੰਜ ਰੇਲ ਜਿੰਨੀ ਲੰਮੀ ਲਾਈਨ ਬਣ ਗਈ, ਪਰ ਕਿਸੇ ਨੇ ਇਹ ਨਾ ਸੋਚਿਆ ਕਿ ਅੰਨ੍ਹੇ ਦੀ ਤਾਂ ਮਜਬੂਰੀ ਏ, ਪਰ ਤੁਸੀਂ ਕਿਹੜੇ ਸ਼ੌਕ ਨੂੰ ਏਦਾਂ ਅਕਲ ਦੇ ਅੰਨ੍ਹੇ ਬਣ ਤੁਰੇ ਓ।

ਦਾਅਵੇ ਨਾਲ ਕਿਹਾ ਜਾ ਸਕਦੈ ਕਿ ਫਿਲਮਾਂ ਬਣਾਉਣ ਵਾਲੇ ਬਹੁਤੇ ਪ੍ਰੋਡਿਊਸਰਾਂ ਤੇ ਬਿਨਾਂ ਸੋਚੇ-ਸਮਝੇ ਐਕਟਿੰਗ ਦਾ ਝੱਸ ਪਾਲਣ ਵਾਲੇ ਗਾਇਕਾਂ ਬਨਾਮ ਨਾਇਕਾਂ ਦਾ ਹਾਲ ਵੀ ਉਨ੍ਹਾਂ ਅਕਲ ਦੇ ਅੰਨ੍ਹਿਆਂ ਵਰਗਾ ਹੀ ਏ।

ਥੋੜ੍ਹੇ ਹਫਤੇ ਪਹਿਲਾਂ 'ਜੱਟ ਐਂਡ ਜੂਲੀਅਟ-2' ਫਿਲਮ ਕਾਮਯਾਬ ਹੋ ਕੇ ਹਟੀ ਏ ਤੇ ਰੌਸ਼ਨ ਪ੍ਰਿੰਸ ਦੀ 'ਫੇਰ ਮਾਮਲਾ ਗੜਬੜ ਗੜਬੜ' ਇਸ਼ਤਿਹਾਰਬਾਜ਼ੀ ਪੱਖੋਂ ਨਵਾਂ ਕੀਰਤੀਮਾਨ ਸਥਾਪਤ ਕਰ ਗਈ ਏ। ਜੈਜ਼ੀ ਬੀ ਦੀ ਨਵੀਂ ਫਿਲਮ 'ਬੈਸਟ ਆਫ ਲੱਕ' ਹੁਣੇ-ਹੁਣੇ ਆਈ ਏ, 'ਵਿਆਹ ਸੱਤਰ ਕਿਲੋਮੀਟਰ', 'ਜੱਟ ਏਅਰਵੇਜ਼', 'ਜੱਟ ਬੁਆਏਜ਼-ਪੁੱਤ ਜੱਟਾਂ ਦੇ', 'ਮਾਈ ਸੈਲਫ ਘੈਂਟ', 'ਡੌਂਟ ਵਰੀ ਯਾਰਾ' ਤੇ ਪਤਾ ਹੀ ਨਹੀਂ ਅੰਗਰੇਜ਼ੀ ਸ਼ਬਦਾਂ ਦੇ ਘਾਲੇ-ਮਾਲੇ ਵਾਲੀਆਂ ਕਿੰਨੀਆਂ ਹੋਰ ਪੰਜਾਬੀ ਫਿਲਮਾਂ ਰਿਲੀਜ਼ ਹੋਣ ਲਈ ਤਿਆਰ ਨੇ। ਮਿਸ ਪੂਜਾ, ਸੁਰਜੀਤ ਖਾਨ, ਪ੍ਰੀਤ ਬਰਾੜ ਤੇ ਇਨ੍ਹਾਂ ਵਰਗੇ ਪਤਾ ਨਹੀਂ ਕਿੰਨੇ ਹੋਰ ਕਲਾਕਾਰਾਂ ਦਾ ਗਾਇਕੀ ਕੈਰੀਅਰ, ਨਾਇਕੀ ਦੇ ਚੱਕਰਾਂ ਵਿਚ ਪ੍ਰਭਾਵਤ ਹੋ ਗਿਆ ਹੈ, ਫੇਰ ਵੀ ਸੋਚਿਆ ਜਾ ਰਿਹੈ ਕਿ 'ਪਾਲੀਵੁੱਡ ਬਣ ਚੱਲਿਐ ਬਾਲੀਵੁੱਡ ਦੇ ਹਾਣ ਦਾ।'

ਜ਼ਰਾ ਤੁਲਨਾਤਮਕ ਅਧਿਐਨ ਕਰਕੇ ਦੇਖੋ, ਕੀ ਅਸੀਂ ਵਿਸ਼ਾ-ਵਸਤੂ ਦੇ ਪੱਖ ਤੋਂ ਬਾਲੀਵੁੱਡ ਦੇ ਪੈਰ ਵਰਗੇ ਵੀ ਹਾਂ। ਬਾਲੀਵੁੱਡ ਅਦਾਕਾਰ ਅਕਸ਼ੈ ਕੁਮਾਰ ਜੇ ਸਟੰਟ ਸੀਨ ਕਰ ਸਕਦੈ ਤਾਂ ਉਹ ਰੋਮਾਂਟਿਕ ਤੇ ਕਾਮੇਡੀ ਫਿਲਮਾਂ ਦੀ ਅਦਾਕਾਰੀ ਵਿਚ ਵੀ ਮੁਹਾਰਤ ਰੱਖਦੈ। ਪੰਜਾਬ ਵਿਚ ਕਿਹੜਾ ਐਸਾ ਕਲਾਕਾਰ ਹੈ, ਜੀਹਨੂੰ ਵੱਡੇ ਪਰਦੇ 'ਤੇ ਰੋਂਦਾ ਦੇਖ ਫਿਲਮ ਵੇਖਣ ਆਏ ਦਰਸ਼ਕਾਂ ਦੀਆਂ ਅੱਖਾਂ ਵਿਚ ਪਾਣੀ ਆ ਜਾਵੇ। ਬਾਲੀਵੁੱਡ ਵਿਚ 'ਪਾਨ ਸਿੰਘ ਤੋਮਰ' ਤੇ 'ਕਿਸਾਨ' ਵਰਗੀਆਂ ਫਿਲਮਾਂ ਵੀ ਬਣ ਜਾਂਦੀਆਂ ਨੇ, ਜਿਹਤੀਆਂ ਕਾਰੋਬਾਰ ਪੱਖੋਂ ਨਵਾਂ ਅਧਿਆਇ ਲਿਖਦੀਆਂ ਨੇ, ਪਰ ਪੰਜਾਬੀ ਵਿਚ ਬਣੀਆਂ 'ਨਾਬਰ' ਵਰਗੀਆਂ ਫਿਲਮਾਂ ਨੂੰ ਸਿਨੇਮੇ ਪਤਾ ਨਹੀਂ ਮਿਲਣੇ ਹੁੰਦੇ ਨੇ ਕਿ ਨਹੀਂ। ਮਿਲਖਾ ਸਿੰਘ ਦੇ ਜੀਵਨ 'ਤੇ ਆਧਾਰਤ ਹੁਣੇ-ਹੁਣੇ ਰਿਲੀਜ਼ ਹੋਈ ਹਿੰਦੀ ਫਿਲਮ 'ਭਾਗ ਮਿਲਖਾ ਭਾਗ' ਨੇ ਕਮਾਈ ਪੱਖੋਂ ਕਮਾਲ ਕਰ ਛੱਡੀ ਏ, ਪਰ ਕਿਸੇ ਪੰਜਾਬੀ ਪ੍ਰੋਡਿਊਸਰ, ਡਾਇਰੈਕਟਰ ਨੂੰ ਕਦੇ ਇਹ ਸਮਝ ਨਹੀਂ ਆਈ ਕਿ ਮਿਲਖਾ ਸਿੰਘ ਵਰਗੇ ਪੰਜਾਬੀ 'ਤੇ ਅਸੀਂ ਫਿਲਮ ਬਣਾ ਛੱਡੀਏ, ਕਿਉਂਕਿ ਉਹ ਜਾਣਦੇ ਨੇ ਕਿ ਉਨ੍ਹਾਂ ਕੋਲ ਫਰਹਾਨ ਅਖਤਰ ਵਰਗਾ ਕੋਈ ਅਦਾਕਾਰ ਹੈ ਹੀ ਨਹੀਂ।

ਅੱਜ ਜੇ ਹਿੰਦੀ ਫਿਲਮਾਂ ਦਾ ਦਾਇਰਾ ਵੱਡਾ ਹੈ ਤਾਂ ਉਹ ਇਸ ਉਦਯੋਗ ਨਾਲ ਜੁੜੇ ਹਰ ਵਿਅਕਤੀ ਦੀ ਵੱਡੀ ਸੋਚ ਕਰਕੇ ਵੱਡਾ ਹੈ, ਪਰ ਸਾਡੀਆਂ ਪੰਜਾਬੀ ਫਿਲਮਾਂ ਦਾ ਦਾਇਰਾ ਸਿਵਾਏ 'ਹਾ, ਹਾ, ਹਾ, ਹਾ' ਦੇ ਕੁਝ ਹੈ ਤਾਂ ਦੱਸੋ?

ਪੰਜਾਬੀ ਫਿਲਮਾਂ ਘਰੋਂ ਲੜ ਕੇ ਕਾਲਜ ਪੜ੍ਹਨ ਗਿਆਂ ਤੋਂ ਸ਼ੁਰੂ ਹੁੰਦੀਆਂ ਨੇ ਤੇ ਕਾਲਜ ਵਿਚ ਮਸਤੀ ਤੇ ਹਾਸੇ ਦੀਆਂ ਬੋਝਲ ਗੱਲਾਂ ਕਰਦਿਆਂ-ਕਰਦਿਆਂ ਅੰਤ ਮੁੰਡੇ-ਕੁੜੀ ਦੇ ਵਿਆਹ ਨਾਲ ਮੁਕੰਮਲ ਹੋ ਜਾਂਦੀਆਂ ਹਨ। ਪਿਛਲੇ ਕੁਝ ਕੁ ਸਮੇਂ ਤੋਂ ਤਾਂ ਪੰਜਾਬੀ ਦਰਸ਼ਕ ਇਹ ਵੀ ਕਹਿਣ ਲੱਗ ਗਏ ਨੇ ਕਿ ਫਿਲਮਾਂ ਵਾਲਿਆਂ ਨੇ 'ਜੱਟ' ਦੀ ਪੂਛ ਫੇਰ ਫੜ ਲਈ ਹੈ। ਪਹਿਲਾਂ 'ਜੱਟ ਤੇ ਜ਼ਮੀਨ', 'ਧੀ ਜੱਟ ਦੀ', 'ਬਦਲਾ ਜੱਟੀ ਦਾ' ਵਰਗੀਆਂ ਫਿਲਮਾਂ ਬਣਦੀਆਂ ਹੁੰਦੀਆਂ ਸਨ ਤੇ ਹੁਣ 'ਕੈਰੀ ਆਨ ਜੱਟਾ', 'ਜੱਟ ਏਅਰਵੇਜ਼', 'ਜੱਟ ਐਂਡ ਜੂਲੀਅਟ' ਵਰਗੀਆਂ। ਪਰ ਹਾਂ, ਪਹਿਲਾਂ ਜੱਟ ਮੋਢੇ 'ਤੇ ਗੰਡਾਸਾ ਰੱਖ ਸਫੈਦਿਆਂ ਦੁਆਲੇ ਘੁੰਮਦਾ ਰਹਿੰਦਾ ਸੀ ਤੇ ਅੱਜ ਵਾਲਾ ਜੱਟ ਤੇੜ ਚਾਦਰੇ ਨਾਲੋਂ ਘੁੱਟਵੀਂ ਜੀਨ ਪਾ ਕਾਲਜ ਵਿਚ ਆਸ਼ਕੀ ਕਰਦੈ। ਪਰ ਫਿਲਮਾਂ ਜ਼ਰੀਏ ਮਜ਼ਾਕ ਪਹਿਲੇ ਜੱਟਾਂ ਦਾ ਵੀ ਉਡਦਾ ਸੀ ਤੇ ਅੱਜ ਦਿਆਂ ਦਾ ਵੀ। ਉਦੋਂ ਇਨ੍ਹਾਂ ਨੂੰ ਗਾਲ੍ਹਾਂ ਕੱਢਦੇ ਦੇਖ ਮਜ਼ਾਕ ਉਡਾਈਦਾ ਸੀ ਤੇ ਹੁਣ ਇਹ ਹਾਸੇ ਦੇ ਨਾਂ 'ਤੇ ਆਪਣਾ ਮਜ਼ਾਕ ਆਪੇ ਉਡਵਾਉਂਦੇ ਨੇ।

ਪਹਿਲਾਂ ਕਹਿੰਦੇ ਸਨ, 'ਪੰਜਾਬ ਵਸਦਾ ਗੁਰਾਂ ਦੇ ਨਾਂ 'ਤੇ', ਪਰ ਪੰਜਾਬੀ ਅਦਾਕਾਰਾਂ ਵੱਲ ਦੇਖ 'ਪੰਜਾਬ ਚੱਲਦਾ ਧੱਕੇ ਦੇ ਨਾਂ 'ਤੇ' ਕਹਿਣ ਲਈ ਮਜਬੂਰ ਹੋ ਜਾਈਦਾ ਹੈ। ਜਦੋਂ ਪੰਜਾਬੀ ਫਿਲਮਾਂ ਵਿਚ ਗਿੱਪੀ ਗਰੇਵਾਲ ਵਰਗੇ ਹੀਰੋ ਬਣ ਸਕਦੇ ਨੇ ਤਾਂ ਫੇਰ ਰੱਬ ਹੀ ਰਾਖਾ ਏ। ਥੋੜ੍ਹੇ ਜਿਹੇ ਸਿਆਣੇ ਵੀ ਆਖਦੇ ਨੇ, 'ਗਿੱਪੀ ਦੀ ਕੋਈ ਵੀ ਫਿਲਮ ਦੇਖ ਲਵੋ, ਸਿਵਾਏ ਭੱਲੇ, ਬੀਨੂੰ ਤੇ ਘੁੱਗੀ ਦੇ ਹੋਰ ਕਿਸੇ ਨੇ ਚੱਜ ਦਾ ਕੰਮ ਕੀਤਾ ਹੁੰਦੈ? ਸਾਰੀ ਫਿਲਮ ਇਨ੍ਹਾਂ ਕਾਮੇਡੀਅਨਾਂ ਦੁਆਲੇ ਘੁੰਮਦੀ ਏ ਤੇ ਜੇ ਗਿੱਪੀ ਨੂੰ ਫਿਲਮ 'ਚੋਂ ਕੱਢ ਕਿਸੇ ਹੋਰ ਨੂੰ ਉਹਦੀ ਥਾਂ ਖੜਾ ਕਰ ਦਿੱਤਾ ਜਾਵੇ ਤਾਂ ਫਿਲਮ ਦਾ ਕੋਈ ਨੁਕਸਾਨ ਨਹੀਂ ਹੋਵੇਗਾ, ਕਿਉਂਕਿ ਉਹਦੇ ਹਿੱਸੇ ਕੰਮ ਆਉਂਦਾ ਹੀ ਕਿੰਨਾ ਕੁ ਏ।'

ਹਾਂ, ਧੜਾਧੜ ਪੰਜਾਬੀ ਫਿਲਮਾਂ ਬਣਨ ਦਾ ਜੇ ਕੁਝ ਫਾਇਦਾ ਹੋਇਆ ਹੈ ਤਾਂ ਉਹ ਹੋਇਆ ਹੈ ਹਾਸ ਕਲਾਕਾਰਾਂ ਨੂੰ। ਹੁਣ ਫਿਲਮਾਂ ਵਿਚ ਤੁਤੀ ਬੋਲਣ ਕਰਕੇ ਜਸਵਿੰਦਰ ਭੱਲਾ ਨੂੰ 'ਛਣਕਾਟੇ' ਨਹੀਂ ਕਰਨੇ ਪੈਂਦੇ, ਰਾਣਾ ਰਣਬੀਰ ਨੂੰ ਐਕਰਿੰਗ ਨਹੀਂ ਕਰਨੀ ਪੈਂਦੀ, ਕਰਮਜੀਤ ਅਨਮੋਲ ਨੂੰ ਟੀ.ਵੀ. ਲੜੀਵਾਰਾਂ ਵਿਚ ਕੰਮ ਨਹੀਂ ਕਰਨਾ ਪੈਂਦਾ, ਬੀਨੂੰ ਢਿੱਲੋਂ ਨੂੰ ਆਪਣੇ ਭਵਿੱਖ ਦੀ ਚਿੰਤਾ ਨਹੀਂ, ਬੀ.ਐਨ. ਸ਼ਰਮਾ ਦਾ ਸਿੱਕਾ ਚੱਲਦਾ ਹੈ। ਪਰ ਬਾਕੀਆਂ ਪੱਲੇ ਕੀ ਪਿਆ, ਛਿੱਕੂ!

ਪੰਜਾਬ ਵਿਚ 'ਚਲਤੀ ਕਾ ਨਾਮ ਗਾਡੀ' ਵਾਲੀ ਗੱਲ ਥਾਂ-ਥਾਂ ਫਿੱਟ ਬੈਠਦੀ ਹੈ। ਕਲਾਕਾਰ ਦਾ ਇਕ ਗਾਣਾ ਚੱਲ ਗਿਆ ਤਾਂ ਉਹ ਵੱਡੇ ਪਰਦੇ ਦਾ ਹੀਰੋ ਪਰ ਜੇ ਨਾ ਚੱਲਿਆ ਤਾਂ ਪੱਕੇ ਤੌਰ 'ਤੇ ਜ਼ੀਰੋ। ਬਲਕਾਰ ਸਿੱਧੂ ਦੀ ਫਿਲਮ ਪਿਛਲੇ ਕਈ ਸਾਲਾਂ ਤੋਂ ਬਣ ਰਹੀ ਹੈ, ਪ੍ਰੋਡਿਊਸਰ ਨੇ ਪੈਸੇ ਲਾਏ, ਪਰ ਬਲਕਾਰ ਦੀ ਜਦੋਂ ਚੜ੍ਹਤ ਹੁੰਦੀ ਸੀ, ਉਦੋਂ ਉਹਨੇ ਫਿਲਮ ਬਾਰੇ ਸੋਚਿਆ ਨਾ ਤੇ ਹੁਣ ਜਦੋਂ ਪੁੱਛਦਾ ਕੋਈ ਨਹੀਂ ਤਾਂ ਉਹ ਹੀਰੋ ਆ ਰਿਹੈ। ਕਹਿਣ ਦਾ ਭਾਵ ਹੈ, ਜਿਸ ਕਲਾਕਾਰ ਦੀ ਐਲਬਮ ਕੋਈ ਨਹੀਂ ਪੁੱਛਦਾ, ਉਹਦੀ ਫਿਲਮ ਡੇਢ ਸੌ ਰੁਪਿਆ ਟਿਕਟ ਲਗਾ ਕੇ ਕੀਹਨੇ ਦੇਖਣੀ ਏ?

ਕਈ ਲੋਕ ਬਾਲੀਵੁੱਡ ਤੇ ਪਾਲੀਵੁੱਡ ਦੀ ਧੱਕੇ ਨਾਲ ਗਲਵੱਕੜੀ ਪਵਾਉਂਦਿਆਂ ਕਹਿਣਗੇ, 'ਅਕਸ਼ੈ ਕੁਮਾਰ ਵੀ ਪੰਜਾਬੀ ਫਿਲਮਾਂ ਵੱਲ ਆਉਣ ਲੱਗੈ, ਸੰਨੀ ਦਿਓਲ ਵੀ ਇਸ ਬਾਬਤ ਸੋਚ ਰਿਹੈ, ਨੇਹਾ ਧੂਪੀਆ ਵੀ ਆ ਹਟੀ ਏ, ਧਰਮਿੰਦਰ ਦੀ ਵੀ ਕੋਈ ਨਾਂਹ ਨਹੀਂ, ਰਾਹੁਲ ਦੇਵ ਤੇ ਓਮ ਪੁਰੀ ਕਈ ਪੰਜਾਬੀ ਫਿਲਮਾਂ ਕਰ ਰਹੇ ਨੇ।' ਪਰ ਸਾਡੀ ਜਾਚੇ ਇਹ ਉਦਾਹਰਣਾਂ ਪੰਜਾਬੀ ਫਿਲਮਾਂ ਦੀ ਹਰਮਨਪਿਆਰਤਾ ਨਾਲ ਜੁੜੀਆਂ ਨਹੀਂ। ਅਕਸ਼ੈ ਕੁਮਾਰ, ਗੁਰਪ੍ਰੀਤ ਘੁੱਗੀ ਦਾ ਖਾਸ ਮਿੱਤਰ ਹੈ ਤੇ ਮਿੱਤਰ, ਮਿੱਤਰ ਦੇ ਕਹੇ ਕੰਮ ਕਰਦੇ ਵੀ ਆਏ ਨੇ ਕਰਨਗੇ ਵੀ, ਕੋਈ ਖਾਸ ਗੱਲ ਨਹੀਂ। ਅਕਸ਼ੈ ਕੁਮਾਰ ਜੇ ਫਿਲਮ ਹਿੱਟ ਹੋਣ ਮਗਰੋਂ ਦਸ-ਵੀਹ ਕਰੋੜ ਕਮਾ ਵੀ ਲਏਗਾ ਤਾਂ ਉਹਦੇ ਲਈ ਕੋਈ ਵੱਡੀ ਗੱਲ ਨਹੀਂ, ਕਿਉਂਕਿ ਇਹਦੇ ਨਾਲੋਂ ਦੋ-ਤਿੰਨ ਗੁਣਾ ਰਕਮ ਤਾਂ ਉਹ ਇਕ ਹਿੰਦੀ ਫਿਲਮ ਕਰਨ ਦੀ ਪਹਿਲਾਂ ਹੀ ਵਸੂਲਦਾ ਹੈ।

ਦਿਓਲ ਪਰਿਵਾਰ ਦਾ ਪਿਛੋਕੜ ਸਾਹਨੇਵਾਲ ਦਾ ਏ ਤੇ ਹੁਣ ਜਦੋਂ ਸੰਨੀ ਦਿਓਲ ਦੀ ਗਰਜ ਤੇ ਧਰਮਿੰਦਰ ਦੇ ਜਲਵੇ ਪਹਿਲਾਂ ਵਰਗੇ ਨਹੀਂ ਰਹੇ ਤਾਂ ਇਕ-ਅੱਧ ਪੰਜਾਬੀ ਫਿਲਮ 'ਤੇ ਜੂਆ ਖੇਡ ਲੈਣਾ ਕੋਈ ਵੱਡੀ ਗੱਲ ਨਹੀਂ ਹੋਵੇਗੀ। ਓਮ ਪੁਰੀ, ਰਾਹੁਲ ਦੇਵ, ਜੈਕੀ ਸ਼ਰਾਫ ਤੋਂ ਤਾਂ ਭਾਵੇਂ ਕੰਨੜ ਦੀ ਫਿਲਮ 'ਚ ਰੋਲ ਕਰਾ ਲਵੋ, ਉਨ੍ਹਾਂ ਦਾ ਤਾਂ ਆਪਣੀ ਫੀਸ ਨਾਲ ਤਾਅਲੁਕ ਹੈ, ਇਸ ਨਾਲ ਪੰਜਾਬੀ ਸਿਨੇਮੇ ਦੇ ਸਿਖਰ ਵੱਲ ਜਾਣ ਦਾ ਕੀ ਸਬੰਧ!

ਅਸੀਂ ਪੰਜਾਬੀ ਫਿਲਮਾਂ ਦੇ ਦੋਖੀ ਨਹੀਂ, ਸਗੋਂ ਚਾਹੁੰਦੇ ਹਾਂ ਕਿ ਇਹ ਚੱਲਣ ਪਰ ਸਿਰਫ ਅਖਬਾਰੀ ਖਬਰਾਂ, ਚੈਨਲ ਇਸ਼ਤਿਹਾਰਬਾਜ਼ੀ ਤੇ ਥਾਂ-ਥਾਂ ਛਪੇ ਲੇਖ ਦੇਖ ਕੇ ਇਹ ਅੰਦਾਜ਼ਾ ਨਹੀਂ ਲਾਉਣਾ ਚਾਹੀਦਾ ਕਿ ਵਾਰ-ਵਾਰ 'ਜੱਟ ਐਂਡ ਜੂਲੀਅਟ' ਬਣੀ ਜਾਏਗੀ। ਪੰਜਾਬ ਵਿਚ ਅਕਸ਼ੈ ਕੁਮਾਰ ਬਣਨ, ਸਲਮਾਨ ਖਾਨ, ਰਣਬੀਰ ਕਪੂਰ ਬਣਨ ਦੇ ਚਾਹਵਾਨ ਤਾਂ ਸਾਰੇ ਹੀ ਗਾਇਕ ਹਨ, ਪਰ ਕੋਈ ਕਲਾਕਾਰ ਇਰਫਾਨ ਖਾਨ, ਕਾਦਰ ਖਾਨ, ਓਮ ਪੁਰੀ, ਨਾਨਾ ਪਾਟੇਕਰ ਵਰਗੇ ਦਮਦਾਰ ਅਦਾਕਾਰ ਬਣਨ ਦੀ ਇੱਛਾ ਨਹੀਂ ਪਾਲਦਾ। ਜ਼ਰਾ ਸੋਚੋ, ਜੇ ਪੰਜਾਬ ਦੇ ਕਿਸੇ ਨਾ ਕਿਸੇ ਹੀਰੋ 'ਤੇ ਮਿਲਖਾ ਸਿੰਘ ਵਾਲੀ ਫਿਲਮ ਬਣਾਉਣੀ ਹੋਵੇ ਤਾਂ ਕਿਹੜਾ ਗਾਇਕ ਖੁਦ ਨੂੰ ਉਹਦੇ ਵਾਂਗ ਢਾਲ ਸਕਦਾ ਸੀ।

ਪੰਜਾਬੀ ਫਿਲਮਾਂ 'ਜੁਗਾੜ' ਆਧਾਰਤ ਹਨ ਤੇ 'ਜੁਗਾੜ' ਦੀ ਕੋਈ ਮਿਆਦ ਨਹੀਂ ਹੁੰਦੀ। ਇਹ ਦੋ ਸਾਲ ਵੀ ਕੱਢ ਸਕਦੈ ਤੇ ਦਸ ਵੀ। ਪੰਜਾਬੀ ਫਿਲਮਾਂ ਅਸਲ ਵਿਚ ਬਾਲੀਵੁੱਡ ਦੇ ਹਾਣ ਦੀਆਂ ਉਦੋਂ ਬਣਨੀਆਂ, ਜਦੋਂ ਪ੍ਰੋਡਿਊਸਰਾਂ-ਡਾਇਰੈਕਟਰਾਂ ਨੂੰ ਆਪਣੇ ਕੀਤੇ ਕੰਮ 'ਤੇ ਮਾਣ ਹੋਣ ਲੱਗੇਗਾ ਕਿ ਅਸੀਂ ਘੱਟ ਇਸ਼ਤਿਹਾਰਬਾਜ਼ੀ ਦੇ ਬਾਵਜੂਦ ਦਰਸ਼ਕ ਨੂੰ ਸਿਨੇਮਾ ਵੱਲ ਖਿੱਚ ਲਿਆਵਾਂਗੇ ਤੇ ਇਹ ਸਭ ਤਾਂ ਹੀ ਹੋ ਸਕਦੈ ਜੇ ਹਰ ਪੱਖ ਨੂੰ ਸੌ-ਸੌ ਵਾਰ ਵਿਚਾਰਿਆ ਜਾਏਗਾ।

## ਸਿੱਖੀ, ਬੰਦਾ ਸਿੰਘ ਬਹਾਦਰ ਅਤੇ ਇਤਿਹਾਸ-8

**ਇਤਿਹਾਸ ਦੇ ਝਰੋਖੇ 'ਚੋਂ**

# ਬੰਦਾ ਸਿੰਘ ਬਹਾਦਰ ਨੇ ਘਰ ਕਿਉਂ ਛੱਡਿਆ?

**ਹਰਪਾਲ ਸਿੰਘ**
ਫੋਨ: 916-236-8830

ਬੰਦਾ ਸਿੰਘ ਬਹਾਦਰ ਨੇ ਆਪਣੀ ਚੜ੍ਹਦੀ ਜਵਾਨੀ ਵਿਚ ਹੀ ਘਰ ਕਿਉਂ ਤਿਆਗ ਦਿੱਤਾ? ਇਹ ਗੱਲ ਵਿਚਾਰਨ ਦੀ ਲੋੜ ਹੈ। ਕੀ ਉਸ ਦੇ ਜੀਵਨ ਵਿਚ ਕੋਈ ਅਜਿਹੀ ਘਟਨਾ ਵਾਪਰੀ ਜਿਸ ਨੇ ਉਸ ਦੀਆਂ ਅੰਤਰੀਵ ਭਾਵਨਾਵਾਂ ਝੰਜੋੜ ਸੁੱਟੀਆਂ ਅਤੇ ਉਸ ਨੂੰ ਸਾਧੂ ਬਣਨ ਲਈ ਪ੍ਰੇਰਿਆ? ਅਜਿਹੇ ਕਿਹੜੇ ਹਾਲਾਤ ਸਨ ਜਿਨ੍ਹਾਂ ਨੇ ਉਸ ਨੂੰ ਅਜਿਹਾ ਕਰਨ ਲਈ ਮਜਬੂਰ ਕੀਤਾ? ਡਾ. ਗੰਡਾ ਸਿੰਘ, ਪ੍ਰਿੰਸੀਪਲ ਸਤਬੀਰ ਸਿੰਘ, ਡਾ. ਹਰਜਿੰਦਰ ਸਿੰਘ ਦਿਲਗੀਰ, ਖੁਸ਼ਵੰਤ ਸਿੰਘ, ਮੈਕਾਲਿਫ ਅਤੇ ਹੋਰ ਵਿਦਵਾਨਾਂ ਨੇ ਪ੍ਰਚੱਲਤ ਲੋਕ ਕਥਾ ਨੂੰ ਹੀ ਇਸ ਦਾ ਕਾਰਨ ਦੱਸਿਆ ਹੈ।

ਲੋਕ ਕਥਾ ਮੁਤਾਬਕ ਚੜ੍ਹਦੀ ਜਵਾਨੀ ਵਿਚ ਲਛਮਣ ਦੇਵ ਨੇ ਸ਼ਿਕਾਰ ਖੇਡਦੇ ਹੋਏ ਹਿਰਨੀ ਦਾ ਸ਼ਿਕਾਰ ਕੀਤਾ ਜੋ ਗਰਭਵਤੀ ਸੀ। ਜਦੋਂ ਹਿਰਨੀ ਦਾ ਪੇਟ ਚਾਕ ਕੀਤਾ ਤਾਂ ਉਸ ਦੇ ਦੋ ਬੱਚੇ ਤੜਫਦੇ ਹੋਏ ਬਾਹਰ ਆ ਗਏ ਅਤੇ ਉਹ ਵੀ ਹਿਰਨੀ ਦੇ ਨਾਲ ਹੀ ਤੜਫ ਤੜਫ ਕੇ ਮਰ ਗਏ। ਇਹ ਮੰਜ਼ਰ ਦੇਖ ਕੇ ਬੰਦੇ ਦਾ ਮਨ ਉਚਾਟ ਹੋ ਗਿਆ ਤੇ ਉਸ ਦੀ ਅੰਤਰ ਆਤਮਾ ਝੰਜੋੜੀ ਗਈ। ਉਸ ਨੇ ਆਪਣੇ ਇਸ ਪਾਪ ਦਾ ਪਛਤਾਵਾ ਕਰਨ ਦਾ ਫੈਸਲਾ ਕਰ ਲਿਆ। ਉਸ ਦਾ ਮਨ ਸਾਧ ਹੋ ਗਿਆ, ਮੀਟ ਖਾਣਾ ਤਿਆਗ ਦਿੱਤਾ ਅਤੇ ਕਿਸੇ ਸਾਧੂ ਮਹਾਤਮਾ ਦੀ ਸੰਗਤ ਕਰਨ ਦਾ ਮਨ ਬਣਾ ਲਿਆ। ਜਲਦੀ ਹੀ ਫਕੀਰ ਜਾਨਕੀ ਪ੍ਰਸਾਦ ਨਾਲ ਉਸ ਦਾ ਮੇਲ ਹੋ ਗਿਆ ਅਤੇ ਉਸ ਦੀ ਸੰਗਤ ਵਿਚ ਉਹ ਘਰ-ਬਾਰ ਛੱਡ ਕੇ ਬੈਰਾਗੀ ਬਣ ਗਿਆ। ਕੁਝ ਸਿੱਖ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਇਹ ਘਟਨਾ ਰਾਜੌਰੀ ਤੋਂ 50 ਕਿਲੋਮੀਟਰ ਦੂਰ ਤੱਛਕ ਦੇ ਸਥਾਨ 'ਤੇ ਵਾਪਰੀ। ਮੈਕਾਲਿਫ ਅਨੁਸਾਰ ਇਹ ਘਟਨਾ ਰਾਜੌਰੀ ਨੇੜੇ ਵਾਪਰੀ ਜਿਹੜਾ ਪੁਣਛ ਵਿਚ ਮੇਂਧੜ ਦੇ ਨੇੜੇ ਹੈ। ਜਿਸ ਤਰ੍ਹਾਂ ਮਹਾਤਮਾ ਬੁੱਧ ਦੁਨੀਆਂ ਦੇ ਦੁੱਖਾਂ ਨੂੰ ਦੇਖ ਕੇ ਸੰਨਿਆਸੀ ਬਣ ਗਿਆ, ਉਸੇ ਤਰ੍ਹਾਂ ਆਪਣੇ ਕੀਤੇ ਦਾ ਪਛਤਾਵਾ ਕਰਨ ਲਈ ਬੰਦਾ ਬਹਾਦਰ ਬੈਰਾਗੀ ਬਣ ਗਿਆ।

ਇਸ ਕਹਾਣੀ ਦੀ ਚੀਰ-ਫਾੜ ਕਰਦਿਆਂ ਡਾ. ਸੁਖਦਿਆਲ ਸਿੰਘ ਲਿਖਦੇ ਹਨ, "ਬੰਦਾ ਸਿੰਘ ਬਹਾਦਰ ਦਾ ਜੋ ਮੁੱਢਲਾ ਜੀਵਨ ਹਿਰਨੀ ਮਾਰਨ ਵਾਲਾ ਅਤੇ ਹੰਕਾਰੀ ਤੇ ਸ਼ਰਾਰਤੀ ਸਾਧ ਵਾਲਾ ਸਾਡੇ ਸਾਹਮਣੇ ਪ੍ਰਚਲਤ ਹੈ, ਇਸ ਤਰ੍ਹਾਂ ਦੀ ਜਾਣਕਾਰੀ ਨਾ ਹੀ ਕਿਸੇ ਸਮਕਾਲੀ ਫਾਰਸੀ ਲਿਖਤ ਵਿਚ ਹੈ ਅਤੇ ਨਾ ਹੀ ਅੰਗਰੇਜ਼ੀ ਦੀ ਕਿਸੇ ਮੁਢਲੀ ਲਿਖਤ ਵਿਚ। ਇਥੋਂ ਤੱਕ ਕਿ ਪੰਜਾਬੀ ਦੀ ਉਸ ਪਹਿਲੀ ਲਿਖਤ 'ਬੰਸਾਵਲੀਨਾਵਾ' ਵਿਚ ਵੀ ਨਹੀਂ ਹੈ ਜਿਹੜੀ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਸਿਰਫ 53 ਸਾਲ ਪਿੱਛੋਂ ਹੀ ਲਿਖੀ ਗਈ ਸੀ। ਜੇ ਹਿਰਨੀ ਦੇ ਤੜਫਦੇ ਬੱਚੇ ਦੇਖ ਕੇ ਉਹ ਸਾਧ ਬਣਿਆ ਸੀ, ਤਾਂ ਫਿਰ ਉਸ ਨੂੰ ਬਹੁਤ ਹੀ ਤਿਆਗੀ ਬਿਰਤੀ ਵਾਲਾ ਪਰਉਪਕਾਰੀ ਸਾਧ ਬਣਨਾ ਚਾਹੀਦਾ ਸੀ, ਪਰ ਬਣ ਗਿਆ ਹੰਕਾਰੀ ਅਤੇ ਸ਼ਰਾਰਤੀ ਸਾਧੂ। ਉਹ ਹਰ ਕਿਸੇ ਦੀ ਬੇਇੱਜ਼ਤੀ ਕਰ ਦਿੰਦਾ ਸੀ ਅਤੇ ਲੋਕਾਂ ਦਾ ਇਕੱਠ ਵੀ ਹੋਇਆ ਰਹਿੰਦਾ ਸੀ। ਇਹ ਸਭ ਆਪਾ-ਵਿਰੋਧੀ ਗੱਲਾਂ ਹਨ ਜਿਨ੍ਹਾਂ ਵਿਚ ਕੋਈ ਹਕੀਕਤ ਨਹੀਂ ਹੈ।"

ਦਰਅਸਲ, ਬੰਦਾ ਬਹਾਦਰ ਦੇ ਘਰ ਤਿਆਗਣ ਬਾਰੇ ਕੁਝ ਲਿਖਾਰੀਆਂ ਨੇ ਹਿਰਨੀ ਮਾਰਨ ਦੀ ਮਨਘੜਤ ਕਹਾਣੀ ਘੜ ਲਈ ਹੈ ਜਿਨ੍ਹਾਂ ਵਿਚ ਰਤਨ ਸਿੰਘ ਭੰਗੂ ਮੋਢੀ ਹੈ। ਰਤਨ ਸਿੰਘ ਭੰਗੂ ਨੇ ਆਪਣੇ ਗ੍ਰੰਥ 'ਪ੍ਰਾਚੀਨ ਪੰਥ ਪ੍ਰਕਾਸ਼' (1846) ਵਿਚ ਉਸ ਨੇ ਇਸ ਕਹਾਣੀ ਨੂੰ ਅੰਜ਼ਾਮ ਦਿੱਤਾ। ਇਹ ਗ੍ਰੰਥ ਬੰਦੇ ਦੀ ਮੌਤ ਤੋਂ 125 ਸਾਲਾਂ ਬਾਅਦ ਲਿਖਿਆ ਗਿਆ। ਬਾਕੀ ਦੇ ਬਹੁਤੇ ਇਤਿਹਾਸਕਾਰਾਂ ਨੇ ਇਸ ਕਹਾਣੀ ਦੀ ਚੀਰ-ਫਾੜ ਕਰਨ ਦਾ ਕੋਈ ਯਤਨ ਨਹੀਂ ਕੀਤਾ ਅਤੇ ਇਸੇ ਦਾ ਹੂ-ਬ-ਹੂ ਉਤਾਰਾ ਆਪਣੀਆਂ ਲਿਖਤਾਂ ਵਿਚ ਕਰ ਦਿੱਤਾ। ਗਿਆਨੀ ਗਿਆਨ ਸਿੰਘ ਦੀ ਲਿਖਤ 'ਤਵਾਰੀਖ ਸ਼ਮਸ਼ੇਰ ਖਾਲਸਾ' 176 ਸਾਲ ਬਾਅਦ ਦੀ ਲਿਖਤ ਹੈ ਜਿਸ ਵਿਚ ਰਤਨ ਸਿੰਘ ਭੰਗੂ ਦੀ ਨਕਲ ਕੀਤੀ ਗਈ ਹੈ।

ਭਾਈ ਸੰਤੋਖ ਸਿੰਘ ਰਚਿਤ 'ਗੁਰ ਪ੍ਰਤਾਪ ਸੂਰਜ ਗ੍ਰੰਥ' (ਸੂਰਜ ਪ੍ਰਕਾਸ਼) ਵਿਚ ਵੀ ਹਿਰਨੀ ਦੀ ਕਹਾਣੀ ਦਾ ਵਰਣਨ ਮਿਲਦਾ ਹੈ। ਵੀਹਵੀਂ ਸਦੀ ਵਿਚ ਕਰਮ ਸਿੰਘ ਹਿਸਟੋਰੀਅਨ ਨੇ 'ਬੰਦਾ ਕੌਨ ਥਾ' ਲਿਖ ਕੇ ਰਤਨ ਸਿੰਘ ਭੰਗੂ ਦੀ ਲਿਖਤ ਨੂੰ ਪ੍ਰਮਾਣਤ ਸਿੱਧ ਕਰਨ ਦਾ ਯਤਨ ਕੀਤਾ ਹੈ। ਡਾ. ਗੰਡਾ ਸਿੰਘ ਨੇ ਆਪਣੀ ਪੁਸਤਕ 'ਬੰਦਾ ਸਿੰਘ ਬਹਾਦਰ' ਵਿਚ ਵੀ ਇਸ ਕਹਾਣੀ ਨੂੰ ਉਸੇ ਰੂਪ ਵਿਚ ਪੇਸ਼ ਕੀਤਾ ਹੈ। ਡਾ. ਹਰਜਿੰਦਰ ਸਿੰਘ ਦਿਲਗੀਰ ਨੇ ਵੀ 'ਮਹਾਨ ਜਰਨੈਲ ਬੰਦਾ ਸਿੰਘ ਬਹਾਦਰ' ਵਿਚ ਉਹੀ ਲਕੀਰ ਪਿੱਟਣ ਦੀ ਕੋਸ਼ਿਸ਼ ਕੀਤੀ ਹੈ।

ਇਸ ਸਬੰਧੀ ਗੌਲਣ ਵਾਲੀ ਦੂਜੀ ਗੱਲ ਵੀ ਹੈ। ਹਿਰਨੀ ਅਤੇ ਉਸ ਦੇ ਬੱਚੇ ਮਰਨ ਨਾਲ ਉਸ ਦਾ ਮਨ ਉਚਾਟ ਹੋ ਗਿਆ ਤੇ ਉਹ ਬੈਰਾਗੀ ਬਣ ਗਿਆ। ਜਦੋਂ ਸਰਹਿੰਦ, ਲੋਹਗੜ੍ਹ ਅਤੇ ਬਾਕੀ ਸਥਾਨਾਂ 'ਤੇ ਭਿਆਨਕ ਜੰਗ ਹੋ ਰਹੀ ਸੀ ਜਿਸ ਵਿਚ ਹਜ਼ਾਰਾਂ ਮਰਦ, ਔਰਤਾਂ ਤੇ ਬੱਚੇ ਮਰ ਰਹੇ ਹਨ, ਉਨ੍ਹਾਂ ਦੀਆਂ ਚੀਕਾਂ, ਔਰਤਾਂ ਦੇ ਵੈਣ ਤੇ ਮਰਦਾਂ ਦੇ ਤਰਲਿਆਂ ਦਾ ਉਸ ਦੇ ਮਨ 'ਤੇ ਕੋਈ ਅਸਰ ਕਿਉਂ ਨਾ ਹੋਇਆ! ਉਸ ਸਮੇਂ ਉਸ ਦੇ ਮਨ ਦੀ ਸੰਵੇਦਨਸ਼ੀਲਤਾ ਕਿੱਥੇ ਚਲੀ ਗਈ? ਉਸ ਦਾ ਮਨ ਪੱਥਰ ਕਿਵੇਂ ਹੋ ਗਿਆ? ਡਾ. ਹਰੀ ਰਾਮ ਗੁਪਤਾ ਅਨੁਸਾਰ ਉਸ ਨੇ ਪੰਜਾਹ ਹਜ਼ਾਰ ਔਰਤਾਂ, ਮਰਦਾਂ ਅਤੇ ਬੱਚਿਆਂ ਦਾ ਕਤਲ ਕੀਤਾ। ਮਿਰਜ਼ਾ ਮੁਹੰਮਦ ਹਾਰਿਸੀ ਅਨੁਸਾਰ (ਚਾਹੇ ਇਸ ਵਿਚ ਸੱਚ ਨਹੀਂ ਹੈ) "ਬਦੀ ਕਰਨ ਵਾਲੇ ਕਾਫਿਰਾਂ ਨੇ ਮੁਸਲਮਾਨਾਂ ਨੂੰ ਕਤਲ ਕਰਨ ਵਿਚ ਇੰਨੀ ਜ਼ਿਆਦਤੀ ਕੀਤੀ ਕਿ ਬੱਚਿਆਂ ਨੂੰ ਭੀ ਨਾ ਛੱਡਿਆ, ਬਲਕਿ ਗਰਭਵਤੀ ਔਰਤਾਂ ਦੇ ਢਿੱਡ ਪਾੜ ਕੇ ਅੰਦਰਲੇ ਬੱਚਿਆਂ ਨੂੰ ਤਲਵਾਰ ਦੀ ਭੇਟ ਚੜ੍ਹਾ ਦਿੰਦਾ ਸੀ।"

ਮੁਹੰਮਦ ਸਫੀ ਵਾਰਿਦ (ਮੀਰਾਤਿ ਵਾਰਿਦਤ 1734 ਈ.) ਅਨੁਸਾਰ 'ਉਸ ਸ਼ਿਕਾਰੀ ਕੁੱਤੇ ਦੀ ਬਗਾਵਤ ਨਾਲ ਮੁਸਲਮਾਨ ਦਾ ਖੂਨ ਸ਼ਹਿਰ ਸ਼ਹਿਰ ਤੇ ਜੰਗਲ ਜੰਗਲ ਵਿਚ ਧਰਤੀ ਉਤੇ ਡੁੱਲ੍ਹਿਆ।' ਅਸਰਾਰਿ-ਸਮਦੀ (1728-29 ਈ.) ਅਨੁਸਾਰ 'ਕਿਸੇ ਵਿਅਕਤੀ ਨੇ ਉਸ ਦੇ ਪੰਜੇ ਵਿਚੋਂ ਰਿਹਾਈ ਨਾ ਦੇਖੀ ਅਤੇ ਸੰਸਾਰ ਵਿਚ ਪਰਲੋ ਪ੍ਰਗਟ ਹੋ ਗਈ। ਉਸ ਨੇ ਫਸਾਦ ਨਾਲ ਜਹਾਨ ਨੂੰ ਐਨਾ ਤਬਾਹ ਕਰ ਦਿੱਤਾ ਕਿ ਧਰਤੀ ਹੇਠਲਾ ਸ਼ੇਸ਼ਨਾਗ ਭੀ ਬੇਚੈਨ ਹੋ ਗਿਆ।'

ਹਿਰਨੀ ਦੀ ਮੌਤ ਕਾਰਨ ਘਰ ਦਾ ਸੁੱਖ-ਆਰਾਮ ਅਤੇ ਭੈਣਾਂ-ਭਰਾਵਾਂ ਦਾ ਪਿਆਰ ਤਿਆਗ ਕੇ ਬੈਰਾਗੀ ਸਾਧੂ ਬਣ ਜਾਣ ਦਾ ਫੈਸਲਾ ਕਰ ਲੈਣਾ ਮੰਨਣ ਵਿਚ ਨਹੀਂ ਆਉਂਦਾ ਅਤੇ ਇਸ ਗੱਲ ਦੀ ਪ੍ਰੋੜਤਾ ਉਸ ਦੇ ਬਾਕੀ ਜੀਵਨ ਦੀਆਂ ਘਟਨਾਵਾਂ ਨਾਲ ਮੇਲ ਨਹੀਂ ਖਾਂਦੀ।

ਫਾਰਸੀ ਦੇ ਵਿਦਵਾਨ ਬੁੱਧ ਸਿੰਘ ਅਰੋੜਾ ਅਤੇ ਅਜੈਬ ਸਿੰਘ (ਮਾਲੇਰਕੋਟਲਾ ਵਾਸੀ) ਨੇ ਮਿਲ ਕੇ 'ਰਿਸਾਲਾ ਦਰ ਅਹਿਵਾਲ ਨਾਨਕ ਸ਼ਾਹ ਦਰਵੇਸ਼' ਨਾਂ ਦੀ ਕਿਤਾਬ 1783 ਵਿਚ ਲਿਖੀ। ਇਹ ਦੋਨੋਂ ਲਿਖਾਰੀ ਪੰਜਾਬ ਦੇ ਰਹਿਣ ਵਾਲੇ ਸਨ। ਬੁੱਧ ਸਿੰਘ ਅਨੁਸਾਰ ਬੰਦੇ ਬਹਾਦਰ ਦਾ ਜਨਮ ਪੁਣਛ ਦੇ ਪਿੰਡ ਰਾਜੌਰੀ ਦੀ ਬਜਾਇ ਜਲੰਧਰ ਦੁਆਬੇ ਵਿਚ ਕਰਤਾਰਪੁਰ ਦੇ ਨੇੜੇ ਪਿੰਡ ਪੰਡੋਰੀ ਵਿਚ ਹੋਇਆ। ਉਸ ਦਾ ਪਰਿਵਾਰ ਬਾਜ਼ੀਗਰ ਬਰਾਦਰੀ ਨਾਲ ਸਬੰਧਤ ਸੀ। ਬੰਦਾ ਸਿੰਘ ਬਹਾਦਰ ਦੇ ਮਾਂ-ਬਾਪ ਉਸ ਦੇ ਛੋਟੇ ਹੁੰਦਿਆਂ ਹੀ ਮਰ ਚੁੱਕੇ ਸਨ ਅਤੇ ਉਸ ਨੂੰ ਆਪਣੇ ਰਿਸ਼ਤੇਦਾਰਾਂ ਦਾ ਹੀ ਆਸਰਾ ਸੀ ਪਰ ਜਦੋਂ ਬਾਲਕ ਲਈ ਆਪਣੇ ਤਾਏ-ਚਾਚੇ ਤੇ ਰਿਸ਼ਤੇਦਾਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਵੱਲੋਂ ਹੁੰਦਾ ਨਾ-ਇਨਸਾਫ਼ੀ ਤੇ ਜਲਾਲਤ ਭਰਿਆ ਵਿਹਾਰ ਨਾ-ਸਹਾਰਨਯੋਗ ਹੋ ਗਿਆ ਤਾਂ ਉਸ ਨੇ ਇਸ ਜਲਾਲਤ ਭਰੀ ਜ਼ਿੰਦਗੀ ਨਾਲੋਂ ਭੁੱਖਾ ਮਰਨਾ ਬਿਹਤਰ ਸਮਝਦੇ ਹੋਏ ਘਰ ਤਿਆਗ ਦਿੱਤਾ। ਆਪਣੇ ਦੁੱਖਦਾਇਕ ਜੀਵਨ ਤੋਂ ਛੁਟਕਾਰਾ ਪਾਉਣ ਲਈ ਉਸ ਨੂੰ ਅਜਿਹੇ ਸਹਾਰੇ ਦੀ ਲੋੜ ਸੀ ਜੋ ਉਸ ਦੀਆਂ ਰੋਜ਼ਮੱਰਾ ਦੀਆਂ ਲੋੜਾਂ ਪੂਰਾ ਕਰ ਸਕੇ। ਭੁੱਖ ਤੋਂ ਲਾਚਾਰ ਅਤੇ ਵਕਤ ਦਾ ਮਾਰਿਆ ਬੰਦਾ, ਕਰਤਾਰਪੁਰ ਵਿਚ ਗੁਰੂ ਦੇ ਦਰ 'ਤੇ ਜਾ ਖਲੋਤਾ। ਬੰਦੇ ਦੀ ਸਰੀਰਕ ਬਣਤਰ ਬਾਜ਼ੀਗਰਾਂ ਨਾਲ ਮਿਲਦੀ-ਜੁਲਦੀ ਸੀ। ਉਸ ਦਾ ਰੰਗ ਕਣਕ-ਭਿੰਨਾ ਸੀ। ਉਹ ਦਰਮਿਆਨੇ ਕੱਦ ਦਾ ਅਤੇ ਪਤਲੇ ਸਰੀਰ ਦਾ ਸੀ ਪਰ ਉਹ ਇੰਨਾ ਚੁਸਤ ਅਤੇ ਫੁਰਤੀਲਾ ਸੀ ਕਿ ਲੜਾਈ ਦੇ ਮੈਦਾਨ ਵਿਚ ਆਪਣੇ ਤੋਂ ਤਕੜੇ ਨੂੰ ਵੀ ਆਪਣੇ ਨੇੜੇ ਫਟਕਣ ਨਹੀਂ ਸੀ ਦਿੰਦਾ। ਉਹ ਚੰਗਾ ਘੋੜ ਸਵਾਰ ਸੀ ਅਤੇ ਦਿਨਾਂ ਤੱਕ ਬਿਨਾਂ ਥੱਕਿਆਂ ਘੋੜੇ 'ਤੇ ਸਵਾਰੀ ਕਰ ਸਕਦਾ ਸੀ। ਉਸ ਦੀਆਂ ਤੇਜ਼ ਅਤੇ ਚਮਕਦਾਰ ਅੱਖਾਂ ਦੁਸ਼ਮਣ ਉਤੇ ਵੀ ਉਸ ਦੀ ਮਹਾਨਤਾ ਦਾ ਪ੍ਰਭਾਵ ਪਾਉਂਦੀਆਂ ਸਨ। ਉਹ ਬੜੇ ਤਕੜੇ ਦਿਲ ਵਾਲਾ ਜਵਾਨ ਮਰਦ ਸੀ। ਰਫ਼ਤਾਰ ਪੱਖੋਂ ਬੜਾ ਹੀ ਫੁਰਤੀਲਾ ਸੀ ਕਿ ਵੀਹ ਵੀਹ ਕੋਹਾਂ ਦਾ ਪੈਦਲ ਪੈਂਡਾ ਉਹ ਕੁਝ ਹੀ ਪਹਿਰਾਂ ਵਿਚ ਮਾਰ ਲੈਂਦਾ ਸੀ।



ਗੁਰੂ ਘਰ ਵਿਚ ਉਸ ਨੂੰ ਇੱਜ਼ਤ, ਸਤਿਕਾਰ ਅਤੇ ਮਾਣ ਮਿਲਿਆ, ਤੇ ਉਹ ਕਰਤਾਰਪੁਰ ਦਾ ਹੀ ਹੋ ਕੇ ਰਹਿ ਗਿਆ। ਗੁਰਦੁਆਰੇ ਦੇ ਭਾਈ ਜੀ ਨੇ ਬੰਦੇ ਨੂੰ ਗੁਰੂ ਦੇ ਲੜ ਲਾਇਆ ਅਤੇ ਸਿੱਖੀ ਦੇ ਮੁੱਢਲੇ ਅਸੂਲਾਂ ਦੀ ਭਰਪੂਰ ਜਾਣਕਾਰੀ ਦਿੱਤੀ। ਭਾਈ ਜੀ ਕੋਲੋਂ ਬਾਣੀ ਸਰਵਣ ਕਰਨੀ ਅਤੇ ਗੁਰੂ ਘਰ ਦੀ ਸੇਵਾ ਕਰਨੀ ਉਸ ਦੇ ਜੀਵਨ ਦਾ ਨਿੱਤ ਨੇਮ ਬਣ ਗਿਆ।

ਜਿਤੁ ਸੇਵਿਐ ਸੁਖੁ ਪਾਈਐ
ਸੋ ਸਾਹਿਬੁ ਸਦਾ ਸਮਾਲੀਐ॥
ਜਿਤੁ ਕੀਤਾ ਪਾਈਐ ਆਪਣਾ
ਸਾ ਘਾਲ ਬੁਰੀ ਕਿਉ ਘਾਲੀਐ॥
ਮੰਦਾ ਮੂਲਿ ਨਾ ਕੀਚਈ
ਦੇ ਲੰਮੀ ਨਦਰਿ ਨਿਹਾਲੀਐ॥
ਜਿਉ ਸਾਹਿਬ ਨਾਲਿ ਨ ਹਾਰੀਐ
ਤੇਵੇਹਾ ਪਾਸਾ ਢਾਲੀਐ॥
ਕਿਛੁ ਲਾਹੇ ਉਪਰਿ ਘਾਲੀਐ॥
(ਆਸਾ ਦੀ ਵਾਰ)

ਕਰਤਾਰਪੁਰ ਵਸੇਬੇ ਸਮੇਂ ਉਸ ਨੂੰ ਭਾਈ ਜੀ ਤੋਂ ਇਹ ਪਤਾ ਲੱਗ ਗਿਆ ਸੀ ਕਿ ਸਿੱਖੀ ਦੇ ਦਸਵੇਂ ਜਾਮੇ ਵਿਚ ਗੁਰੂ ਗੋਬਿੰਦ ਸਿੰਘ ਅਨੰਦਪੁਰ ਦੇ ਸਥਾਨ 'ਤੇ ਸਸ਼ੋਭਿਤ ਹਨ। ਉਸ ਦਾ ਮਨ ਗੁਰੂ ਦੇ ਦਰਸ਼ਨਾਂ ਦੀ ਖਿੱਚ ਪਾਉਂਦਾ। ਅਕਸਰ ਉਹ ਆਪਣੇ ਮਨ ਦੀ ਗੱਲ ਭਾਈ ਜੀ ਨਾਲ ਕਰਦਾ। ਗਾਹੇ-ਬਗਾਹੇ ਉਸ ਨੂੰ ਇੰਜ ਲਗਦਾ ਕਿ ਕੋਈ ਉਸ ਨੂੰ ਬੁਲਾ ਰਿਹਾ ਹੈ। ਭਾਈ ਜੀ ਉਸ ਦੇ ਮਨ ਦੀ ਬਿਰਤੀ ਨੂੰ ਜਾਣਦੇ ਹੋਏ ਅਕਸਰ ਉਸ ਨੂੰ ਦਿਲਾਸਾ ਦਿੰਦੇ ਕਿ ਜਦੋਂ ਗੁਰੂ ਜੀ ਦੀ ਕ੍ਰਿਪਾ ਦ੍ਰਿਸ਼ਟੀ ਹੋਵੇਗੀ, ਖੁਦ-ਬ-ਖੁਦ ਰਸਤਾ ਵੀ ਬਣ ਜਾਵੇਗਾ। ਉਸ ਦਾ ਮਨ ਬੇਚੈਨ ਰਹਿੰਦਾ ਅਤੇ ਉਹ ਉਸ ਘੜੀ ਦਾ ਇੰਤਜ਼ਾਰ ਕਰਦਾ ਕਿ ਕਦੋਂ ਉਹ ਗੁਰੂ ਜੀ ਦੇ ਦਰਸ਼ਨ ਦੀਦਾਰ ਕਰੇਗਾ।

1590 ਈ. ਵਿਚ ਗੁਰੂ ਅਰਜਨ ਦੇਵ ਜੀ ਨੇ ਨਵਾਂ ਨਗਰ ਤਰਨ ਤਾਰਨ ਵਸਾਇਆ। ਤਰਨ ਤਾਰਨ ਵਸਾਉਣ ਵੇਲੇ ਗੁਰੂ ਜੀ ਨੇੜਲੇ ਪਿੰਡਾਂ ਵਿਚ ਪ੍ਰਚਾਰ ਲਈ ਵੀ ਜਾਂਦੇ ਰਹੇ ਜਿਨ੍ਹਾਂ ਵਿਚ ਖਡੂਰ ਸਾਹਿਬ, ਗੋਇੰਦਵਾਲ ਤੇ ਖਾਨਪੁਰ ਸ਼ਾਮਲ ਸਨ। ਤਰਨ ਤਾਰਨ ਦੀ ਉਸਾਰੀ ਤੋਂ ਵਿਹਲੇ ਹੋ ਕੇ ਗੁਰੂ ਜੀ ਸਿੱਖੀ ਦੇ ਪ੍ਰਚਾਰ ਹਿੱਤ ਦੁਆਬੇ ਵੱਲ ਗਏ। ਦੁਆਬੇ ਵਿਚ ਸਿੱਖੀ ਦਾ ਪ੍ਰਚਾਰ ਨਾ ਹੋਣ ਕਰ ਕੇ ਅਤੇ ਪਹਿਲਾਂ ਤੋਂ ਚਲੀਆਂ ਆ ਰਹੀਆਂ ਧਾਰਮਿਕ ਭਾਵਨਾਵਾਂ ਕਾਰਨ ਬਹੁਤ ਸਾਰੀਆਂ ਨੀਵੀਆਂ ਜਾਤਾਂ ਨੇ ਇਸਲਾਮ ਅਪਨਾ ਲਿਆ ਸੀ। ਸੰਨ 1893 ਵਿਚ ਗੁਰੂ ਜੀ ਨੇ ਕਰਤਾਰਪੁਰ ਦੀ ਨੀਂਹ ਰੱਖੀ। ਕਰਤਾਰਪੁਰ ਹੀ ਮਾਤਾ ਗੰਗਾ ਦੇ ਨਾਂ ਦਾ ਖੂਹ ਲਗਵਾਇਆ ਜਿਸ ਨੂੰ ਗੰਗਸਰ ਕਹਿੰਦੇ ਹਨ। ਹਿੰਦੂਆਂ ਵਿਚ ਆਮ ਧਾਰਨਾ ਸੀ ਕਿ ਜੋ ਵੀ ਪ੍ਰਾਣੀ ਗੰਗਾ (ਹਰਦੁਆਰ) ਵਿਚ ਇਸ਼ਨਾਨ ਕਰਦਾ ਹੈ, ਉਸ ਦੀ ਮੁਕਤੀ ਹੋ ਜਾਂਦੀ ਹੈ। ਗੁਰੂ ਜੀ ਨੇ ਇਸ ਵਹਿਮ ਨੂੰ ਤੋੜਨ ਲਈ ਇਹ ਖੂਹ ਲਵਾਇਆ ਕਿ ਪਾਣੀ ਹੀ ਪ੍ਰਾਣੀ ਦੀ ਅਸਲ ਮੁਕਤੀ ਹੈ। ਇਸ ਦੇ ਨਾਲ ਹੀ ਲੋਕਾਂ ਦੀ ਲੋੜ ਵੀ ਸਾਹਮਣੇ ਸੀ ਕਿਉਂਕਿ ਉਸ ਸਮੇਂ ਕਰਤਾਰਪੁਰ ਵਿਚ ਟਿੱਬੇ ਹੋਣ ਕਰ ਕੇ ਪਾਣੀ ਦੀ ਕਿੱਲਤ ਸੀ।

ਗੁਰੂ ਹਰਿਗੋਬਿੰਦ ਜੀ ਦੁਆਬੇ ਦੇ ਪਿੰਡਾਂ ਵਿਚ ਪ੍ਰਚਾਰ ਹਿੱਤ ਭ੍ਰਮਣ ਕਰਦੇ ਅਤੇ ਸੰਨ 1632 ਈ. ਨੂੰ ਮੁੜ ਕਰਤਾਰਪੁਰ ਆ ਟਿਕੇ। ਚੌਥੀ ਜੰਗ 1639 ਈ. ਵਿਚ ਕਰਤਾਰਪੁਰ ਵਿਚ ਹੋਈ ਜਿਸ ਵਿਚ ਪੈਂਦੇ ਖਾਂ ਅਤੇ ਮੁਗਲ ਸੈਨਾ ਨੂੰ ਭਾਰੀ ਹਾਰ ਦਾ ਸਾਹਮਣਾ ਕਰਨਾ ਪਿਆ।

ਸਬੱਬੀਂ ਕਰਤਾਰਪੁਰ ਗੁਰਦੁਆਰੇ ਦੇ ਦਰਸ਼ਨਾਂ ਲਈ ਖਡੂਰ ਸਾਹਿਬ ਅਤੇ ਗੋਇੰਦਵਾਲ ਦੀ ਕੁਝ ਸੰਗਤ ਆਣ ਪਹੁੰਚੀ। ਉਨ੍ਹਾਂ ਦੀ ਸੇਵਾ ਵਿਚ ਬੰਦੇ ਨੇ ਕੋਈ ਕਸਰ ਨਾ ਛੱਡੀ। ਗੱਲੀਂ-ਬਾਤੀਂ ਉਸ ਨੂੰ ਇਹ ਪਤਾ ਲੱਗਿਆ ਕਿ ਇਹ ਸੰਗਤ ਗੁਰੂ ਗੋਬਿੰਦ ਸਿੰਘ ਦੇ ਦਰਸ਼ਨਾਂ ਕਰਨ ਲਈ ਅਨੰਦਪੁਰ ਜਾ ਰਹੀ ਹੈ। ਬੰਦੇ ਨੂੰ ਇੰਜ ਮਹਿਸੂਸ ਹੋਇਆ ਕਿ ਜਿਸ ਘੜੀ ਦਾ ਉਹ ਲੰਬੇ ਸਮੇਂ ਤੋਂ ਬੇਸਬਰੀ ਨਾਲ ਇੰਤਜ਼ਾਰ ਕਰ ਰਿਹਾ ਸੀ, ਉਹ ਸੁਭਾਗੀ ਘੜੀ ਆਣ ਪਹੁੰਚੀ ਹੈ। ਉਹ ਹੁਣ ਗੁਰੂ ਜੀ ਦੇ ਦਰਬਾਰ ਵਿਚ ਹਾਜ਼ਰੀ ਭਰ ਸਕੇਗਾ। ਉਸ ਨੇ ਅਨੰਦਪੁਰ ਜਾਣ ਲਈ ਭਾਈ ਜੀ ਤੋਂ ਆਗਿਆ ਮੰਗੀ ਅਤੇ ਸੰਗਤ ਨਾਲ ਅਨੰਦਪੁਰ ਜਾਣ ਲਈ ਤਿਆਰ ਹੋ ਗਿਆ।

ਇਹ ਜਥਾ ਕਰਤਾਰਪੁਰ ਤੋਂ ਪੈਦਲ ਚਲ ਕੇ ਰੋਪੜ ਪਹੁੰਚ ਗਿਆ। ਕੁਝ ਦਿਨ ਆਰਾਮ ਕਰਨ ਪਿੱਛੋਂ ਸੰਗਤ ਨੇ ਰੋਪੜ ਤੋਂ ਸਤਲੁਜ ਨਦੀ ਪਾਰ ਕੀਤੀ ਅਤੇ ਸਰਸਾ ਨਦੀ ਦੇ ਮੁਹਾਣੇ 'ਤੇ ਆ ਪਹੁੰਚਾ। ਬਰਸਾਤ ਦਾ ਮੌਸਮ ਹੋਣ ਕਾਰਨ ਸਰਸਾ ਨਦੀ ਵਿਚ ਹੜ੍ਹ ਆਇਆ ਹੋਇਆ ਸੀ। ਸੰਗਤ ਨੇ ਪਿੰਡ ਵਿਚ ਬਣਾਈ ਧਰਮਸ਼ਾਲਾ ਵਿਚ ਡੇਰਾ ਲਾ ਲਿਆ। ਸੰਗਤਾਂ ਦੇ ਆਉਣ ਨਾਲ ਪਿੰਡ ਵਾਲਿਆਂ ਨੂੰ ਅਤਿਅੰਤ ਖੁਸ਼ੀ ਹੋਈ ਅਤੇ ਉਨ੍ਹਾਂ ਨੇ ਸੰਗਤ ਦੀ ਦੇਖ ਭਾਲ ਕੀਤੀ। ਮਾਧੋ ਦਾਸ ਸੰਗਤ ਅਤੇ ਪਿੰਡ ਦੇ ਲੋਕਾਂ ਦੀ ਖਿੱਚ ਦਾ ਕੇਂਦਰ ਸੀ। ਤਕੜਾ ਜੁੱਸਾ, ਤਿੱਖੇ ਨੈਣ-ਨਕਸ਼ ਅਤੇ ਸੰਗਤ ਦੀ ਸੇਵਾ ਪ੍ਰਤੀ ਉਸ ਦੀ ਲਗਨ ਉਸ ਦੀ ਵਿਲੱਖਣ ਸ਼ਖ਼ਸੀਅਤ ਦਾ ਕੇਂਦਰ ਬਿੰਦੂ ਸੀ। ਬਰਸਾਤ ਦਾ ਮੌਸਮ ਹੋਣ ਕਾਰਨ ਸੰਗਤ ਨੂੰ ਪਿੰਡ ਵਿਚ ਇਕ ਮਹੀਨੇ ਤੱਕ ਰੁਕਣਾ ਪਿਆ। ਇਸ ਦੌਰਾਨ ਮਾਧੋ ਦਾਸ ਨੇ ਵੱਖ ਵੱਖ ਸ਼ਖ਼ਸੀਅਤਾਂ ਕੋਲੋਂ ਬਹੁਤ ਕੁਝ ਸਿਖਿਆ। ਸੁਬ੍ਹਾ ਸਵੇਰੇ ਉਠ ਕੇ ਵਰਜਿਸ ਕਰਨੀ ਅਤੇ ਆਪਣੇ ਸਰੀਰ ਨੂੰ ਤਿਆਰ-ਬਰ-ਤਿਆਰ ਰੱਖਣਾ ਉਸ ਦਾ ਨਿੱਤ ਨੇਮ ਸੀ। ਇਕ ਮਹੀਨੇ ਪਿੱਛੋਂ ਬਰਸਾਤ ਦਾ ਮੌਸਮ ਖਤਮ ਹੋਣ ਪਿੱਛੋਂ ਸੰਗਤਾਂ ਨੇ ਕੂਚ ਦੇ ਨਗਾਰੇ ਵਜਾਏ। ਸੰਗਤ ਵਿਚ ਗੁਰੂ ਜੀ ਦੇ ਦਰਸ਼ਨ ਕਰਨ ਦਾ ਜੋਸ਼ ਸੀ। ਆਪਣੇ ਅੰਦਰ ਸੁਲਗਦੀ ਚੰਗਿਆੜੀ ਨੂੰ ਮਾਧੋ ਦਾਸ ਕਿਸੇ ਸਾਹਮਣੇ ਪ੍ਰਗਟ ਨਾ ਕਰਦਾ ਪਰ ਉਸ ਦਾ ਹਿਰਦਾ ਹਮੇਸ਼ਾ ਗੁਰੂ ਦੇ ਚਰਨਾਂ ਵਿਚ ਲੱਗਿਆ ਰਹਿੰਦਾ।

ਸਰਸਾ ਨਦੀ ਪਾਰ ਕਰ ਕੇ ਸੰਗਤ ਭਰਤਪੁਰ ਜਾ ਰੁਕੀ। ਇਕ ਰਾਤ ਭਰਤਪੁਰ ਠਹਿਰ ਕੇ ਅਗਲੇ ਦਿਨ ਅਰਦਾਸਾ ਸੋਧ ਕੇ ਸੰਗਤ ਕੀਰਤਪੁਰ ਰਵਾਨਾ ਹੋਈ। ਕੀਰਤਪੁਰ ਉਹ ਸਥਾਨ ਹੈ ਜਿਥੇ ਛੇਵੇਂ ਅਤੇ ਸੱਤਵੇਂ ਗੁਰੂ ਨੇ ਲੰਬੇ ਸਮੇਂ ਤੱਕ ਮੁਕਾਮ ਕੀਤਾ। ਗੁਰੂ ਹਰਿਗੋਬਿੰਦ ਜੀ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਦੇਣ ਲਈ ਕੀਰਤਪੁਰ ਹੀ ਯੋਗ ਜਾਨਸ਼ੀਨ ਦੀ ਭਾਲ ਅਰੰਭ ਕਰ ਦਿੱਤੀ ਸੀ। ਬਾਬਾ ਗੁਰਦਿੱਤਾ ਜੀ ਦੇ ਪੁੱਤਰ ਹਰਿ ਰਾਇ ਵਿਚ ਗੁਣ ਦੇਖ ਕੇ ਉਨ੍ਹਾਂ ਨੂੰ ਹਰ ਪਾਸਿਉਂ ਯੋਗ ਸਮਝ ਕੇ 1644 ਵਿਚ ਗੁਰਗੱਦੀ ਬਖ਼ਸ਼ੀ ਗਈ।

3 ਮਾਰਚ 1644 ਨੂੰ ਗੁਰੂ ਹਰਿਗੋਬਿੰਦ ਜੀ ਕੀਰਤਪੁਰ ਹੀ ਜੋਤੀ ਜੋਤ ਸਮਾਏ। ਕੀਰਤਪੁਰ (ਗੁਰਦੁਆਰਾ ਪਤਾਲਪੁਰੀ) ਹੀ ਆਪ ਜੀ ਦਾ ਅੰਤਮ ਸਸਕਾਰ ਕੀਤਾ ਗਿਆ। ਗੁਰੂ ਹਰਿ ਰਾਇ ਨੇ 17 ਸਾਲ ਕੀਰਤਪੁਰ ਵਿਚ ਰਹਿੰਦੇ ਹੋਏ ਸਿੱਖੀ ਦੀ ਸੇਵਾ ਕੀਤੀ ਅਤੇ ਉਹ 6 ਅਕਤੂਬਰ 1661 ਨੂੰ ਕੀਰਤਪੁਰ ਵਿਚ ਹੀ ਜੋਤੀ ਜੋਤ ਸਮਾਏ। ਸੰਗਤ ਦੀ ਯੋਗ ਅਗਵਾਈ ਹੇਠ ਮਾਧੋ ਦਾਸ ਨੇ ਉਨ੍ਹਾਂ ਸਾਰੇ ਗੁਰਧਾਮਾਂ ਦੀ ਯਾਤਰਾ ਕੀਤੀ ਜਿਨ੍ਹਾਂ ਨੂੰ ਗੁਰ ਚਰਨਾਂ ਦੀ ਛੋਹ ਪ੍ਰਾਪਤ ਸੀ। ਕੁਝ ਦਿਨ ਆਰਾਮ ਕਰਨ ਪਿੱਛੋਂ ਸਾਰੀ ਸੰਗਤ ਨੇ ਗੁਰੂ ਗੋਬਿੰਦ ਸਿੰਘ ਦੇ ਦਰਸ਼ਨਾਂ ਲਈ ਅਨੰਦਪੁਰ ਵੱਲ ਚਾਲੇ ਪਾ ਦਿੱਤੇ।

ਕਰਤਾਰਪੁਰ ਤੋਂ ਅਨੰਦਪੁਰ ਗਈ ਸੰਗਤ ਕਈ ਮਹੀਨੇ ਗੁਰੂ ਦੇ ਦਰਬਾਰ ਦੀ ਹਾਜ਼ਰੀ ਭਰਦੀ ਰਹੀ। ਜਦੋਂ ਵਾਪਸੀ ਦਾ ਸਮਾਂ ਆਇਆ ਤਾਂ ਸੰਗਤ ਨੇ ਗੁਰੂ ਜੀ ਕੋਲੋਂ ਵਾਪਸ ਜਾਣ ਦੀ ਆਗਿਆ ਮੰਗੀ। ਸੰਗਤ ਨੇ ਮਾਧੋ ਦਾਸ ਜੋ ਉਸ ਵੇਲੇ ਗੁਰੂ ਦੇ ਚਰਨਾਂ ਵਿਚ ਹਾਜ਼ਰ ਸੀ, ਨੂੰ ਵੀ ਵਾਪਸ ਜਾਣ ਦੀ ਬੇਨਤੀ ਕੀਤੀ ਤਾਂ ਜੋ ਉਹ ਵਾਪਸ ਪਹੁੰਚ ਕੇ ਕਰਤਾਰਪੁਰ ਦੇ ਗੁਰਦੁਆਰੇ ਦੀ ਸੇਵਾ ਸੰਭਾਲ ਦੀ ਜ਼ਿੰਮੇਵਾਰੀ ਸੰਭਾਲੇ। ਮਾਧੋ ਦਾਸ ਨੇ ਸੰਗਤ ਕੋਲੋਂ ਖਿਮਾ ਮੰਗਦੇ ਹੋਏ ਕਿਹਾ ਕਿ 'ਮੈਂ ਤਾਂ ਗੁਰੂ ਦਾ ਬੰਦਾ ਹਾਂ, ਜੀਵਨ ਭਰ ਮੈਂ ਜਿਸ ਸੱਚ ਦੀ ਖੋਜ ਕਰਦਾ ਰਿਹਾ ਹਾਂ, ਉਸ ਨੂੰ ਛੱਡ ਕੇ ਮੈਂ ਕਿਵੇਂ ਜਾ ਸਕਦਾ ਹਾਂ। ਮੇਰਾ ਜੀਣਾ-ਮਰਨਾ ਤਾਂ ਹੁਣ ਗੁਰੂ ਜੀ ਦੇ ਚਰਨਾਂ ਵਿਚ ਹੈ। ਮੈਂ ਤਾਂ ਗੁਰੂ ਦਾ ਬੰਦਾ ਹਾਂ।' ਸੰਗਤ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਬੰਦੇ ਨੂੰ ਵਾਪਸ ਜਾਣ ਦੀ ਆਗਿਆ ਦੇਣ। ਗੁਰੂ ਜੀ ਸੰਗਤਾਂ ਨੂੰ ਮੁਖਾਤਿਬ ਹੋਏ ਕਿ 'ਇਹ ਹੁਣ ਅਸਾਡਾ ਬੰਦਾ ਹੈ ਅਤੇ ਹੁਣ ਇਹ ਸਾਡੇ ਪਾਸ ਹੀ ਰਹੇਗਾ। ਇਹ ਉਸ ਤਰ੍ਹਾਂ ਦੇ ਖਾਲਸਾ ਰਾਜ ਦੀ ਸਥਾਪਨਾ ਕਰੇਗਾ ਜਿਸ ਵਿਚ ਸੱਚ ਸੁਣਨਾ, ਸੱਚ ਕਹਿਣਾ ਅਤੇ ਸੱਚ 'ਤੇ ਚੱਲਣ ਦਾ ਸੰਕਲਪ ਹੋਵੇਗਾ।'

***(ਚਲਦਾ)***

***ਬਾਬਾ ਬੰਦਾ ਬਹਾਦਰ ਨੇ ਪੰਜਾਬ ਵਿਚ ਜ਼ਾਲਮ ਮੁਗਲ ਹਕੂਮਤ ਨੂੰ ਹੀ ਇਸ ਦੇ ਕੀਤੇ ਦੀ ਸਜਾ ਦਿਤੀ ਸਗੋਂ 'ਹੰਨੇ ਹੰਨੇ ਪਾਤਸ਼ਾਹੀ' ਦੇ ਗੁਰਮਤਿ ਸਿਧਾਂਤ ਅਨੁਸਾਰ ਵਾਹੀਕਾਰਾਂ ਨੂੰ ਜ਼ਮੀਨਾਂ ਦੇ ਹੱਕ ਵੀ ਦਿਤੇ। ਬਾਬਾ ਬੰਦਾ ਬਹਾਦਰ ਨੇ ਸਹੀ ਅਰਥਾਂ ਵਿਚ ਲੋਕ ਹਕੂਮਤ ਕਾਇਮ ਕੀਤੀ। ਮਜਹਬੀ ਤੁਅਸਬ ਕਰਕੇ ਜਾਂ ਫਿਰ ਹਕੂਮਤ ਦੀ ਝੋਲੀ-ਚੁਕੀ ਕਰਦਿਆਂ ਮੁਸਲਮਾਨ ਇਤਿਹਾਸਕਾਰਾਂ ਨੇ ਉਨ੍ਹਾਂ ਵਿਰੁਧ ਬਹੁਤ ਕੁਝ ਊਲ-ਜਲੂਲ ਲਿਖਿਆ। ਇਥੋਂ ਤਕ ਕਿ ਉਨ੍ਹਾਂ ਨੂੰ 'ਕੁੱਤਾ' ਤਕ ਲਿਖ ਦਿਤਾ। ਕੁਝ ਹਿੰਦੂ ਅਤੇ ਸਿੱਖ ਇਤਿਹਾਸਕਾਰਾਂ ਨੇ ਵੀ ਉਨ੍ਹਾਂ ਬਾਰੇ ਗਲਤ ਜਾਣਕਾਰੀ ਦਿਤੀ। ਸਿੱਖ ਭਾਈਚਾਰਾ ਇਸ ਗਲਤ ਜਾਣਕਾਰੀ 'ਤੇ ਯਕੀਨ ਕਰਦਿਆਂ ਬਾਬਾ ਬੰਦਾ ਬਹਾਦਰ ਵਿਰੁਧ ਕਈ ਤਰ੍ਹਾਂ ਦੀਆਂ ਗਲਤਫਹਿਮੀਆਂ ਦਾ ਸ਼ਿਕਾਰ ਹੋਇਆ ਰਿਹਾ ਹੈ ਪਰ ਪਿਛਲੇ ਕੁਝ ਸਮੇਂ ਵਿਚ ਉਨ੍ਹਾਂ ਦੀ ਸਹੀ ਤਸਵੀਰ ਪੇਸ਼ ਕਰਨ ਦੇ ਸੰਜੀਦਾ ਯਤਨ ਹੋਏ ਹਨ।***

***ਪ੍ਰੋ. ਹਰਪਾਲ ਸਿੰਘ ਨੇ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਲੋਕ ਮਨਾਂ ਵਿਚੋਂ ਗਲਤਫਹਿਮੀਆਂ ਕੱਢਣ ਦੇ ਮਨੋਰਥ ਨਾਲ ਹੀ ਪੰਜਾਬ ਟਾਈਮਜ਼ ਵਿਚ ਪ੍ਰਕਾਸ਼ਤ ਹੋ ਰਹੀ ਲੇਖ ਲੜੀ ਵਿਚ ਕੁਝ ਫਾਰਸੀ ਇਤਿਹਾਸਕਾਰਾਂ ਦੀਆਂ ਲਿਖਤਾਂ ਦੇ ਹਵਾਲੇ ਦਿਤੇ ਹਨ ਪਰ ਸਾਡੇ ਕੁਝ ਭੁੱਲੜ ਅਤੇ ਅਲਪ ਮੱਤ ਪਾਠਕਾਂ ਨੇ ਪ੍ਰਸੰਗ ਨੂੰ ਸਮਝੇ ਬਿਨਾ ਆਦਤ ਅਨੁਸਾਰ ਪੰਜਾਬ ਟਾਈਮਜ਼ ਵਿਰੁਧ ਫਤਵਾ ਦੇ ਦਿਤਾ ਕਿ ਇਸ ਵਿਚ ਬਾਬਾ ਬੰਦਾ ਬਹਾਦਰ ਬਾਰੇ ਗਲਤ ਸ਼ਬਦ ਵਰਤੇ ਗਏ ਹਨ। ਇਨ੍ਹਾਂ ਭੁੱਲੜ ਲੋਕਾਂ ਨੇ ਅਖਬਾਰ ਚੁਕ ਕੇ ਸੁਟ ਦਿਤਾ। ਜੇ ਉਹ ਜਰਾ ਕੁ ਵੀ ਸਮਝ ਤੋਂ ਕੰਮ ਲੈਂਦੇ ਤਾਂ ਉਨ੍ਹਾਂ ਨੂੰ ਪਤਾ ਲਗ ਜਾਣਾ ਸੀ ਕਿ ਪ੍ਰੋ. ਹਰਪਾਲ ਸਿੰਘ ਕੀ ਕਹਿਣਾ ਚਾਹੁੰਦੇ ਹਨ? ਅਸੀਂ ਇਹੋ ਕਹਿਣਾ ਚਾਹਾਂਗੇ ਕਿ ਵਾਹਿਗੁਰੂ ਇਨ੍ਹਾਂ ਨੂੰ ਸੁਮੱਤ ਬਖਸ਼ੇ। -ਸੰਪਾਦਕ***

# ਇਹ ਤਾਂ ਹੱਦ ਹੀ ਹੋ ਗਈ!

## ਚੱਲ ਸੋ ਚੱਲ

ਦਰਵਾਜ਼ੇ ਉਤੇ ਠੱਕ-ਠੱਕ ਹੋਈ। ਸੋਚਿਆ, ਕੌਣ ਹੋਇਆ? ਏਨੇ ਨੂੰ ਹੋਰ ਵੀ ਜ਼ੋਰ ਨਾਲ ਦਰਵਾਜ਼ਾ ਖੜਕਿਆ। ਮੈਂ ਅਖ਼ਬਾਰ ਰੱਖ ਕੇ ਕਾਹਲੀ ਨਾਲ ਉਠਿਆ ਤਾਂ ਕੋਈ ਉਤਾਵਲਾ ਤੀਜੀ ਵਾਰ ਤਾਂ ਜਿਵੇਂ ਤਖਤਿਆਂ ਉਤੇ ਮੁੱਕੀਆਂ ਹੀ ਮਾਰਨ ਲੱਗ ਪਿਆ। ਕੁੰਡਾ ਖੋਲ੍ਹਿਆ ਤਾਂ ਜਥੇਦਾਰ ਬੁੱਧਵੈਰ ਸਿੰਘ ਖਲੋਤਾ ਸੀ। ਚਿਹਰਾ ਗੁੱਸੇ ਨਾਲ ਲਾਲ ਹੋਇਆ ਪਿਆ। ਉਹਨੇ ਮੈਨੂੰ ਹੱਥ ਨਾਲ ਪਾਸੇ ਧੱਕਿਆ ਅਤੇ ਉਥੇ ਹੀ ਖੜ੍ਹਾ ਛੱਡ ਕੇ ਆਪ ਕਮਰੇ



ਵਿਚ ਜਾ ਬੈਠਾ। ਮੈਂ ਹੈਰਾਨ-ਪ੍ਰੇਸ਼ਾਨ ਹੋਇਆ ਆਪਣੇ ਹੀ ਕਮਰੇ ਵਿਚ ਜਾਣੋਂ ਝਿਜਕਿਆ। ਆਖ਼ਰ ਦਬੇ ਪੈਰੀਂ ਦੂਜੇ ਸੋਫ਼ੇ ਉਤੇ ਬੈਠ ਕੇ ਮੈਂ ਨਰਮ ਆਵਾਜ਼ ਵਿਚ

**ਗੁਰਬਚਨ ਸਿੰਘ ਭੁੱਲਰ**
ਫੋਨ:91-11-65736868
E-mail: bhullargs@gmail.com

ਪੁੱਛਿਆ, "ਵੀਰ ਬੁੱਧਵੈਰ, ਸੁੱਖ ਤਾਂ ਹੈ?"

"ਸੁੱਖ ਹੈ ਸੁਆਹ ਤੇ ਖੇਹ!" ਉਹਨੇ ਜਵਾਬ ਦਿੱਤਾ, "ਅੱਜ ਦਾ ਅਖ਼ਬਾਰ ਨਹੀਂ ਪੜ੍ਹਿਆ ਤੂੰ? ਕੋਈ ਨਕੇਲ ਪਾਉਣ ਵਾਲਾ ਨਹੀਂ ਇਨ੍ਹਾਂ ਨੂੰ?"

ਮੈਂ ਹਿਸਾਬ ਲਾਇਆ, ਕਿਸੇ ਕਾਂਗਰਸੀ ਜਾਂ ਕਮਿਊਨਿਸਟ ਆਗੂ ਨੇ ਜਥੇਦਾਰ ਦੀ ਪੰਥਕ ਪਾਰਟੀ ਬਾਰੇ ਕੋਈ ਬਿਆਨ ਦੇ ਦਿੱਤਾ ਹੋਣਾ ਹੈ। ਮੇਰੇ ਬੋਲਣ ਤੋਂ ਪਹਿਲਾਂ ਹੀ ਉਹ ਬੋਲਿਆ, "ਉਹਦੇ ਤੀਹ ਲੱਖ ਮਾਰ ਕੇ ਭਰ ਜਾਊ ਖਜ਼ਾਨਾ? ਇਹ ਤਾਂ ਹੱਦ ਹੀ ਹੋ ਗਈ! ਜੇ ਮੇਰਾ ਵੱਸ ਚੱਲੇ, ਇਨ੍ਹਾਂ ਅਫ਼ਸਰਾਂ ਨੂੰ ਅੱਜ ਹੀ ਨੌਕਰੀਉਂ ਹਟਾ ਕੇ ਘਰ ਬਿਠਾ ਦਿਆਂ।"

ਮੈਂ ਬੇਨਤੀ ਕੀਤੀ, "ਵੀਰ ਬੁੱਧਵੈਰ, ਸਵੇਰੇ ਸਵੇਰੇ ਕਿਸੇ ਕੰਮ ਜਾਣਾ ਪੈ ਗਿਆ। ਵਾਪਸ ਆ ਕੇ ਮੈਂ ਅਖ਼ਬਾਰ ਹੀ ਪੜ੍ਹ ਰਿਹਾ ਸੀ, ਏਨੇ ਨੂੰ ਤੂੰ ਆ ਗਿਆ। ਕੀਹਦੇ ਪੈਸੇ ਮਾਰਨ ਲੱਗਿਆ ਹੈ, ਕੌਣ ਮਾਰਨ ਲੱਗਿਆ ਹੈ, ਗੱਲ ਖੋਲ੍ਹ ਕੇ ਦੱਸ, ਬੁਝਾਰਤਾਂ ਨਾ ਪਾ।"

ਉਹਦੀ ਆਵਾਜ਼ ਇਕਦਮ ਰੇਸ਼ਮੀ ਮੁਲਾਇਮ ਹੋ ਗਈ, "ਦੇਖ ਤੂੰ ਗੁਰਬਚਨ ਸਿਆਂ ਵੀਰ, ਇਨ੍ਹਾਂ ਦੀ ਧੱਕੇਸ਼ਾਹੀ, ਉਸ ਬਿਚਾਰੀ ਗਰੀਬ ਮਾਸੂਮ ਕਟਰੀਨਾ ਕੌਰ ਦੇ ਤੀਹ ਲੱਖ ਮਾਰਨ ਲੱਗੇ ਨੇ!"


ਅਚਾਨਕ ਮੇਰਾ ਹਾਸਾ ਨਿਕਲਣ ਲੱਗਿਆ ਪਰ ਜਥੇਦਾਰ ਤੋਂ ਡਰਦੇ ਨੇ ਰੋਕ ਲਿਆ। ਹੁਣੇ ਅਖਬਾਰ ਵਿਚ ਮੈਂ ਇਸ ਖਬਰ ਉਤੇ ਸਰਸਰੀ ਨਜ਼ਰ ਮਾਰ ਕੇ ਅੱਗੇ ਲੰਘ ਗਿਆ ਸੀ। ਪੰਜਾਬ ਦੇ ਕੁਛ ਅਫਸਰਾਂ ਨੇ ਸਰਕਾਰ ਨੂੰ ਕਿਹਾ ਸੀ ਕਿ 2012 ਦੇ ਵਿਸ਼ਵ ਕਬੱਡੀ ਕੱਪ ਦੇ ਸਮਾਪਤੀ ਸਮਾਰੋਹ ਵਿਚ ਕੈਟਰੀਨਾ ਕੈਫ਼ ਤੈਅ ਹੋਏ ਬਾਰਾਂ ਮਿੰਟਾਂ ਦੀ ਥਾਂ ਕਿਉਂਕਿ ਸਿਰਫ਼ ਦੋ ਮਿੰਟ ਨੱਚੀ ਸੀ, ਇਸ ਲਈ ਸਮਾਰੋਹ ਦੀ ਠੇਕੇਦਾਰ ਕੰਪਨੀ ਦੇ ਬਿਲ ਵਿਚ ਕਟੌਤੀ ਕਰ ਦਿੱਤੀ ਜਾਵੇ। ਪੰਜਾਬ ਸਰਕਾਰ ਨੇ ਕੰਪਨੀ ਨੂੰ ਕੁੱਲ ਛੇ ਕਰੋੜ ਗਿਆਰਾਂ ਲੱਖ ਵੀਹ ਹਜ਼ਾਰ ਵਿਚੋਂ 65 ਫੀਸਦੀ ਪਹਿਲਾਂ ਦੇ ਕੇ ਬਾਕੀ ਦੋ ਕਰੋੜ ਤੋਂ ਵੱਧ ਦੀ ਰਕਮ ਮਗਰੋਂ ਦੇਣੀ ਸੀ। ਉਸ ਵਿਚੋਂ ਉਹ ਹੁਣ ਇਹ ਪੈਸੇ ਕੱਟ ਰਹੇ ਸਨ।

ਮੈਂ ਸੁਝਾਅ ਦਿੱਤਾ, "ਤੂੰ ਆਬਦੀ ਪਾਰਟੀ ਦੇ ਲੀਡਰਾਂ ਨਾਲ ਗੱਲ ਕਰ।"

"ਗੱਲ ਕਰਾਂ? ਮੈਂ? ਆਬਦੀ ਪਾਰਟੀ ਦੇ ਲੀਡਰਾਂ ਨਾਲ? ਮੈਂ ਤਾਂ ਫਤਿਹ ਤੱਕ ਨਹੀਂ ਸਾਂਝੀ ਕਰਨੀ ਉਨ੍ਹਾਂ ਨਾਲ, ਭਾਈ ਸਾਅਬ", ਉਹ ਫੇਰ ਗੁੱਸੇ ਹੋ ਗਿਆ, "ਮੈਨੂੰ ਗੋਆ ਨਹੀਂ ਲੈ ਕੇ ਗਏ ਤੇ ਮੈਂ ਉਨ੍ਹਾਂ ਨਾਲ ਕਲਾਮ ਕਰਾਂ!"

"ਲੈ ਇਹ ਵੀ ਕੋਈ ਬੁਰਾ ਮਨਾਉਣ ਵਾਲੀ ਗੱਲ ਹੈ?" ਮੈਂ ਬੇਪਰਵਾਹੀ ਨਾਲ ਕਿਹਾ, "ਗੱਡੀ ਫੜੋ, ਸਿੱਧੇ ਗੋਆ! ਚੱਲ ਆਪਾਂ ਦੋਵੇਂ ਭਰਾ ਚਲਦੇ ਹਾਂ।"

"ਕਿਉਂ, ਬਿਸਵੇਦਾਰਾਂ ਦੇ ਘਰੀਂ ਜੰਮੇ ਹਾਂ ਅਸੀਂ! ਜੇ ਇਹੋ ਜਿਹੇ ਸੁਫਨੇ ਲੈਣੇ ਸੀ, ਨੰਗ ਘਰਾਂ ਵਿਚ ਨਹੀਂ ਸੀ ਜੰਮਣਾ।" ਉਹਨੇ ਅੰਦਰਲੀ ਗੱਲ ਦੱਸੀ, "ਕਮਰਿਆਂ ਦੀਆਂ ਖਿੜਕੀਆਂ ਵਿਚੋਂ ਸਮੁੰਦਰ ਕਿਨਾਰੇ ਪਈਆਂ ਗਿੱਠ-ਗਿੱਠ ਲੀੜਿਆਂ ਵਾਲੀਆਂ ਜਲ-ਪਰੀਆਂ ਦਾ ਨਜ਼ਾਰਾ ਦਿੱਸਣ ਵਾਲੇ ਜਿਹੜੇ ਹੋਟਲਾਂ ਵਿਚ ਸਾਡੇ ਜਥੇਦਾਰ ਰੱਖੇ ਗਏ ਸੀ, ਤੇਰੇ ਮੇਰੇ ਵਰਗਿਆਂ ਨੂੰ ਉਨ੍ਹਾਂ ਦੇ ਦਰਬਾਨ ਫਾਟਕ ਦੇ ਅੰਦਰ ਨਹੀਂ ਹੋਣ ਦਿੰਦੇ, ਵੱਡਿਆ ਲੇਖਕਾ, ਮਾਰਦੈਂ ਗੱਲਾਂ! ਇਕ ਦਿਨ ਦੇ ਹਜ਼ਾਰਾਂ ਦੇਣੇ ਪੈਂਦੇ ਐ। ਇਹੋ ਤਾਂ ਕਰੋਧ ਚੜ੍ਹਦਾ ਐ, ਮੇਰੇ ਇਕੱਲੇ ਨਾਲ ਹੀ ਭੀੜ ਹੋ ਜਾਂਦੀ? ਮੈਂ ਵੀ ਨਜ਼ਾਰੇ ਲੈ ਕੇ ਤੀਆਂ ਵਰਗੇ ਚਾਰ ਦਿਨ ਲੰਘਾ ਆਉਂਦਾ!...ਕੋਈ ਇਨ੍ਹਾਂ ਨੂੰ ਪੁੱਛੇ, ਗੋਆ ਵਿਚ ਰੋੜ੍ਹੇ ਕਰੋੜਾਂ ਰੁਪਈਏ ਉਸ ਭੋਲੀ-ਭਾਲੀ ਦੇ ਤੀਹ ਲੱਖ ਕੱਟ ਕੇ ਪੂਰੇ ਹੋ ਜਾਣਗੇ? ਨਾਲੇ ਇਨ੍ਹਾਂ ਅਫ਼ਸਰਾਂ ਦੀ ਹੋਰ ਧੱਕੇਸ਼ਾਹੀ ਦੇਖ, ਉਸ ਦਿਨ ਇਕ ਦੂਜੇ ਨੂੰ ਪਿੱਛੇ ਧੱਕ ਧੱਕ ਕੇ ਉਹਦੇ ਨਾਲ ਤਸਵੀਰਾਂ ਖਿਚਾਉਂਦਿਆਂ ਉਹਨੂੰ ਸਟੇਜ ਤੋਂ ਹੇਠਾਂ ਰੋਕ ਰੱਖਿਆ, ਹੁਣ ਪੈਸੇ ਕਟਦੇ ਨੇ, ਅਖੇ ਪੂਰਾ ਸਮਾਂ ਨਹੀਂ ਦਿੱਤਾ। ਉਏ ਧੱਕੜੋ, ਸਮਾਂ ਤਾਂ ਉਹਦਾ ਤੇ ਜਨਤਾ ਦਾ ਤੁਸੀਂ ਖਾ ਗਏ!" ਉਹਨੇ ਅਚਾਨਕ



ਗੱਲ ਬਦਲੀ, "ਤੂੰ ਇਹ ਦੇਖ ਬਾਈ, ਰੱਬ ਜਿਹੜੀ ਮੂਰਤ ਨੂੰ ਸ਼ੌਕ ਨਾਲ ਘੜਨਾ ਚਾਹੇ, ਪੱਟੂ ਕਸਰ ਕੋਈ ਨਹੀਂ ਰਹਿਣ ਦਿੰਦਾ! ਤੂੰ ਦੇਖ ਲੈ, ਮੂਨ ਬਣਾ ਧਰੀ ਪਤੰਦਰ ਨੇ ਕਟਰੀਨਾ ਕੌਰ!"

ਮੈਂ ਧਰਵਾਸ ਦਿੱਤਾ, "ਪਰ ਬੁੱਧਵੈਰ ਉਹ ਤਾਂ ਕੰਪਨੀ ਦੇ ਪੈਸੇ ਕੱਟ ਰਹੇ ਨੇ?..."

"ਅਸ਼ਕੇ ਤੇਰੀ ਅਕਲ ਦੇ! ਕੰਪਨੀ ਵਾਲੇ ਬੜੇ ਭਲੇ ਲੋਕ ਨੇ ਜੋ ਜੇਬ ਵਿਚੋਂ ਜਾਣ ਦੇਣਗੇ। ਉਹ ਇਹੋ ਅਫਸਰਾਂ ਵਾਲੇ ਮਿੰਟ-ਸਕਿੰਟ ਗਿਣਾ ਕੇ ਅੱਗੋਂ ਉਸ ਬਿਚਾਰੀ ਦੇ ਹੀ ਕੱਟਣਗੇ।" ਉਹਨੇ ਮੇਰੀ ਗੱਲ ਕੱਟੀ, "ਗੁਰਬਚਨ ਸਿਆਂ ਵੀਰ, ਸਰਕਾਰਾਂ ਨੂੰ ਪੈਸੇ ਦੀ ਘਾਟ ਨਹੀਂ ਹੁੰਦੀ, ਬੱਸ ਸਾਡੀ ਸਰਕਾਰ ਦਿਲ ਦੀ ਨੰਗ ਐ। ਦੂਜੇ ਪਾਸੇ ਤੂੰ ਦੇਖ, ਏਸੇ ਅਖਬਾਰ ਵਿਚ ਖਬਰ ਐ, ਮੁੱਖ ਮੰਤਰੀ ਨੇ 75 ਕਰੋੜ ਰੁਪਏ ਦਾ ਜਹਾਜ਼ ਖਰੀਦਣ ਦੀ ਮਨਜ਼ੂਰੀ ਦਿੱਤੀ ਐ। ਹੋਰ ਤਾਂ ਛੱਡ, ਮੁੱਖ ਮੰਤਰੀ ਦੀ ਲਾਮਡੋਰੀ ਵਾਸਤੇ 32 ਕਾਰਾਂ ਤੇ ਉਪ ਮੁੱਖ ਮੰਤਰੀ ਵਾਸਤੇ 19 ਕਾਰਾਂ ਪਹਿਲਾਂ ਨੇ ਤੇ ਦੋਵਾਂ ਵਾਸਤੇ ਪੰਜ ਕਰੋੜ ਦੀਆਂ ਦੋ ਕਾਰਾਂ ਹੋਰ ਖਰੀਦੀਆਂ ਜਾ ਰਹੀਆਂ ਨੇ। ਤੇ ਸ਼ਰਮ ਦੀ ਗੱਲ ਦੇਖੋ, ਖ਼ਜ਼ਾਨਾ ਖਾਲੀ ਹੋਣ ਤੋਂ ਬਚਾਉਣਗੇ ਉਸ ਬਿਚਾਰੀ ਕਟਰੀਨਾ ਕੌਰ ਤੋਂ ਕੱਟੇ ਤੀਹ ਲੱਖ!"

ਮੈਂ ਗੱਲ ਮੁਕਦੀ ਕੀਤੀ, "ਵੀਰ ਔਖਾ ਨਾ ਹੋ, ਸਰਕਾਰਾਂ ਏਵੇਂ ਹੀ ਚਲਦੀਆਂ ਹੁੰਦੀਆਂ ਨੇ।"

"ਸੁਆਹ ਚਲਦੀਆਂ ਨੇ ਇਉਂ ਸਰਕਾਰਾਂ! ਸਰਕਾਰ ਦਾ ਦਿਲ ਖੁੱਲ੍ਹਾ ਚਾਹੀਦਾ ਐ।" ਉਹ ਮੰਨ ਨਹੀਂ ਸੀ ਰਿਹਾ, "ਚੰਗੀਆਂ ਸਰਕਾਰਾਂ ਕਦੇ ਮਿੰਟ-ਸਕਿੰਟ ਗਿਣਦੀਆਂ ਨੇ? ਆਪਣੇ ਮੁਸਲਮਾਨ ਭਰਾ ਈਦ ਦਾ ਚੰਦ ਦੇਖ ਕੇ ਤੇ ਆਪਣੀਆਂ ਜਨਾਨੀਆਂ ਕਰਵੇ ਚੌਥ ਦਾ ਚੰਦ ਦੇਖ ਕੇ ਭੋਜਨ ਕਰਦੀਆਂ ਨੇ, ਕੋਈ ਇਹ ਥੋੜ੍ਹੋ ਗਿਣਦਾ ਐ, ਚੰਦ ਕਿੰਨੇ ਮਿੰਟ ਦੇਖਿਆ।...ਕਿਹੜੇ ਬਾਰਾਂ ਮਿੰਟ ਤੇ ਕਿਹੜੇ ਦੋ ਮਿੰਟ, ਜੇ ਸੱਚੀ ਪੁੱਛੇਂ ਵੀਰ, ਅੱਖਾਂ ਮੀਚਾਂ, ਮੈਨੂੰ ਤਾਂ ਹੁਣ ਵੀ ਉਹ ਸਟੇਜ ਉਤੇ ਚੰਦ ਵਾਂਗੂੰ ਚੜ੍ਹੀ ਹੋਈ ਦਿੱਸ ਪੈਂਦੀ ਐ! ਉਦੋਂ ਮੈਂ ਆਬਦੀ ਪੰਥਕ ਸਰਕਾਰ ਦਾ ਉਹਦੇ ਦਰਸ਼ਨ ਕਰਾਉਣ ਸਦਕਾ ਲੱਖ ਲੱਖ ਧੰਨਵਾਦ ਕੀਤਾ। ਸਹੁੰ ਖਾ, ਏਸ ਗੱਲ ਦਾ ਕਦੇ ਮੈਨੂੰ ਮਖੌਲ ਨਹੀਂ ਕਰੇਂਗਾ। ਤੈਨੂੰ ਸੱਚੀ ਦੱਸਾਂ, ਜਦੋਂ ਉਸ ਦਿਨ ਸਟੇਜ ਉਤੇ ਆ ਕੇ ਉਹ ਮੁਸਕਰਾਈ ਤੇ ਨੰਗੇ ਲੱਕ ਨੂੰ ਹਿਲੋਰਾ ਦਿੱਤਾ, ਮੈਂ ਕਾਲਜਾ ਦੋਵਾਂ ਹੱਥਾਂ ਨਾਲ ਘੁੱਟ ਕੇ ਫੜ ਲਿਆ। ਸੋਚਿਆ, ਕਿਤੇ ਬੁੜ੍ਹਕ ਕੇ ਬਾਹਰ ਕਟਰੀਨਾ ਕੌਰ ਦੇ ਪੈਰਾਂ ਉਤੇ ਹੀ ਨਾ ਜਾ ਡਿੱਗੇ! ਧੱਕਾ ਰੱਬ ਵੀ ਕਰਦਾ ਐ, ਜੇ ਮੈਂ ਕਿਸੇ ਜਗੀਰਦਾਰ ਦੇ ਘਰ ਜੰਮਿਆ ਹੁੰਦਾ, ਮੈਂ ਚੁੱਪ ਕਰ ਕੇ ਕਿੱਲਾ ਵੇਚਦਾ ਤੇ ਕਟਰੀਨਾ ਕੌਰ ਦੇ ਪੈਸੇ ਆਪ ਭਰ ਦਿੰਦਾ।"

ਉਹਨੂੰ ਸਹਿਜ ਹੋਇਆ ਦੇਖ ਮੈਂ ਹੱਸਿਆ, "ਚੱਲ, ਦੋਵੇਂ ਦੋਸਤ ਮੁੰਬਈ ਉਹਦੇ ਦੁਆਰ ਅੱਗੇ ਧੂਣੀ ਰਮਾ ਲੈਂਦੇ ਹਾਂ।"

ਉਹ ਵੀ ਖੁਸ਼ ਹੋ ਕੇ ਬੋਲਿਆ, "ਗੱਲ ਤਾਂ ਤੇਰੀ ਠੀਕ ਐ, ਰਾਂਝਾ ਵੀ ਤਾਂ ਆਪਣਾ ਹੀ ਭਰਾ ਸੀ!" ਫੇਰ ਅਚਾਨਕ ਗੰਭੀਰ ਹੋ ਗਿਆ, "ਬਾਈ ਆਪਣੀਆਂ ਵਿਚਾਰਧਾਰਾਵਾਂ ਦਾ ਕਿੰਨਾ ਵਿਰੋਧ ਹੋਵੇ, ਸਿੱਖੀ ਤੇ ਮਾਰਕਸਵਾਦ ਵਿਚ ਇਕ ਤਾਂ ਸਾਂਝ ਪੱਕੀ ਹੈ। ਜਦੋਂ ਕਿਸੇ ਬੇਦੋਸੇ ਨਾਲ ਧੱਕਾ ਹੋਵੇ, ਦੋਵੇਂ ਆਵਾਜ਼ ਉਚੀ ਕਰਨੋਂ ਨਹੀਂ ਰਹਿੰਦੇ।" ਉਹ ਜਾਣ ਲਈ ਖੜ੍ਹਾ ਹੋਇਆ ਤਾਂ ਮੈਨੂੰ ਖਿੱਚ ਕੇ ਹਿੱਕ ਨਾਲ ਘੁਟਦਿਆਂ ਜਜ਼ਬਾਤੀ ਹੋ ਕੇ ਕਹਿੰਦਾ, "ਅੱਜ ਦੇਖ ਲੈ ਤੂੰ ਕਟਰੀਨਾ ਕੌਰ ਦੇ ਮਸਲੇ ਬਾਰੇ ਮੇਰੇ ਮੋਢੇ ਨਾਲ ਮੋਢਾ ਜੋੜ ਕੇ ਡਟਿਆ ਖੜ੍ਹਾ ਹੈਂ! ਜਿਉਂਦਾ-ਵਸਦਾ ਰਹਿ ਵੀਰ!"

# ਸੱਜਰੀਆਂ ਪੰਚਾਇਤੀ ਚੋਣਾਂ ਦਾ ਪੋਸਟ ਮਾਰਟਮ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਪੰਜਾਬ ਦੀਆਂ ਸੱਜਰੀਆਂ ਪੰਚਾਇਤ ਚੋਣਾਂ ਨੇ ਪਿੰਡਾਂ ਵਿਚ ਵੱਧ ਰਹੀ ਗੁਟਬੰਦੀ, ਖਹਿਬਾਜ਼ੀ, ਉਮੀਦਵਾਰਾਂ ਦੀ ਘੇਰਾਬੰਦੀ, ਗਾਲੀ-ਗਲੋਚ ਤੇ ਨਵੇਂ ਹੱਥ ਕੰਡਿਆਂ ਦਾ ਰਿਕਾਰਡ ਤੋੜ ਛੱਡਿਆ ਹੈ। ਆਪਣੇ ਆਪ ਨੂੰ ਨਿਰਲੇਪ ਕਹਿਣ ਵਾਲੇ ਸਾਧਾਂ, ਸੰਤਾਂ ਤੇ ਬਾਵਿਆਂ ਤੇ ਜੋਤਸ਼ੀਆਂ ਦਾ ਸਿੱਧਾ ਦਖਲ ਵੀ ਸੁਣਨ ਵਿਚ ਆਇਆ ਹੈ। ਬੇਵਿਸ਼ਵਾਸੀ ਏਨੀ ਕਿ ਕਈ ਥਾਂ ਵੋਟਾਂ ਦੀ ਮੁੜ ਗਿਣਤੀ ਹੋਈ ਹੈ। ਸ਼ਕਤੀਸ਼ਾਲੀ ਧੜੇ ਦੇ ਕਹਿਣ ਉਤੇ ਅਜਿਹੀ ਗਿਣਤੀ ਬਰਾਬਰ ਹੋਣ ਦੀ ਸੂਰਤ ਵਿਚ ਓਨੀ ਵਾਰੀ ਟਾਸ ਪਵਾਈ ਗਈ ਜਦੋਂ ਤੱਕ ਵਰਤਿਆ ਗਿਆ ਸਿੱਕਾ ਉਸ ਮੂੰਹ ਨਹੀਂ ਡਿੱਗਿਆ ਜਿਹੜਾ ਮੂੰਹ ਜ਼ੋਰਾਵਰਾਂ ਦੀ ਮੰਗ ਸੀ।

ਦਾਰੂ-ਸਿੱਕੇ ਤੇ ਮਾਇਆ ਦਾ ਵਿਖਾਵਾ ਵੀ ਸਿਖਰਾਂ ਉਤੇ ਸੀ। ਹੁਸ਼ਿਆਰਪੁਰ ਜ਼ਿਲੇ ਦੇ ਪਿੰਡ ਟੂਟੋਮਜ਼ਾਰਾ ਨੇੜੇ ਪਿੰਡ ਮੁੱਗੋਵਾਲ ਕਿ ਮੇਘੋਵਾਲ ਵਿਚ ਇੱਕ ਆੜ੍ਹਤੀਏ ਉਮੀਦਵਾਰ ਦੇ ਮਾਇਆਧਾਰੀ ਐਨ ਆਰ ਆਈ ਨਾਲ ਸਿੰਗ ਫਸ ਗਏ ਦੱਸੇ ਜਾਂਦੇ ਹਨ! ਉਨ੍ਹਾਂ ਵਿਚੋਂ ਇੱਕ ਨੇ ਦੂਜੇ ਨੂੰ ਬਿਠਾਉਣ ਲਈ 7 ਲੱਖ ਰੁਪਏ ਦੀ ਪੇਸ਼ਕਸ਼ ਕੀਤੀ ਤਾਂ ਦੂਜੇ ਨੇ ਗਿਆਰਾਂ ਲੱਖ ਦੀ ਬੋਲੀ ਦੇ ਦਿੱਤੀ। ਸਮਝੌਤਾ ਸੰਭਵ ਨਹੀਂ ਸੀ। ਦੋਵਾਂ ਧਿਰਾਂ ਨੇ ਲੰਗਰ ਲਾਉਣ ਤੋਂ ਬਿਨਾਂ ਮਿੱਠੇ ਤੇ ਕੌੜੇ ਪਾਣੀ ਦੀਆਂ ਸ਼ਬੀਲਾਂ ਵੀ ਲਾਈਆਂ ਅਤੇ ਮੰਗਣ ਵਾਲਿਆਂ ਨੂੰ ਸਾਈਕਲ, ਸਿਲਾਈ ਮਸ਼ੀਨਾਂ, ਕੂਲਰ ਤੇ ਇਨਵਰਟਰ ਵੀ ਦਿੱਤੇ। ਇੱਕ ਫੇਰੀ ਵਾਲਾ ਕੱਪੜਾ ਵੇਚਣ ਆਇਆ ਤਾਂ ਬਹੁਤੇ ਪੈਸੇ ਵਾਲੇ ਨੇ ਖਰੀਦਣ ਵਾਲਿਆਂ ਦੇ ਸਾਰੇ ਪੈਸੇ ਆਪਣੇ ਪਲਿਓਂ ਦੇਣ ਦਾ ਐਲਾਨ ਕਰ ਦਿੱਤਾ। ਅੰਤ ਉਹੀਓ ਜਿੱਤਿਆ। ਕਈ ਪਿੰਡਾਂ ਵਿਚ ਬਹੁਲਤਾ ਤੇ ਫੁੱਟ ਦਾ ਨੰਗਾ ਨਾਚ ਹੋਇਆ। ਭਲੇ ਸਮੇਂ ਸਸਤੇ ਸਨ। ਕਦੀ ਮੇਰਾ ਮਿੱਤਰ ਦੇਵਿੰਦਰ ਸਿੰਘ ਗਰਚਾ ਲੁਧਿਆਣਾ ਲੋਕ ਸਭਾ ਹਲਕੇ ਦੀ ਚੋਣ ਲੜਦਾ ਸੀ ਤਾਂ ਕੁੱਲ ਖਰਚਾ ਢਾਈ-ਤਿੰਨ ਲੱਖ ਰੁਪਏ ਤੋਂ ਵੱਧ ਨਹੀਂ ਸੀ ਹੁੰਦਾ। ਪਾਰਟੀ ਵੀ ਉਮੀਦਵਾਰ ਨੂੰ ਸਵਾ ਲੱਖ ਹੀ ਦਿੰਦੀ ਸੀ।

ਲੋਕਤੰਤਰ ਦਾ ਇਹ ਰੂਪ ਚਿੰਤਾ ਵਾਲਾ ਹੈ। ਹੈ ਕੋਈ ਨੱਥ ਪਾਉਣ ਦਾ ਸਾਧਨ? ਸ਼ਾਇਦ ਨਹੀਂ!

### ਸੈਲਾ ਖੁਰਦ ਜ਼ਿੰਦਾਬਾਦ

ਮੇਰੇ ਵਰਗੇ ਹੋਰ ਵੀ ਹੋਣਗੇ ਜਿਨ੍ਹਾਂ ਨੂੰ ਅਦਾਕਾਰ ਪ੍ਰਾਣ ਦੇ ਸੈਲਾ ਖੁਰਦ ਨਾਲ ਸਬੰਧਾਂ ਦਾ ਉਸ ਦੇ ਤੁਰ ਜਾਣ ਪਿੱਛੋਂ ਪਤਾ ਲੱਗਿਆ ਹੋਵੇ।



ਪ੍ਰਾਣ

ਸਾਰੇ ਪਿੰਡ ਦਾ ਰੇਲਵੇ ਸਟੇਸ਼ਨ ਵੀ ਸੈਲਾ ਹੀ ਹੈ। ਉਂਜ ਸਾਨੂੰ ਬੰਗਾ ਲਈ ਅੱਠ ਮੀਲ ਤੁਰ ਕੇ ਗੱਡੀ ਫੜਨੀ ਸੌਖੀ ਲਗਦੀ ਸੀ ਕਿਉਂਕਿ ਰੇਲ ਗੱਡੀ ਨੂੰ ਸੈਲੇ ਤੋਂ ਬੰਗਾ ਜਾਣ ਲਈ ਤਿੰਨ ਘੰਟੇ ਲਗਦੇ ਸਨ। ਇਸ ਨੇ ਰਾਹੋਂ ਤੋਂ ਘੁੰਮ ਕੇ ਜਾਣਾ ਹੁੰਦਾ ਸੀ। ਰਾਹੋਂ ਕਪੜੇ ਦੇ ਕਾਰਖਾਨਿਆਂ ਦਾ ਗੜ੍ਹ ਸੀ ਤੇ ਉਨ੍ਹਾਂ ਲਈ ਰੂੰ ਓਕਾੜਾ (ਪਾਕਿਸਤਾਨ) ਤੋਂ ਆਉਂਦੀ ਸੀ! ਉਧਰ ਜੇਜੋਂ ਦੇ ਪੱਥਰ ਚੱਟ ਕੇ ਮੁੜਨਾ ਆਵਸ਼ਕ ਸੀ ਕਿਉਂਕਿ ਉਸ ਤੋਂ ਅੱਗੇ ਸ਼ਿਵਾਲਕ ਦੇ ਪਹਾੜ ਪੇਸ਼ ਨਹੀਂ ਸੀ ਜਾਣ ਦਿੰਦੇ।

ਸਮੇਂ ਨੇ ਸੈਲਾ ਖੁਰਦ ਨੂੰ ਸੈਲਾ ਕਲਾਂ ਤੋਂ ਵੱਡਾ ਬਣਾ ਦਿੱਤਾ ਹੈ। ਖੁਰਦ ਵਿਖੇ ਕਸਬਾ ਵਧ ਗਿਆ ਹੈ ਤੇ ਕਲਾਂ ਇੱਕ ਪਿੰਡ ਹੀ ਰਹਿ ਗਿਆ ਹੈ। ਪਿਛਲੀ ਜਨਗਣਨਾ ਅਨੁਸਾਰ ਸੈਲਾ ਕਲਾਂ ਦਾ ਰਕਬਾ 275 ਹੈਕਟੇਅਰ ਸੀ ਤੇ ਵਸੋਂ 1,295 ਜਦੋਂਕਿ ਖੁਰਦ ਦੇ 159 ਹੈਕਟੇਅਰਾਂ ਵਿਚ 3,262 ਦੀ ਵਸੋਂ ਹੋ ਚੁੱਕੀ ਸੀ। ਸਟੇਸ਼ਨ ਦੀ ਇਕ ਸਿਫਤ ਇਹ ਵੀ ਸੀ ਕਿ ਇਥੋਂ ਦਾ ਸਟੇਸ਼ਨ ਮਾਸਟਰ ਸਕੂਲੀ ਬੱਚਿਆਂ ਨੂੰ ਮਫਤੋ-ਮੁਫਤੀ ਸਫਰ ਦੀ ਆਗਿਆ ਦੇ ਕੇ ਜੇਜੋਂ ਦੇ ਪੇੜੇ ਖਾਣ ਦੀਆਂ ਖੁੱਲਾਂ ਦੇ ਛੱਡਦਾ ਸੀ। ਪ੍ਰਾਣ ਨੇ ਇਹ ਖੁੱਲ੍ਹ ਲਈ ਸੀ ਜਾਂ ਨਹੀਂ, ਉਸ ਦਾ ਖੁਰਦ ਨੂੰ ਕਲਾਂ ਦੀ ਪਿੱਠ ਲਾਉਣ ਦੇ ਯੋਗ ਬਣਾਉਣ ਵਿਚ ਵੱਡਾ ਹੱਥ ਹੈ। ਫਿਲਮ 'ਲਾਖੋਂ ਮੇਂ ਏਕ' ਵਿਚ ਉਸ ਨੇ ਆਪਣੇ ਆਪ ਨੂੰ ਭਰੋਵਾਲ ਦਾ ਸ਼ੇਰ ਸਿੰਘ ਡਰਾਈਵਰ ਤੇ ਪਿੰਡ ਦਾ ਡਾਕਘਰ ਸੈਲਾ ਖੁਰਦ ਦੱਸ ਕੇ ਇਸ ਦਾ ਮਹੱਤਵ ਵਧਾਇਆ ਸੀ। ਟਰੱਕ ਉਤੇ ਸੰਧੂ ਟਰਾਂਸਪੋਰਟ ਕੰਪਨੀ ਲਿਖਿਆ ਤਾਂ ਮੈਂ ਵੀ ਪੜ੍ਹਿਆ ਸੀ।

### ਖੂੰਜੇ ਲਗਿਆ ਦੀਵਾਨਾ

ਵੀਹਵੀਂ ਸਦੀ ਦੇ ਪੰਜਾਬੀ ਜਗਤ ਵਿਚ ਮੋਹਨ ਸਿੰਘ ਦੀਵਾਨਾ ਇੱਕ ਅਜਿਹੀ ਹਸਤੀ ਸੀ ਜਿਸ ਦੀ ਬੁੱਧੀ, ਵਿਦਵਤਾ ਤੇ ਗਿਆਨ ਦਾ ਹਰ ਕੋਈ ਸਿੱਕਾ ਮੰਨਦਾ ਸੀ-ਸੰਤ ਸਿੰਘ ਸੇਖੋਂ ਤੋਂ ਰਤਨ ਸਿੰਘ ਜੱਗੀ ਤੱਕ। ਅੰਗਰੇਜ਼ੀ ਦਾ ਐਮ ਏ, ਉਰਦੂ ਦਾ ਡਾਕਟਰੇਟ ਤੇ ਪੰਜਾਬੀ ਦੀ ਡੀ.ਲਿਟ। ਇਨ੍ਹਾਂ ਭਾਸ਼ਾਵਾਂ ਤੋਂ ਬਿਨਾਂ ਉਹ ਸੰਸਕ੍ਰਿਤ, ਪ੍ਰਾਕ੍ਰਿਤ, ਪਾਲੀ, ਹਿੰਦੀ, ਬੰਗਾਲੀ, ਮਰਾਠੀ, ਗੁਜਰਾਤੀ, ਫਾਰਸੀ, ਹਿਬਰੂ, ਜਰਮਨ ਤੇ ਫਰੈਂਚ ਵੀ ਜਾਣਦਾ ਸੀ। ਪਰ ਸੁਭਾਅ ਦਾ ਐਨਾ ਕੌੜਾ ਸੀ ਕਿ ਉਸ ਦੀ ਕਿਸੇ ਸਮਕਾਲੀ ਨਾਲ ਸੁਰ ਨਹੀਂ ਸੀ ਰਲਦੀ। ਆਪਣੀ ਘਰ ਵਾਲੀ ਨਾਲ ਵੀ ਨਹੀਂ। ਹੁਣ ਭਾਰਤੀ ਸਾਹਿਤ ਅਕਾਡਮੀ, ਨਵੀਂ ਦਿੱਲੀ ਨੇ ਉਸ ਨੂੰ ਭਾਰਤੀ ਸਾਹਿਤ ਦੇ ਉਸਰੱਈਆਂ ਵਿਚ ਸ਼ਾਮਲ ਕਰਕੇ ਉਸ ਦੀ ਮ੍ਰਿਤੂ ਤੋਂ ਤਿੰਨ ਦਹਾਕੇ ਪਿੱਛੋਂ ਉਸ ਦੀ ਕਦਰ ਪਾਈ ਹੈ। ਅੰਗਰੇਜ਼ੀ, ਉਰਦੂ ਅਤੇ ਹਿੰਦੀ ਵਿਚ 225 ਪੁਸਤਕਾਂ ਤੇ ਪੈਂਫਲਟਾਂ ਦੇ ਰਚੈਤਾ ਇਸ ਵਿਦਵਾਨ ਦੀ ਉਤਰੀ ਭਾਰਤ ਦੀਆਂ ਇਨ੍ਹਾਂ ਭਾਸ਼ਾਵਾਂ ਨੂੰ ਦੇਣ ਦਾ ਮੁਲਾਂਕਣ ਹਰਿਭਜਨ ਸਿੰਘ ਭਾਟੀਆ ਨੇ ਬੜੇ ਪਿਆਰ, ਹਮਦਰਦੀ ਤੇ ਸਤਿਕਾਰ ਨਾਲ ਕੀਤਾ ਹੈ। 85 ਵਰ੍ਹੇ ਦੀ ਉਮਰ ਤੱਕ ਸਾਹਿਤ ਜਗਤ ਉਤੇ ਬੋਹੜ ਵਾਂਗ ਛਾਏ ਇਸ ਵਿਦਵਾਨ ਦੇ ਈਰਖਾਲੂਆਂ ਤੋਂ ਮੁਕਤ ਹੋਣ ਲਈ ਏਨਾ ਸਮਾਂ ਲਗਣਾ ਅਵਸ਼ਕ ਵੀ ਸੀ ਤੇ ਕੁਦਰਤੀ ਵੀ। ਆਸ ਹੈ ਕਿ ਭਵਿੱਖ ਦੇ ਖੋਜਾਰਥੀ ਉਸ ਦੀਆਂ ਨਿੱਜੀ ਪਸੰਦਾਂ-ਨਾਪਸੰਦਾਂ ਤੋਂ ਮੁਕਤ ਹੋ ਕੇ ਉਸ ਦੇ ਖੋਜ ਕਾਰਜਾਂ ਤੋਂ ਮਾਰਗ ਦਰਸ਼ਨ ਲੈਣਗੇ। ਆਮ ਪੰਜਾਬੀ ਨੂੰ ਉਸ ਦੀ ਹਸਤੀ ਸਮਝਾਉਣੀ ਹੋਵੇ ਤਾਂ ਏਨਾ ਹੀ ਦੱਸ ਦੇਣਾ ਕਾਫੀ ਹੈ ਕਿ ਪੂਰੀ ਅਧੀ ਓਬਰਾਇ ਗੋਤ 'ਚ ਉਸ ਦਾ ਕੋਈ ਸਾਨੀ ਨਹੀਂ ਸੀ, ਓਬਰਾਇ ਇੰਟਰਕਾਨਟੀਨੈਂਟਲ ਦੇ ਨਮੂਦਾਰ ਹੋਣ ਤੱਕ।

### ਮਿਲਖਾ ਸਿੰਘ ਤੇ ਮੀਡੀਆ

'ਭਾਗ ਮਿਲਖਾ ਭਾਗ' ਦੇ ਨਾਇਕ ਫਰਹਾਨ ਅਖ਼ਤਰ ਨੇ ਮਿਲਖਾ ਸਿੰਘ ਦੀ ਤੇਜ਼ ਰਫਤਾਰੀ ਨੂੰ ਤੇਜ਼ ਤੇ ਸਦੀਵੀ ਕਰ ਦਿੱਤਾ ਹੈ। ਫਿਲਮ ਰਾਹੀਂ ਦੇਸ਼ ਵੰਡ ਦੀ ਵਹਿਸ਼ਤ ਵਿਚੋਂ ਚਾਨਣਾ ਪੈਦਾ ਕਰਨਾ ਇਸ ਨੂੰ ਅਮਰਤਾ ਪ੍ਰਦਾਨ ਕਰਦਾ ਹੈ। ਜਿਨ੍ਹਾਂ ਨੇ ਮਿਲਖਾ ਸਿੰਘ ਤੇ ਉਸ ਦੀ ਦੌੜ ਨਹੀਂ ਤੱਕੀ ਉਹ ਫਿਲਮ ਰਾਹੀਂ ਉਸ ਦੀ ਦੌੜ ਤੇ ਦੋਸਤੀਆਂ ਦੇ ਖੁਲ੍ਹੇ ਦਰਸ਼ਨ ਕਰ ਲੈਂਦੇ ਹਨ। ਨਾਇਕ ਫਰਹਾਨ ਹੀ ਨਹੀਂ, ਭੈਣ ਦਿਵਿਆ ਦੱਤਾ, ਦੋਸਤ ਸੋਨਮ ਕਪੂਰ ਅਤੇ ਕੋਚ ਯੋਗਰਾਜ ਸਿੰਘ ਦੀ ਅਦਾਕਾਰੀ ਧੀਮੀ ਗਤੀ ਵਾਲੀ ਹੈ। ਤਿੰਨ ਘੰਟੇ ਦੀ ਮੂਵੀ ਨੂੰ ਖੜੋਤ ਦਾ ਸ਼ਿਕਾਰ ਨਹੀਂ ਹੋਣ ਦਿੰਦੀ। ਵੱਡੀ ਗੱਲ ਇਹ ਹੈ ਫਿਲਮ ਦਾ ਸੰਦੇਸ਼ ਭਾਰਤ-ਪਾਕਿ ਮਿੱਤਰਤਾ ਹੀ ਨਹੀਂ ਬੀਤੇ ਨੂੰ ਭੁਲਾ ਕੇ ਹਿੰਦੂ-ਮੁਸਲਮ ਏਕਤਾ ਦਾ ਵੀ ਹੈ ਜਿਸ ਦੀ ਦੋਵੇਂ ਪਾਸੇ ਵੱਡੀ ਲੋੜ ਹੈ।

**ਅੰਤਿਕਾ:** (ਫੈਜ਼ ਅਹਿਮਦ ਫੈਜ਼)

ਗੁਲੋਂ ਮੇਂ ਰੰਗ ਭਰੇ
ਬਾਦ ਏ ਨੌ ਬਹਾਰ ਚਲੇ।
ਚਲੇ ਭੀ ਆਓ ਕਿ
ਗੁਲਸ਼ਨ ਕਾ ਕਾਰੋਬਾਰ ਚਲੇ।
ਜੋ ਮੁਝ ਪੇ ਗੁਜ਼ਰੀ ਸੋ ਗੁਜ਼ਰੀ
ਮਗਰ ਸ਼ਬ ਏ ਹਿਜਰਾਂ,
ਮੇਰੇ ਅਸ਼ਕ ਤੇਰੀ
ਆਕਬਤ ਸੰਵਾਰ ਚਲੇ।
ਮੁਕਾਮ ਫੈਜ਼ ਕੋਈ
ਰਾਹ ਮੇਂ ਜਚਾ ਹੀ ਨਹੀਂ,
ਜੋ ਕੂਏ ਯਾਰ ਸੇ ਨਿਕਲੇ
ਤੋ ਸੂਏ ਦਾਰ ਚਲੇ।

**ਬਲਰਾਜ ਸਾਹਨੀ ਜਨਮ ਸ਼ਤਾਬਦੀ**

*(1 ਮਈ 1913 ਤੋਂ 13 ਅਪਰੈਲ 1973)*



*ਮੁੰਬਈ ਫਿਲਮ ਨਗਰੀ ਦੇ ਥੰਮ੍ਹ ਕਲਾਕਾਰ, ਬਲਰਾਜ ਸਾਹਨੀ ਦੀ ਜਨਮ ਸ਼ਤਾਬਦੀ ਚੱਲ ਰਹੀ ਹੈ। ਇਨ੍ਹਾਂ ਸ਼ਤਾਬਦੀ ਜਸ਼ਨਾਂ ਤੋਂ ਇਲਾਵਾ ਵੀ 'ਪੰਜਾਬ ਟਾਈਮਜ਼' ਨੇ ਪੰਜਾਬ ਦੇ ਇਸ ਕਹਿੰਦੇ-ਕਹਾਉਂਦੇ ਫਨਕਾਰ ਨੂੰ ਯਾਦ ਕੀਤਾ ਹੈ ਅਤੇ ਉਸ ਦੀਆਂ ਪੰਜਾਬੀ ਵਿਚ ਲਿਖੀਆਂ ਰਚਨਾਵਾਂ ਪਾਠਕਾਂ ਨਾਲ ਸਾਂਝੀਆਂ ਕੀਤੀਆਂ ਹਨ। ਇਸ ਵਾਰ ਬਲਰਾਜ ਦੀ ਆਪਣੇ ਫਿਲਮੀ ਸਫਰ ਦੇ ਸ਼ੁਰੂਆਤੀ ਦੌਰ ਬਾਰੇ ਲਿਖੀ ਰਚਨਾ 'ਯਾਦ ਹੀਰੋ ਬਣਨ ਦੀ' ਛਾਪ ਰਹੇ ਹਾਂ। ਇਹ ਰਚਨਾ ਪੜ੍ਹ ਕੇ ਹੈਰਾਨੀ ਹੁੰਦੀ ਹੈ ਕਿ ਬਲਰਾਜ ਖੁਦ ਵੀ ਕਿਸ ਤਰ੍ਹਾਂ ਦੇ ਸੰਘਰਸ਼ ਵਿਚੋਂ ਨਿੱਕਲ ਕੇ ਫਿਲਮੀ ਨਗਰੀ ਵਿਚ ਛਾਇਆ ਅਤੇ ਸਦਾ ਲਈ ਆਪਣੀ ਥਾਂ ਬਣਾ ਗਿਆ। ਇਸ ਰਚਨਾ ਤੋਂ ਉਸ ਜ਼ਮਾਨੇ ਦੀ ਫਿਲਮੀ ਦੁਨੀਆਂ ਅਤੇ ਅੱਜ ਦੇ ਜ਼ਮਾਨੇ ਦੇ ਬਾਲੀਵੁੱਡ ਦਾ ਫਰਕ ਵੀ ਸਾਫ ਦਿਸਦਾ ਹੈ। -ਸੰਪਾਦਕ*

# ਯਾਦ ਹੀਰੋ ਬਣਨ ਦੀ

ਬਲਰਾਜ ਸਾਹਨੀ

ਦਮੋ (ਬਲਰਾਜ ਸਾਹਨੀ ਦੀ ਪਹਿਲੀ ਪਤਨੀ) ਦੀ ਮ੍ਰਿਤੂ ਪਿੱਛੋਂ ਮੈਂ ਬੱਚਿਆਂ ਨੂੰ ਲੈ ਕੇ ਪਿੰਡੀ ਚਲਾ ਗਿਆ ਪਰ ਉਥੇ ਜਿਵੇਂ ਮੌਤ ਦੀ ਕੋਈ ਕਦਰ-ਕੀਮਤ ਹੀ ਨਹੀਂ ਸੀ ਰਹਿ ਗਈ। ਆਲੇ-ਦੁਆਲੇ ਪਿੰਡਾਂ 'ਚ ਹਿੰਦੂਆਂ ਸਿੱਖਾਂ ਦੇ ਭਿਆਨਕ ਕਤਲੇਆਮ ਹੋ ਰਹੇ ਸਨ। ਭੀਸ਼ਮ (ਛੋਟਾ ਭਰਾ ਭੀਸ਼ਮ ਸਾਹਨੀ) ਉਦੋਂ ਕਾਂਗਰਸ ਕਮੇਟੀ ਦਾ ਸਕੱਤਰ ਸੀ ਤੇ ਪਿੰਡ-ਪਿੰਡ ਘੁੰਮ ਫਿਰ ਕੇ ਵਾਰਦਾਤਾਂ ਦੀ ਰਿਪੋਰਟ ਤਿਆਰ ਕਰ ਰਿਹਾ ਸੀ। ਉਹਨੇ ਇਕ ਖੂਹ ਬਾਰੇ ਦੱਸਿਆ ਜਿਸ ਵਿਚ ਸੈਂਕੜੇ ਤੀਵੀਆਂ ਨੇ ਆਪਣੀ ਇੱਜ਼ਤ ਬਚਾਉਣ ਲਈ ਛਾਲ ਮਾਰ ਕੇ ਆਤਮ-ਹੱਤਿਆ ਕੀਤੀ ਸੀ। ਕਿਤਨੀਆਂ ਆਪਣੇ ਬੱਚਿਆਂ ਨੂੰ ਵੀ ਨਾਲ ਲੈ ਮੋਈਆਂ ਸਨ।

ਰਾਵਲਪਿੰਡੀ ਸ਼ਹਿਰ ਵਿਚ ਕਮਿਊਨਿਸਟ ਪਾਰਟੀ ਦੀ ਅਮਨ ਮੁਹਿੰਮ ਜ਼ੋਰਾਂ ਉਤੇ ਸੀ। ਕਾਮਰੇਡ, ਕਾਂਗਰਸ ਤੇ ਲੀਗ ਦੋਵਾਂ ਨੂੰ ਆਪਸ ਵਿਚ ਸਮਝੌਤਾ ਕਰਨ ਅਤੇ ਅੰਗਰੇਜ਼ਾਂ ਨਾਲ ਡਟ ਕੇ ਲੜਨ ਲਈ ਵੰਗਾਰਦੇ ਸਨ। ਇਹ ਵੰਗਾਰ ਜਨਤਾ ਦੇ ਦਿਲਾਂ ਵਿਚ ਉਭਰਦੀ ਸੀ, ਪਰ ਹੁਣ ਅੰਗਰੇਜ਼ ਹਾਲਾਤ ਉਪਰ ਪੂਰੀ ਤਰ੍ਹਾਂ ਹਾਵੀ ਹੋ ਚੁੱਕੇ ਸਨ ਤੇ ਹਿੰਦੁਸਤਾਨੀਆਂ ਨੂੰ ਮਨ ਚਾਹੇ ਨਾਚ ਨਚਾ ਰਹੇ ਸਨ।

ਮੇਰੇ ਸਾਥੀ ਕਾਮਰੇਡਾਂ ਦੀ ਆਪਾ-ਵਾਰੂ ਸੇਵਾ ਨੇ ਮੇਰਾ ਦਿਲ ਜਿੱਤ ਲਿਆ ਤੇ ਮੈਂ ਵੀ ਉਨ੍ਹਾਂ ਦੇ ਕੰਮ ਵਿਚ ਰਲ ਕੇ ਆਪਣੇ ਜ਼ਾਤੀ ਦੁੱਖ ਨੂੰ ਭੁਲਾਉਣ ਦੀ ਕੋਸ਼ਿਸ਼ ਕਰਨ ਲੱਗ ਪਿਆ। 'ਅਰੇ ਅਬ ਭਾਗੋ ਲੰਡਨ ਜਾਓ', 'ਅਬ ਨਾ ਗਾੜੀ ਚਲੇ', 'ਆਏ ਤੀਨ ਮਦਾਰੀ' ਤੇ ਪ੍ਰੇਮ ਧਵਨ ਦੇ ਲਿਖੇ ਕਿਤਨੇ ਹੀ ਹੋਰ ਲੋਕਪ੍ਰਿਅ ਇਪਟਾ-ਗੀਤ ਮੈਨੂੰ ਕੰਠ ਸਨ। ਮੈਂ ਉਹ ਗੀਤ ਗਾਉਂਦਾ, ਭੀੜ ਇਕੱਠਾ ਕਰਦਾ, ਤੇ ਫੇਰ ਕਾਮਰੇਡ ਤਕਰੀਰਾਂ ਕਰਦੇ।

ਕਾਮਰੇਡਾਂ ਨੂੰ ਸਭ ਤੋਂ ਜ਼ਿਆਦਾ ਭਰੋਸਾ ਆਪਣੀ ਮਜ਼ਦੂਰ ਜਮਾਤ ਉਪਰ ਸੀ। ਉਹ ਚਾਹੁੰਦੇ ਸਨ ਕਿ ਫਸਾਦਾਂ ਤੋਂ ਮਜ਼ਦੂਰਾਂ ਦੀਆਂ ਬਸਤੀਆਂ ਸੁਰੱਖਿਅਤ ਰਹਿਣ। ਨਾ ਕੇਵਲ ਇਹ, ਸਗੋਂ ਅੱਗੇ ਵਧ ਕੇ ਮਜ਼ਦੂਰ ਸਾਰੇ ਸ਼ਹਿਰ ਦੀ ਰੱਖਿਆ ਕਰਨ।

ਸ਼ਹੀਦ ਭਗਤ ਸਿੰਘ ਦੇ ਸਾਥੀ, ਸ੍ਰੀ ਧਨਵੰਤਰੀ ਵੀ ਇਸੇ ਕੰਮ ਲਈ ਪਿੰਡੀ ਤਸ਼ਰੀਫ ਲਿਆਏ। ਉਨ੍ਹਾਂ ਦੀਆਂ ਮੀਟਿੰਗਾਂ ਵਿਚ ਗਾਉਣਾ ਵੀ ਮੇਰੇ ਜ਼ਿੰਮੇ ਲੱਗ ਗਿਆ। ਮਈ ਮਹੀਨੇ ਦੀ ਗਰਮੀ ਸੀ, ਪਰ ਉਸ ਮਹਾਨ ਮਨੁੱਖ ਨੂੰ ਆਪਣਾ ਸੁੱਖ ਆਰਾਮ ਕੀ, ਖਾਣਾ-ਪੀਣਾ ਤੱਕ ਭੁੱਲਿਆ ਹੋਇਆ ਸੀ। ਸਾਈਕਲ ਫੜ ਕੇ ਅਸੀਂ ਸਾਰਾ ਸਾਰਾ ਦਿਨ ਚੱਕਰ ਕੱਟਦੇ ਰਹਿੰਦੇ। ਚੰਗਾ ਖਾਸਾ ਗਵੱਈਆ ਬਣ ਗਿਆ ਸਾਂ ਮੈਂ ਉਦੋਂ।

ਇਕ ਵਾਰੀ ਅਸੀਂ ਅਟਕ ਆਇਲ ਕੰਪਨੀ ਦੇ ਮਜ਼ਦੂਰਾਂ ਨਾਲ ਮੀਟਿੰਗ ਕਰਨ ਲਈ ਸ਼ਹਿਰੋਂ ਬਾਰਾਂ ਕੁ ਮੀਲ ਦੂਰ ਜਾ ਨਿਕਲੇ। ਇਕ ਬੰਦ ਕਮਰੇ ਵਿਚ ਪਾਰਟੀ ਮੈਂਬਰਾਂ ਤੇ ਹਮਦਰਦਾਂ ਦੀ ਮੀਟਿੰਗ ਹੋਈ। ਕਾਮਰੇਡ ਧਨਵੰਤਰੀ ਨੂੰ ਤਾੜਨਾ ਕੀਤੀ ਗਈ ਕਿ ਉਹ ਇਸ ਬੇਪਰਵਾਹੀ ਨਾਲ ਆਪਣੀ ਤੇ ਮੇਰੀ ਜਾਨ ਖ਼ਤਰੇ ਵਿਚ ਪਾਉਣਾ ਛੱਡ ਦੇਣ। ਪਿੰਡਾਂ ਵਿਚ ਮੁਸਲਮਾਨਾਂ ਨੂੰ ਲਗਾਤਾਰ ਇਸ਼ਤਿਆਲ ਦਿੱਤਾ ਜਾ ਰਿਹਾ ਸੀ। ਇਸ ਕੰਮ ਵਿਚ ਹਕੂਮਤ ਦੇ ਅਧਿਕਾਰੀਆਂ ਦਾ ਵੀ ਹੱਥ ਸੀ। ਉਥੇ ਖੁੱਲ੍ਹੀ ਮੀਟਿੰਗ ਕਰਨ ਦਾ ਸਵਾਲ ਹੀ ਪੈਦਾ ਨਾ ਹੋਇਆ। ਕੁਝ ਇਕ ਮਜ਼ਦੂਰ (ਅਟਕ ਆਇਲ ਕੰਪਨੀ ਦੇ ਸਾਰੇ ਮਜ਼ਦੂਰ ਮੁਸਲਮਾਨ ਸਨ) ਸਾਈਕਲਾਂ ਉਤੇ ਸਵਾਰ ਹੋ ਕੇ ਸਾਨੂੰ ਸ਼ਹਿਰ ਦੀਆਂ ਹੱਦਾਂ ਤੀਕਰ ਵਾਪਸ ਛੱਡ ਆਏ।



*ਬਲਰਾਜ ਸਾਹਨੀ ਦਾ ਪਿਆਰਾ ਮਿੱਤਰ ਅੰਮ੍ਰਿਤ ਲਾਲ ਨਾਗਰ ਜਿਸ ਦੇ ਖ਼ਤ ਨੇ ਉਸ ਨੂੰ ਫਿਲਮੀ ਦੁਨੀਆਂ ਦੇ ਰਾਹ ਪਾ ਦਿੱਤਾ।*

ਹੰਗਾਮੀ ਘਟਨਾਵਾਂ ਦੇ ਵਾਵਰੋਲੇ ਵਿਚ ਫਸਿਆ ਹੋਇਆ ਵੀ ਮੈਂ ਉਨ੍ਹਾਂ ਦੇ ਮਹੱਤਵ ਨੂੰ ਸਮਝਣ ਤੋਂ ਅਸਮਰਥ ਸਾਂ। ਲੈਨਿਨ ਦੀ ਉਦੋਂ ਮੈਂ ਇਕ ਵੀ ਕਿਤਾਬ ਨਹੀਂ ਸੀ ਪੜ੍ਹੀ ਹੋਈ। ਮਾਰਕਸਵਾਦੀ ਗਿਆਨ ਵਿਅਕਤੀ ਨੂੰ ਆਲਾ-ਦੁਆਲਾ ਸਮਝਣ ਤੇ ਬਦਲਣ ਦੀ ਜਾਚ ਸਿਖਾ ਦਿੰਦਾ ਹੈ, ਪਰ ਮੈਂ ਉਹ ਜਾਚ ਅਜੇ ਨਹੀਂ ਸੀ ਸਿੱਖੀ। ਇਸ ਲਈ ਘਟਨਾਵਾਂ ਉਪਰ ਆਪਣੀਆਂ ਖਾਹਿਸ਼ਾਂ ਦਾ ਹੀ ਮੁਲੰਮਾ ਚਾੜ੍ਹਦਾ ਰਹਿੰਦਾ ਸਾਂ ਜੋ ਮਧ ਵਰਗ ਦੇ ਨੌਜਵਾਨਾਂ ਦੀ ਆਮ ਕਮਜ਼ੋਰੀ ਹੈ। ਮੇਰੇ ਪਿਤਾ ਜੀ ਜ਼ਿਆਦਾ ਅਨੁਭਵੀ ਸਨ। ਉਨ੍ਹਾਂ ਨੂੰ ਵਿਸ਼ਵਾਸ ਹੋ ਗਿਆ ਸੀ ਕਿ ਪਾਕਿਸਤਾਨ ਬਣਨ ਮਗਰੋਂ ਹਿੰਦੂਆਂ ਦਾ ਉਥੇ ਰਹਿਣਾ ਅਸੰਭਵ ਹੋ ਜਾਏਗਾ। ਉਨ੍ਹਾਂ ਨੂੰ ਲੁਧਿਆਣਿਉਂ ਇਕ ਮੁਸਲਮਾਨ ਮਿੱਤਰ ਦੀਆਂ ਜ਼ਮੀਨ-ਜਾਇਦਾਦ ਬਾਰੇ ਵਾਰ ਵਾਰ ਚਿੱਠੀਆਂ ਆਉਂਦੀਆਂ ਸਨ ਪਰ ਪਿਤਾ ਜੀ ਮੇਰੀ ਤੇ ਭੀਸ਼ਮ ਦੀ ਸਲਾਹ ਲਏ ਬਿਨਾਂ ਕੋਈ ਕਦਮ ਨਹੀਂ ਸਨ ਚੁੱਕਣਾ ਚਾਹੁੰਦੇ। ਅਸੀਂ ਉਨ੍ਹਾਂ ਦੇ ਸਾਰੇ ਅੰਦੇਸ਼ਿਆਂ ਨੂੰ ਹਾਸੇ ਵਿਚ ਉਡਾ ਛਡਦੇ। ਅਸੀਂ ਆਖਦੇ, "ਭਲਾ ਲੁਧਿਆਣੇ ਵਰਗੇ ਕੋਝੇ ਨਾਂ ਵਾਲਾ ਸ਼ਹਿਰ ਵੀ ਕਦੇ ਰਹਿਣ ਦੇ ਕਾਬਿਲ ਹੋ ਸਕਦਾ ਹੈ?" ਉਹ ਵੀ ਅੱਗੋਂ ਹੱਸ ਛੱਡਦੇ। ਮੈਂ ਹੈਰਾਨ ਹੁੰਦਾ ਹਾਂ ਕਿ ਕਿਵੇਂ ਸਾਡੀ ਏਸ ਹੱਦ ਦਰਜੇ ਦੀ ਮੂਰਖਤਾ ਨੂੰ ਵੀ ਪਿਤਾ ਜੀ ਨੇ ਸਹਿਣ ਕੀਤਾ ਅਤੇ ਅੰਤ ਆਪਣੀ ਲੱਖਾਂ ਦੀ ਜ਼ਮੀਨ ਜਾਇਦਾਦ ਹੱਥੋਂ ਗੁਆ ਬੈਠੇ।

ਮੇਰੀ ਸਿਹਤ ਬਹੁਤ ਗਿਰੀ ਹੋਈ ਸੀ। ਡਾਕਟਰ ਨੇ ਕਸ਼ਮੀਰ ਚਲੇ ਜਾਣ ਦੀ ਸਲਾਹ ਦਿੱਤੀ। ਉਥੇ ਵੀ ਹਾਲਾਤ ਬੜੇ ਹੰਗਾਮੀ ਸਨ, ਪਰ ਫਿਰਕੂ ਜ਼ਿਹਨੀਅਤ ਦਾ ਕਿਤੇ ਨਾਮ ਨਿਸ਼ਾਨ ਨਹੀਂ ਸੀ। ਮਹਾਰਾਜਾ ਹਰੀ ਸਿੰਘ ਦਾ ਦਮਨ ਚੱਕਰ ਬੜੇ ਜ਼ੋਰ ਨਾਲ ਚੱਲ ਰਿਹਾ ਸੀ। ਸ਼ੇਖ਼ ਸਾਹਿਬ, ਸਾਦਿਕ, ਡੀ.ਪੀ. ਧਰ, ਤੇ ਹੋਰ ਅਨੇਕਾਂ ਲੀਡਰ ਜੇਲ੍ਹ ਵਿਚ ਸਨ ਜਿਸ ਕਰ ਕੇ ਜਨਤਾ ਵਿਚ ਬੜੀ ਬੇਚੈਨੀ ਸੀ। ਕਈ ਸਿਆਸੀ ਕਾਰਕੁਨ ਰੂਪੋਸ਼ ਹੋ ਕੇ ਬਗਾਵਤ ਫੈਲਾ ਰਹੇ ਸਨ ਤੇ ਇਸ ਨੇਕ ਕੰਮ ਵਿਚ ਪੁਲਿਸ ਤੀਕਰ ਉਨ੍ਹਾਂ ਦੀ ਮਦਦਗਾਰ ਸੀ। ਇਕ 'ਖੁਫੀਆ' ਅੱਡੇ ਉਤੇ ਮੇਰੀ ਮੁਲਾਕਾਤ ਕਸ਼ਮੀਰ ਦੇ ਅਜ਼ੀਮ ਮਜ਼ਦੂਰ ਸ਼ਾਇਰ ਅਬਦੁੱਸਿਤਾਰ ਆਸੀ ਨਾਲ ਹੋਈ। ਰੋਜ਼ੀ ਕਮਾਉਣ ਲਈ ਉਹ ਕਿਸੇ ਆੜ੍ਹਤੀ ਦੀ ਦੁਕਾਨ ਉਤੇ ਬੋਰੀਆਂ ਢੋਇਆ ਕਰਦਾ ਸੀ। ਇਹ ਵੀ ਮੇਰੀ ਅਭੁੱਲ ਯਾਦ ਹੈ।

ਮੈਂ ਬੰਬਈਉਂ ਆਇਆ ਸਾਂ ਜਿਥੇ ਪਾਰਟੀ ਦਾ ਕੇਂਦਰ ਸੀ। ਇਸ ਲਈ ਸ੍ਰੀਨਗਰ ਦੇ ਕਾਮਰੇਡ ਮੈਨੂੰ ਲੋੜ ਤੋਂ ਵੱਧ ਅਹਿਮੀਅਤ ਦੇ ਰਹੇ ਸਨ। ਮੈਂ ਵੀ ਆਪਣੇ ਵੱਲੋਂ ਅਰੜ-ਪੋਪੋ ਬਣਨ ਦੀ ਕੋਸ਼ਿਸ਼ ਕਰਦਾ ਸਾਂ; ਹਾਲਾਂਕਿ ਸਿਆਸੀ ਸੂਝ-ਬੂਝ ਮੇਰੀ ਉਨ੍ਹਾਂ ਤੋਂ ਥੋੜ੍ਹੀ ਸੀ। ਘਰੋਗੀ ਵਾਤਾਵਰਨ, ਤੇ ਗੌਰਮਿੰਟ ਕਾਲਜ ਲਾਹੌਰ ਦੀ ਤਾਲੀਮ-ਦੋਵਾਂ ਨੇ ਮੇਰੇ ਸੰਸਕਾਰ ਡੂੰਘੇ ਸਵੈ-ਕੇਂਦਰਿਤ ਤੇ ਮਨ-ਮੁਖੀ ਬਣਾ ਛੱਡੇ ਸਨ। ਵੱਡੀਆਂ ਤੋਂ ਵੱਡੀਆਂ ਘਟਨਾਵਾਂ ਵੱਲੋਂ ਵੀ ਅੱਖਾਂ ਮੀਟ ਛੱਡਣ ਦੀ ਮੇਰੀ ਆਦਤ ਬਣੀ ਹੋਈ ਸੀ। ਆਪਣੇ ਇਸ ਰੋਗ ਦਾ ਇਲਾਜ ਮੈਂ ਮਾਰਕਸਵਾਦੀ ਗਿਆਨ ਦੀ ਸਹਾਇਤਾ ਨਾਲ ਵੀ ਨਹੀਂ ਕਰ ਸਕਿਆ। ਔਖੀ ਘੜੀ ਵਿਚ ਮੇਰੀ ਸੋਚ ਸ਼ਕਤੀ ਲਰਜ਼ ਜਾਂਦੀ ਹੈ। ਮੇਰੀ ਜ਼ਿਹਨੀਅਤ ਉਸ ਬਾਂਦਰ ਵਰਗੀ ਹੈ ਜੋ ਅੱਗ ਨਾਲ ਛੇੜ ਕਰਨ ਤੋਂ ਵੀ ਬਾਜ਼ ਨਹੀਂ ਆਉਂਦਾ, ਅਤੇ ਪੋਟੇ ਸੜਦਿਆਂ ਨੱਠ ਵੀ ਫੌਰਨ ਜਾਂਦਾ ਹੈ।

ਕਾਫ਼ੀ ਹੱਦ ਤੱਕ ਇਹੀ ਮੇਰੇ ਸਮਕਾਲੀ ਸਾਹਿਤਕਾਰਾਂ ਤੇ ਕਲਾਕਾਰਾਂ ਦੀ ਕਮਜ਼ੋਰੀ ਵੀ ਆਖੀ ਜਾ ਸਕਦੀ ਹੈ। 1947 ਦੀ ਕਾਲ-ਹਨੇਰੀ ਸਾਡੇ ਸਿਰਾਂ ਤੋਂ ਹੋ ਕੇ ਲੰਘ ਗਈ। ਉਸ ਦੇ ਆਧਾਰ ਉਤੇ ਅਸੀਂ ਨਾ ਕੋਈ ਵਧੀਆ ਫਿਲਮ ਬਣਾ ਸਕੇ ਤੇ ਨਾ ਹੀ ਜਜ਼ਬਾਤੀ ਵਾ-ਵੇਲਿਆਂ ਤੋਂ ਉਤਾਂਹ ਉਠ ਕੇ ਸਾਹਿਤ ਵਿਚ ਉਸ ਦੀ ਕੋਈ ਯਾਦਗਾਰ ਅੱਕਾਸੀ ਕੀਤੀ। ਕੁਝ ਚਿਰ ਸ੍ਰੀਨਗਰ ਠਹਿਰ ਕੇ ਮੈਂ ਗੁਲਮਰਗ ਚਲਾ ਗਿਆ, ਤੇ ਮੇਰੀ ਬਿਰਤੀ ਕੁਦਰਤ ਦੇ ਹੁਸੀਨ ਨਜ਼ਾਰਿਆਂ ਵਿਚ ਲੀਨ ਹੋ ਗਈ।



*ਬਲਰਾਜ ਸਾਹਨੀ ਆਪਣੀ ਪਤਨੀ ਦਮਯੰਤੀ ਨਾਲ।*

ਇਕ ਦਿਨ ਮੈਨੂੰ ਹਿੰਦੀ ਦੇ ਪ੍ਰਸਿੱਧ ਨਾਵਲਕਾਰ ਮੇਰੇ ਪਿਆਰੇ ਮਿੱਤਰ ਅੰਮ੍ਰਿਤ ਲਾਲ ਨਾਗਰ ਦਾ ਖ਼ਤ ਆਇਆ। ਪ੍ਰੋਡਿਊਸਰ ਵੀਰੇਂਦਰ ਦੇਸਾਈ ਉਨ੍ਹਾਂ ਦੀ ਲਿਖੀ ਕਹਾਣੀ ਦੇ ਆਧਾਰ ਉਤੇ ਫਿਲਮ ਬਣਾ ਰਹੇ ਹਨ ਤੇ ਮੁੱਖ ਪਾਤਰ ਦੇ ਤੌਰ ਉਤੇ ਮੈਨੂੰ ਲੈਣ ਦਾ ਫੈਸਲਾ ਕੀਤਾ ਹੈ। ਮੁਆਵਜ਼ਾ ਦਸ ਹਜ਼ਾਰ ਰੁਪਏ। ਜੇ ਮੈਨੂੰ ਮਨਜ਼ੂਰ ਹੋਵੇ ਤਾਂ ਜਵਾਬੀ ਤਾਰ ਦਿਆਂ।

ਤਿੰਨ ਸਾਲ ਪਹਿਲਾਂ, ਏਸੇ ਗੁਲਮਰਗ ਤੋਂ ਮੈਨੂੰ ਚੇਤਨ ਆਨੰਦ ਫਿਲਮਾਂ ਵਿਚ ਖਿੱਚ ਕੇ ਲੈ ਗਿਆ ਸੀ। ਹੁਣ ਫੇਰ ਇਕ ਪਿਆਰੇ ਦੋਸਤ ਨੇ ਲਲਚਾ ਲਿਆ। ਫਿਲਮਾਂ ਲਈ ਜਵਾਨ ਦਿਲਾਂ ਵਿਚ ਖੌਰੇ ਕੀ ਕਸ਼ਿਸ਼ ਹੁੰਦੀ ਹੈ! ਬੰਬਈ ਦੀ ਆਬੋ-ਹਵਾ ਮੈਨੂੰ ਸੁਖਾਈ ਨਹੀਂ ਸੀ। ਉਥੋਂ ਦੇ ਲੋਕ ਮੈਨੂੰ ਓਪਰੇ ਓਪਰੇ ਲਗਦੇ ਸਨ। ਖਾਸ ਕਰ ਕੇ ਦਮੋ ਦੇ ਮਰਨ ਪਿੱਛੋਂ ਤਾਂ ਬੰਬਈ ਵਾਪਸ ਜਾਣ ਉਤੇ ਜ਼ਰਾ ਜਿੰਨਾ ਵੀ ਦਿਲ ਨਹੀਂ ਸੀ ਕਰਦਾ। ਪੰਜਾਬੀ ਬੋਲੀ ਤੇ ਪੰਜਾਬੀ ਸਾਹਿਤ ਲਈ ਮੇਰੇ ਦਿਲ ਵਿਚ ਸ਼ੌਕ ਜਾਗ ਪਿਆ ਸੀ। ਮੇਰਾ ਦਿਲ ਚਾਹੁੰਦਾ ਸੀ ਕਿ ਪੰਜਾਬ ਜਾਂ ਕਸ਼ਮੀਰ ਵਿਚ ਹੀ ਟਿਕੇ ਰਹਿਣ ਦਾ ਕੋਈ ਰਾਹ ਲੱਭ ਲਵਾਂ, ਪਰ ਇਨ੍ਹਾਂ ਸਾਰੇ ਮਨਸੂਬਿਆਂ ਨੂੰ ਢਹਿ-ਢੇਰੀ ਕਰਨ ਲਈ ਫਿਲਮੀ ਦੁਨੀਆਂ ਵਿਚੋਂ ਆਇਆ ਇਕ ਖ਼ਤ ਕਾਫ਼ੀ ਸੀ।

ਬਿਨ ਆਖੇ-ਮੰਗੇ ਹੀਰੋ ਦਾ ਰੋਲ ਮਿਲ ਰਿਹਾ ਸੀ। ਦਸ ਹਜ਼ਾਰ ਦਾ ਕਾਂਟਰੈਕਟ! ਇਹ ਤਾਂ ਮੇਰੇ 'ਸਟਾਰ' ਹੋ ਜਾਣ ਦੀ ਅਲਾਮਤ ਸੀ। ਮੇਰਾ ਦਿਲ ਖ਼ੁਸ਼ੀ ਨਾਲ ਉਛਲ ਉਛਲ ਪੈਂਦਾ ਸੀ।

ਜੁਲਾਈ 1947 ਦੇ ਅੰਤ ਵਿਚ ਸਾਰੇ ਪਰਿਵਾਰ ਨੂੰ ਕਸ਼ਮੀਰ ਛੱਡ ਕੇ, ਮੈਂ ਬੰਬਈ ਰਵਾਨਾ ਹੋ ਗਿਆ। ਰਾਵਲਪਿੰਡੀ ਵਿਚ ਇਸ ਕਦਰ ਸਹਿਮ ਵੇਖਿਆ ਕਿ ਸੜਕ ਉਤੇ ਤੁਰਿਆ ਨਹੀਂ ਸੀ ਜਾਂਦਾ। ਲਾਹੌਰੋਂ ਲੰਘਦਿਆਂ ਗੱਡੀ ਦੀ ਬਾਰੀ ਵਿਚੋਂ ਥਾਂ ਥਾਂ ਅੱਗਾਂ ਦੇ ਭਾਂਬੜ ਮੱਚਦੇ ਵੇਖੇ; ਪਰ ਫੇਰ ਵੀ, ਮੈਂ ਨਿਸ਼ਚਿੰਤ ਅਗਾਂਹ ਲੰਘ ਗਿਆ; ਜਿਵੇਂ ਉਸ ਸਭ ਕੁਝ ਨਾਲ ਮੇਰਾ ਕੋਈ ਲਗਾਉ ਹੀ ਨਹੀਂ ਸੀ। ਮੈਨੂੰ ਕਾਂਟਰੈਕਟ ਜੋ ਮਿਲ ਗਿਆ ਸੀ।

ਇਸ ਫਿਲਮ ਦਾ ਨਾਂ ਸੀ 'ਗੁੰਜਨ।' ਜਵਾਨੀ ਵਿਚ ਪੈਰ ਧਰਨ ਮਗਰੋਂ ਨਲਿਨੀ ਜੈਵੰਤ ਦੀ ਉਹ ਪਹਿਲੀ ਫਿਲਮ ਸੀ। ਹੀਰੋ, ਕਿਸਮਤ ਦਾ ਸਾੜਾ, ਇਕ ਦੀ ਥਾਂ ਦੋ ਨਿਕਲ ਆਏ। ਜਿਸ ਨਾਲ ਕੁੜੀ ਦਾ ਪਿਆਰ ਹੋਇਆ, ਉਹ ਮੈਂ ਸਾਂ ਪਰ ਜਿਸ ਨਾਲ ਵਿਆਹੀ ਗਈ, ਉਹ ਸਨ ਤ੍ਰਿਲੋਕ ਕਪੂਰ। ਉਹ ਅਰਸੇ ਤੋਂ ਫਿਲਮਾਂ ਵਿਚ ਕੰਮ ਕਰਦੇ ਆਏ ਸਨ। ਆਪਣੀ ਸ਼ਖ਼ਸੀਅਤ ਦਾ ਪ੍ਰਭਾਵ ਪਾਉਣਾ ਖੂਬ ਜਾਣਦੇ ਸਨ। ਸੈਟ ਉਤੇ ਦਿਨ ਵਿਚ ਇਕ-ਦੋ ਵਾਰੀ ਜ਼ਰੂਰ ਐਲਾਨ ਕਰ ਛੱਡਦੇ ਕਿ ਅਸਲੀ ਹੀਰੋ ਉਹ ਹਨ। ਮੈਂ ਅੰਦਰੇ ਅੰਦਰ ਸੜ-ਭੁੱਜ ਕੇ ਰਹਿ ਜਾਂਦਾ, ਜਿਵੇਂ ਮੇਰਾ ਹੱਕ ਕੋਈ ਜ਼ਬਰਦਸਤੀ ਖੋਹ ਰਿਹਾ ਹੋਵੇ। ਸਾਰੀ ਸਾਰੀ ਰਾਤ ਮੈਨੂੰ ਨੀਂਦਰ ਨਾ ਆਉਂਦੀ। ਹੀਰੋ ਬਣਿਆਂ ਵੀ, ਪਰ ਪੂਰੀ ਤਰ੍ਹਾਂ ਨਹੀਂ। ਪੂਰੀ ਤਰ੍ਹਾਂ ਹੀਰੋ ਮੈਂ ਕਦੋਂ ਬਣਾਂਗਾ?

ਦੂਜੇ ਲਫ਼ਜ਼ਾਂ ਵਿਚ, ਮੇਰਾ ਮਨ ਐਸੀਆਂ ਸੋਚਾਂ ਵਿਚ ਗਲਤਾਨ ਸੀ ਜਿਨ੍ਹਾਂ ਦਾ ਅਸਲ ਕੰਮ ਨਾਲ ਕੋਈ ਤਅੱਲਕ ਹੀ ਨਹੀਂ ਸੀ। ਪਾਤਰ ਉਸਾਰੀ ਦਾ ਕੋਈ ਮਨੋਵਿਗਿਆਨਕ ਪੱਖ ਵੀ ਹੁੰਦਾ ਹੈ, ਇਹ ਨਾ ਮੈਂ ਜਾਣਦਾ ਸਾਂ ਤੇ ਨਾ ਹੀ ਜਾਣਨ ਦੀ ਅਜੇ ਲੋੜ ਮਹਿਸੂਸ ਹੋਈ ਸੀ। ਮਾਰਕਸਵਾਦੀ ਜੋਸ਼ ਵਿਚ ਸਤਾਨਿਸਲਾਵਸਕੀ ਨੂੰ ਉਦੋਂ ਅਸੀਂ ਬੁਰਜ਼ਵਾ ਢੁੱਚਰ ਗਿਣਦੇ ਹੁੰਦੇ ਸਾਂ। ਕੈਮਰੇ ਅੱਗੇ ਹਵਾਸ ਬਾਖ਼ਤਾ ਹੋਣ 'ਤੇ ਜਿਸਮ ਦੇ ਆਕੜਨ ਦਾ ਅਨੁਭਵ ਮੈਨੂੰ ਬਥੇਰਾ ਹੋ ਚੁੱਕਿਆ ਸੀ, ਪਰ ਰਵੱਈਆ ਅਜੇ ਵੀ ਉਨ੍ਹਾਂ ਅਨਪੜ੍ਹਾਂ ਵਰਗਾ ਸੀ ਜੋ ਵੇਲੇ ਸਿਰ ਇਲਾਜ ਕਰਾਉਣ ਦੀ ਥਾਂ ਇਸੇ ਵਿਸ਼ਵਾਸ ਵਿਚ ਆਪਣਾ ਰੋਗ ਲੁਕਾਈ ਰੱਖਦੇ ਹਨ ਕਿ ਇਕ ਦਿਨ ਉਹ ਆਪਣੇ ਆਪ ਠੀਕ ਹੋ ਜਾਏਗਾ।

'ਗੁੰਜਨ' ਦੀ ਕਹਾਣੀ ਹੁਣ ਮੈਨੂੰ ਬਹੁਤੀ ਯਾਦ ਨਹੀਂ, ਪਰ ਪ੍ਰਬੀਨ ਸਾਹਿਤਕਾਰ ਦੀ ਲਿਖੀ ਹੋਣ ਕਰ ਕੇ ਉਸ ਵਿਚ ਕਈ ਤਰ੍ਹਾਂ ਦੇ ਸੂਖਮ ਦਾਓ-ਪੇਚ ਸਨ। ਉਨ੍ਹਾਂ ਨੂੰ ਸਮਝ ਤਾਂ ਮੈਂ ਜ਼ਰੂਰ ਲਿਆ ਤੇ ਸਲਾਹਿਆ ਵੀ, ਪਰ ਅਭਿਨੈ ਵਿਚ ਉਨ੍ਹਾਂ ਦੀ ਤਰਜਮਾਨੀ ਕਿਵੇਂ ਕਰਨੀ ਹੈ, ਇਸ ਤਕਨੀਕ ਤੋਂ ਮੈਂ ਕੋਰਾ ਸਾਂ। ਨਾਗਰ ਜੀ ਆਪ ਅਦਾਕਾਰ ਨਹੀਂ ਸਨ, ਇਸ ਕਰ ਕੇ ਮੇਰੀ ਇਸ ਊਣਤਾਈ ਨੂੰ ਨਾ ਪਛਾਣ ਸਕੇ। ਜੇ ਮੇਰੇ ਵਾਲਾ ਰੋਲ ਦਲੀਪ ਜਾਂ ਰਾਜ ਤੋਂ ਕਰਵਾਇਆ ਹੁੰਦਾ ਤਾਂ 'ਗੂੰਜਨ' ਯਾਦਗਾਰ ਪਿਕਚਰ ਬਣਦੀ, ਪਰ ਮੁਮਕਿਨ ਹੈ ਕਿ ਉਨ੍ਹਾਂ ਦੋਵਾਂ ਨੇ ਇਕ ਨਵੀਂ ਤੇ ਅਗਿਆਤ ਹੀਰੋਇਨ ਨਾਲ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ ਹੋਵੇ। ਕੀ ਪਤਾ!

ਸ਼ੂਟਿੰਗ ਦੇ ਸ਼ੁਰੂ ਵਿਚ ਹੀ ਨਾ ਸਿਰਫ਼ ਮੇਰਾ ਹੀਜ-ਪਿਆਜ਼ ਖੁੱਲ੍ਹ ਗਿਆ, ਸਗੋਂ ਪ੍ਰੋਡਿਊਸਰ ਦੀਆਂ ਨਜ਼ਰਾਂ ਵਿਚ ਨਾਗਰ ਜੀ ਦਾ ਵੀ ਭੱਠਾ ਬਹਿ ਗਿਆ। ਸੈਟ ਉਪਰ ਨਾਗਰ ਜੀ ਨੇ ਮੈਨੂੰ ਸੀਨ ਦਾ ਅੱਗਾ-ਪਿੱਛਾ ਬੜੇ ਸ਼ੌਕ ਤੇ ਵਿਸਥਾਰ ਨਾਲ ਸਮਝਾਉਣਾ ਸ਼ੁਰੂ ਕੀਤਾ। ਅੱਜ ਕੱਲ੍ਹ ਮੇਰੇ ਲਈ ਲੇਖਕ ਦਾ ਇੰਜ ਕਰਨਾ ਅਤਿਅੰਤ ਸੁਖਾਵਾਂ ਤੇ ਪ੍ਰੇਰਣਾ ਭਰਿਆ ਅਨੁਭਵ ਹੁੰਦਾ ਹੈ, ਪਰ ਉਦੋਂ ਮੇਰੀ ਕਲਪਨਾ ਨੇ ਸਹਿਜ-ਭਾਵ ਅਚੇਤਨ ਦੇ ਦੁਆਰ ਖੋਲ੍ਹ ਕੇ ਪਾਤਰ ਦੀਆਂ ਮਨੋ-ਅਵਸਥਾਵਾਂ ਦੇ ਪ੍ਰਵਾਹ ਵਿਚ ਦਾਖਲ ਹੋਣਾ ਨਹੀਂ ਸੀ ਸਿੱਖਿਆ। ਜੇ ਸਿੱਖਿਆ ਹੁੰਦਾ ਤਾਂ ਮੈਂ ਨਾਗਰ ਜੀ ਨੂੰ ਆਪਣੀ ਅਦਾਕਾਰੀ ਰਾਹੀਂ ਮਨ-ਚਾਹੇ ਨੁਕਤੇ ਨਿਖਾਰ ਕੇ ਵਿਖਾ ਦਿੰਦਾ, ਪਰ ਮੇਰੇ ਭਾਗਾਂ ਵਿਚ ਇਹ ਨਹੀਂ ਸੀ ਲਿਖਿਆ ਹੋਇਆ। ਇਹ ਅਰਮਾਨ ਸਦੀਵੀ ਪਛਤਾਵਾ ਬਣ ਕੇ ਰਹਿ ਗਿਆ ਹੈ।

ਫਿਲਮ ਦੀ ਸ਼ੂਟਿੰਗ 'ਚੱਟ ਮੇਰੀ ਮੰਗਣੀ, ਪੱਟ ਮੇਰਾ ਵਿਆਹ' ਵਾਲਾ ਮਾਮਲਾ ਹੁੰਦਾ ਹੈ। ਇਕ ਇਕ ਪਲ ਦੀ ਕੀਮਤ ਰੁਪਏ, ਆਨੇ, ਪਾਈ ਵਿਚ ਮਿਣੀ ਜਾਂਦੀ ਹੈ। ਨਾਟਕ ਖੇਡਣ ਵੇਲੇ ਕਈ ਕਈ ਹਫ਼ਤੇ ਰੀਹਰਸਲਾਂ ਚਲਦੀਆਂ ਹਨ। ਅਣ-ਸਿਖਿਆ ਕਲਾਕਾਰ ਵੀ ਅਭਿਨੈ ਪੌੜੀ ਦੇ ਦੋ-ਚਾਰ ਡੰਡੇ ਤਾਂ ਚੜ੍ਹ ਹੀ ਜਾਂਦਾ ਹੈ, ਪਰ ਇਥੇ ਉਹ ਸਹੂਲਤ ਨਹੀਂ। ਫੇਰ ਕਹਾਣੀ ਸਿਲਸਿਲੇਵਾਰ ਨਹੀਂ, ਅੱਗੇ ਪਿੱਛੇ ਤੇ ਟੋਟੇ ਟੋਟੇ ਕਰ ਕੇ ਫਿਲਮਾਈ ਜਾਂਦੀ ਹੈ। ਕੈਮਰਾ ਮੂੰਹ ਦੇ ਇਤਨਾ ਨੇੜੇ ਆ ਜਾਂਦਾ ਹੈ ਕਿ ਦਰਸ਼ਕ ਉਹਨੂੰ ਕਿਤਾਬ ਵਾਂਗ ਪੜ੍ਹ ਸਕਦੇ ਹਨ। ਇਸ ਪਿੜ ਵਿਚ ਅਨਾੜੀ ਦੀ ਖ਼ੈਰ ਨਹੀਂ।

ਮੇਰਾ ਆਤਮ-ਵਿਸ਼ਵਾਸ ਇਕ ਦਮ ਜਵਾਬ ਦੇ ਗਿਆ, ਹੱਥ ਪੈਰ ਠੰਢੇ ਪੈ ਗਏ, ਗਲਾ ਖੁਸ਼ਕ ਹੋ ਗਿਆ। ਨਾਗਰ ਜੀ ਕੀ ਕਹਿ ਰਹੇ ਹਨ, ਜਾਂ ਕੀ ਨਹੀਂ ਕਹਿ ਰਹੇ, ਮੈਨੂੰ ਕੋਈ ਹੋਸ਼ ਨਹੀਂ ਸੀ। ਇਕ ਪਾਸੇ ਲੰਮੇ ਲੰਮੇ ਸੰਵਾਦ, ਦੂਜੇ ਪਾਸੇ ਉਨ੍ਹਾਂ ਰੇੜਕਾ ਪਾਇਆ ਹੋਇਆ ਸੀ ਜੋ ਮੈਨੂੰ ਜ਼ਹਿਰ ਲੱਗ ਰਿਹਾ ਸੀ। ਜੇ ਉਸ ਵੇਲੇ ਮੇਰੇ ਹੱਥ ਵਿਚ ਤਲਵਾਰ ਹੁੰਦੀ ਤਾਂ ਮੈਂ ਉਨ੍ਹਾਂ ਦਾ ਸਿਰ ਲਾਹ ਸੁੱਟਦਾ। ਜ਼ਰਾ ਪ੍ਰਵਾਹ ਨਾ ਕਰਦਾ ਕਿ ਉਹ ਮੇਰੇ ਮਿੱਤਰ ਹਨ, ਜਾਂ ਉਨ੍ਹਾਂ ਹੀ ਮੈਨੂੰ ਕਾਂਟਰੈਕਟ ਦਿਵਾਇਆ ਹੈ।

ਪ੍ਰੋਡਿਊਸਰ ਡਾਇਰੈਕਟਰ ਦੇਸਾਈ ਨੇ ਵੇਲੇ ਸਿਰ ਵਿਗੜਦੇ ਹਾਲਾਤ ਨੂੰ ਭਾਂਪ ਲਿਆ, ਤੇ ਸਮਝਾ-ਬੁਝਾ ਕੇ ਨਾਗਰ ਜੀ ਨੂੰ ਮੇਰੀਆਂ ਨਜ਼ਰਾਂ ਤੋਂ ਉਹਲੇ ਕਰ ਦਿੱਤਾ। ਮੈਨੂੰ ਸਾਹ ਵਿਚ ਸਾਹ ਆਇਆ ਕਿਉਂਕਿ ਮੈਂ ਮਨ ਵਿਚ ਆਪਣੇ ਆਪ ਨੂੰ ਨਹੀਂ, ਸਗੋਂ ਨਾਗਰ ਜੀ ਨੂੰ ਦੋਸ਼ ਦੇ ਰਿਹਾ ਸਾਂ, ਇਸ ਲਈ ਸਵੈਮਾਣ ਨਹੀਂ ਸੀ ਟੁੱਟਿਆ। ਦੇਸਾਈ ਨੇ ਇਸ ਗੱਲ ਦਾ ਲਾਭ ਉਠਾਇਆ, ਮੇਰੀ ਹੌਸਲਾ-ਅਫ਼ਜ਼ਾਈ ਕੀਤੀ, ਮੇਰੇ ਰਗ-ਰੇਸ਼ੇ ਨੂੰ ਸ਼ਾਂਤ ਕੀਤਾ। ਜਿਵੇਂ ਕਿਵੇਂ ਮੈਂ ਸੰਵਾਦ ਯਾਦ ਕਰ ਲਏ, ਤੇ ਹਾਲੀਵੁਡ ਦੇ ਐਕਟਰਾਂ ਦੇ ਵੇਖੇ ਵਿਖਾਏ ਅੰਦਾਜ਼ ਵਿਚ ਨਕਲ ਕਰ ਕੇ ਬੁੱਤਾ ਸਾਰ ਲਿਆ।

ਉਸ ਪਿੱਛੋਂ ਨਾਗਰ ਜੀ ਨੇ ਸੈਟ ਉਤੇ ਆਉਣਾ ਬਿਲਕੁਲ ਛੱਡ ਦਿੱਤਾ। ਪਤਾ ਨਹੀਂ ਕੀ ਕੀ ਕਲਾਤਮਕ ਰੀਝਾਂ ਲੈ ਕੇ ਉਹ ਫਿਲਮਾਂ ਵਿਚ ਆਏ ਸਨ, ਤੇ ਕਿਨ੍ਹਾਂ ਮਾਯੂਸੀਆਂ ਨਾਲ ਪਹਿਲਾਂ ਵਾਹ ਪੈ ਚੁੱਕਾ ਸੀ। ਮੈਂ ਜਾਣਦਾ ਸਾਂ ਕਿ ਉਨ੍ਹਾਂ ਨੂੰ ਵੀ ਮੁਨਸ਼ੀ ਪ੍ਰੇਮ ਚੰਦ ਵਾਂਗ, ਪੈਸੇ ਦੀ ਖਾਤਰ, ਆਪਣੇ ਜ਼ਮੀਰ ਨਾਲ ਧਰੋਹ ਕਮਾਉਣਾ ਮਨਜ਼ੂਰ ਨਹੀਂ ਸੀ। 'ਧਰਤੀ ਕੇ ਲਾਲ' ਤੇ 'ਗੁੜੀਆ' ਦੇ ਸੈਟ ਉਤੇ ਮੈਨੂੰ ਵੇਖ ਕੇ ਖ਼ੌਰੇ ਕੀ ਕੀ ਆਸਾਂ ਬੰਨ੍ਹਦੇ ਰਹੇ ਸਨ। ਕਿਤਨੀ ਮਿਹਨਤ ਨਾਲ, ਮੈਨੂੰ ਧਿਆਨ ਵਿਚ ਰੱਖ ਕੇ, ਅਤਿ ਸੂਖਮ ਤੇ ਧਾਰਮਕ ਕਥਾਨਕ ਉਨ੍ਹਾਂ ਕਲਮਬੰਦ ਕੀਤਾ ਸੀ ਤੇ ਉਨ੍ਹਾਂ ਫਿਲਮਾਉਣ

(ਬਾਕੀ ਅਗਲੇ ਸਫੇ 'ਤੇ)

# ਰਿਸ਼ਤਿਆਂ ਦੀ ਧੂਣੀ ਹੋ ਗਈ ਸੀਤ ਸੀ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਮਾਡਲ ਟਾਊਨ ਦੀ ਸ਼ਾਨਦਾਰ ਰੰਗਲੀ ਕੋਠੀ ਵਿਚ ਖੁਸ਼ੀ ਦੇ ਜਸ਼ਨ ਮਨਾਏ ਜਾ ਰਹੇ ਹਨ। ਮੁਬਾਰਕਾਂ, ਵਧਾਈਆਂ ਤੇ ਗੁੱਡ ਲੱਕ ਦੇ ਸ਼ਬਦ ਇਨਕਲਾਬੀ ਨਾਆਰਿਆਂ ਵਾਂਗ ਗੂੰਜਦੇ ਹੋਏ ਰਾਹ ਤੱਕ ਆ ਰਹੇ ਹਨ। ਗਿੱਧੇ ਦੀਆਂ ਤਾੜੀਆਂ ਖੁਸ਼ੀਆਂ ਦੇ ਚਾਰ ਚੰਨ ਲਾ ਰਹੀਆਂ ਹਨ। ਮੇਜ਼ 'ਤੇ ਪਈ ਭਾਂਤ-ਭਾਂਤ ਦੀ ਸ਼ਰਾਬ ਆਪਣਾ ਜਾਦੂ ਚਲਾ ਰਹੀ ਹੈ। ਅਸ਼ੋਕ ਗੁਪਤਾ ਆਪਣੇ ਬਿਜਨੈਸ ਭਰਾਵਾਂ ਵਿਚ ਖੜ੍ਹਾ ਖੁਸ਼ੀ ਵਿਚ ਝੂਮ ਰਿਹਾ ਹੈ। ਉਸ ਦਾ ਇਕਲੌਤਾ ਪੁੱਤਰ ਅਮਰੀਕਾ ਜਾ ਰਿਹਾ ਹੈ। ਚੌਵੀ-ਪੰਝੀ ਸਾਲ ਦੇ ਪੁੱਤਰ ਸੰਜੀਵ ਦਾ ਖਾਸ ਮਿੱਤਰ ਪਵਨ ਜੈਨ ਵੀ ਉਸ ਦੇ ਨਾਲ ਜਾ ਰਿਹਾ ਹੈ।

ਕੋਠੀ ਦੇ ਗੇਟ ਅੱਗੇ ਤੇਲ ਚੋ ਕੇ ਸੰਜੀਵ ਅਤੇ ਪਵਨ ਨੂੰ ਦਿੱਲੀ ਵੱਲ ਰਵਾਨਾ ਕਰ ਦਿੱਤਾ ਗਿਆ। ਅਸ਼ੋਕ ਗੁਪਤਾ ਨੇ ਪਹਿਲਾਂ ਹੀ ਆਪਣੇ ਨਜ਼ਦੀਕੀ ਰਿਸ਼ਤੇਦਾਰ ਦੇ ਖਾਸ ਮਿੱਤਰ ਨੂੰ ਕਹਿ ਦਿੱਤਾ ਸੀ ਕਿ ਉਹ ਸੰਜੀਵ ਤੇ ਪਵਨ ਨੂੰ ਏਅਰਪੋਰਟ ਤੋਂ ਲੈ ਕੇ ਆਵੇ ਤੇ ਅਗਾਂਹ ਦੀ ਕਾਰਵਾਈ ਸ਼ੁਰੂ ਕਰ ਦੇਵੇ। ਪਿਤਾ ਵੱਲੋਂ ਪਹਿਲਾਂ ਹੀ ਕੀਤੇ ਗਏ ਪ੍ਰਬੰਧ ਬਾਰੇ ਸੁਣ ਕੇ ਸੰਜੀਵ ਮਨ ਵਿਚ ਨੱਚਦਾ ਜਾ ਰਿਹਾ ਸੀ। ਪਵਨ ਉਂਜ ਤਾਂ ਸੰਜੀਵ ਦਾ ਹਮਜਮਾਤੀ ਸੀ, ਪਰ ਬਚਪਨ ਦੀ ਦੋਸਤੀ ਜਵਾਨੀ ਵਿਚ ਵੀ ਤੂਤ ਦੇ ਮੋਛੇ ਵਾਂਗ ਹੋ ਗਈ ਸੀ। ਪਵਨ ਨੇ ਇਕ ਕਦਮ ਅਗਾਂਹ ਪੁੱਟ ਲਿਆ ਸੀ। ਘਰਦਿਆਂ ਦੇ ਜ਼ੋਰ ਦੇਣ 'ਤੇ ਉਹ ਵਿਆਹ ਵਾਲਾ ਕੰਗਣਾ ਖੇਡ ਚੁੱਕਿਆ ਸੀ। ਵਿਆਹ ਤੋਂ ਬਾਅਦ ਕੰਧ ਵਾਲੇ ਕੈਲੰਡਰ ਨੇ ਤਿੰਨ ਮਹੀਨੇ ਹੀ ਬਦਲੇ ਸਨ ਕਿ ਅਸ਼ੋਕ ਨੇ ਉਸ ਦਾ ਵੀ ਬਿਜਨੈਸ ਵੀਜ਼ਾ ਲਵਾ ਦਿੱਤਾ ਸੀ। ਸੰਜੀਵ ਲਈ ਘਰੋਂ ਤੁਰਨਾ ਤਾਂ ਕੋਈ ਔਖਾ ਨਾ ਹੋਇਆ, ਪਰ ਪਵਨ ਹੁਸਨ ਨਾਲ ਭਰੇ ਬਾਗ ਨੂੰ ਕਿਵੇਂ ਇਕੱਲਿਆਂ ਛੱਡ ਸਕਦਾ ਸੀ! ਬਹਾਰਾਂ ਦੀ ਰੁੱਤ ਨਾਲ ਸਾਰਾ ਬਾਗ ਮਹਿਕਾਂ ਛੱਡ ਰਿਹਾ ਸੀ। ਪਵਨ ਨੂੰ ਲੱਗ ਰਿਹਾ ਸੀ ਕਿ ਉਹ ਹਰਿਆਲੀ ਧਰਤੀ ਛੱਡ ਕੇ ਕਿਸੇ ਮਾਰੂਥਲ ਦੇ ਇਲਾਕੇ ਵੱਲ ਜਾ ਰਿਹਾ ਹੈ। ਪਵਨ ਨੇ ਆਪਣੀ ਹਿੱਕ 'ਤੇ ਪੱਥਰ ਧਰ ਕੇ ਅਸ਼ੋਕ ਅੰਕਲ ਦੀ ਰਾਇ ਮੰਨ ਲਈ ਸੀ ਤੇ ਸੰਜੀਵ ਦੀ ਦੋਸਤੀ ਖਾਤਰ ਉਹ ਕੁਝ ਵੀ ਕਰਨ ਲਈ ਤਿਆਰ ਸੀ। ਉਂਜ ਵੀ ਤਾਂ ਪਵਨ ਦਾ ਮੁਫ਼ਤ ਵਿਚ ਕਾਰਜ ਰਾਸ ਹੋਣ ਜਾ ਰਿਹਾ ਸੀ। ਘਰ ਦੇ ਜਿਹੋ ਜਿਹੇ ਹਾਲਾਤ ਸਨ, ਉਨ੍ਹਾਂ ਲਈ ਅਮਰੀਕਾ ਤਾਂ ਕੀ, ਮਸਕਟ ਤੱਕ ਵੀ ਨਹੀਂ ਭੇਜਿਆ ਜਾ ਸਕਦਾ ਸੀ।

ਖ਼ੈਰ! ਦੋਵੇਂ ਸਹੀ ਸਲਾਮਤ ਅਮਰੀਕਾ ਪਹੁੰਚ ਗਏ। ਅਗਾਂਹ ਇਕ ਅੰਕਲ 'ਜੀ ਆਇਆਂ ਨੂੰ' ਕਹਿਣ ਲਈ ਖੜ੍ਹਾ ਸੀ। ਚੌੜੀਆਂ ਸੜਕਾਂ ਤੇ ਉਚੀਆਂ ਇਮਾਰਤਾਂ ਦੇਖਦੇ ਉਹ ਪਤਾ ਨਹੀਂ ਕਦੋਂ ਮਹਿਲਾਂ ਵਰਗੇ ਘਰ ਵਿਚ ਪਹੁੰਚ ਗਏ ਸਨ। ਇਸ ਘਰ ਵਿਚ ਅੰਕਲ ਤੇ ਉਸ ਦੀ ਬੁੱਢੀ ਮਾਂ ਅਤੇ ਦੋ ਮੁਟਿਆਰ ਧੀਆਂ ਰਹਿੰਦੀਆਂ ਸਨ। ਇਸ ਅੰਕਲ ਦਾ ਆਪਣੀ ਪਤਨੀ ਨਾਲ ਤਲਾਕ ਹੋ ਚੁੱਕਿਆ ਸੀ। ਦੋਵਾਂ ਧੀਆਂ ਨੇ ਵੀ ਮਾਂ ਨੂੰ ਠੁਕਰਾ ਕੇ ਬਾਪ ਦੀ ਬੁੱਕਲ ਨੂੰ ਪਹਿਲ ਦਿੱਤੀ ਸੀ। ਅੰਕਲ ਆਪਣੇ ਮਿੱਤਰ ਦੇ ਕਹਿਣ 'ਤੇ ਇਨ੍ਹਾਂ ਦੋਵਾਂ ਮੁੰਡਿਆਂ ਨੂੰ ਘਰ ਤਾਂ ਲੈ ਆਇਆ ਸੀ, ਪਰ ਇਹ ਕੰਮ ਉਨਾ ਹੀ ਔਖਾ ਸੀ ਜਿੰਨਾ ਕੱਖਾਂ ਥੱਲੇ ਅੱਗ ਤੇ ਅੱਗ ਦੇ ਨੇੜੇ ਰੱਖਿਆ ਘਿਉ। ਅੰਕਲ ਨੂੰ ਆਪਣੀਆਂ ਧੀਆਂ 'ਤੇ ਪੂਰਾ ਭਰੋਸਾ ਸੀ, ਪਰ ਉਹ ਇਸ ਗੱਲੋਂ ਵੀ ਅਨਜਾਣ ਨਹੀਂ ਸੀ ਕਿ ਅੰਗੂਰਾਂ ਦੀ ਵੇਲ, ਕੋਲ ਪਈ ਝਾੜੀ ਦਾ ਵੀ ਸਹਾਰਾ ਲੈ ਲੈਂਦੀ ਹੈ। ਵੱਡੇ ਘਰਾਂ ਨੂੰ ਬਾਹਰੋਂ ਨਹੀਂ, ਅੰਦਰੋਂ ਸੰਨ੍ਹ ਲੱਗਦੀ ਹੈ। ਫਿਰ ਵੀ ਅੰਕਲ ਨੇ ਆਪਣੀ ਦੋਸਤੀ ਕਰ ਕੇ ਦੋਵਾਂ ਦੀ ਚੰਗੀ ਆਉ-ਭਗਤ ਕੀਤੀ।

ਸੰਜੀਵ ਦਾ ਤਾਂ ਦਿਲ ਲੱਗ ਗਿਆ, ਪਰ ਪਵਨ ਨੂੰ ਦਿਲ ਲਾਉਣਾ ਔਖਾ ਹੋ ਗਿਆ। ਉਸ ਦੇ ਅੰਦਰ ਇਹ ਡਰ ਘਰ ਬਣਾ ਕੇ ਬੈਠ ਗਿਆ ਕਿ ਮੇਰੇ ਹੁਸਨਾਂ ਦੇ ਬਾਗ ਵਿਚ ਕੋਈ ਰਾਤ ਨੂੰ ਆਣ ਕੇ ਚੋਰੀ ਕਰਦਾ ਹੈ। ਉਸ ਨੂੰ ਲੱਗਦਾ ਕਿ ਉਹ ਉਸ ਦਾ ਸਭ ਕੁਝ ਲੁੱਟ ਕੇ ਲੈ ਚੱਲਿਆ ਹੈ। ਪਤਨੀ ਦੇ ਮੋਹ ਜਾਂ ਬੇਵਿਸ਼ਵਾਸੀ ਨੇ ਪਵਨ ਨੂੰ ਵਾਪਸੀ ਦੀ ਟਿਕਟ ਲੈਣ ਲਈ ਮਜਬੂਰ ਕਰ ਦਿੱਤਾ। ਅੰਕਲ ਨੇ ਸਮਝਾਇਆ ਵੀ ਕਿ ਮੈਂ ਤੁਹਾਡੇ ਲਈ ਕੰਮ ਲੱਭ ਲਿਆ ਹੈ, ਪਿੱਛੇ ਸਭ ਕੁਝ ਠੀਕ ਹੈ ਪਰ ਪਵਨ ਨੇ ਜਿਦ ਫੜ ਲਈ ਸੀ। ਉਹ ਸੰਜੀਵ ਨੂੰ ਛੱਡ ਇੰਡੀਆ ਪਹੁੰਚ ਗਿਆ।

ਅੱਗੇ ਗਿਆ ਤਾਂ ਅਸ਼ੋਕ ਅੰਕਲ ਨੇ ਪੰਜ ਲੱਖ ਦਾ ਬਿੱਲ ਪਵਨ ਅੱਗੇ ਰੱਖ ਦਿੱਤਾ ਜੋ ਉਸ ਦਾ ਵੀਜ਼ਾ ਲੁਆਉਣ ਉਤੇ ਖਰਚ ਆਇਆ ਸੀ। ਪਵਨ ਦੀ ਅਕਲ ਟਿਕਾਣੇ ਆ ਗਈ ਕਿ ਮੈਂ ਤਾਂ ਦੋਸਤੀ ਵੀ ਤੁੜਾ ਆਇਆ ਤੇ ਸਿਰ ਵੀ ਕਰਜ਼ੇ ਦੀ ਪੰਡ ਥੱਲੇ ਦੇ ਲਿਆ। ਫਿਰ ਅੰਕਲ ਨਾਲ ਸਮਝੌਤਾ ਕਰ ਕੇ ਵਾਪਸ ਆ ਗਿਆ। ਇੱਧਰ ਸੰਜੀਵ ਨੂੰ ਅੰਕਲ ਨੇ ਅਗਾਂਹ ਆਪਣੇ ਇਕੱਲੇ ਰਹਿੰਦੇ ਮਿੱਤਰ ਕੋਲ ਭੇਜ ਦਿੱਤਾ ਤੇ ਉਹ ਗੈਸ ਸਟੇਸ਼ਨ 'ਤੇ ਕੰਮ ਕਰਨ ਲੱਗ ਪਿਆ।

ਹੁਣ ਸੰਜੀਵ ਅਤੇ ਪਵਨ ਵੱਖੋ ਵੱਖਰੇ ਸ਼ਹਿਰਾਂ ਵਿਚ ਕੰਮ ਕਰ ਰਹੇ ਸਨ। ਪਵਨ ਨੇ ਪੱਕਿਆਂ ਹੋਣ ਲਈ ਰਿਫਿਊਜੀ ਕੇਸ ਕਰ ਦਿੱਤਾ ਤੇ ਸੰਜੀਵ ਕੋਈ ਪੱਕੀ ਕੁੜੀ ਲੱਭ ਕੇ ਗਰੀਨ ਕਾਰਡ ਲੈਣ ਦੇ ਚੱਕਰਾਂ ਵਿਚ ਚੱਕਰ ਕੱਢਣ ਲੱਗਿਆ। ਹੁਣ ਦੋਵੇਂ ਹੀ ਓਵਰ-ਸਟੇਅ ਹੋ ਚੁੱਕੇ ਸਨ, ਦੋਵੇਂ ਇੰਡੀਆ ਜਾ ਤਾਂ ਸਕਦੇ ਸਨ ਪਰ ਵਾਪਸ ਨਹੀਂ ਸੀ ਮੁੜ ਸਕਦੇ। ਅਮਰੀਕਾ ਦੀ ਜ਼ਿੰਦਗੀ ਵਿਚ ਇਹ ਦੋਵੇਂ ਹੀ ਢਲ ਗਏ। ਹੁਣ ਇਨ੍ਹਾਂ ਨੂੰ ਇੱਥੇ ਦੀ ਰਹਿਣੀ, ਬਹਿਣੀ ਤੇ ਕਹਿਣੀ ਚੰਗੀ ਲੱਗਣ ਲੱਗ ਪਈ ਸੀ। ਪਵਨ ਨੇ ਅਸ਼ੋਕ ਅੰਕਲ ਦੇ ਪੈਸੇ ਮੋੜ ਦਿੱਤੇ। ਮਾਪਿਆਂ ਨੂੰ ਚੰਗੀ ਕੋਠੀ ਵੀ ਖਰੀਦ ਦਿੱਤੀ। ਮਾਪਿਆਂ ਨੂੰ ਵੀ ਹੁਣ ਐਨਕਾਂ ਰਾਹੀਂ ਸਾਰਾ ਜੱਗ ਬੜਾ ਪਿਆਰਾ ਤੇ ਸੋਹਣਾ ਲੱਗ ਰਿਹਾ ਸੀ। ਪਵਨ ਲਈ ਗਰੀਨ ਕਾਰਡ ਤੱਕ ਪਹੁੰਚਣਾ ਅਜੇ ਮੁਸ਼ਕਿਲ ਸੀ ਪਰ ਡਾਲਰਾਂ ਨੂੰ ਰੁਪਏ ਵਿਚ ਹਰ ਮਹੀਨੇ ਵਟਾ ਲੈਂਦਾ ਸੀ। ਜੰਝ ਨਾਲ ਲਾੜਾ ਵੀ ਨੱਚੀ ਜਾ ਰਿਹਾ ਸੀ ਤੇ ਲਾੜੇ ਨਾਲ ਜਾਂਞੀ ਵੀ ਆਪਣੇ ਵਿਆਹ ਜਿੰਨੀ ਖੁਸ਼ੀ ਮਨਾ ਰਹੇ ਸਨ। ਫਿਰ ਇਕ ਦਿਨ ਸੰਜੀਵ ਨੇ ਗੈਸ ਸਟੇਸ਼ਨ 'ਤੇ ਆਉਂਦੀ ਇਕ ਪੰਜਾਬਣ ਕੁੜੀ ਨਾਲ ਗੱਲਬਾਤ ਕਰਦਿਆਂ ਫੋਨ ਨੰਬਰ ਵਟਾ ਲਿਆ। ਅਮਰੀਕਾ ਵਿਚ ਜੰਮੀ-ਪਲੀ ਕੁੜੀ ਛੇਤੀ ਹੀ ਸੰਜੀਵ ਦੀਆਂ ਗੱਲਾਂ ਵਿਚ ਆ ਗਈ। ਇਕੱਠਿਆਂ ਜਿਉਣ ਮਰਨ ਦੇ ਵਾਅਦੇ ਕਰਦਿਆਂ ਦੋਵਾਂ ਨੇ ਗ੍ਰਹਿਸਥ ਦੀ ਕਿਸ਼ਤੀ ਦੁਨਿਆਵੀ ਸਮੁੰਦਰ ਵਿਚ ਠੱਲ੍ਹਣ ਦਾ ਮਨ ਬਣਾ ਲਿਆ। ਇਸ ਦੁਨਿਆਵੀ ਸਮੁੰਦਰ ਦੇ ਹਰ ਤੂਫਾਨ ਅੱਗੇ ਡਟ ਕੇ ਮੁਕਾਬਲਾ ਕਰਨ ਦਾ ਪੱਕਾ ਮਨ ਬਣਾ ਲਿਆ।

ਸੰਜੀਵ ਨੇ ਵੀ ਆਪਣੇ ਪਿਤਾ ਦੀਆਂ ਫੈਕਟਰੀਆਂ ਤੇ ਚੰਗੀਆਂ ਕਾਰਾਂ ਕੋਠੀਆਂ ਦਾ ਚਿੱਠਾ ਖੋਲ੍ਹ ਕੇ ਪੜ੍ਹ ਸੁਣਾਇਆ। ਫੁੱਲਾਂ ਵਰਗੀ ਕੁੜੀ ਨੂੰ ਕੀ ਪਤਾ ਸੀ ਕਿ ਇਸ ਪਿਆਰ ਦੇ ਪਿੱਛੇ ਅੱਕਾਂ ਵਾਲਾ ਦੁੱਧ ਚੋਇਆ ਜਾਣਾ ਸੀ। ਸੰਜੀਵ ਵਿਆਹ ਦੀ ਤੇਜ਼ੀ ਕਰਨ ਲੱਗਾ। ਕੁੜੀ ਨੇ ਆਖ ਦਿੱਤਾ ਕਿ ਮੈਂ ਆਪਣੀ ਮਰਜ਼ੀ ਨਾਲ ਵਿਆਹ ਨਹੀਂ ਕਰਵਾਉਣਾ। ਮੇਰੇ ਮਾਪਿਆਂ ਦੀ ਮਰਜ਼ੀ ਵੀ ਜ਼ਰੂਰੀ ਹੈ। ਕੁੜੀ ਨੇ ਸੰਜੀਵ ਨੂੰ ਆਪਣੇ ਮਾਤਾ ਪਿਤਾ ਨਾਲ ਮਿਲਾਇਆ। ਪਿਤਾ ਹੰਢਿਆ ਹੋਇਆ ਹੋਣ ਕਰ ਕੇ ਸਭ ਕੁਝ ਛੇਤੀ ਸਮਝ ਗਿਆ ਕਿ ਲੜਕਾ ਕੁੜੀ ਨਾਲ ਵਿਆਹ ਕਰਵਾ ਕੇ ਗਰੀਨ ਕਾਰਡ ਲੈਣਾ ਚਾਹੁੰਦਾ ਹੈ, ਪਰ ਕੁੜੀ ਨੂੰ ਪਤਾ ਨਹੀਂ ਸੀ ਕਿ ਪਿਆਰ ਵਿਆਹ ਦੀਆਂ ਸ਼ਹਿਨਾਈਆਂ ਪਿੱਛੋਂ ਪੱਲੇ ਪਤਝੜ ਪੈ ਜਾਣੀ ਸੀ ਤੇ ਬਹਾਰਾਂ ਦਾ ਗਰੀਨ ਕਾਰਡ ਲੈ ਕੇ ਉਸ ਨੇ ਇੰਜ ਬਦਲ ਜਾਣਾ ਸੀ, ਜਿਵੇਂ ਲੀਡਰ ਵੋਟਾਂ ਲੈ ਕੇ ਲੱਭਦੇ ਹੀ ਨਹੀਂ, ਪਰ ਧੀ ਦੀ ਜਿਦ ਅੱਗੇ ਪਿਤਾ ਦੂਰ ਦੀ ਸੋਚੀ। ਦੋਵਾਂ ਦੇ ਵਿਆਹ ਲਈ ਰਾਜ਼ੀ ਹੁੰਦਿਆਂ ਪਿਤਾ ਨੇ ਕਿਹਾ ਕਿ ਵਿਆਹ ਪੰਜਾਬ ਕਰਨਾ ਹੈ। ਸੰਜੀਵ ਪਹਿਲਾਂ ਤਾਂ ਮੰਨਿਆ ਨਾ, ਪਰ ਕੁੜੀ ਦੀ ਭਰੋਸੇ ਵਾਲੀ ਵੋਟ ਨੇ 'ਹਾਂ' ਕਰਵਾ ਲਈ। ਕੁੜੀ ਵੀ ਹਵਾ ਵਿਚ ਉਡਦੀ ਫਿਰਦੀ ਸੀ ਕਿ ਉਸ ਦਾ ਪਿਤਾ ਵਿਆਹ ਲਈ ਰਾਜ਼ੀ ਹੋ ਗਿਆ ਸੀ। ਕੁੜੀ ਨੇ ਝੱਟ ਸੰਜੀਵ ਦੀ ਟਿਕਟ ਔਨਲਾਈਨ ਬੁੱਕ ਕਰਵਾ ਦਿੱਤੀ। ਏਅਰਪੋਰਟ 'ਤੇ ਹੱਥਾਂ ਨਾਲੋਂ ਹੱਥ ਛੁੱਟ ਗਏ ਤੇ ਅੱਖਾਂ ਨੇ ਇੰਡੀਆ ਵਿਚ ਮਿਲਣ ਦਾ ਪੱਕਾ ਇਕਰਾਰ ਕਰ ਲਿਆ।

ਸੰਜੀਵ ਘਰ ਪਹੁੰਚ ਗਿਆ। ਮਾਪਿਆਂ ਨਾਲ ਵਿਆਹ ਦੀ ਗੱਲ ਛੇੜ ਦਿੱਤੀ ਤੇ ਉਹ ਵੀ ਕੁੜੀ ਅਤੇ ਉਸ ਦੇ ਮਾਪਿਆਂ ਦੀ ਉਡੀਕ ਕਰਨ ਲੱਗੇ। ਇੱਧਰ ਕੁੜੀ ਮਾਪਿਆਂ ਨੂੰ ਰੋਜ਼ ਆਖਦੀ ਕਿ ਚੱਲੋ ਇੰਡੀਆ ਚੱਲੀਏ, ਤੇ ਮੇਰਾ ਵਿਆਹ ਕਰੋ। ਅਖੀਰ ਪਿਤਾ ਨੇ ਆਪਣੇ ਦੋਸਤ ਦੀ ਧੀ ਦੇ ਵਿਆਹ 'ਤੇ ਜਾਣ ਵਾਸਤੇ ਇੰਡੀਆ ਦੀਆਂ ਟਿਕਟਾਂ ਕਟਵਾ ਲਈਆਂ। ਮਾਂ-ਪਿਉ ਧੀ ਨੂੰ ਲੈ ਕੇ ਇੰਡੀਆ ਪਹੁੰਚ ਗਏ। ਕੁੜੀ ਨੇ ਸੰਜੀਵ ਨੂੰ ਦੱਸ ਦਿੱਤਾ ਕਿ ਹੁਣ ਉਹ ਦਿਨ ਦੂਰ ਨਹੀਂ ਜਿਸ ਦਿਨ ਤੂੰ ਸਿਹਰਾ ਬੰਨ੍ਹ ਕੇ ਆਵੇਂਗਾ ਤੇ ਮੈਨੂੰ ਡੋਲੀ ਵਿਚ ਬਿਠਾ ਕੇ ਲੈ ਜਾਵੇਂਗਾ। ਦੋਵੇਂ ਪਾਸੇ ਖੁਸ਼ੀਆਂ ਦੇ ਗਿੱਧੇ ਪੈਣ ਲੱਗੇ। ਕੁੜੀ ਦੇ ਪਿਤਾ ਨੇ ਸਾਰੇ ਜ਼ਰੂਰੀ ਕੰਮ ਧੰਦੇ ਮੁਕਾ ਕੇ ਸੰਜੀਵ ਦੇ ਪਿਤਾ ਹੋਰਾਂ ਨੂੰ ਮਿਲਣ ਦੀ ਇੱਛਾ ਪ੍ਰਗਟਾਈ। ਕੁੜੀ ਤੇ ਸੰਜੀਵ ਨੇ ਝੱਟਪਟ ਮਿਲਣੀ ਦਾ ਪ੍ਰੋਗਰਾਮ ਉਲੀਕ ਦਿੱਤਾ।

ਫਿਰ ਉਸੇ ਰੰਗਲੀ ਕੋਠੀ ਦੇ ਗੇਟ ਅੱਗੇ ਕੁੜੀ ਵਾਲਿਆਂ ਦਾ ਸਵਾਗਤ ਹੋਣ ਲੱਗਿਆ। ਮੂੰਹ ਮਿੱਠਾ ਕਰਨ ਤੋਂ ਬਾਅਦ ਮੂੰਹ ਕੌੜਾ ਕਰਨ ਦਾ ਸਾਮਾਨ ਵੀ ਨੇੜੇ-ਤੇੜੇ ਘੁੰਮਣ ਲੱਗਿਆ ਤਾਂ ਕੁੜੀ ਦੇ ਪਿਤਾ ਨੇ ਆਖ ਦਿੱਤਾ, ਜੀ ਅਸੀਂ ਤਾਂ ਅੰਮ੍ਰਿਤਧਾਰੀ ਹਾਂ। ਅਸੀਂ ਨਹੀਂ ਕੁਝ ਪੀਂਦੇ-ਖਾਂਦੇ। ਆਪਾਂ ਬੱਚਿਆਂ ਦੇ ਕਾਰਜ ਦੀ ਗੱਲ ਕਰੀਏ। ਦੋਵਾਂ ਪਾਸਿਉਂ ਤੋਂ ਸਵਾਲ-ਜਵਾਬ ਹੋਣ ਲੱਗੇ। ਸਾਰਿਆਂ ਦੀ ਜ਼ੁਬਾਨੋਂ ਬੱਸ ਇਕ ਗੱਲ ਹੀ ਨਿਕਲ ਰਹੀ ਸੀ ਕਿ ਜਦੋਂ ਕੁੜੀ-ਮੁੰਡਾ ਦੋਵੇਂ ਰਾਜ਼ੀ ਹਨ ਤਾਂ ਰਿਸ਼ਤਾ ਪੱਕਾ ਹੀ ਸਮਝੋ, ਪਰ ਕੁੜੀ ਦੇ ਪਿਤਾ ਨੇ ਅਰਜ਼ ਕਰਨੀ ਚਾਹੀ ਤੇ ਬਾਕੀ ਸਭ ਚੁੱਪ ਹੋ ਕੇ ਸੁਣਨ ਲਈ ਤਿਆਰ ਹੋ ਗਏ।

"ਦੇਖੋ ਗੁਪਤਾ ਜੀ! ਤੇ ਸਮੂਹ ਪਤਵੰਤੇ ਸੱਜਣੋ, ਅੱਜ ਜ਼ਮਾਨਾ ਬਹੁਤ ਅਗਾਂਹ ਨਿਕਲ ਚੁੱਕਿਆ ਹੈ। ਸਾਡੇ ਬੱਚਿਆਂ ਨੇ ਵੀ ਸਾਡੇ ਧਰਮ ਦੇ ਰੀਤੀ-ਰਿਵਾਜ਼ਾਂ ਨੂੰ ਅੱਖੋਂ ਪਰੋਖੇ ਕਰ ਕੇ, ਇਸ ਸਮਾਜ ਨੂੰ ਜਾਤ-ਪਾਤ ਦੇ ਝੰਜਟ ਵਿਚੋਂ ਕੱਢਣ ਲਈ ਇਕ ਕਦਮ ਅਗਾਂਹ ਧਰਿਆ ਹੈ। ਸਾਨੂੰ ਵੀ ਇਨ੍ਹਾਂ ਬੱਚਿਆਂ ਤੋਂ ਕੁਝ ਸਿੱਖਿਆ ਲੈਣੀ ਚਾਹੀਦੀ ਹੈ। ਇਨ੍ਹਾਂ ਦੇ ਪਿਆਰ ਵਿਚ ਜਾਤ-ਪਾਤ ਦੀ ਦੀਵਾਰ ਨਹੀਂ ਬਣਾਉਣੀ ਚਾਹੀਦੀ। ਮੈਨੂੰ ਇਹ ਰਿਸ਼ਤਾ ਮਨਜ਼ੂਰ ਹੈ ਪਰ ਇਕ ਸ਼ਰਤ ਹੈ ਕਿ ਕੁੜੀ ਨੇ ਮੁੰਡੇ ਨਾਲ ਵਿਆਹ ਕਰਵਾ ਕੇ ਵਾਪਸ ਅਮਰੀਕਾ ਨਹੀਂ ਜਾਣਾ। ਇਥੇ ਰਹਿ ਕੇ ਆਪਣੀ ਪੜ੍ਹਾਈ ਪੂਰੀ ਕਰ ਕੇ ਇੱਥੇ ਹੀ ਨੌਕਰੀ ਕਰਨੀ ਹੈ। ਜੇ ਤੁਹਾਨੂੰ ਇਹ ਸ਼ਰਤ ਮਨਜ਼ੂਰ ਹੈ ਤਾਂ ਅਸੀਂ ਲੜਕੇ ਨੂੰ ਸ਼ਗਨ ਪਾ ਦਿੰਦੇ ਹਾਂ। ਮੈਂ ਖਿਮਾ ਦਾ ਜਾਚਕ ਹਾਂ।" ਇਹ ਸਭ ਕੁਝ ਕਹਿ ਕੇ ਕੁੜੀ ਦਾ ਪਿਤਾ ਫੋਨ ਕਰਨ ਦੇ ਬਹਾਨੇ ਬਾਹਰ ਨਿਕਲ ਗਿਆ। ਪਿਛੇ ਕਮਰੇ ਵਿਚ ਘੁਸਰ-ਮੁਸਰ ਹੋਣ ਲੱਗ ਗਈ ਕਿ ਆਹ ਕੀ ਹੋ ਗਿਆ! ਫਿਰ ਗੁਪਤਾ ਜੀ ਹੋਰਾਂ ਆਖ ਦਿੱਤਾ ਕਿ ਅਸੀਂ ਤੁਹਾਨੂੰ ਸਲਾਹ ਕਰ ਕੇ ਦੱਸ ਦੇਵਾਂਗੇ। ਪਿਤਾ ਦੀ ਗੱਡੀ ਦੇਖ ਕੇ ਕੁੜੀ ਝੱਟ ਬੂਹੇ ਅੱਗੇ ਆ ਗਈ ਕਿ ਸਾਡਾ ਰਿਸ਼ਤਾ ਪੱਕਾ ਹੋ ਗਿਆ ਹੋਵੇਗਾ। ਜਦ ਪਿਤਾ ਨੇ ਅਸਲ ਗੱਲ ਦੱਸੀ ਤਾਂ ਕੁੜੀ ਸੋਚਣ ਲਈ ਮਜਬੂਰ ਹੋ ਗਈ।

"ਦੇਖ ਧੀਏ! ਮਾਪੇ ਕਦੇ ਕੁ-ਮਾਪੇ ਨਹੀਂ ਹੋ ਸਕਦੇ। ਮਾਪਿਆਂ ਨੇ ਕਬੀਲਦਾਰੀ ਦੀਆਂ ਅਨੇਕਾਂ ਲੜਾਈਆਂ ਲੜੀਆਂ ਹੁੰਦੀਆਂ ਹਨ। ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਸਾਡੇ ਬੱਚਿਆਂ ਦਾ ਕਿਸ ਗੱਲ ਵਿਚ ਭਲਾ ਹੈ। ਕੋਈ ਵੀ ਮਾਂ-ਬਾਪ ਆਪਣੀ ਧੀ ਨੂੰ ਖੂਹ ਵਿਚ ਨਹੀਂ ਸਿੱਟੇਗਾ। ਜੇ ਧੀ ਖੁਦ ਖੂਹ ਵਿਚ ਡਿੱਗਣਾ ਚਾਹੇ ਤਾਂ ਮਾਪੇ ਰੋਕਣ ਦੀ ਕੋਸ਼ਿਸ਼ ਕਰਦੇ ਹਨ ਤੇ ਮੈਂ ਵੀ ਇਹੀ ਕਰ ਰਿਹਾ ਹਾਂ...ਉਹ ਲੜਕਾ ਤੇਰੇ ਨਾਲ ਨਹੀਂ, ਤੇਰੀ ਅਮਰੀਕੀ ਨਾਗਰਿਕਤਾ ਨਾਲ ਵਿਆਹ ਕਰਵਾ ਰਿਹਾ ਹੈ।"

...ਪਰ ਕੁੜੀ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਸੀ।

ਫਿਰ ਗੁਪਤਾ ਜੀ ਨੇ ਇਹ ਕਹਿ ਕੇ ਜਵਾਬ ਦੇ ਦਿੱਤਾ ਕਿ ਪੰਡਤ ਜੀ ਨੇ ਕੁੰਡਲੀ ਬਣਾਈ ਹੈ ਜਿਸ ਵਿਚ ਦੱਸਿਆ ਗਿਆ ਹੈ ਕਿ ਜੇ ਲੜਕਾ ਕਿਸੇ ਹੋਰ ਧਰਮ ਵਿਚ ਵਿਆਹ ਕਰਵਾਏਗਾ ਤਾਂ ਦੋਵਾਂ ਦੀ ਜਾਨ ਵੀ ਜਾ ਸਕਦੀ ਹੈ। ਮੈਂ ਆਪਣਾ ਇਕਲੌਤਾ ਪੁੱਤਰ ਖੋਣਾ ਨਹੀਂ ਚਾਹੁੰਦਾ। ਕੁੜੀ ਦੇ ਪਿਤਾ ਨੂੰ ਪਤਾ ਲੱਗ ਗਿਆ ਕਿ ਉਹ ਬਾਜ਼ੀ ਜਿੱਤ ਜਾਵੇਗਾ। ਫਿਰ ਕੁੜੀ ਨੇ ਸੰਜੀਵ ਨੂੰ ਮਿਲ ਕੇ ਪੁੱਛਿਆ ਕਿ ਤੇਰਾ ਕੀ ਇਰਾਦਾ ਹੈ? ਸੰਜੀਵ ਵੀ ਆਪਣੇ ਮਾਪਿਆਂ ਦੀ ਬੋਲੀ ਬੋਲ ਗਿਆ। ਉਸ ਨੇ ਸਾਫ ਹੀ ਕਹਿ ਦਿੱਤਾ ਕਿ ਜੇ ਤੂੰ ਵਿਆਹ ਕਰਵਾ ਕੇ ਮੈਨੂੰ ਅਮਰੀਕਾ ਨਹੀਂ ਲਿਜਾਣਾ ਤਾਂ ਮੈਨੂੰ ਇੱਥੇ ਕੁੜੀਆਂ ਦਾ ਘਾਟਾ ਹੈ! ਕੁੜੀ ਸਭ ਕੁਝ ਸੁਣ ਕੇ ਹੈਰਾਨ ਹੀ ਨਹੀਂ ਹੋਈ, ਉਸ ਨੂੰ ਪਿਤਾ ਦੀ ਸਮਝ ਵੀ ਆ ਗਈ ਸੀ।

ਫਿਰ ਕੁੜੀ ਨੇ ਪਿਤਾ ਨੂੰ ਕਹਿ ਦਿੱਤਾ ਕਿ ਪਿਤਾ ਜੀ, ਤੁਸੀਂ ਜਿਥੇ ਵੀ ਮੇਰਾ ਰਿਸ਼ਤਾ ਕਰੋਗੇ, ਮੈਨੂੰ ਮਨਜ਼ੂਰ ਹੈ। ਪਿਤਾ ਵੱਲੋਂ ਛੱਡਿਆ ਤੀਰ ਨਿਸ਼ਾਨੇ 'ਤੇ ਲੱਗ ਚੁੱਕਾ ਸੀ। ਸੰਜੀਵ ਗਰੀਨ ਕਾਰਡ ਬਣਾਉਂਦਾ ਅਮਰੀਕਾ ਤੋਂ ਵੀ ਜਾ ਚੁੱਕਿਆ ਸੀ। ਪਵਨ ਅਜੇ ਕੰਮ ਤਾਂ ਕਰੀ ਜਾ ਰਿਹਾ ਸੀ, ਪਰ ਉਸ ਦਾ ਵੀ ਕੇਸ ਅਜੇ ਅੱਧ ਵਿਚਾਲੇ ਲਟਕ ਰਿਹਾ ਸੀ। ਸਮੇਂ ਦੀ ਰਫ਼ਤਾਰ ਨਾਲ ਬਹੁਤ ਕੁਝ ਬਦਲ ਜਾਂਦਾ ਹੈ ਪਰ ਝੂਠ ਦੀ ਬੁਨਿਆਦ 'ਤੇ ਕੋਈ ਵੀ ਰਿਸ਼ਤਾ ਉਨਾ ਕੁ ਸੱਚ ਹੁੰਦਾ ਹੈ, ਜਿੰਨਾ ਪਾਣੀ ਵਾਲੇ ਖਾਲ 'ਚ ਬਣਾਇਆ ਬੱਚੇ ਦਾ ਘਰ।

## ਯਾਦ ਹੀਰੋ ਬਣਨ ਦੀ

ਦੀਆਂ ਵਿਉਂਤਾਂ ਵਿਚ ਵੀ ਸਰਗਰਮ ਭਾਗ ਲਿਆ ਸੀ। ਖੋਰੇ ਕਿੰਨੀਆਂ ਤਾਰੀਫਾਂ ਦੇ ਪੁਲ ਬੰਨ੍ਹ ਕੇ ਸੇਠ ਨੂੰ ਤੇ ਪ੍ਰੋਡਿਊਸਰ ਡਾਇਰੈਕਟਰ ਨੂੰ ਮੇਰੇ ਹੱਕ ਵਿਚ ਕਾਇਲ ਕੀਤਾ ਸੀ। ਮੇਰੀ ਗੁਮਨਾਮੀ ਦੇ ਬਾਵਜੂਦ ਉਸ ਵੇਲੇ ਦੇ ਹਿਸਾਬ ਨਾਲ ਉਹਨੇ ਇਤਨੇ ਚੰਗੇ ਪੈਸੇ ਦਿਵਾਏ ਆਰਟਿਸਟ ਸਨ ਅਤੇ ਕਸ਼ਮੀਰੋਂ ਬੁਲਵਾਇਆ ਸੀ। ਸ਼ਾਇਦ ਇਹ ਵੀ ਸੋਚਿਆ ਹੋਵੇ, ਵਿਚਾਰੇ ਨੂੰ ਪਤਨੀ ਦੇ ਮਰਨ ਦਾ ਦੁੱਖ ਹੈ, ਕੰਮ ਵਿਚ ਪੈ ਕੇ ਸੰਭਲ ਜਾਏਗਾ। ਸ਼ਾਇਦ ਆਪਣੇ ਨਿਜੀ ਦੁੱਖ ਦੀ ਝਲਕ ਇਸ ਦੁਖਾਂਤਕ ਚਿੱਤਰ ਕਥਾ ਵਿਚ ਵੀ ਲਿਆ ਸਕੇ।

ਉਨ੍ਹਾਂ ਦੀ ਆਦਮ ਮੌਜੂਦਗੀ ਵਿਚ ਮੈਂ ਸ਼ੁਤਰ ਬੇਮੁਹਾਰ ਵਾਂਗ ਟਪੂਸੀਆਂ ਮਾਰਦਾ ਗਿਆ। ਵੀਰੇਂਦਰ ਦੇਸਾਈ ਛੋਟੀ ਛੋਟੀ ਫਿਲਮ ਨੂੰ ਮੈਨੂੰ ਲਾਉਣਾ ਚਾਹੁੰਦੇ ਸਨ। ਉਨ੍ਹਾਂ ਦੀ ਨਜ਼ਰ 'ਗੂੰਜਨ' ਦੀ ਨਹੀਂ, ਆਪਣੀ ਪਤਨੀ ਨਲਿਨੀ ਜੈਵੰਤ ਦੀ ਕਾਮਯਾਬੀ ਉਪਰ ਸੀ। ਸ਼ੂਟਿੰਗ ਬਾਂਬੇ ਟਾਕੀਜ਼ ਸਟੂਡੀਓ ਵਿਚ ਹੋ ਰਹੀ ਸੀ ਜਿਸ ਦੇ ਸੂਰਜ ਅਸਤ ਦੀ ਲੋਅ, ਦੇਵਿਕਾ ਰਾਣੀ ਤੇ ਹਿਮਾਂਸ਼ੂ ਰਾਏ ਤੋਂ ਬਿਨਾਂ ਵੀ, ਚੋਖੀ ਭਾਅ ਮਾਰ ਰਹੀ ਸੀ। ਨਿਤਿਸ਼ ਬੋਸ ਅਤੇ ਅਮੀਯ ਚੱਕਰਵਰਤੀ ਵਰਗੇ ਉਘੇ ਡਾਇਰੈਕਟਰ ਅਜੇ ਵੀ ਉਥੇ ਬਿਰਾਜਮਾਨ ਸਨ। ਬਰਾਂਡਿਆਂ ਵਿਚ ਸਆਦਤ ਹਸਨ ਮੰਟੋ, ਭਗਵਤੀ ਚਰਨ ਵਰਮਾ, ਤੇ ਉਪੇਂਦਰ ਨਾਥ ਅਸ਼ਕ ਵਰਗੇ ਸਾਹਿਤਕਾਰ ਤੁਰਦੇ ਫਿਰਦੇ ਨਜ਼ਰ ਆ ਜਾਂਦੇ ਸਨ। ਹਰ ਦੂਜੇ ਚੌਥੇ ਦਿਨ ਕੋਈ ਨਾ ਕੋਈ ਨਾਮਵਰ ਹਸਤੀ ਸੈਟ ਉਪਰ ਆ ਜਾਂਦੀ। 'ਗੂੰਜਨ' ਮੁਕੰਮਲ ਹੋਣ ਤੋਂ ਪਹਿਲਾਂ ਹੀ ਨਲਿਨੀ ਨੂੰ ਸ਼ਸ਼ਧਰ ਮੁਕਰਜੀ ਨੇ 'ਸਾਥੀ' ਫਿਲਮ (ਡਾਇਰੈਕਟਰ ਰਮੇਸ਼ ਸਹਿਗਲ) ਲਈ 'ਸਾਈਨ' ਕਰ ਲਿਆ ਸੀ। ਨਲਿਨੀ ਨਾ ਸਿਰਫ਼ ਆਰਟਿਸਟ ਚੰਗੀ ਸੀ, ਸਗੋਂ ਪਰਦੇ ਉਪਰ ਉਸ ਦੀ ਸੁੰਦਰਤਾ ਵੀ ਕਮਾਲ ਦੀ ਸੀ। 'ਗੂੰਜਨ' ਦੇ ਜਰਮਨ ਕੈਮਰਾਮੈਨ ਵਿਰਸ਼ਿੰਗ ਨੇ ਉਸ ਦੇ ਰੂਪ ਨੂੰ ਹੋਰ ਵੀ ਚਾਰ ਚੰਨ ਲਾ ਛੱਡੇ ਸਨ।

ਇਕ ਦਿਨ ਡੇਵਿਡ ਨਾਲ ਮੇਰਾ ਸੀਨ ਹੋ ਰਿਹਾ ਸੀ। ਡਾਇਲਾਗ ਯਾਦ ਨਾ ਹੋਣ ਕਾਰਨ ਮੇਰੇ 'ਰੀਟੇਕ' ਤੇ 'ਰੀਟੇਕ' ਹੋ ਰਹੇ ਸਨ। ਹਾਰ ਕੇ ਮੈਂ ਡੇਵਿਡ ਤੋਂ ਪੁੱਛ ਹੀ ਲਿਆ, "ਯਾਰ, ਦੱਸ ਤਾਂ ਸਹੀ, ਡਾਇਲਾਗ ਯਾਦ ਕਰਨ ਦਾ ਕੋਈ ਤਰੀਕਾ ਵੀ ਹੈ? ਤੇਰੇ ਰੀਟੇਕ ਨਹੀਂ ਹੁੰਦੇ।"

ਡੇਵਿਡ ਨੇ ਬੜੇ ਪ੍ਰੇਮ ਨਾਲ ਸਮਝਾਇਆ, "ਵਾਕ ਦੇ ਹਰ ਸ਼ਬਦ ਪਿੱਛੇ ਤਸਵੀਰ ਹੁੰਦੀ ਏ। ਦੂਜੇ ਲਫ਼ਜ਼ਾਂ ਵਿਚ, ਜੇ ਇਸ ਵਾਕ ਨੂੰ ਆਪਣੀ ਕਲਪਨਾ ਵਿਚ ਵੇਖੋ, ਤਾਂ ਉਹ ਤਸਵੀਰ ਲੜੀ ਬਣ ਜਾਏਗਾ। ਜੇ ਬੋਲਣ ਵੇਲੇ ਇਸ ਤਸਵੀਰ ਲੜੀ ਵੱਲ ਧਿਆਨ ਕਰੋ, ਤਾਂ ਲਫ਼ਜ਼ ਵੀ ਨਹੀਂ ਭੁੱਲਣਗੇ।"

ਮੈਂ ਅਜ਼ਮਾ ਕੇ ਵੇਖਿਆ, ਗੱਲ ਠੀਕ ਸੀ। ਮੈਂ ਇਸ ਸਿੱਖਿਆ ਨੂੰ ਪੱਲੇ ਬੰਨ੍ਹ ਲਿਆ। ਇੰਜ ਫਿਲਮ ਐਕਟਿੰਗ ਦਾ ਮੈਨੂੰ ਪਹਿਲਾ ਸਬਕ ਮਿਲਿਆ, ਤੇ ਇਸ ਲਈ ਮੈਂ ਡੇਵਿਡ ਦਾ ਕਰਜ਼ਦਾਰ ਹਾਂ।

## ਜਾਦੂ ਟੂਣਾ ਕੀ ਹੈ?

ਪੰਜਾਬ ਵਿਚ ਹੀ ਨਹੀਂ, ਪੂਰੇ ਹਿੰਦੋਸਤਾਨ ਵਿਚ ਜਾਂ ਜੇ ਕਹਿ ਲਈਏ ਕਿ ਸਾਰੇ ਏਸ਼ੀਆਈ ਦੇਸ਼ਾਂ ਵਿਚ ਹੀ ਜਾਦੂ ਟੂਣੇ ਦਾ ਭਰਮ ਮੌਜੂਦ ਹੈ। ਚਲਾਕ ਲੋਕ ਇਸ ਧੰਦੇ ਵਿਚ ਮੋਟੀ ਕਮਾਈ ਕਰ ਰਹੇ ਹਨ। ਹੈਰਾਨੀ ਦੀ ਗੱਲ ਹੈ ਕਿ ਠੱਗੇ ਜਾਣ ਵਾਲਿਆਂ ਵਿਚ ਪੜ੍ਹੇ-ਲਿਖੇ ਲੋਕ ਵੀ ਬਹੁਤ ਮੌਜੂਦ ਹਨ। ਜੋਤਸ਼ੀ, ਪੰਡਿਤ, ਸਾਧ, ਪੁਜਾਰੀ, ਜੰਤਰ-ਮੰਤਰ ਤੇ ਧਾਗੇ-ਤਵੀਤ ਕਰਨ ਵਾਲੇ ਜਾਂ ਪ੍ਰਵਚਨ ਦੇਣ ਵਾਲੇ ਸਭ ਲੋਕਾਂ ਦਾ ਬੜੇ ਜ਼ੋਰ-ਸ਼ੋਰ ਨਾਲ ਸ਼ਿਕਾਰ ਕਰੀ ਜਾਂਦੇ ਹਨ। ਸਰਕਾਰਾਂ ਅਤੇ ਉਨ੍ਹਾਂ ਦੇ ਮੰਤਰੀ, ਕੁਝ ਇਕ ਨੂੰ ਛੱਡ ਕੇ ਸਭ ਇਨ੍ਹਾਂ ਲੋਕਾਂ ਦਾ ਸਾਥ ਦੇ ਰਹੇ ਹਨ। ਪੁਲਿਸ ਅਫ਼ਸਰ ਤਕ ਅੰਨ੍ਹੇਵਾਹ ਇਨ੍ਹਾਂ ਵੱਲ ਵਹੀਰਾਂ ਘੱਤ ਰਹੇ ਹਨ। ਚਲੋ ਮੰਤਰੀ ਤਾਂ ਜ਼ਿਆਦਾ ਪੜ੍ਹੇ ਲਿਖੇ ਨਹੀਂ ਹੁੰਦੇ ਪਰ ਸਰਕਾਰੀ ਅਫ਼ਸਰ ਤਾਂ ਪੜ੍ਹੇ ਲਿਖੇ ਹੁੰਦੇ ਹਨ। ਫਿਰ ਉਨ੍ਹਾਂ ਦੀ ਮੱਤ ਕੀ ਕਹਿੰਦੀ ਹੈ? ਕਿਉਂ ਨਹੀਂ ਕੋਈ ਇਕ ਮਿੰਟ ਲਈ ਵੀ ਇਹ ਸੋਚਦਾ ਕਿ ਇੰਦਾਂ ਹੋ ਵੀ ਸਕਦਾ ਹੈ ਕਿ ਨਹੀਂ? ਸਭ ਅੰਨ੍ਹੇ ਬਣੇ ਫਿਰਦੇ ਹਨ। ਕੋਈ ਸ਼ਹਿਰ ਨਹੀਂ, ਕਸਬਾ ਜਾਂ ਕੋਈ ਗਲੀ-ਮੁਹੱਲਾ ਨਹੀਂ ਜਿਥੇ ਕੋਈ ਇਹੋ ਜਿਹਾ ਠੱਗ ਨਾ ਬੈਠਾ ਹੋਵੇ। ਪੰਜਾਬ ਵਿਚ ਤਰਕਸ਼ੀਲ ਸੁਸਾਇਟੀਆਂ ਨੇ ਬਹੁਤ ਪ੍ਰਚਾਰ ਕੀਤਾ ਕਿ ਲੋਕ ਸਿਆਣੇ ਹੋਣ, ਪਰ ਨਹੀਂ!

ਕੋਈ ਵੀ ਟੈਲੀਵਿਜ਼ਨ ਚੈਨਲ ਹੋਵੇ, ਸਭ ਇਨ੍ਹਾਂ ਲੋਕਾਂ ਦੀਆਂ ਮਸ਼ਹੂਰੀਆਂ ਨਾਲ ਚਲਦਾ ਹੈ। ਅਖ਼ਬਾਰਾਂ ਵਿਚ ਵੀ ਇਹੀ ਲੋਕ ਛਾਏ ਹੋਏ ਹਨ। ਟੈਲੀਵਿਜ਼ਨ ਸਾਇੰਸ ਦੀ ਕਾਢ ਹੈ। ਅਖ਼ਬਾਰਾਂ ਛਾਪਣ ਵਾਲੀਆਂ ਸਭ ਮਸ਼ੀਨਾਂ ਸਾਇੰਸ ਦੀਆਂ ਹੀ ਬਣਾਈਆਂ ਹੋਈਆਂ ਹਨ, ਪਰ ਜਦ ਵੀ ਕੋਈ ਨਵੀਂ ਖੋਜ ਆਉਂਦੀ ਹੈ, ਉਸ ਨੂੰ ਤੋੜ-ਮਰੋੜ ਕੇ ਜੋਤਿਸ਼, ਰਾਹੂ, ਕੇਤੂ, ਸ਼ਨੀ ਤੇ ਮੰਗਲ ਨਾਲ ਜੋੜ ਕੇ ਲੋਕਾਂ ਅੱਗੇ ਪਰੋਸ ਦਿੱਤਾ ਜਾਂਦਾ ਹੈ।

ਅੱਜ ਕਿਸੇ ਵੀ ਸਕੂਲ ਵਿਚ ਇਹ ਨਹੀਂ ਪੜ੍ਹਾਇਆ ਜਾਂਦਾ ਕਿ ਜਾਦੂ ਟੂਣਾ ਕੀ ਹੈ? ਕਿਸੇ ਵੀ ਧਾਰਮਿਕ ਸਥਾਨ 'ਤੇ ਇਸ ਬਾਰੇ ਨਹੀਂ ਦੱਸਿਆ ਜਾਂਦਾ ਕਿ ਇਹ ਤਾਂ ਇਕ ਕਲਾ ਹੈ! ਕੋਈ ਵੀ ਆਮ ਆਦਮੀ ਜੋ ਦਸਾਂ ਨਹੁੰਆਂ ਦੀ ਕਿਰਤ ਕਰਦਾ ਹੈ, ਚਾਹੇ ਉਹ ਬੰਦਾ ਹੋਵੇ ਜਾਂ ਜ਼ਨਾਨੀ ਹੋਵੇ; ਚਾਹੇ ਉਹ ਕਿਸੇ ਵੀ ਉਮਰ ਦਾ ਹੋਵੇ, ਉਹ ਥੋੜ੍ਹੀ ਜਿਹੀ ਸਿਖਲਾਈ ਲੈ ਕੇ ਬੜੀ ਆਸਾਨੀ ਨਾਲ ਇਹ ਸਭ ਕਰ ਸਕਦਾ ਹੈ। ਇਹ ਕੋਈ ਕਿਸੇ ਕਿਸਮ ਦੀ ਗੈਬੀ ਸ਼ਕਤੀ ਨਹੀਂ ਹੈ। ਦੁਨੀਆਂ ਉਤੇ ਜਿੰਨੇ ਵੀ ਵੱਡੇ ਵੱਡੇ ਜਾਦੂਗਰ ਹਨ, ਉਹ ਸਾਰੇ ਹੀ ਸਿਖਲਾਈ ਲੈ ਕੇ ਜਾਦੂ ਦੇ ਟਰਿੱਕ ਕਰਦੇ ਹਨ। ਉਂਜ, ਸਭ ਤੋਂ ਪਹਿਲਾਂ ਤਾਂ ਲੋਕਾਂ ਨੂੰ ਆਪਣੇ ਦਿਮਾਗ ਵਿਚੋਂ ਇਹ ਡਰ ਕੱਢਣਾ ਪਵੇਗਾ ਕਿ ਕਾਲੇ ਜਾਦੂ ਨਾਲ ਕਿਸੇ ਦਾ ਨੁਕਸਾਨ ਹੋ ਜਾਂਦਾ ਹੈ। ਕੋਈ ਵੀ ਬੰਗਾਲ ਦਾ ਜਾਂ ਕਾਲਾ ਜਾਦੂ ਨਹੀਂ ਹੈ। ਜਦੋਂ ਕੋਈ ਜਾਦੂਗਰ ਟਰਿੱਕ ਕਰਦਾ ਹੈ ਤਾਂ ਜੇ ਤੁਸੀਂ ਪੂਰੇ ਧਿਆਨ ਨਾਲ ਉਸ ਵੱਲ ਵੇਖੋਗੇ ਤਾਂ ਉਸ ਦੀ ਚੁਸਤੀ ਫੜ ਸਕਦੇ ਹੋ। ਕੋਈ ਵੀ ਟਰਿੱਕ ਹੱਥ ਦੀ ਸਫਾਈ ਹੁੰਦੀ ਹੈ।

ਪੰਜਾਬ, ਇੰਗਲੈਂਡ, ਕੈਨੇਡਾ ਤੇ ਹੋਰ ਥਾਂਈਂ ਤਰਕਸ਼ੀਲ ਸੁਸਾਇਟੀਆਂ ਨੇ ਕਰੋੜਾਂ ਰੁਪਏ ਦੇ ਇਨਾਮ ਰੱਖੇ ਹੋਏ ਹਨ। ਅੱਜ ਤਕ ਇਕ ਵੀ ਅਜਿਹਾ ਬੰਦਾ ਨਹੀਂ ਨਿਤਰਿਆ ਜਿਸ ਨੇ ਕਾਲਾ ਜਾਦੂ ਜਾਂ ਗੈਬੀ ਸ਼ਕਤੀ ਦਿਖਾਉਣ ਦਾ ਚੈਲਿੰਜ ਕਬੂਲ ਕੀਤਾ ਹੋਵੇ। ਅਸਲ ਵਿਚ ਜਿਨ੍ਹਾਂ ਚੀਜ਼ਾਂ ਨੂੰ ਟੂਣਾ ਬਣਾ ਕੇ ਡਰ ਬਿਠਾਇਆ ਜਾਂਦਾ ਹੈ, ਉਹ ਸਭ ਚੀਜ਼ਾਂ ਕਿਸੇ ਨਾ ਕਿਸੇ ਦੁਕਾਨ ਜਾਂ ਸਟੋਰ ਤੋਂ ਹੀ ਖਰੀਦੀਆਂ ਹੁੰਦੀਆਂ ਹਨ ਤੇ ਉਹ ਵੀ ਕਿਸੇ ਜਿਉਂਦੇ ਜਾਗਦੇ ਇਨਸਾਨ ਵੱਲੋਂ ਹੀ ਰੱਖੀਆਂ ਹੁੰਦੀਆਂ ਹਨ। ਇਹ ਸਭ ਚੀਜ਼ਾਂ ਬੇਜਾਨ ਹੁੰਦੀਆਂ ਹਨ ਤੇ ਕੋਈ ਵੀ ਬੇਜਾਨ ਚੀਜ਼ ਆਪਣੇ ਆਪ ਹਿੱਲ ਨਹੀਂ ਸਕਦੀ।

ਸਾਡਾ ਸਿਰਫ਼ ਇਕੋ ਹੀ ਮਕਸਦ ਹੈ ਕਿ ਲੋਕ ਸਿਆਣੇ ਹੋਣ ਅਤੇ ਇਨ੍ਹਾਂ ਕੁ-ਚੱਕਰਾਂ ਵਿਚੋਂ ਬਾਹਰ ਨਿਕਲਣ। ਇਸ ਲਈ ਕਿਸੇ ਨੂੰ ਵੀ ਜਾਦੂ ਟੂਣੇ ਤੋਂ ਡਰਨ ਦੀ ਜ਼ਰੂਰਤ ਨਹੀਂ ਹੈ। ਇਸ ਤੋਂ ਡਰੋ ਨਾ, ਸਗੋਂ ਇਹ ਵਹਿਮ ਪਾਉਣ ਵਾਲਿਆਂ ਨੂੰ ਮੂੰਹ-ਤੋੜ ਜਵਾਬ ਦਿਓ।

-ਬੌਬ ਖਹਿਰਾ ਮਿਸ਼ੀਗਨ
ਫੋਨ: 734-925-0177

## ਕਹਾਣੀ

# ਬਾਗ਼ੀ ਦੀ ਧੀ


***'ਬਾਗ਼ੀ ਦੀ ਧੀ' ਗੁਰਮੁਖ ਸਿੰਘ ਮੁਸਾਫ਼ਿਰ (15 ਜਨਵਰੀ 1899–18 ਜਨਵਰੀ 1976) ਦੀਆਂ ਯਾਦਗਾਰੀ ਕਹਾਣੀ ਵਿਚੋਂ ਇਕ ਹੈ। ਬਹੁਤ ਸਾਧਾਰਨ ਬਿਰਤਾਂਤ ਨਾਲ ਬਹੁਤ ਭਾਵਪੂਰਤ ਗੱਲਾਂ ਇਸ ਕਹਾਣੀ ਵਿਚ ਪਰੋਈਆਂ ਪਈਆਂ ਹਨ। ਕਹਾਣੀ ਪਾਠਕ ਨੂੰ ਵਾਰ-ਵਾਰ ਭਾਵੁਕ ਕਰਦੀ ਹੈ ਪਰ ਇਸ ਕਹਾਣੀ ਦਾ ਸੁਨੇਹਾ ਇੰਨਾ ਜ਼ੋਰਦਾਰ ਅਤੇ ਜਾਨਦਾਰ ਹੈ ਕਿ ਪਾਠਕ ਛੇਤੀ ਹੀ ਭਾਵੁਕਤਾ ਦੀ ਕੰਧ ਪਾੜ ਕੇ, ਦ੍ਰਿੜਤਾ ਦਾ ਚੁਬਾਰਾ ਉਸਾਰ ਲੈਂਦਾ ਹੈ। -ਸੰਪਾਦਕ***

ਕਿਸ਼ਨ ਸਿੰਘ ਨੇ ਪੁਲਿਸ ਨੂੰ ਵੇਖਦਿਆਂ ਹੀ ਝੱਟ ਆਖ ਦਿੱਤਾ, "ਲਓ, ਖਾਲਸਾ ਤਿਆਰ-ਬਰ-ਤਿਆਰ ਹੈ।" ਪਰ ਉਸ ਦਾ ਚਿਹਰਾ ਉਸ ਦੇ ਦਿਲ ਦੇ ਤੌਖਲੇ ਨੂੰ ਲੁਕਾ ਨਾ ਸਕਿਆ।

"ਜੇ ਦੇਰ ਹੋ ਗਈ ਤਾਂ ਰਾਤ ਤੁਹਾਨੂੰ ਥਾਣੇ ਦੀ ਹਵਾਲਾਤ ਵਿਚ ਕੱਟਣੀ ਪਏਗੀ। ਜੇਲ੍ਹ ਅਤੇ ਥਾਣੇ ਦੀ ਹਵਾਲਾਤ ਦੇ ਫ਼ਰਕ ਤੋਂ ਤਾਂ ਤੁਸੀਂ ਜਾਣੂ ਹੀ ਹੋ।" ਪੁਲਿਸ ਇੰਸਪੈਕਟਰ ਦੀ ਇਹ ਗੱਲ ਸੁਣ ਕੇ ਕਿਸ਼ਨ ਸਿੰਘ ਨੇ ਕਿਹਾ, "ਮੇਰੇ ਲਈ ਗੱਲ ਇਕੋ ਹੈ। ਥਾਣਿਆਂ ਦੀਆਂ ਹਵਾਲਾਤਾਂ ਵਿਚ ਵੀ ਬਥੇਰੀਆਂ ਪੱਸਲੀਆਂ ਘਸਾਈਆਂ ਹਨ।"

"ਨਹੀਂ ਨਹੀਂ, ਮੇਰਾ ਮਤਲਬ...।"

ਕਿਸ਼ਨ ਸਿੰਘ ਨੇ ਵਿਚੋਂ ਹੀ ਕਿਹਾ, "ਤੁਹਾਡਾ ਮਤਲਬ ਛੇਤੀ ਤੋਂ ਹੈ ਨਾ? ਚੱਲੋ, ਮੇਰੇ ਵੱਲੋਂ ਕੋਈ ਢਿੱਲ ਨਹੀਂ।"



**ਗੁਰਮੁਖ ਸਿੰਘ ਮੁਸਾਫ਼ਿਰ**

ਜ਼ੁਬਾਨ ਨਾਲ ਤਾਂ ਕਿਸ਼ਨ ਸਿੰਘ ਨੇ ਇਹ ਗੱਲਾਂ ਕੀਤੀਆਂ ਪਰ ਉਸ ਦਾ ਮਨ ਕਿਸੇ ਹੋਰ ਪਾਸੇ ਸੀ। ਇਉਂ ਪ੍ਰਤੀਤ ਹੁੰਦਾ ਸੀ ਜਿਵੇਂ ਉਸ ਦੀ ਕੋਈ ਚੀਜ਼ ਗੁਆਚ ਗਈ ਹੈ। ਜੇਲ੍ਹ ਜਾਣ ਤੋਂ ਪਹਿਲਾਂ ਉਹ ਲੱਭ ਜਾਏ ਤਾਂ ਉਹ ਵਧੀਕ ਤਸੱਲੀ ਨਾਲ ਇਸ ਸਫ਼ਰ ਵਿਚ ਪੇਸ਼ ਆ ਸਕਦਾ ਹੈ।

"ਸ਼ਰਨ!" ਕਿਸ਼ਨ ਸਿੰਘ ਦੀ ਆਵਾਜ਼ ਸੁਣ ਕੇ ਉਸ ਦੀ ਭੈਣ ਵੀਰਾਂਵਾਲੀ ਨੇ ਅੰਦਰੋਂ ਕਿਹਾ, "ਭਰਾ ਜੀ, ਭਰਜਾਈ ਤਾਂ ਮੀਟਿੰਗ ਵਿਚ ਗਈ ਹੋਈ ਹੈ।"

ਇੰਸਪੈਕਟਰ ਦੇ ਕੰਨ ਖੜ੍ਹੇ ਹੋ ਗਏ।

ਕਿਸ਼ਨ ਸਿੰਘ ਨੇ ਕਿਹਾ, "ਵੀਰਾਂ, ਲਾਜ ਦੇ ਬੁਖਾਰ ਵਾਲਾ ਕਾਗਜ਼ ਚੁੱਕ ਲਿਆ।"

ਵੀਰਾਂਵਾਲੀ ਨੇ ਕਾਗਜ਼ (ਚਾਰਟ) ਕਿਸ਼ਨ ਸਿੰਘ ਦੇ ਹੱਥ ਫੜਾਂਦਿਆਂ ਕਿਹਾ, "ਭਰਜਾਈ ਜਾਣ ਲੱਗੀ ਆਖਦੀ ਸੀ ਕਿ ਇਸ ਵੇਲੇ 102 ਹੈ, ਜੇ ਵਧ ਜਾਏ ਤਾਂ ਬਰਫ਼ ਦੀ ਪੱਟੀ ਰੱਖਣੀ।"

ਕਿਸ਼ਨ ਸਿੰਘ ਪਹਿਲੀ ਵਾਰ ਜੇਲ੍ਹ ਨਹੀਂ ਜਾਣ ਲੱਗਾ। ਇੰਸਪੈਕਟਰ ਇਸ ਦੀ ਦ੍ਰਿੜਤਾ ਤੋਂ ਅਨਜਾਣ ਨਹੀਂ। ਇੰਸਪੈਕਟਰ ਨੂੰ ਕਿਸ਼ਨ ਸਿੰਘ ਦੀ ਥੋੜ੍ਹੀ ਜਿਹੀ ਪ੍ਰੇਸ਼ਾਨੀ ਦੇ ਕਾਰਨ ਦਾ ਵੀ ਹੁਣ ਪਤਾ ਲੱਗ ਗਿਆ ਹੈ। ਮੀਟਿੰਗ ਲਫ਼ਜ਼ ਇੰਸਪੈਕਟਰ ਦੇ ਕੰਨਾਂ ਵਿਚ ਕੱਚ ਕੇ ਟੁਕੜੇ ਵਾਂਗ ਰੜਕਿਆ। ਸਾਈਕਲ ਉਤੇ ਲੱਤ ਧਰਦਿਆਂ ਹੀ ਉਸ ਨੇ ਨਾਲ ਦੇ ਸਿਪਾਹੀਆਂ ਨੂੰ ਅੱਖ ਨਾਲ ਕੁਝ ਸਮਝਾਇਆ ਅਤੇ ਨਾਲ ਕਿਹਾ, "ਸਰਦਾਰ ਜੀ, ਬੇਸ਼ੱਕ ਆਰਾਮ ਨਾਲ ਤਿਆਰੀ ਕਰ ਲਵੋ, ਮੈਂ ਆਉਂਦਾ ਹਾਂ।"

ਇੰਸਪੈਕਟਰ ਸੜਕੋਂ ਸਾਹਮਣੇ ਕਾਰਖਾਨੇ ਦੇ ਵੱਡੇ ਦਰਵਾਜ਼ਿਉਂ ਅੰਦਰ ਵੜ ਗਿਆ। ਬੈਠੇ ਸਿਪਾਹੀਆਂ ਵਿਚੋਂ ਇਕ ਨੇ ਕਿਹਾ, "ਇੰਸਪੈਕਟਰ ਸਾਹਿਬ ਸ਼ਾਇਦ ਕਿਧਰੇ ਫੋਨ ਕਰਨ ਗਏ ਹਨ।"

ਵੀਰਾਂਵਾਲੀ ਦੀਆਂ ਅੱਖਾਂ ਦੇ ਸੋਮੇ ਫੁੱਟਣ ਹੀ ਵਾਲੇ ਸਨ। ਕਿਸ਼ਨ ਸਿੰਘ ਦੀ ਕੁਝ ਘੁਰ-ਭਰੀ ਸੈਨਤ ਨੂੰ ਪਛਾਣ ਕੇ ਉਹ ਲਾਜ ਦੇ ਮੰਜੇ ਦੇ ਪਿਛਲੇ ਪਾਸੇ ਪਈ ਚੌਕੀ ਉਤੇ ਬੈਠ ਗਈ। ਕਿਸ਼ਨ ਸਿਘ ਨੇ ਆਪਣੀਆਂ ਉਂਗਲਾਂ ਨਾਲ ਲਾਜ ਦੇ ਕੇਸਾਂ ਨੂੰ ਸੰਵਾਰਦਿਆਂ ਕਿਹਾ, "ਪੁੱਤਰ! ਹੁਣ ਤੂੰ ਠੀਕ ਹੈਂ। ਅੱਜ ਤਾਂ ਬੁਖਾਰ ਘੱਟ ਹੈ, ਕੱਲ੍ਹ ਸ਼ਾਇਦ ਟੁੱਟ ਹੀ ਜਾਵੇ। ਜੇ ਤੈਨੂੰ ਬੁਖਾਰ ਨਾ ਹੁੰਦਾ ਤਾਂ ਮੈਂ ਹੁਣ ਤੱਕ ਜੇਲ੍ਹ ਚਲੇ ਜਾਣਾ ਸੀ। ਸਾਥੀ ਤਾਂ ਸਾਰੇ ਚਲੇ ਹੀ ਗਏ ਹਨ।"

ਲਾਡਲੀ ਲਾਜ ਨੇ ਮੱਧਮ ਜਿਹੀ ਆਵਾਜ਼ ਵਿਚ ਕਿਹਾ, "ਮੈਂ ਤਾਂ ਫਿਰ ਮਾੜੀ ਕੁੜੀ ਹੋਈ ਜਿਸ ਨੇ ਤੁਹਾਡੇ ਚੰਗੇ ਕੰਮ ਵਿਚ ਰੋਕ ਪਾਈ ਹੈ।"

"ਨਹੀਂ ਮੇਰੀ ਲਾਜ ਬੇਟੀ, ਇਸ ਵਿਚ ਤੇਰਾ ਕੀ ਕਸੂਰ ਹੈ। ਬੁਖਾਰ ਕੋਈ ਤੇਰੇ ਵੱਸ ਦੀ ਗੱਲ ਤਾਂ ਨਹੀਂ ਨਾ। ਤੈਨੂੰ ਇਸ ਤਰ੍ਹਾਂ ਛੱਡ ਕੇ ਜਾਣ ਦਾ ਤਾਂ ਮੇਰਾ ਪਹਿਲਾਂ ਹੌਸਲਾ ਹੀ ਨਹੀਂ ਪਿਆ। ਜਿਸ ਦਿਨ ਬੰਬਈ ਸਾਡੇ ਆਗੂ ਫੜੇ ਗਏ ਸਨ, ਉਸ ਦਿਨ ਮੈਂ ਉਨ੍ਹਾਂ ਨੂੰ ਵਧਾਈ ਦੇਣ ਵਾਲੇ ਮਤੇ ਉਤੇ ਪੰਜ ਮਿੰਟ ਬੋਲਿਆ ਸਾਂ। ਫਿਰ ਮੈਂ ਤੇਰੇ ਦਵਾਈ-ਦਾਰੂ ਵਿਚ ਹੀ ਲੱਗਾ ਰਿਹਾ। ਕਿਤੇ ਬਾਹਰ ਜਾਣ ਦਾ ਸਮਾਂ ਹੀ ਨਹੀਂ ਮਿਲਿਆ। ਉਂਜ ਵੀ ਪਹਿਲਾਂ ਲੀਡਰਾਂ ਨੂੰ ਹੀ ਫੜਨਗੇ। ਅਸਾਂ ਸੇਵਾਦਾਰਾਂ ਦੀ ਵਾਰੀ ਪਿਛੋਂ ਹੀ ਆਉਣੀ ਹੈ, ਪਰ ਸਾਨੂੰ ਉਜਰ ਵੀ ਕੀ ਹੈ। ਭਾਵੇਂ ਹੁਣ ਫੜ ਲੈਣ।" ਕਿਸ਼ਨ ਸਿੰਘ ਦੇ ਮੂੰਹੋਂ ਇਹ ਅਖੀਰਲਾ ਫਿਕਰਾ ਅਜੇ ਨਿਕਲਿਆ ਹੀ ਸੀ ਕਿ ਲਾਜ ਨੇ ਨਾਲ ਹੀ ਆਖ ਦਿੱਤਾ, "ਬੇਸ਼ੱਕ ਫੜ ਲੈਣ।"

ਕਿਸ਼ਨ ਸਿੰਘ ਆਪਣੀ ਇਕਲੌਤੀ ਲਾਡਲੀ ਨਾਲ ਜਿਉਂ-ਜਿਉਂ ਗੱਲਾਂ ਕਰਦਾ ਗਿਆ, ਉਸ ਦਾ ਮਨ ਹੌਲਾ ਹੁੰਦਾ ਗਿਆ। ਹੁਣ ਉਹ ਬੇਸਬਰੀ ਨਾਲ ਆਪਣੀ ਘਰਵਾਲੀ ਸ਼ਰਨ ਕੌਰ ਨੂੰ ਉਡੀਕ ਰਿਹਾ ਹੈ। ਬਰਾਂਡੇ ਵੱਲ ਵੇਖ ਕੇ ਉਹ ਤਸੱਲੀ ਕਰ ਲੈਂਦਾ ਹੈ ਕਿ ਇੰਸਪੈਕਟਰ ਵੀ ਅਜੇ ਨਹੀਂ ਪਰਤਿਆ।

ਪਾਸ ਬੈਠੀ ਵੀਰਾਂਵਾਲੀ ਤਾਂ ਗਲੇਡੂ ਭਰ ਆਉਣ ਦੇ ਡਰ ਤੋਂ ਨਹੀਂ ਸੀ ਬੋਲਦੀ, ਪਰ ਹੁਣ ਉਸ ਨੂੰ ਵੀ ਕੁਝ ਹੌਸਲਾ ਜਿਹਾ ਹੋ ਗਿਆ। ਉਸ ਨੇ ਕਿਹਾ, "ਲਾਜ! ਤੇਰੇ ਪਿਤਾ ਜੀ ਫੜੇ ਗਏ ਤਾਂ ਤੇਰੀ ਦਵਾ-ਦਾਰੂ ਕੌਣ ਕਰੇਗਾ? ਤੂੰ ਉਦਾਸ ਨਾ ਹੋ ਜਾਵੇਂਗੀ?"

"ਭੂਆ ਜੀ, ਦਵਾ-ਦਾਰੂ ਲਈ ਤੁਸੀਂ ਜੁ ਮੇਰੇ ਪਾਸ ਹੋ, ਮਾਤਾ ਜੀ ਜੁ ਹਨ। ਬਾਕੀ ਰਹੀ ਉਦਾਸੀ ਦੀ ਗੱਲ, ਮੈਂ ਤਾਂ ਰਾਜ਼ੀ ਹੋ ਕੇ ਆਪ ਵੀ ਇਸ ਵੇਰਾਂ ਪਿਤਾ ਜੀ ਪਾਸ ਜੇਲ੍ਹ ਵਿਚ ਚਲੀ ਜਾਵਾਂਗੀ।"

ਲਾਜ ਦੀ ਗੱਲ ਸੁਣ ਕੇ ਵੀਰਾਂਵਾਲੀ ਦਾ ਬੇਇਖਤਿਆਰ ਹਾਸਾ ਨਿਕਲ ਗਿਆ।

ਲਾਜ ਨੇ ਕਿਹਾ, "ਨਹੀਂ ਭੂਆ ਜੀ ਹਾਸੇ ਦੀ ਗੱਲ ਨਹੀਂ। ਆਪਣੇ ਮੁਲਕ ਵਾਸਤੇ ਜੇਲ੍ਹ ਵਿਚ ਜਾਣਾ ਕੋਈ ਮਾੜੀ ਗੱਲ ਨਹੀਂ। ਮੈਂ ਇਸ ਵੇਰਾਂ ਜ਼ਰੂਰ ਜਾਣਾ ਹੈ।"

"ਲਾਜ! ਤੂੰ ਤਾਂ ਅਜੇ ਬਾਰ੍ਹਾਂ ਵਰ੍ਹਿਆਂ ਦੀ ਵੀ ਨਹੀਂ ਹੋਈ।"

ਭੂਆ ਦੀ ਗੱਲ ਸੁਣ ਕੇ ਲਾਜ ਨੇ ਕਿਹਾ, "ਪਿਤਾ ਜੀ, ਸੁਣੋ ਭੂਆ ਜੀ ਦੀ ਗੱਲ। ਮਲੂਮ ਹੁੰਦਾ ਹੈ, ਭੂਆ ਜੀ ਕਦੇ ਗੁਰਦੁਆਰੇ ਨਹੀਂ ਗਏ। ਇਨ੍ਹਾਂ ਨੇ ਕਦੇ ਕਥਾ ਨਹੀਂ ਸੁਣੀ। ਪਿਤਾ ਜੀ, ਭੂਆ ਜੀ ਨੂੰ ਦੱਸਣਾ, ਸਾਹਿਬਜ਼ਾਦਿਆਂ ਦੀ ਉਮਰ ਕਿੰਨੀ ਸੀ। ਉਹ ਤਾਂ ਇਸ ਉਮਰ ਵਿਚ ਸ਼ਹੀਦ ਵੀ ਹੋ ਗਏ ਸਨ। ਮੈਂ ਜੇਲ੍ਹ ਨਹੀਂ ਜਾ ਸਕਦੀ?"


ਵੀਰਾਂਵਾਲੀ ਦੀ ਤਾਂ ਗੱਲ ਹੀ ਕੀ, ਹੁਣ ਤਾਂ ਕਿਸ਼ਨ ਸਿੰਘ ਦੀਆਂ ਅੱਖਾਂ ਵੀ ਬੇਕਾਬੂ ਹੋ ਗਈਆਂ। ਇਹ ਤਸੱਲੀਭਰੀ ਖੁਸ਼ੀ ਦੇ ਅੱਥਰੂ ਸਨ।

ਕਿਸ਼ਨ ਸਿੰਘ ਨੇ ਲਾਜ ਦੇ ਸਰ੍ਹਾਣਿਉਂ ਚਾਬੀਆਂ ਚੁੱਕੀਆਂ। ਸਾਮਾਨ ਵਾਲੇ ਕਮਰੇ ਵਿਚ ਹੀ ਉਸ ਨੇ ਕੱਪੜੇ ਬਦਲੇ ਅਤੇ ਮੁੜ ਲਾਜ ਪਾਸ ਆ ਗਿਆ। ਲਾਜ ਨੇ ਇਸ ਸਵਾਲ ਨੇ ਕਿ "ਪਿਤਾ ਜੀ, ਇਸ ਵੇਲੇ ਕਿਉਂ ਕੱਪੜੇ ਬਦਲੇ ਨੇ? ਕਿਧਰੇ ਚਲੇ ਹੋ?", ਕਿਸ਼ਨ ਸਿੰਘ ਦਾ ਬਹੁਤ ਸਾਰਾ ਕੰਮ ਸੌਖਾ ਕਰ ਦਿੱਤਾ। ਕਿਸ਼ਨ ਸਿੰਘ ਨੂੰ ਹੁਣ ਇਹੋ ਸੋਚ ਸੀ ਕਿ ਆਪਣੇ ਹੁਣੇ ਗ੍ਰਿਫਤਾਰ ਹੋਣ ਦੀ ਖਬਰ ਬਿਮਾਰ ਲਾਜ ਨੂੰ ਕਿਹੜੇ ਲਫ਼ਜ਼ਾਂ ਵਿਚ ਦੱਸੇ। ਵੀਰਾਂਵਾਲੀ ਦੀ ਉਚੇਚੀ ਬੇਚੈਨੀ ਨੇ ਵੀ ਬਹੁਤ ਕੁਝ ਪ੍ਰਗਟ ਕਰ ਦਿੱਤਾ। ਕਿਸ਼ਨ ਸਿੰਘ ਨੇ 'ਸ਼ਬਦਾਰਥ' ਦੀਆਂ ਪੋਥੀਆਂ ਅਤੇ ਨਿੱਤਨੇਮ ਦਾ ਗੁਟਕਾ ਲਾਜ ਦੇ ਕਮਰੇ ਦੀ ਅਲਮਾਰੀ ਵਿਚੋਂ ਕੱਢ ਕੇ ਆਪਣੇ ਨਿੱਕੇ ਜਿਹੇ ਬਕਸੇ ਵਿਚ ਪਾ ਲਏ। ਬਰਾਂਡੇ ਵਿਚ ਬੂਟਾਂ ਦਾ ਖੜਕਾਰ ਹੋਇਆ। ਕਿਸ਼ਨ ਸਿੰਘ ਨੇ ਤਾਪ ਨਾਲ ਭਖ ਰਹੇ ਲਾਜ ਦੇ ਮੱਥੇ ਨੂੰ ਚੁੰਮਿਆ। "ਮੇਰੀ ਲਾਜ" ਦਾ ਭਾਵਪੂਰਤ ਸ਼ਬਦ ਉਸ ਦੇ ਮੂੰਹ ਵਿਚੋਂ ਨਿਕਲਿਆ। ਉਸ ਦੀਆਂ ਅੱਖਾਂ ਵਿਚ ਜੰਮੇ ਹੋਏ ਮੋਤੀ ਇਕ ਵੇਰ ਫੇਰ ਪਿਘਲ ਪਏ। ਅੰਞਾਣੀ ਲਾਜ ਨੇ ਬੜੀ ਸਿਆਣਪ ਭਰੀ ਆਵਾਜ਼ ਵਿਚ ਕਿਹਾ, "ਪਿਤਾ ਜੀ, ਮੇਰਾ ਫਿਕਰ ਨਾ ਕਰੋ।"

ਘਰ ਦੇ ਗਲੀ ਵਾਲੇ ਦਰਵਾਜ਼ਿਉਂ ਇਕ ਨੌਜਵਾਨ ਅੰਦਰ ਵੜਿਆ ਅਤੇ ਪੁਲਿਸ ਦੀ ਅੱਖ ਬਚਾ ਕੇ ਉਸ ਨੇ ਕਿਸ਼ਨ ਸਿੰਘ ਦੇ ਕੰਨ ਵਿਚ ਕੋਈ ਗੱਲ ਕੀਤੀ। ਨੌਜਵਾਨ ਵਾਪਸ ਚਲਾ ਗਿਆ। ਕਿਸ਼ਨ ਸਿੰਘ ਦੇ ਚਿਹਰੇ ਉਤੇ ਫਿਰ ਡੂੰਘੀ ਗੰਭੀਰਤਾ ਛਾ ਗਈ। ਇਸੇ ਹਾਲਤ ਵਿਚ ਲਾਜ ਸਬੰਧੀ ਵੀਰਾਂਵਾਲੀ ਨੂੰ ਕੁਝ ਗੱਲਾਂ ਸਮਝਾ ਕੇ ਉਹ ਪੁਲਿਸ ਦੇ ਟਾਂਗੇ ਵਿਚ ਬੈਠ ਗਿਆ।

(2)

ਸ਼ਹਿਰ ਦੀ ਕੋਤਵਾਲੀ ਵਿਚ ਟੈਲੀਫੋਨ ਦੀ ਘੰਟੀ ਖੜਕਣ ਨਾਲ ਹੀ ਗਾਰਦ ਨੂੰ ਤਿਆਰ ਹੋਣ ਦਾ ਹੁਕਮ ਤਾਂ ਹੋ ਗਿਆ ਪਰ ਤੁਰਨ ਦਾ ਆਰਡਰ ਇਕ ਘੰਟੇ ਦੀ ਉਡੀਕ ਪਿਛੋਂ ਮਿਲਿਆ। ਛੋਟੇ ਬਾਜ਼ਾਰ ਦੇ ਨਾਲ ਲਗਦੀ ਪੁਰਾਣੀ ਹਵੇਲੀ ਨੂੰ ਪੁਲਿਸ ਦੇ ਘੇਰਾ ਪਾਉਣ ਦੀ ਢਿੱਲ ਸੀ ਕਿ ਹਵੇਲੀ ਦੀ ਖੱਬੀ ਨੁੱਕਰ ਵਾਲੇ ਕਮਰੇ ਦੇ ਗਲੀ ਵੱਲ ਖੁੱਲ੍ਹਣ ਵਾਲੇ ਦਰਵਾਜ਼ੇ ਵਿਚੋਂ ਇਕ ਖੱਦਰ ਪੋਸ਼ ਬੀਬੀ ਦੌੜ ਕੇ ਬਾਹਰ ਨਿਕਲੀ। ਇਸ ਦੇ ਹੱਥ ਵਿਚ ਕੌਮੀ ਝੰਡਾ ਅਤੇ ਗਾਤਰੇ ਵਾਲੀ ਕਿਰਪਾਨ ਹੈ। ਤੁਰੰਤ ਹੀ ਇਸ ਦੇ ਪਿਛੇ ਪਿਛੇ ਕੌਮੀ ਨਾਅਰੇ ਲਾਂਦੀਆਂ ਖੱਦਰ ਦੀਆਂ ਸਾੜੀਆਂ ਵਾਲੀਆਂ ਹੋਰ ਵੀ ਬਹੁਤ ਸਾਰੀਆਂ ਬੀਬੀਆਂ ਨਿਕਲ ਆਈਆਂ। ਗਲੀ ਵਾਲੇ ਦਰਵਾਜ਼ੇ ਅੱਗੇ ਖੜ੍ਹਾ ਸਿਪਾਹੀ ਵੇਖਦਾ ਹੀ ਰਹਿ ਗਿਆ ਅਤੇ ਇਹ ਬੀਬੀਆਂ ਬਾਜ਼ਾਰ ਵਿਚ ਪੁੱਜ ਗਈਆਂ। "ਭਾਰਤ ਮਾਤਾ ਦੀ ਜੈ" ਦੇ ਨਾਅਰਿਆਂ ਨਾਲ ਅਸਮਾਨ ਗੂੰਜਣ ਲਗਾ। ਥੋੜ੍ਹੇ ਚਿਰ ਵਿਚ ਇੰਨੀ ਭੀੜ ਹੋ ਗਈ ਕਿ ਛੋਟੇ ਬਾਜ਼ਾਰ ਦਾ ਰਸਤਾ ਹੀ ਬੰਦ ਹੋ ਗਿਆ।



ਕੌਮੀ ਝੰਡੇ ਵਾਲੀ ਬੀਬੀ ਨੇ ਝੰਡਾ ਉਚਾ ਚੁੱਕ ਰੱਖਿਆ ਸੀ। ਇਕ ਪੁਲਸੀਏ ਨੇ ਅੱਗੇ ਵਧ ਕੇ ਝੰਡਾ ਖੋਹਣ ਦੀ ਕੋਸ਼ਿਸ਼ ਕੀਤੀ। ਝੰਡੇ ਵਾਲੀ ਬੀਬੀ ਅੱਗੇ ਵਧਦੀ ਜਾ ਰਹੀ ਸੀ। ਪੁਲਿਸ ਵਾਲੇ ਦਾ ਹੱਥ ਗਾਤਰੇ ਦੀ ਕਿਰਪਾਨ ਉਤੇ ਜਾ ਪਿਆ ਅਤੇ ਖਿੱਚਾ-ਖਿੱਚੀ ਵਿਚ ਮਿਆਨ ਉਤਰ ਗਿਆ ਤੇ ਪੁਲਸੀਏ ਦੇ ਹੱਥ ਨੂੰ ਝਰੀਟ ਆ ਗਈ। ਥੋੜ੍ਹਾ ਖੂਨ ਵੀ ਨਿਕਲ ਆਇਆ। ਪੁਲਿਸ ਨੇ ਘਬਰਾ ਕੇ ਲਾਠੀਚਾਰਜ ਸ਼ੁਰੂ ਕਰ ਦਿੱਤਾ। ਬਹੁਤ ਸਾਰੀ ਭੀੜ ਖਿੰਡ-ਪੁੰਡ ਗਈ ਅਤੇ ਝੰਡੇ ਵਾਲੀ ਬੀਬੀ ਨੇ ਕੌਮੀ ਝੰਡੇ ਨੂੰ ਦੋਹਾਂ ਹੱਥਾਂ ਨਾਲ ਘੁੱਟ ਕੇ ਫੜ ਲਿਆ ਤੇ ਉਹ ਇਕ ਦੁਕਾਨ ਦੇ ਸਾਹਮਣੇ ਫੱਟੇ ਉਤੇ ਧਰਨਾ ਮਾਰ ਕੇ ਬਹਿ ਗਈ। ਬਾਕੀ ਦੀਆਂ ਬੀਬੀਆਂ ਵੀ ਜ਼ਮੀਨ ਉਤੇ ਬਹਿ ਗਈਆਂ। ਬਹੁਤ ਸਾਰੀ ਭੀੜ ਖਿੰਡ-ਪੁੰਡ ਜਾਣ ਮਗਰੋਂ ਪੁਲਿਸ ਦੇ ਗਾਰਦ-ਇੰਚਾਰਜ ਨੇ ਪਹਿਲਾਂ ਬੜੇ ਰੋਹਬ ਨਾਲ, ਫਿਰ ਨਰਮੀ ਨਾਲ ਝੰਡੇ ਵਾਲੀ ਬੀਬੀ ਤੋਂ ਝੰਡਾ ਲੈਣ ਦੀ ਕੋਸ਼ਿਸ਼ ਕੀਤੀ।

"ਇਹ ਝੰਡਾ ਸਾਡੀ ਜਾਨ ਦੇ ਨਾਲ ਹੀ ਜਾਵੇਗਾ।"

ਅਖੀਰ ਬੀਬੀਆਂ ਦੇ ਸਾਰੇ ਜਥੇ ਨੂੰ ਗ੍ਰਿਫਤਾਰ ਕਰ ਕੇ ਟਾਂਗਿਆਂ ਵਿਚ ਬਿਠਾ ਲਿਆ ਗਿਆ। ਜੇਲ੍ਹ ਦੇ ਦਰਵਾਜ਼ੇ ਅੱਗੇ ਜਾ ਕੇ ਫਿਰ ਝੰਡੇ ਦਾ ਝਗੜਾ ਛਿੜ ਪਿਆ। ਬੀਬੀਆਂ ਕਹਿੰਦੀਆਂ ਸਨ ਕਿ ਅਸੀਂ ਜੇਲ੍ਹ ਦੀ ਬੈਰਕ ਉਤੇ ਕੌਮੀ ਝੰਡਾ ਲਾਉਣ ਲਈ ਅੰਦਰ ਲੈ ਜਾਵਾਂਗੀਆਂ।

ਇਹ ਝਗੜਾ ਹੋ ਰਿਹਾ ਸੀ ਕਿ ਕਿਸ਼ਨ ਸਿੰਘ ਨੂੰ ਵੀ ਲੈ ਕੇ ਪੁਲਿਸ ਜੇਲ੍ਹ ਦੇ ਦਰਵਾਜ਼ੇ ਅੱਗੇ ਪਹੁੰਚ ਗਈ। ਬੀਬੀਆਂ ਦੇ ਜਥੇ ਅੰਦਰ ਝੰਡਾ ਹੱਥ ਵਿਚ ਫੜੀ ਬੈਠੀ ਆਪਣੀ ਸੁਪਤਨੀ ਸ਼ਰਨ ਕੌਰ ਨੂੰ ਵੇਖ ਕੇ ਕਿਸ਼ਨ ਸਿੰਘ ਨੂੰ ਕੋਈ ਹੈਰਾਨੀ ਨਾ ਹੋਈ। ਇਉਂ ਜਾਪਦਾ ਹੈ ਕਿ ਕਿਸ਼ਨ ਸਿੰਘ ਨੂੰ ਪਹਿਲਾਂ ਈ ਇਸ ਘਟਨਾ ਦਾ ਪਤਾ ਲੱਗ ਚੁੱਕਾ ਸੀ। ਕਿਸ਼ਨ ਸਿੰਘ ਨੇ ਬੀਬੀਆਂ ਨੂੰ ਸਮਝਾਇਆ, "ਤੁਸੀਂ ਝੰਡੇ ਸਬੰਧੀ ਆਪਣਾ ਕਾਫ਼ੀ ਵਿਸ਼ਵਾਸ ਪ੍ਰਗਟ ਕਰ ਦਿੱਤਾ ਹੈ। ਖੁੱਲ੍ਹ ਦੀ ਹਾਲਤ ਵਿਚ ਤੁਸਾਂ ਇਸ ਦੀ ਬੇ-ਅਦਬੀ ਨਹੀਂ ਹੋਣ ਦਿੱਤੀ। ਹੁਣ ਤੁਸੀਂ ਕੈਦ ਹੋ। ਜੇ ਇਕ ਵਾਰੀ ਤੁਸਾਂ ਬੈਰਕ ਉਤੇ ਝੰਡਾ ਲਾ ਵੀ ਲਿਆ ਤਾਂ ਜੇਲ੍ਹ ਕਰਮਚਾਰੀ ਤੁਹਾਨੂੰ ਬੈਰਕ ਦੇ ਅੰਦਰ ਬੰਦ ਕਰ ਕੇ ਝੰਡਾ ਪਾੜ ਦੇਣਗੇ। ਇਸ ਲਈ ਇਸ ਦਾ ਲਾਭ ਨਹੀਂ।"

ਅਖੀਰ ਫੈਸਲਾ ਹੋਇਆ ਕਿ ਝੰਡਾ ਅਦਬ ਨਾਲ ਕਾਂਗਰਸ ਦੇ ਦਫ਼ਤਰ ਵਿਚ ਪਹੁੰਚਾ ਦਿੱਤਾ ਜਾਵੇ। ਜੇਲ੍ਹ ਦੇ ਅੰਦਰ ਦਾਖਲ ਹੋ ਕੇ ਸ਼ਰਨ ਕੌਰ ਨੇ ਆਪਣੇ ਪਤੀ ਤੋਂ ਲਾਜ ਬਾਬਤ ਪੁੱਛਿਆ, ਪਰ ਕੋਈ ਜੁਆਬ ਸੁਣਨ ਤੋਂ ਪਹਿਲਾਂ ਹੀ ਜ਼ਨਾਨਾ ਵਾਰਡ ਦਾ ਬੂਹਾ ਖੁੱਲ੍ਹ ਕੇ ਬੰਦ ਹੋ ਗਿਆ।

(3)

ਵੱਡਾ ਤਾਪ ਅਤੇ ਮਾਤਾ-ਪਿਤਾ ਦਾ ਫੜਿਆ ਜਾਣਾ ਸਾਰੇ ਦੁੱਖਾਂ ਦੇ ਬਾਵਜੂਦ ਦੇਸ-ਸੇਵਾ ਲਈ ਲਾਜ ਦੇ ਮਨ ਵਿਚ ਜੇਲ੍ਹ ਦੀ ਜ਼ਬਰਦਸਤ ਇੱਛਾ ਪ੍ਰਬਲ ਹੋ ਆਈ। ਲਾਜ ਦਿਨਾਂ ਵਿਚ ਹੀ ਤੁਰਨ-ਫਿਰਨ ਲੱਗ ਪਈ। ਭੂਆ ਨੇ ਲਾਜ ਦੀ ਸੇਵਾ ਵਿਚ ਕਸਰ ਨਾ ਰੱਖੀ। ਲਾਜ ਨੂੰ ਚੁਕਵਾ ਕੇ ਉਹ ਘਰ ਹੀ ਲੈ ਗਈ ਸੀ। ਵੀਰਾਂਵਾਲੀ ਦੇ ਘਰਵਾਲੇ ਜਮਾਂਦਾਰ ਹੁਸ਼ਨਾਕ ਸਿੰਘ ਨੂੰ ਆਪਣੇ ਸਾਲੇ ਅਤੇ ਸਾਲੇਹਾਰ ਦੇ ਫੜੇ ਜਾਣ ਦੀ ਖਬਰ ਗੱਡੀ ਵਿਚ ਕਿਸੇ ਵਾਕਫ਼ ਤੋਂ ਮਿਲੀ, ਜਦ ਉਹ ਘਰ ਛੁੱਟੀ ਆ ਰਿਹਾ ਸੀ। ਛਾਉਣੀ ਵਿਚ ਕੋਈ ਅਖ਼ਬਾਰ ਨਹੀਂ ਸੀ ਜਾਂਦਾ।

ਹੁਸ਼ਨਾਕ ਸਿੰਘ ਦਾ ਟਾਂਗਾ ਜਦ ਬੂਹੇ ਅੱਗੇ ਪੁੱਜਾ ਤਾਂ ਲਾਜ ਦਰਵਾਜ਼ੇ ਵਿਚ ਖੜ੍ਹੀ ਸੀ। ਉਹਨੇ ਪਹਿਲਾਂ ਫੁੱਫੜ ਦੇ ਆਉਣ ਦੀ ਖਬਰ ਦੌੜ ਕੇ ਭੂਆ ਨੂੰ ਦੱਸੀ, ਫਿਰ ਪਰਤ ਕੇ ਟਾਂਗੇ ਵਿਚੋਂ ਉਤਰ ਰਹੇ ਫੁੱਫੜ ਦੇ ਗਲ ਆਣ ਲੱਗੀ। ਵੀਰਾਂਵਾਲੀ ਨੇ ਪਹਿਲਾਂ ਦਰਵਾਜ਼ੇ ਅੱਗੇ ਆਣ ਕੇ ਆਪ ਪਤੀ ਨੂੰ ਸਤਿ ਸ੍ਰੀ ਅਕਾਲ ਆਖੀ, ਫਿਰ ਝੱਟ ਅੰਦਰ ਵੜ ਕੇ ਸ਼ੀਸ਼ੇ ਅੱਗੇ ਆਪਣੇ ਵਾਲ ਸੁਆਰੇ, ਦੁਪੱਟਾ ਬਦਲਿਆ ਅਤੇ ਮੁੜ ਚਾਈਂ-ਚਾਈਂ ਬਾਹਰ ਆਣ ਕੇ ਸਾਮਾਨ ਸੰਭਾਲਣ ਦੇ ਆਹਰ ਵਿਚ ਲੱਗ ਗਈ। ਲਾਜ ਵੀ ਨਿੱਕੀਆਂ ਨਿੱਕੀਆਂ ਚੀਜ਼ਾਂ ਸੰਭਾਲਣ ਵਿਚ ਆਪਣੀ ਭੂਆ ਨੂੰ ਮਦਦ ਦੇਣ ਲੱਗ ਪਈ।

ਗੁਆਂਢ ਤੋਂ ਸੱਜਣ ਮਿੱਤਰ ਹੁਸ਼ਨਾਕ ਸਿੰਘ ਨੂੰ ਪੁੱਛਣ ਭਾਲਣ ਆ ਗਏ। ਵੀਰਾਂਵਾਲੀ ਨੇ ਚੁੱਲ੍ਹੇ ਉਤੇ ਚਾਹ ਰੱਖ ਦਿੱਤੀ। ਗੁਆਂਢੀਆਂ ਦੇ ਚਲੇ ਜਾਣ ਮਗਰੋਂ ਚਾਹ ਪਿਆਉਣ ਲਗਿਆਂ ਹੀ ਵੀਰਾਂਵਾਲੀ ਨੂੰ ਆਪਣੇ ਪਤੀ ਪਾਸੋਂ ਸੁੱਖ-ਸਾਂਦ ਪੁੱਛਣ ਦਾ ਮੌਕਾ ਮਿਲਿਆ, "ਜੀ, ਵੱਲ ਰਾਜੀ-ਬਾਜੀ ਰਹੇ ਹੋ?"

"ਅੱਗੇ ਤਾਂ ਵੱਲ ਹੀ ਰਹੇ ਹਾਂ ਪਰ ਮਾਲੂਮ ਹੁੰਦਾ ਹੈ ਤੂੰ ਵੱਲ ਰਹਿਣ ਨਹੀਂ ਦੇਣਾ।"

ਵੀਰਾਂਵਾਲੀ ਦੇ ਕੰਨਾਂ ਨੂੰ ਅਜਿਹੇ ਉਤਰ ਦੀ ਆਸ ਨਹੀਂ ਸੀ। ਉਹ ਆਪਣੇ ਪਤੀ ਦੇ ਚਿਹਰੇ ਤੋਂ ਉਸ ਦੇ ਮਨ ਦੀ ਅਵਸਥਾ ਨੂੰ ਤਾਂ ਪੜ੍ਹ ਚੁੱਕੀ ਸੀ, ਪਰ ਨਾਰਾਜ਼ਗੀ ਦੇ ਕਾਰਨ ਦੀ ਪੂਰੀ ਸਮਝ ਉਸ ਨੂੰ ਅਜੇ ਨਹੀਂ ਸੀ ਆਈ। ਵੀਰਾਂਵਾਲੀ ਨੇ ਗੱਲ ਨੂੰ ਇੱਥੇ ਹੀ ਠੱਪ ਦਿੱਤਾ। ਹੁਸ਼ਨਾਕ ਸਿੰਘ ਨੇ ਨਾਂਹ-ਨੁੱਕਰ ਕਰਦਿਆਂ ਚਾਹ ਦੀ ਪਿਆਲੀ ਪੀ ਲਈ। ਰਾਤ ਦੀ ਰੋਟੀ ਤੱਕ ਵੀਰਾਂਵਾਲੀ ਨੇ ਕੋਈ ਗੱਲ ਛੇੜਨ ਦਾ ਮੌਕਾ ਨਾ ਦਿੱਤਾ। ਹੁਸ਼ਨਾਕ ਸਿੰਘ ਨੇ ਭਰਿਆਂ-ਪੀਤਿਆਂ ਹੀ ਦੋ ਰੋਟੀਆਂ ਸੰਘੋਂ ਹੇਠਾਂ ਉਤਾਰੀਆਂ। ਵੀਰਾਂਵਾਲੀ ਨੇ ਤਾਂ ਖਾਣਾ ਹੀ ਕੀ ਸੀ!

ਸੌਣ ਦੇ ਕੱਪੜੇ ਬਦਲ ਕੇ ਹੁਸ਼ਨਾਕ ਸਿੰਘ ਲੰਮਾ ਪੈ ਗਿਆ। ਵੀਰਾਂਵਾਲੀ ਲਾਜ ਨੂੰ ਰੋਟੀ ਖੁਆ ਕੇ ਭਾਂਡਾ-ਟਿੰਡਰ ਸਾਂਭਣ ਪਿਛੋਂ ਲੱਤਾਂ ਦੱਬਣ ਦੇ ਬਹਾਨੇ ਆਪਣੇ ਪਤੀ ਪਾਸ ਮੰਜੇ ਉਤੇ ਆਣ ਬੈਠੀ। ਦਸ-ਪੰਦਰਾਂ ਮਿੰਟ ਦੋਹਾਂ ਪਾਸਿਆਂ ਤੋਂ ਚੁੱਪ ਰਹੀ। ਹੁਸ਼ਨਾਕ ਸਿੰਘ ਨੇ ਪਾਸਾ ਪਰਤਦਿਆਂ ਇਉਂ ਉਬਾਸੀ ਲਈ ਜਿਵੇਂ ਉਹ ਪਹਿਲਾਂ ਸੌਂ ਗਿਆ ਸੀ ਅਤੇ ਹੁਣ ਹੀ ਉਸ ਨੂੰ ਵੀਰਾਂਵਾਲੀ ਦੇ ਪਾਸੇ ਬੈਠੇ ਹੋਣ ਦਾ ਪਤਾ ਲੱਗਾ ਹੈ।

ਵੀਰਾਂਵਾਲੀ ਨੇ ਕਿਹਾ, "ਜੀ, ਇਧਰ ਮੂੰਹ ਤਾਂ ਕਰੋ। ਤੁਹਾਨੂੰ ਤਾਂ ਜੱਗ ਰੱਖਣਾ ਵੀ ਨਹੀਂ ਆਉਂਦਾ। ਉਡੀਕ-ਉਡੀਕ ਕੇ ਸਾਡੀਆਂ ਅੱਖਾਂ ਵੀ ਪੱਕ ਗਈਆਂ ਹਨ ਤੇ ਇਹ ਸਿੱਧੇ ਮੂੰਹ ਗੱਲ ਵੀ ਨਹੀਂ ਕਰਦੇ। ਛੁੱਟੀ ਕਿੰਨੀ ਮਿਲੀ ਜੇ?"

ਹੁਸ਼ਨਾਕ ਸਿੰਘ ਨੇ ਫਿਰ ਪਾਸਾ ਪਰਤਿਆ ਅਤੇ ਅੱਖਾਂ ਉਤੇ ਹੱਥ ਰੱਖ ਕੇ ਆਖਣ ਲੱਗਾ, "ਤੂੰ ਲੰਮੀ ਛੁੱਟੀ ਹੀ ਸਮਝ। ਸੁੱਖ ਤੈਨੂੰ ਪਚਦਾ ਨਹੀਂ। ਹੁਣ ਹੀ ਤਰੱਕੀ ਦੇ ਦਿਨ ਸਨ ਪਰ ਤੂੰ ਮੈਨੂੰ ਕੁਝ ਬਣਨ ਨਹੀਂ ਦੇਣਾ।"

"ਜੀ ਗੱਲ ਤਾਂ ਦਸੋ?"

"ਗੱਲ ਕੀ ਦੱਸਾਂ। ਤੈਨੂੰ ਪਤਾ ਨਹੀਂ? ਅੱਜਕੱਲ੍ਹ ਲੜਾਈ ਦੇ ਦਿਨ ਹਨ। ਕਿਸੇ ਫੌਜੀ ਦੇ ਬਾਗੀਆਂ ਨਾਲ ਮੇਲ-ਜੋਲ ਨੂੰ ਸਰਕਾਰ ਪਸੰਦ ਨਹੀਂ ਕਰਦੀ। ਅੱਵਲ ਤਾਂ ਸਰਕਾਰ ਨੂੰ ਪਤਾ ਹੀ ਨਹੀਂ ਲੱਗਣ ਦੇਣਾ ਚਾਹੀਦਾ ਕਿ ਕੋਈ ਬਾਗੀ ਸਾਡੇ ਸਬੰਧੀ ਹਨ। ਜੇ ਪਤਾ ਲੱਗ ਹੀ ਜਾਵੇ ਤਾਂ ਅਸੀਂ ਆਖ ਵੀ ਸਕਦੇ ਹਾਂ ਕਿ ਉਹ ਸਾਡੇ ਆਖੇ ਤੋਂ ਬਾਹਰ ਹਨ, ਪਰ ਤੂੰ ਇਹ ਬਲਾ ਕਿਉਂ ਜਾਣ-ਬੁੱਝ ਕੇ ਆਪ ਗਲ ਪਾ ਲਈ? ਬਾਗੀ ਦੀ ਧੀ ਨੂੰ ਰੱਖਣਾ ਤੂੰ ਨਹੀਂ ਜਾਣਦੀ ਕਿੰਨਾ ਜੁਰਮ ਹੈ?"

ਆਪਣੇ ਪਤੀ ਦੀ ਗੱਲ ਸੁਣ ਕੇ ਵੀਰਾਂਵਾਲੀ ਨੂੰ ਕੰਬਣੀ ਜਿਹੀ ਆ ਗਈ। ਉਸ ਨੂੰ ਇਹ ਖਿਆਲ ਨਹੀਂ ਸੀ ਕਿ ਲਾਜ ਨੂੰ ਐਸੇ ਹਾਲਤ ਵਿਚ ਇਥੇ ਲਿਆਉਣਾ ਪਤੀ ਲਈ ਕਿੰਨਾ ਜ਼ਿਆਦਾ ਦੁਖਦਾਈ ਹੋ ਸਕਦਾ ਹੈ। ਉਸ ਦੀ ਜਾਨ ਪਸੀਨਾ ਹੋ ਗਈ।

ਹੁਸ਼ਨਾਕ ਸਿੰਘ ਨੇ ਫਿਰ ਦੰਦ ਕਰੀਚ ਕੇ ਕਿਹਾ, "ਤੂੰ ਕੁੜੀ ਨੂੰ ਕਿਉਂ ਮੇਰੇ ਘਰ ਲਿਆਂਦਾ?"

ਵੀਰਾਂਵਾਲੀ ਨੇ ਭਰੇ ਗਲੇ ਨਾਲ ਸਾਰੀ ਵਿਥਿਆ ਇਸ ਤਰ੍ਹਾਂ ਸੁਣਾਈ ਜਿਵੇਂ ਕੋਈ ਪੁਜਾਰਨ ਦੇਵੀ ਪਾਸੋਂ ਕਿਸੇ ਮਨ ਭਾਉਂਦੇ ਵਰ ਦਾ ਤਰਲਾ ਲੈ ਰਹੀ ਹੈ, ਪਰ ਤੁਰੰਤ ਹੀ ਉਸ ਨੂੰ ਅਨੁਭਵ ਹੋਇਆ ਕਿ ਪਤੀ-ਦੇਵ ਤਾਂ ਪੱਥਰ ਦੀ ਮੂਰਤ ਹਨ। ਉਸ ਦੇ ਮਨ ਵਿਚ ਪਤੀ ਦੇ ਛੁੱਟੀ ਆਉਣ ਦੀਆਂ ਕਿੰਨੀਆਂ ਉਮੰਗਾਂ ਸਨ। ਉਸ ਦੇ ਸਾਰੇ ਵਲਵਲੇ ਅਤੇ ਚਾਉ ਖਿੰਡ-ਪੁੰਡ ਕੇ ਉਸ ਦੀਆਂ ਅੱਖਾਂ

ਸਾਹਮਣੇ ਪਰਛਾਵੇਂ ਜਿਹੇ ਬਣ ਕੇ ਖਿਲਰ ਗਏ। ਪੁਆਈ ਪਿਆਂ ਹੀ ਉਸ ਨੇ ਰਾਤ ਕੱਟ ਲਈ। ਹੰਝੂਆਂ ਦੇ ਕੀਮਤੀ ਮੋਤੀਆਂ ਦੀ ਭੇਟਾ ਨਾਲ ਵੀ ਪੱਥਰ ਦੀ ਮੂਰਤੀ ਵਿਚ ਕੋਈ ਅਨੁਭਵਤਾ ਨਾ ਸੀ। ਪਤੀ ਦੇ ਹਠ ਨੇ ਵੀਰਾਂਵਾਲੀ ਨੂੰ ਆਪਣੇ ਅਪਰਾਧੀ ਹੋਣ ਦਾ ਸ਼ੱਕ ਜਿਹਾ ਕਰਾ ਦਿੱਤਾ।

ਘਬਰਾਇਆ ਹੋਇਆ ਆਦਮੀ ਆਪਣੀ ਘਬਰਾਹਟ ਦੇ ਕਾਰਨ ਨੂੰ ਲੁਕਾਣ ਲਈ ਸੌ ਸਾਧਨ ਵਰਤਦਾ ਹੈ ਪਰ ਉਹ ਉਸ ਦੀ ਘਬਰਾਹਟ ਨੂੰ ਵਧੀਕ ਪ੍ਰਗਟਾਂਦੇ ਹਨ। ਸੱਜਣਾਂ-ਮਿੱਤਰਾਂ ਤੱਕ ਗੱਲ ਪੁੱਜ ਗਈ। ਸਿਆਣਿਆਂ ਦੀਆਂ ਦਲੀਲਾਂ ਅਤੇ ਮਿਸਾਲਾਂ ਹੁਸ਼ਨਾਕ ਸਿੰਘ ਨੂੰ ਕਾਇਲ ਨਾ ਕਰਵਾ ਸਕੀਆਂ ਕਿ ਤੇਰੇ ਸਾਲੇ ਅਤੇ ਸਾਲੇਹਾਰ ਦੀ ਜ਼ਿੰਮੇਵਾਰੀ ਕਿਸੇ ਤਰ੍ਹਾਂ ਵੀ ਤੇਰੇ ਉਤੇ ਨਹੀਂ ਆਉਂਦੀ। ਲਾਜ ਨੂੰ ਆਪਣੇ ਪਾਸ ਰੱਖਣਾ ਉਹ ਆਪਣੀਆਂ ਸਭ ਆਸਾਂ ਦੇ ਖਾਤਮੇ ਦਾ ਪ੍ਰਵਾਨਾ ਸਮਝਦਾ ਸੀ। ਵਧੀਕ ਨਹੀਂ ਤਾਂ ਸੂਬੇਦਾਰ ਮੇਜਰ ਤਾਂ ਉਸ ਇਸ ਜੰਗ ਵਿਚ ਹੀ ਬਣਨਾ ਹੈ। ਲਾਜ ਦੇ ਕੰਨਾਂ ਵਿਚ ਕੋਈ ਨਾ ਕੋਈ ਗੱਲ ਪੈ ਜਾਂਦੀ ਰਹੀ। ਛੁੱਟੀ ਪੂਰੀ ਹੋ ਗਈ। ਹੁਸ਼ਨਾਕ ਸਿੰਘ ਨੇ ਟਾਂਗਾ ਬੂਹੇ ਅੱਗੇ ਖੜ੍ਹਾ ਕੀਤਾ। ਵੀਰਾਂਵਾਲੀ ਨੂੰ ਬਾਹੋਂ ਫੜ ਕੇ ਉਸ ਵਿਚ ਬਿਠਾਇਆ ਅਤੇ ਮਕਾਨ ਦੀਆਂ ਚਾਬੀਆਂ ਜੇਬ ਵਿਚ ਪਾ ਲਈਆਂ। ਬੂਹੇ ਅੱਗੇ ਕੁੜੀਆਂ ਨਾਲ ਖੇਡਦੀ ਲਾਜ ਟਾਂਗੇ ਵਿਚ ਬੈਠੀ ਬੇਵੱਸ ਭੂਆ ਵੱਲ ਹੰਝੂ ਭਰੀਆਂ ਅੱਖਾਂ ਨਾਲ ਵੇਖ ਰਹੀ ਸੀ। ਟਾਂਗਾ ਉਹਲੇ ਹੋ ਗਿਆ।

*(4)*

"ਭਰਾ ਜੀ, ਲਾਜ ਦਾ ਕੀ ਬਣਿਆ?"

"ਵੀਰਾਂ, ਅਸੀਂ ਤਾਂ ਤੇਰੇ ਪਾਸ ਅਮਾਨਤ ਛੱਡ ਆਏ ਸਾਂ।"

ਇਕ ਸਾਲ ਅਤੇ ਦੋ ਮਹੀਨੇ ਗੁਜ਼ਰ ਜਾਣ ਪਿਛੋਂ ਸੈਂਟਰਲ ਜੇਲ੍ਹ ਮੁਲਤਾਨ ਦੇ ਮੁਲਾਕਾਤੀ ਕਮਰੇ ਵਿਚ ਭੈਣ ਵੀਰਾਂਵਾਲੀ ਦਾ ਇਹ ਸੁਆਲ ਤੇ ਭਰਾ ਕਿਸ਼ਨ ਸਿੰਘ ਦਾ ਇਹ ਇਕੋ ਜੁਆਬ, ਬੱਸ ਦੋ ਹੀ ਗੱਲਾਂ ਸਨ ਜੋ ਉਨ੍ਹਾਂ ਇਕ ਘੰਟੇ ਦੀ ਮੁਲਾਕਾਤ ਵਿਚ ਜ਼ੁਬਾਨ ਨਾਲ ਕੀਤੀਆਂ। ਇਨ੍ਹਾਂ ਦੋਹਾਂ ਗੱਲਾਂ ਪਿਛੋਂ ਦੁਵੱਲੀ ਚੁੱਪ ਅਤੇ ਕਿਸੇ ਵੇਲੇ ਤਰ ਅੱਖਾਂ ਨਾਲ ਇਕ ਦੂਜੇ ਵੱਲ ਤੱਕਣਾ ਦਿਲ ਦੀਆਂ ਗੱਲਾਂ ਹਨ, ਜਿਨ੍ਹਾਂ ਨੂੰ ਬੇਜ਼ੁਬਾਨੀ ਦਾ ਕੋਈ ਪੰਡਤ ਹੀ ਦੱਸ ਸਕਦਾ ਹੈ। ਮੁਲਾਕਾਤ ਕਰਵਾਣ ਵਾਲੇ ਅਫਸਰ ਨੇ ਵਕਤ ਖਤਮ ਹੋ ਜਾਣ ਦੀ ਘੰਟੀ ਵਜਾਈ। ਦੋਵੇਂ ਭੈਣ-ਭਰਾ ਇਕ ਦੂਜੇ ਨੂੰ ਵੇਖਦੇ ਅੱਡੇ ਹੋ ਗਏ। ਮਾਂ-ਪਿਉ ਜਾਈ ਨਾਲ ਇਹ ਆਖਰੀ ਮਿਲਣੀ ਹੈ-ਕਿਸ਼ਨ ਸਿੰਘ ਨੂੰ ਇਸ ਗੱਲ ਦਾ ਕੀ ਪਤਾ ਸੀ।

ਜੇਲ੍ਹਾਂ ਵਿਚ ਕੈਦੀਆਂ ਦੀ ਆਵਾਜਾਈ ਲੱਗੀ ਰਹਿੰਦੀ ਹੈ। ਕਿਸ਼ਨ ਸਿੰਘ ਨੂੰ ਇਹ ਤਾਂ ਪਤਾ ਲੱਗ ਚੁੱਕਾ ਹੈ ਕਿ ਲਾਜ ਹੁਣ ਲਾਹੌਰ ਤਪਦਿਕ ਦੇ ਹਸਪਤਾਲ ਵਿਚ ਹੈ, ਪਰ ਵੀਰਾਂਵਾਲੀ ਉਸ ਨਾਲੋਂ ਵੀ ਸਖਤ ਕੈਦ ਵਿਚ ਹੈ, ਕਿਸ਼ਨ ਸਿੰਘ ਨੂੰ ਇਹ ਗੱਲ ਕਿਸੇ ਨੇ ਨਹੀਂ ਸੀ ਦੱਸੀ। ਛਾਉਣੀ ਵਿਚ ਤਾਂ ਪੰਖੇਰੂ ਪਰ ਨਹੀਂ ਸੀ ਮਾਰ ਸਕਦਾ, ਬਾਗੀ ਭਰਾ-ਭਰਜਾਈ ਅਤੇ ਬਾਗੀਆਂ ਦੀ ਧੀ ਬਾਬਤ ਵੀਰਾਂਵਾਲੀ ਨੂੰ ਕੌਣ ਖਬਰ ਦੱਸਦਾ।

ਵੀਰਾਂਵਾਲੀ ਮੁਲਾਕਾਤ ਲਈ ਜੇਲ੍ਹ ਤੱਕ ਕਿਵੇਂ ਪੁੱਜ ਗਈ, ਇਸ ਭੇਤ ਦਾ ਅੱਜ ਤੱਕ ਕਿਸੇ ਨੂੰ ਪਤਾ ਨਹੀਂ ਲੱਗ ਸਕਿਆ। ਉਸ ਨੇ ਆਪਣੀ ਜਾਨ ਖਤਰੇ ਵਿਚ ਪਾਈ। ਆਪਣੇ ਪਤੀ ਹੁਸ਼ਨਾਕ ਸਿੰਘ ਤੋਂ ਇਹ ਭੇਤ ਲੁਕਾਣ ਵਿਚ ਉਸ ਨੂੰ ਸਫਲਤਾ ਹੋਈ ਪਰ ਭਰਾ ਦੀ ਅਮਾਨਤ ਵਿਚ ਮਜਬੂਰੀ ਖਿਆਨਤ ਹੋ ਜਾਣ ਦਾ ਖਤਰਾ ਉਹ ਨਾ ਸਹਾਰ ਸਕੀ। ਹੁਸ਼ਨਾਕ ਸਿੰਘ ਨੇ ਅਸਲ ਮਰਜ਼ ਵੱਲ ਤਾਂ ਧਿਆਨ ਨਾ ਕੀਤਾ, ਹੋਰ ਦੁਆਈਆਂ ਨੇ ਕੀ ਸੁਆਰਨਾ ਸੀ? ਸ਼ਰਨ ਕੌਰ ਦੀ ਕੈਦ ਪੂਰੀ ਹੋ ਗਈ। ਵੀਰਾਂਵਾਲੀ ਨੇ ਅਮਾਨਤ ਵਿਚ ਖਿਆਨਤ ਕਰਨ ਦੀ ਦੋਸ਼ੀ ਹੋ ਕੇ ਭਰਜਾਈ ਸਾਹਮਣੇ ਪੇਸ਼ ਹੋਣ ਤੋਂ ਪਹਿਲਾਂ ਹੀ ਸਦੀਵੀ ਰਿਹਾਈ ਪਾ ਲਈ।

ਸ਼ਰਨ ਕੌਰ ਸਿੱਧੀ ਲਾਹੌਰ ਹਸਪਤਾਲ ਵਿਚ ਪੁੱਜੀ। ਵੱਡਾ ਦਰਵਾਜ਼ਾ ਬੰਦ ਸੀ। ਦਰਬਾਨ ਨੇ ਕਿਹਾ, "ਮਰੀਜ਼ਾਂ ਦੇ ਆਰਾਮ ਕਰਨ ਦਾ ਵਕਤ ਹੈ।"

ਦਰਵਾਜ਼ੇ ਦੀ ਖੱਬੀ ਨੁੱਕਰ ਵਿਚ ਭੰਗੀਆਂ ਦਾ ਘਰ ਸੀ। ਓਪਰੀ ਖੱਦਰਪੋਸ਼ ਜ਼ਨਾਨੀ ਨੂੰ ਵੇਖ ਕੇ ਜਮਾਂਦਾਰਨੀ ਨੇੜੇ ਆ ਗਈ। ਉਸ ਨੇ ਪੁੱਛਿਆ, "ਤੁਸੀਂ ਕਿਸ ਨੂੰ ਮਿਲਣਾ ਹੈ?"

ਸ਼ਰਨ ਕੌਰ ਨੇ ਕਿਹਾ, "ਮੇਰੀ ਲੜਕੀ ਇੱਥੇ ਬਿਮਾਰ ਹੈ...ਲਾਜ।"

ਜਮਾਂਦਾਰਨੀ ਨੇ ਵਾਰਡ ਅਤੇ ਕਮਰੇ ਦਾ ਨੰਬਰ ਪੁੱਛਿਆ ਅਤੇ ਨਾਲ ਹੀ ਕਿਹਾ, "ਅਸਾਂ ਤਾਂ ਇਸ ਨਾਂ ਦੀ ਕੋਈ ਬਿਮਾਰ ਨਹੀਂ ਸੁਣੀ। ਮੈਂ ਰੋਜ਼ ਹਰ ਇਕ ਵਾਰਡ ਵਿਚ ਸਫਾਈ ਲਈ ਜਾਂਦੀ ਹਾਂ।"

ਸ਼ਰਨ ਕੌਰ ਨੇ ਕਿਹਾ, "ਮੈਨੂੰ ਤਾਂ ਵਾਰਡ ਦਾ ਪਤਾ ਨਹੀਂ। ਨਾ ਹੀ ਕਮਰੇ ਦੇ ਨੰਬਰ ਦਾ ਪਤਾ ਹੈ। ਸੁਣਿਆ ਹੈ ਕਿ ਮੇਰੀ ਲਾਜ ਇਸ ਹਸਪਤਾਲ ਵਿਚ ਹੈ।"

"ਸੁਣਿਆ ਹੈ?" ਜਮਾਂਦਾਰਨੀ ਨੇ ਹੈਰਾਨ ਹੋ ਕੇ ਪੁੱਛਿਆ, "ਤੁਸਾਂ ਆਪ ਉਸ ਨੂੰ ਇੱਥੇ ਦਾਖਲ ਨਹੀਂ ਕਰਵਾਇਆ?"

"ਨਹੀਂ, ਅਸੀਂ ਜੇਲ੍ਹ ਵਿਚ ਸਾਂ, ਪਿਛੋਂ ਹੀ ਉਹ ਬਿਮਾਰ ਹੋ ਗਈ।"

"ਉਹ ਬਾਗੀ ਦੀ ਧੀ ਹੋਵੇਗੀ", ਜੇਲ੍ਹ ਦਾ ਨਾਂ ਸੁਣ ਕੇ ਜਮਾਂਦਾਰਨੀ ਨੇ ਕਿਹਾ, "ਇਥੇ ਉਸ ਦਾ ਨਾਂ ਕਿਸੇ ਨੂੰ ਵੀ ਪਤਾ ਨਹੀਂ। ਪਤਲੀ, ਗੋਰੀ ਜਿਹੀ, ਬਾਰਾਂ-ਤੇਰਾਂ ਸਾਲਾਂ ਦੀ ਕੁੜੀ ਹੈ। ਬੜੀਆਂ ਮਿੱਠੀਆਂ ਗੱਲਾਂ ਕਰਦੀ ਹੈ। ਉਸ ਦੀਆਂ ਗੱਲਾਂ ਸੁਣ ਕੇ ਕਦੇ ਹਾਸਾ ਆ ਜਾਂਦਾ ਹੈ, ਕਦੇ ਰੋਣਾ। ਉਹ ਆਪਣੀ ਭੂਆ ਪਾਸ ਸੀ?" ਸ਼ਰਨ ਕੌਰ ਨੇ 'ਹਾਂ' ਵਿਚ ਸਿਰ ਹਿਲਾਇਆ।

"ਬਸ ਉਹੋ ਹੈ। ਜਦ ਉਹ ਪਹਿਲਾਂ ਇਥੇ ਆਈ ਤਾਂ ਉਸ ਨੇ ਕਿਸੇ ਕੁੜੀ ਤੋਂ ਪੁੱਛਿਆ, 'ਬਾਗੀ ਕਿਸ ਨੂੰ ਆਖਦੇ ਹਨ?' ਤੇ ਫਿਰ ਆਪ ਹੀ ਦੱਸਿਆ ਕਿ ਮੇਰਾ ਫੁੱਫੜ ਮੇਰੀ ਭੂਆ ਨੂੰ ਆਖਦਾ ਸੀ ਕਿ ਤੂੰ ਬਾਗੀ ਦੀ ਧੀ ਨੂੰ ਘਰ ਕਿਉਂ ਲਿਆਂਦਾ? ਉਸ ਦਿਨ ਤੋਂ ਉਸ ਦਾ ਨਾਂ ਬਾਗੀ ਦੀ ਧੀ ਪੈ ਗਿਆ। ਜਦ ਵੀ ਡਾਕਟਰ ਆਉਂਦਾ ਏ, ਉਹ ਆਖਦੀ ਹੈ, ਮੈਨੂੰ ਮੇਰੇ ਪਿਤਾ ਜੀ ਤੇ ਮਾਤਾ ਜੀ ਪਾਸ ਜੇਲ੍ਹ ਵਿਚ ਲੈ ਚੱਲੋ। ਡਾਕਟਰ ਹੱਸ ਛਡਦਾ ਹੈ।" ਜਮਾਂਦਾਰਨੀ ਦੀ ਗੱਲ ਨੂੰ ਸ਼ਰਨ ਕੌਰ ਬੁੱਤ ਬਣੀ ਸੁਣਦੀ ਗਈ। ਜਮਾਂਦਾਰਨੀ ਨੇ ਕਿਹਾ, "ਸਰਦਾਰ ਜੀ ਨਹੀਂ ਆਏ?"

"ਉਨ੍ਹਾਂ ਦੀ ਕੈਦ ਅਜੇ ਅੱਧੀ ਵੀ ਨਹੀਂ ਗੁਜ਼ਰੀ। ਉਨ੍ਹਾਂ ਨੂੰ 3 ਸਾਲ ਦੀ ਕੈਦ ਮਿਲੀ ਸੀ।"

ਸ਼ਰਨ ਕੌਰ ਦੀ ਗੱਲ ਸੁਣ ਕੇ ਜਮਾਂਦਾਰਨੀ ਨੇ ਠੰਢਾ ਹੌਕਾ ਭਰਿਆ ਤੇ ਕਿਹਾ, "ਕੁੜੀ ਬੜੀ ਸਿਆਣੀ ਹੈ। ਦੱਸਦੀ ਹੈ ਕਿ ਮੇਰਾ ਫੁੱਫੜ ਭੂਆ ਨੂੰ ਲੈ ਕੇ ਚਲਾ ਗਿਆ। ਮੈਂ ਬਾਹਰ ਬੂਹੇ ਅੱਗੇ ਬੈਠੀ ਸਰਦਲ ਉਤੇ ਹੀ ਸੌਂ ਗਈ। ਸਰਦੀ ਨਾਲ ਮੈਨੂੰ ਤਾਪ ਚੜ੍ਹ ਗਿਆ। ਫਿਰ ਮੇਰੇ ਪਿਤਾ ਜੀ ਦਾ ਇਕ ਦੋਸਤ ਮੈਨੂੰ ਆਪਣੇ ਘਰ ਲੈ ਗਿਆ। ਜਦ ਮੈਂ ਬਹੁਤ ਬਿਮਾਰ ਹੋ ਗਈ ਤਾਂ ਉਹ ਇਥੇ ਛੱਡ ਗਏ। ਮੈਂ ਬਥੇਰਾ ਕਿਹਾ, ਮੈਨੂੰ ਜੇਲ੍ਹ ਲੈ ਚੱਲੋ ਪਰ ਉਹ ਨਹੀਂ ਲੈ ਗਏ।" ਇੰਨੀ ਗੱਲ ਦੱਸਣ ਪਿਛੋਂ ਜਮਾਂਦਾਰਨੀ ਨੇ ਕਿਹਾ, "ਹੁਣ ਤਾਂ ਜੀ ਉਹ ਤੁਹਾਨੂੰ ਹੀ ਉਡੀਕਦੀ ਹੈ।"

ਜਮਾਂਦਾਰਨੀ ਦੇ ਆਖਰੀ ਫਿਕਰੇ ਦਾ ਭਾਵ ਸ਼ਰਨ ਕੌਰ ਸਮਝ ਗਈ ਸੀ। ਲਾਜ ਦੇ ਕਮਰੇ ਵਿਚ ਪੁੱਜਣ ਤੱਕ ਉਸ ਦੇ ਸਾਰੇ ਅੱਥਰੂ ਵਗ ਚੁੱਕੇ ਸਨ। ਆਪਣੀ ਮਾਤਾ ਨੂੰ ਵੇਖ ਕੇ ਲਾਜ ਦੀਆਂ ਅੱਖਾਂ ਅੱਡੀਆਂ ਗਈਆਂ। ਸਵੇਰ ਦੇ ਦੀਵੇ ਦੀ ਇਹ ਆਖਰੀ ਝਲਕ ਸੀ।

---

# ਸਾਵਣ ਦਾ ਬਚਪਨ

**ਸ਼ਬਦ ਝਰੋਖਾ**



ਬਲਜੀਤ ਬਾਸੀ
*ਫੋਨ: 734-259-9353*

ਜਗਜੀਤ ਦੀ ਗਾਈ ਇਕ ਗਜ਼ਲ ਦੇ ਬੋਲ ਹਨ,

ਮਗਰ ਮੁਝ ਕੋ ਲੌਟਾ ਦੋ
ਬਚਪਨ ਕਾ ਸਾਵਨ,
ਵੋਹ ਕਾਗਜ਼ ਕੀ ਕਸ਼ਤੀ
ਵੋਹ ਬਾਰਿਸ਼ ਕਾ ਪਾਨੀ।

ਭਾਰਤ ਦਾ ਜੇ ਸਭ ਤੋਂ ਸੁਹਾਵਣਾ ਕੋਈ ਮਹੀਨਾ ਹੈ ਤਾਂ ਉਹ ਸਾਵਣ ਹੈ। ਬਚਪਨ ਵਿਚ ਤਾਂ ਸਚਮੁਚ ਇਸ ਮਹੀਨੇ ਬੜੀਆਂ ਅਠਖੇਲੀਆਂ ਕੀਤੀਆਂ ਜਾਂਦੀਆਂ ਹਨ। ਜੇਠ-ਹਾੜ ਦੀ ਸਾੜਵੀਂ ਗਰਮੀ ਤੋਂ ਬਾਅਦ ਇਕ ਦਮ ਠੰਡ ਪਾਉਣ ਵਾਲਾ ਮਹੀਨਾ, ਭਾਵੇਂ ਇਹ ਗਿਣਿਆ ਫਿਰ ਵੀ ਗਰਮੀ ਦੇ ਮੌਸਮ ਦਾ ਹੀ ਜਾਂਦਾ ਹੈ। ਸਰਦੀ ਦੀ ਦਿੱਲੀ ਤਾਂ ਅਜੇ ਦੂਰ ਹੈ। ਇਹ ਬਰਸਾਤ ਨਾਲ ਜੁੜਿਆ ਹੋਇਆ ਹੈ, ਇਥੋਂ ਤੱਕ ਕਿ ਸਾਉਣ ਬਰਸਾਤ ਦਾ ਹੀ ਅਰਥਾਵਾਂ ਹੋ ਗਿਆ ਹੈ। ਬਾਬਰ ਨੂੰ ਭਾਰਤ ਦੀਆਂ ਜਿਹਤੀਆਂ ਥੋੜੀਆਂ ਜਿਹੀਆਂ ਗੱਲਾਂ ਭਾਈਆਂ ਸਨ, ਉਨ੍ਹਾਂ ਵਿਚੋਂ ਇਕ ਸੀ ਇਥੇ ਦੀ ਬਰਸਾਤ। ਉਸ ਨੂੰ ਬੱਸ ਇਹੀ ਦੁਖ ਸੀ ਕਿ ਭਾਰੀ ਮੀਹਾਂ ਨਾਲ ਤੀਰ ਕਮਾਨ ਸਿੱਲ੍ਹਾ ਹੋ ਜਾਂਦਾ ਸੀ ਜਿਸ ਕਾਰਨ ਬਾਬਰ ਜਿਹੇ ਯੋਧੇ ਦੀਆਂ ਮੁਹਿੰਮਾਂ 'ਤੇ ਪਾਣੀ ਫਿਰ ਜਾਂਦਾ ਸੀ। ਇਹ ਹਰਿਆਲੀ ਦਾ ਮਹੀਨਾ ਹੈ। ਕਹਿੰਦੇ ਹਨ, ਸੌਣ ਦੇ ਅੰਨੇ ਨੂੰ ਸਭ ਹਰਾ ਹਰਾ ਹੀ ਦਿਖਾਈ ਦਿੰਦਾ ਹੈ। ਕਿਸੇ ਨੇ ਆਪਣੀ ਲਗਾਤਾਰ ਇਕ-ਰਸ ਜ਼ਿੰਦਗਾਨੀ ਬਿਆਨ ਕਰਨੀ ਹੋਵੇ ਤਾਂ 'ਨਾ ਸੌਣ ਸੁੱਕੇ ਨਾ ਹਾੜ ਹਰੇ' ਤੋਂ ਵਧੀਆ ਕਹਾਵਤ ਕਿਹੜੀ ਹੋ ਸਕਦੀ ਹੈ? ਸਾਵਣ ਭਾਵੇਂ ਇਕ ਰੰਗ ਨਾਲ ਹੀ ਜੁੜਿਆ ਹੋਇਆ ਹੈ ਪਰ ਇਸ ਮਹੀਨੇ ਮਨ ਸੱਤਾਂ ਰੰਗਾਂ ਵਿਚ ਰੰਗਿਆ ਜਾਂਦਾ ਹੈ। ਬੇਮਤਲਬ ਹੀ ਹਿਰਦਾ ਝੂਮਦਾ ਰਹਿੰਦਾ ਹੈ, ਉਚੀਆਂ ਉਡਾਰੀਆਂ ਲਾਉਣ ਲਈ ਮਨ ਉਤਾਵਲਾ ਹੁੰਦਾ ਹੈ। ਐਵੇਂ ਨਹੀਂ ਇਸ ਮਹੀਨੇ ਪੀਂਘਾਂ ਪਾਈਆਂ ਜਾਂਦੀਆਂ। ਕੁਦਰਤ ਵੀ ਸਤਰੰਗੀ ਪੀਂਘ ਦੀ ਝਲਕ ਦਿਖਾ ਕੇ ਮਾਨੋਂ ਝੂਮਣ ਦਾ ਸੁਨੇਹਾ ਦਿੰਦੀ ਹੈ। ਇਸੇ ਮਹੀਨੇ ਮੋਰ ਵੀ ਪੈਲਾਂ ਪਾਉਂਦੇ ਦਿਸ ਪੈਂਦੇ ਹਨ। ਅੰਬਾਂ ਦੇ ਬਾਗਾਂ ਵਿਚ ਕੋਇਲ ਦੀ ਕੂ ਕੂ ਗੂੰਜਦੀ ਹੈ।

ਇਸ ਮਹੀਨੇ ਬਨਸਪਤੀ ਸਾਵੇ ਰੰਗ ਦੇ ਵੇਸ ਵਿਚ ਆਪਣੇ ਆਪ ਨੂੰ ਕੱਜ ਲੈਂਦੀ ਹੈ। ਹਰ ਕਿਸੇ ਨੂੰ ਜ਼ਰੂਰ ਖਿਆਲ ਆਉਂਦਾ ਹੋਵੇਗਾ ਕਿ ਹਰੇ ਦੇ ਅਰਥਾਂ ਵਾਲਾ ਸਾਵਾ ਸ਼ਬਦ ਸ਼ਾਇਦ ਇਸੇ ਸਾਵਣ ਸ਼ਬਦ ਤੋਂ ਹੀ ਬਣਿਆ ਹੋਵੇ। ਪਰ ਅਕਸਰ ਨਿਰੁਕਤ ਸ਼ਾਸਤਰ ਤੁਹਾਡਾ ਸਾਥ ਨਹੀਂ ਦਿੰਦਾ। ਤੁਹਾਡਾ ਖਿਆਲ ਇਕ ਭੁਲਾਂਦਰਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸਾਵਲ ਸ਼ਬਦ ਤਿੰਨ ਵਾਰੀ ਆਇਆ ਹੈ। ਭਗਤ ਕਬੀਰ ਦੇ ਸ਼ਬਦਾਂ ਵਿਚ, "ਸਾਵਲ ਸੁੰਦਰ ਰਮਈਆ।" ਇਥੇ ਸਾਵਲ ਦਾ ਅਰਥ ਹਰਾ ਕਰੀਏ ਤਾਂ ਗੜਬੜ ਹੋ ਜਾਂਦੀ ਹੈ। ਪਰਮਾਤਮਾ, ਪ੍ਰੇਮੀ ਜਾਂ ਪਤੀ ਨੂੰ ਹਰੇ ਰੰਗ ਵਿਚ ਕਲਪਨਾ ਅਟਪਟਾ ਜਿਹਾ ਲਗਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਬਹੁਤੀ ਥਾਂਵੀਂ ਪਰਮਾਤਮਾ ਨੂੰ ਕ੍ਰਿਸ਼ਨ ਦੇ ਰੂਪ ਵਿਚ ਕਲਪਿਆ ਗਿਆ ਹੈ। ਕ੍ਰਿਸ਼ਨ ਨੂੰ ਕਾਲੇ ਰੰਗ ਕਾਰਨ ਸ਼ਾਮ ਵੀ ਕਿਹਾ ਜਾਂਦਾ ਹੈ। ਇਸ ਲਈ ਇਥੇ ਸਾਵਲ ਰੰਗ ਅਸਲ ਵਿਚ ਸਾਂਵਲਾ ਹੈ ਅਰਥਾਤ ਸ਼ਾਮ ਦੇ ਕਾਲੇ ਰੰਗ ਜਿਹਾ। ਉਂਜ ਹਰਾ, ਖਾਸ ਤੌਰ 'ਤੇ ਗੂੜ੍ਹਾ ਹਰਾ ਰੰਗ ਨੀਲੇ ਦੀ ਤਰ੍ਹਾਂ ਕਾਲੇ ਰੰਗ ਦਾ ਅਰਥਾਵਾਂ ਹੋ ਸਕਦਾ ਹੈ ਕਿਉਂਕਿ ਦੋਵੇਂ ਕਾਲੇ ਦੇ ਨੇੜੇ-ਤੇੜੇ ਲਗਦੇ ਹਨ। ਗੁਰਬਾਣੀ ਦਾ ਸਾਵਲ ਵੀ ਸਾਂਵਲ ਹੀ ਹੈ ਪਰ ਕਿਉਂਕਿ ਗੁਰਬਾਣੀ ਵਿਚ ਅਨੁਨਾਸਕ ਚਿੰਨ੍ਹਾਂ ਦੀ ਵਰਤੋਂ ਤੋਂ ਸੰਕੋਚ ਕੀਤਾ ਗਿਆ ਹੈ ਇਸ ਲਈ ਇਹ ਸ਼ਬਦ-ਜੋੜ ਹਨ। ਐਪਰ ਸਾਵਲ ਦਾ ਮਤਲਬ ਹਰਿਆਵਲ ਵੀ ਹੈ ਪਰ ਇਹ ਕਿਸੇ ਹੋਰ ਰਾਸਤੇ ਆਇਆ ਹੈ। ਸਾਵਾ ਸ਼ਬਦ ਅਸਲ ਵਿਚ ਇਸ ਸਾਵਲ ਤੋਂ ਬਣਿਆ ਜਿਸ ਦਾ ਸੰਸਕ੍ਰਿਤ ਰੂਪ 'ਸ਼ਾਦਵਲ' ਹੈ-ਮਤਲਬ ਹਰਾ ਭਰਾ ਜਾਂ ਘਾਹੀ ਮੈਦਾਨ। ਸ਼ਾਦ ਦਾ ਅਰਥ ਵੈਦਿਕੀ ਵਿਚ ਨਵੀਂ ਫੁੱਟੀ ਲਗਰ ਹੈ। ਇਸ ਮਹੀਨੇ ਨਵੀਆਂ ਲਗਰਾਂ ਹੀ ਤਾਂ ਫੁੱਟਦੀਆਂ ਹਨ। ਰਿਗ ਵੇਦ ਵਿਚ ਇਹ ਸ਼ਬਦ ਮਿਲਦਾ ਹੈ। ਸਾਵਾ ਤੋਂ ਹੀ ਅੱਗੇ ਬਣੇ ਸਾਵੀ ਦਾ ਅਰਥ ਸਬਜ਼ੀ ਜਾਂ ਭੰਗ ਵੀ ਹੈ। ਸਿੰਘ ਬੋਲਿਆਂ ਵਿਚ ਮੂੰਗੀ ਨੂੰ ਸਾਵੀ ਕਿਹਾ ਜਾਂਦਾ ਹੈ।



ਸਾਵਣ ਦਾ ਮਹੀਨਾ ਪ੍ਰੇਮ ਭਾਵਨਾਵਾਂ ਜਗਾਉਂਦਾ ਹੈ। ਸ਼ਿਵ ਕੁਮਾਰ ਤੋਂ ਬਿਨਾ ਅਜਿਹੀ ਸਥਿਤੀ ਨੂੰ ਹੋਰ ਕਿਹੜਾ ਕਵੀ ਇੰਨੀ ਸ਼ਿੱਦਤ ਨਾਲ ਬਿਆਨ ਕਰ ਸਕਦਾ ਹੈ,

ਸਾਵੀ ਸਾਵੀ ਪੱਤਿਆਂ ਦੀ ਭਾ
ਰੁੱਤਾਂ ਦਾ ਸਪੇਰਾ ਅੱਜ
ਭੌਰਿਆ ਦੀ ਜੀਭ ਉਤੇ
ਗਿਆ ਈ ਸਪੋਲੀਆ ਲੜਾ।

---

ਸਾਵਣ ਮੇਰੇ ਨੈਣੀਂ ਧੁਖਦਾ
ਸੱਜਣਾਂ ਦੀ ਛੂਹ ਨੂੰ ਤਰਸੇ।
ਹਿਜਰਾਂ ਦੇ ਬੁੱਲਾਂ ਨੂੰ ਜੋ ਚੁੰਮੇ
ਉਹ ਨਾ ਧਾਰਾ ਬਰਸੇ।
ਜਿਹੜੀ ਰੁੱਤੇ ਸੱਜਣ ਮਿਲਦੇ
ਉਹ ਰੰਗਲੀ ਰੁੱਤ ਕਦ ਆਏ।

ਪਰ ਪੰਜਾਬੀ ਸਭਿਆਚਾਰ ਦੀ ਸਿਤਮਜ਼ਰੀਫੀ ਦੇਖੋ, ਇਸ ਮਹੀਨੇ ਆਉਂਦੀਆਂ ਤੀਆਂ ਨੂੰ ਹੀ ਪਤਨੀ ਪਤੀ ਤੋਂ ਵੱਖ ਹੋ ਕੇ ਤੀਆਂ ਮਨਾਉਣ ਆਪਣੇ ਪੇਕੇ ਚਲੇ ਜਾਂਦੀ ਹੈ। ਅਖੇ ਜੀ ਇਨ੍ਹਾਂ ਦਿਨਾਂ ਵਿਚ ਨੂੰਹ ਦਾ ਸੱਸ ਦੇ ਮੱਥੇ ਲੱਗਣਾ ਯੋਗ ਨਹੀਂ ਹੁੰਦਾ। ਗੱਲ ਤਾਂ ਵਿਚੋਂ ਇਹ ਹੈ ਕਿ ਸੰਧਾਰੇ ਦੇ ਰੂਪ ਵਿਚ ਨੂੰਹ ਖਾਣ-ਪੀਣ ਦੀਆਂ ਮਠਿਆਈਆਂ ਤੇ ਹੋਰ ਉਰਾ-ਪਰਾ ਵੀ ਪੇਕਿਆਂ ਤੋਂ ਲੈ ਕੇ ਆਵੇਗੀ। ਖੈਰ, ਪੀਆ ਤੋਂ ਬਿਨਾ ਹੀ ਕੁੜੀਆਂ-ਚਿੜੀਆਂ ਤੇ ਵਿਆਹੁਤਾ ਨਾਰਾਂ ਪਿੜ ਵਿਚ ਪੀਂਘਾਂ ਝੂਟਦੀਆਂ ਤੇ ਨੱਚਦੀਆਂ ਗਾਉਂਦੀਆਂ ਹਨ। ਮਨਦੀਪ ਮਾਨ ਦੇ ਸ਼ਬਦਾਂ ਵਿਚ ਉਹ ਇੰਨੇ ਨਾਲ ਹੀ ਗੁਜ਼ਾਰਾ ਕਰ ਲੈਂਦੀਆਂ ਹਨ,

ਸਾਉਣ ਦੀ ਫੁਹਾਰ
ਚੁਟਕੀ ਨਾਲ ਖਣਕਾਈ ਉਸ ਨੇ
ਵੀਣੀ ਦੀ ਵੰਗ।

ਹੁਣ ਤੀਆਂ ਦੀ ਉਹ ਗੱਲ ਨਹੀਂ ਰਹੀ। ਜ਼ਮਾਨਾ ਬਦਲ ਗਿਆ ਹੈ, ਸਾਡੇ ਸੰਸਕਾਰ ਬਦਲ ਗਏ ਹਨ। ਹੁਣ ਤੀਆਂ ਵਿਸ਼ੇਸ਼ ਉਪਰਾਲੇ ਨਾਲ ਹੀ ਮਨਾਈਆਂ ਜਾਂਦੀਆਂ ਹਨ।

ਸਾਵਣ ਮਹੀਨੇ ਦਾ ਧਾਰਮਕ ਮਹੱਤਵ ਵੀ ਘਟ ਨਹੀਂ। ਬਰਸਾਤਾਂ ਵਿਚ ਬ੍ਰਾਹਮਣ ਵੇਦਾਂ ਤੇ ਹੋਰ ਧਾਰਮਕ ਗ੍ਰੰਥਾਂ ਦਾ ਅਧਿਅਨ ਕਰਦੇ ਹਨ। ਸਾਵਣ ਮਹੀਨਾ ਬੰਮ ਬੰਮ ਭੋਲੇ ਨਾਥ ਯਾਨਿ ਸ਼ਿਵ ਦਾ ਸਭ ਤੋਂ ਲੋਕਪ੍ਰਿਯ ਮਹੀਨਾ ਮੰਨਿਆ ਜਾਂਦਾ ਹੈ। ਸ਼ਿਵ ਦੇ ਭੰਡਾਰੇ ਆਯੋਜਤ ਕੀਤੇ ਜਾਂਦੇ ਹਨ। ਪੂਰਾ ਮਹੀਨਾ ਸ਼ਿਵ ਦੀ ਪੂਜਾ ਕੀਤੀ ਜਾਂਦੀ ਹੈ। ਇਕ ਮਾਨਤਾ ਅਨੁਸਾਰ ਸਾਵਣ ਦੇ ਸੋਮਵਾਰ ਅਤੇ ਸ਼ਿਵਰਾਤਰੀ ਨੂੰ ਜੋ ਵਰਤ ਰੱਖਦਾ ਹੈ, ਉਸ ਦੀਆਂ ਸਾਰੀਆਂ ਮਨੋ ਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਇਸੇ ਮਹੀਨੇ ਨਾਗ ਪੰਚਮੀ, ਜਨਮ ਅਸ਼ਟਮੀ, ਵਿਜੇ ਦਸਮੀ, ਰੱਖੜੀਆਂ ਆਦਿ ਤਿਉਹਾਰ ਆਉਂਦੇ ਹਨ। ਇਸ ਮਹੀਨੇ ਦਬੱਲ ਕੇ ਖੀਰਾਂ, ਮਾਲ-ਪੂੜੇ ਖਾਧੇ ਜਾਂਦੇ ਹਨ। ਗੱਲ ਕੀ ਇਹ ਮਹੀਨਾ ਖਾਣ ਪੀਣ ਤੇ ਮੌਜ ਮੇਲੇ ਦਾ ਹੈ।

ਭਾਰਤ ਦੇ ਪੁਰਾਤਨ ਸਾਹਿਤ ਵਿਚ ਜੇ ਸਭ ਤੋਂ ਸੁਹਾਵਣਾ ਦਰਜਾ ਕਿਸੇ ਮਹੀਨੇ ਦਾ ਹੈ ਤਾਂ ਉਹ ਸਾਵਣ ਹੀ ਹੈ ਜਿਸ ਨੂੰ ਆਮ ਬੋਲਚਾਲ ਦੀ ਭਾਸ਼ਾ ਵਿਚ ਸਾਉਣ ਜਾਂ ਸੌਣ ਕਿਹਾ ਜਾਂਦਾ ਹੈ। ਗੁਰੂ ਨਾਨਕ ਦੇ ਬਾਰਾ ਮਾਹ 'ਚ ਸਾਵਣ ਮਹੀਨੇ ਦਾ ਬੜਾ ਸੋਹਣਾ ਚਿਤਰ ਉਲੀਕਿਆ ਗਿਆ ਹੈ,

ਮੋਰੀ ਰੁਣ ਝੁਣ ਲਾਇਆ
ਭੈਣੇ ਸਾਵਣੁ ਆਇਆ॥
ਤੇਰੇ ਮੁੰਧ ਕਟਾਰੇ ਜੇਵਡਾ
ਜਿਨ ਲੋਭੀ ਲੋਭੁ ਲੁਭਾਇਆ॥

ਗੁਰੂ ਅਰਜਨ ਦੇਵ ਨੇ ਇਸ ਮਹੀਨੇ ਲਗਦੀ ਬਿਰਹਾ ਦਾ ਕੇਹਾ ਵਰਣਨ ਕੀਤਾ ਹੈ,

ਵਣੁ ਤਿਣੁ ਪ੍ਰਭ ਸੰਗਿ ਮਉਲਿਆ
ਸੰਮ੍ਰਥ ਪੁਰਖ ਅਪਾਰੁ॥
ਹਰਿ ਮਿਲਣੈ ਨੋ ਮਨੁ ਲੋਚਦਾ
ਕਰਮਿ ਮਿਲਾਵਣਹਾਰੁ॥...
ਸਾਵਣੁ ਤਿਨਾ ਸੁਹਾਗਣੀ
ਜਿਨ ਰਾਮ ਨਾਮੁ ਉਰਿ ਹਾਰੁ॥

ਬਾਬਾ ਸ਼ੇਖ ਫਰੀਦ ਫਰਮਾਉਂਦੇ ਹਨ,

ਕਤਿਕ ਕੂੰਜਾਂ ਚੇਤਿ ਡਉ
ਸਾਵਣਿ ਬਿਜੁਲੀਆਂ॥
ਸੀਆਲੇ ਸੋਹੰਦੀਆਂ
ਪਿਰ ਗਲਿ ਬਾਹੜੀਆਂ॥

ਸਾਵਣ ਦੇਸੀ ਕੈਲੰਡਰ ਦਾ ਪੰਜਵਾਂ ਮਹੀਨਾ ਹੈ। ਇਸ ਦਾ ਸੰਸਕ੍ਰਿਤ ਰੂਪ ਸ੍ਰਾਵਣ ਜਾਂ ਸ੍ਰਵਣਾ ਹੈ। ਹੋਰ ਮਹੀਨਿਆਂ ਦੇ ਨਾਂਵਾਂ ਦੀ ਤਰ੍ਹਾਂ ਹੀ ਸ੍ਰਾਵਣ ਅਸਲ ਵਿਚ ਇਕ ਨਛੱਤਰ ਦਾ ਨਾਂ ਹੈ। ਸਾਵਣ ਮਹੀਨੇ ਦੀ ਪੂੰਨਿਆ ਨੂੰ ਚੰਦ ਇਸ ਨਛੱਤਰ ਦੇ ਕੋਲ ਹੁੰਦਾ ਹੈ। ਸੰਸਕ੍ਰਿਤ ਵਿਚ ਇਕ ਸ਼ਬਦ ਹੁੰਦਾ ਹੈ 'ਸ੍ਰਵਣ' ਜਿਸ ਦਾ ਅਰਥ ਸੁਣਨਾ ਹੁੰਦਾ ਹੈ। ਪੰਜਾਬੀ ਸ਼ਬਦ 'ਸਰਵਣ' ਵਿਚ ਵੀ ਸੁਣਨ ਦਾ ਭਾਵ ਹੈ ਜਿਵੇਂ 'ਕੀਰਤਨ ਸਰਵਣ ਕਰੋ।' ਸਰਵਣ ਸ਼ਬਦ ਖਾਸ ਨਾਂ ਰੱਖਣ ਲਈ ਵੀ ਵਰਤਿਆ ਜਾਂਦਾ ਹੈ। ਪੰਜਾਬੀ ਦੇ ਇਕ ਮਸ਼ਹੂਰ ਖੇਡ ਲੇਖਕ ਦਾ ਨਾਂ ਸਰਵਣ ਸਿੰਘ ਹੈ। ਇਕ ਪ੍ਰਸਿਧ ਕਥਾ ਵਿਚ ਸਰਵਣ ਦਾ ਜ਼ਿਕਰ ਆਉਂਦਾ ਹੈ ਜੋ ਆਪਣੇ ਮਾਂ-ਪਿਉ ਦਾ ਏਨਾ ਆਗਿਆਕਾਰ ਸੀ ਕਿ ਉਨ੍ਹਾਂ ਨੂੰ ਵਹਿੰਗੀ 'ਚ ਬੈਠਾ ਕੇ ਤੀਰਥ ਯਾਤਰਾਵਾਂ ਕਰਾਉਂਦਾ ਸੀ। ਇਕ ਵਾਰੀ ਦਸ਼ਰਥ ਨੇ ਹਨੇਰੇ ਵਿਚ ਇਸ ਨੂੰ ਕੋਈ ਜਾਨਵਰ ਸਮਝ ਕੇ ਤੀਰ ਚਲਾ ਕੇ ਮਾਰ ਦਿੱਤਾ ਸੀ। ਇਸ ਤਰ੍ਹਾਂ 'ਸਰਵਣ' ਦਾ ਅਰਥ ਉਹ ਹੈ ਜੋ ਦੂਜਿਆਂ ਦੀ ਸੁਣਦਾ ਹੈ ਤੇ ਸਮਾਂ ਪਾ ਕੇ ਇਸ ਦਾ ਅਰਥ ਆਗਿਆਕਾਰੀ ਬਣ ਗਿਆ।

ਕੁਝ ਸ੍ਰੋਤਾਂ ਅਨੁਸਾਰ ਇਹ ਸੰਸਕ੍ਰਿਤ ਸ੍ਰਾਵਣ, ਜਿਸ ਦਾ ਪੰਜਾਬੀ ਰੂਪ ਸਾਵਣ ਹੈ ਇਸੇ ਸੁਣਨ ਵਾਲੇ ਅਰਥਾਂ ਵਾਲੇ ਸ੍ਰਵਣ ਨਾਲ ਸਬੰਧਤ ਹੈ। ਕਿਉਂਕਿ ਇਸ ਮਹੀਨੇ ਸ਼ਿਵ ਜੀ ਆਪਣੇ ਉਪਾਸ਼ਕਾਂ ਤੋਂ ਆਪਣੀ ਸਿਫਤ ਸਰਵਣ ਕਰਨਾ ਚਾਹੁੰਦਾ ਹੈ, ਇਸ ਲਈ ਇਸ ਮਹੀਨੇ ਦਾ ਇਹ ਨਾਂ ਪਿਆ। ਪਰ ਇਹ ਅਟਕਲ ਮਨ ਨੂੰ ਨਹੀਂ ਲਗਦੀ। ਅਜਿਹੀਆਂ ਦਲੀਲਾਂ ਬਾਅਦ ਵਿਚ ਘੜ ਲਈਆਂ ਜਾਂਦੀਆਂ ਹਨ। ਖਾਸ ਤੌਰ 'ਤੇ ਪੰਡਿਤ ਅਜਿਹਾ ਕੰਮ ਕਰਦੇ ਹਨ। ਸੰਸਕ੍ਰਿਤ ਦੇ ਸ੍ਰੋਤ ਇਨ੍ਹਾਂ ਦੋਵਾਂ ਸ਼ਬਦਾਂ ਨੂੰ ਵਖ ਵਖ ਦਸਦੇ ਹਨ। ਸ੍ਰਾਵਣ ਦੇ ਨਾ ਹੋਰ ਬਹੁਤੇ ਅਰਥ ਮਿਲਦੇ ਹਨ ਤੇ ਨਾ ਹੀ ਸੁਜਾਤੀ ਸ਼ਬਦ। ਖੈਰ, ਸਰਵਣ ਸ਼ਬਦ ਆਇਆ ਹੈ ਤਾਂ ਇਸ ਦਾ ਵੀ ਖੁਰਾ ਲੱਭਦੇ ਹਾਂ।

ਇਸ ਦਾ ਧਾਤੂ 'ਸ੍ਰੁ' ਹੈ ਜਿਸ ਵਿਚ ਸੁਣਨ ਦਾ ਭਾਵ ਹੈ। ਇਸੇ ਤੋਂ ਸੁਣਨਾ ਸ਼ਬਦ ਬਣਿਆ। ਸੁਣਨ ਵਾਲੇ ਲੋਕਾਂ ਦੇ ਅਰਥਾਂ ਵਾਲਾ ਸਰੋਤਾ ਸ਼ਬਦ ਵੀ ਇਸੇ ਧਾਤੂ ਦੀ ਪੈਦਾਵਾਰ ਹੈ। ਪਾਲੀ ਤੇ ਪਰਾਕ੍ਰਿਤ ਵਿਚ ਇਸ ਦਾ ਰੂਪ ਸਵਣ ਹੋ ਗਿਆ ਸੀ। ਇਸ ਸ਼ਬਦ ਦੇ ਭਾਈਬੰਦ ਹਿੰਦ-ਯੂਰਪੀ ਭਾਸ਼ਾਵਾਂ ਜਿਵੇਂ ਜਰਮਨ, ਲਿਥੂਏਨੀਅਨ, ਫਾਰਸੀ, ਲਾਤੀਨੀ, ਗਰੀਕ, ਸਲੈਵੋਨਿਕ ਆਦਿ ਵਿਚ ਵੀ ਮਿਲ ਜਾਂਦੇ ਹਨ ਤੇ ਇਸ ਦਾ ਭਾਰੋਪੀ ਮੂਲ 'ਕਲਿਊ' ਕਲਪਿਤ ਕੀਤਾ ਗਿਆ ਹੈ। ਇਸ ਤੋਂ ਅੰਗਰੇਜ਼ੀ ਦਾ ਜਾਣਿਆ-ਪਛਾਣਿਆ ਸ਼ਬਦ loud ਬਣਿਆ ਹੈ। ਇਸ ਵਿਚ ਪਹਿਲਾਂ ਮੁਖ ਭਾਵ 'ਬਹੁਤ ਸੁਣਿਆ ਗਿਆ' ਸੀ। ਜੋ ਆਵਾਜ਼ ਬਹੁਤ ਸੁਣੀ ਗਈ ਉਹ ਸ਼ੋਰ ਹੁੰਦਾ ਹੈ ਤੇ ਸ਼ੋਰ ਉਚਾ ਹੁੰਦਾ ਹੈ। ਅੰਗਰੇਜ਼ੀ listen ਸ਼ਬਦ ਵੀ ਇਸੇ ਮੂਲ ਨਾਲ ਜੁੜਿਆ ਹੋਇਆ ਹੈ। ਅਵੇਸਤਾ ਵਿਚ ਇਸ ਨਾਲ ਸਬੰਧਤ ਸ਼ਬਦ ਹੈ 'ਸਰੋਥਰ' ਜਿਸ ਦਾ ਮਤਲਬ ਕੰਨ ਹੁੰਦਾ ਹੈ। ਇਸ ਤੋਂ ਫਾਰਸੀ ਦਾ ਸ਼ਬਦ ਸਰੋਦ ਬਣਿਆ ਜੋ ਪੰਜਾਬੀ ਵਿਚ ਵੀ ਆਣ ਵੜਿਆ ਹੈ।

## ਗਜ਼ਲ

ਸੱਜਣਾ! ਸਾਡੇ ਸੰਗ ਬਹਿ ਕੇ ਚੱਲੇ ਹੋ।
ਲੁੱਡਣਾ! ਕੁਝ ਸੁਣ, ਕੁਝ ਕਹਿ ਕੇ ਚੱਲੇ ਹੋ।
ਅੰਬਰੀਂ ਬਿਜਲੀ ਲਿਸ਼ਕੇ ਤੇ ਦਿਲ ਧੜਕੇ,
ਧੜਕਨ ਹੋਰ ਦਿਲ ਨੂੰ ਦੇ ਕੇ ਚੱਲੇ ਹੋ।
ਜੱਗ ਤੇ ਹਰੇਕ ਦਿਲ 'ਚ ਗੜਬੜ ਹੈ,
ਸਾਂਝੀ ਜਿਹੀ ਪੀੜ ਸਹਿ ਕੇ ਚੱਲੇ ਹੋ।
ਸੱਚੀ ਮੁਹੱਬਤ ਦਾ ਵਿਰਲਾ ਹੀ ਹਾਮੀ,
ਦਰਿਆ ਵਾਂਗਰ ਦਿਲ 'ਤੇ ਵਹਿ ਕੇ ਚੱਲੇ ਹੋ।
ਜ਼ਿੰਦਗੀ ਬਨਾਮ ਉਡਾਰੀਆਂ ਨੇ ਦੋਸਤਾ,
ਹੁਣ ਪੌਣਾਂ ਦੇ ਰਾਹ ਪੈ ਕੇ ਚੱਲੇ ਹੋ।
ਜੱਗਾ ਜੱਗਾ ਸ਼ੈਤਾਨ ਤੇ ਹੈਵਾਨ ਬੜੇ ਨੇ,
ਉਨ੍ਹਾਂ ਨਾਲ ਵੀ ਤਾਂ ਖਹਿ ਕੇ ਚੱਲੇ ਹੋ!
ਇਹ ਮਿਲਣੀ ਬਣ ਗਈ ਯਾਦ 'ਕਮਲ'
ਤੁਸੀਂ ਯਾਦਾਂ ਦਾ ਸੱਥਰ ਦੇ-ਲੈ ਕੇ ਚੱਲੇ ਹੋ।

*-ਕਮਲ ਬੰਗਾ ਸੈਕਰਾਮੈਂਟੋ*
*ਫੋਨ: 916-897-8570*

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
*Uniting Punjabi's All Over*
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.





STARTING A NEW OR HAVE AN EXISTING TRUCKING BUSINESS?
LONG HAUL OR LOCAL TRUCKING

» General Liability
» Auto Liability
» Bobtail Liability (Non-Trucking)
» Cargo
» Physical Damage
» Work - Comp

Call now for the LOWEST PRICES!
408-272-2500
www.KHALSAINSURANCE.com
3750 McKee Rd Suite A , San Jose, CA 95127

Call to check our lowest rates for Auto • Home • Health • Life. You won't believe It.

Licensed in: Alabama • Arkansas • Arizona • California • Colorado • Connecticut • DC • Georgia Florida • Idaho • Iowa • Indiana • Illinois • Kansas • Louisiana • Maryland • Mississippi • Michigan Minnesota • Nevada • New Jersey • New York • New Mexico • Oregon • Ohio • Oklahoma Pennsylvania • Texas • Utah • Virginia • Vermont • Washington • Wisconsin

Khalsa Insurance Agency, Inc. CA LICENSE #0F89805

'ਸਾਉਣ ਦਾ ਮਹੀਨਾ ਮਾਹੀ ਆ ਗਿਆ ਗੱਡੀ ਜੋੜ ਕੇ, ਮੈ ਨੀ ਜਾਣਾ ਸਹੁਰੇ ਗੱਡੀ ਲੈ ਜਾ ਖਾਲੀ ਮੋੜ ਕੇ'

Entry Free

Entry Free

# PUNJABI CULTURAL SOCIETY SACRAMENTO (U.S.A.)

ਵਲੋਂ ਪੇਸ਼ ਹੈ 14ਵੀਆਂ

# ਤੀਆਂ

# TEEYAN



## On Sunday, the 11th AUGUST 2013 At 1.00 P. M.

## AT S.E.S. Hall

## 10427 E. STOCKTON BLVD. ELK GROVE, CA 95624

Featuring : Songs, Gidha, Dances, Skits, D.J. and Much More

## All LADIES AND GIRLS ARE INVITED

ORGANIZING COMMITTEE

Baldev Kaur, Rashpal Kaur, Harpreet Sahota, Aman Rangi, Rajwinder Pooni, Pardeep Pooni, Kamal Dhillon, Bhavandeep Kaur, Rajbir Kaur, Balbir Pooni, Jaswinder Chohan, Jasvir Gill, Harinder Kaur, Laddi Thandi (Henna Beauty Parlour), Balwinder Garcha, Sonia Dhillon, Rani Sarhadi, Rupinder Kaur, Tajinder Kaur, Harminder Kaur, Parmjit Kaur, Inderpal Kahlon, Parmjit Aulakh, Harpreet Kaur, Rupinder Malhi & Mandeep Pharwala

For Participation & Stalls Please Call :

Mandeep Pharwala @ 916-682-7321, Rashpal Parhar @ 730-7191, Baldev Kaur @ 996-2010, Email: palpharwala@yahoo.com

ਇਸ ਮੌਕੇ ਤੇ ਕਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ।

ਐਂਟਰੀ ਬਿਲਕੁਲ ਮੁਫਤ No Cameras Will Be Allowed Inside The Hall ਵੱਲੋਂ : ਪ੍ਰਬੰਧਕ ਕਮੇਟੀ

ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ॥ ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥

ਮਾਨਯੋਗ ਖ਼ਾਲਸਾ ਜੀ,


ਪਿਛਲੇ ਲੰਬੇ ਸਮੇਂ ਤੋਂ ਸਮੁੱਚੀ ਸਿੱਖ ਕੌਮ ਆਪਣੇ ਪਿੰਡੇ ਉੱਪਰ ਅਤਿ ਦਾ ਸੰਤਾਪ ਝੱਲਦੀ ਆ ਰਹੀ ਹੈ। ਇਸ ਸਮੇਂ ਦੌਰਾਨ ਕੌਮ ਦੇ ਇਤਿਹਾਸਿਕ ਖ਼ਜ਼ਾਨਿਆਂ ਨੂੰ ਲੁਟਿਆ ਜਾਂ ਸਾੜਿਆ ਗਇਆ, ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਗੁਰਦੁਆਰਿਆਂ ਨੂੰ ਢਾਹਿਆ ਗਇਆ। ਜਰਵਾਣਿਆਂ ਨੇ ਸਿੱਖ ਕੌਮ ਦੇ ਬੇਅੰਤ ਨੌਜਵਾਨਾਂ ਨੂੰ ਸ਼ਹੀਦ ਕੀਤਾ, ਇਥੋਂ ਤੱਕ ਕਿ ਸਾਡੀ ਇੱਕ ਪੂਰੀ ਪੀੜ੍ਹੀ ਦੀ ਨਸਲਕੁਸ਼ੀ ਕੀਤੀ ਗਈ। ਹੁਣ, ਇਨ੍ਹਾਂ ਹੀ ਪੰਥ-ਵਿਰੋਧੀ ਸ਼ਕਤੀਆਂ ਨੇ ਖ਼ਾਲਸੇ ਦੇ ਜੀਵਨ-ਸਰੋਤ ਅਤੇ ਆਤਮਿਕ ਬਲ ਦੇ ਸੋਮੇ, ਪਵਿਤ੍ਰ, ਅੰਮ੍ਰਿਤ-ਰੂਪ ਗੁਰਬਾਣੀ ਨੂੰ ਆਪਣਾ ਨਿਸ਼ਾਨਾ ਬਣਾਇਆ ਹੈ। ਅਖੌਤੀ ਵਿਦਵਾਨਾਂ ਅਤੇ ਪ੍ਰਚਾਰਕਾਂ ਰਾਹੀਂ ਭੋਲੇ-ਭਾਲੇ ਸਿੱਖਾਂ ਦੇ ਹਿਰਦਿਆਂ ਵਿਚ ਸ਼ੰਕਿਆਂ ਅਤੇ ਭਰਮਾਂ ਦਾ ਬੀਜ ਬੀਜਿਆ ਜਾ ਰਿਹਾ ਹੈ।

**ਇਸ ਡੂੰਘੀ ਸਾਜ਼ਿਸ਼ ਅਧੀਨ,**

੧) ਦਸਾਂ ਗੁਰੂ ਸਾਹਿਬਾਨਾਂ ਦੀ ਜੋਤ, ਜਗਤ ਗੁਰੂ, ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ "ਧੁਰ ਕੀ ਬਾਣੀ" ਹੋਣ ਬਾਰੇ ਪੱਛਮ ਦੀਆਂ ਯੂਨੀਵਰਸਿਟੀਆਂ ਵਿਚ ਬੜੇ ਹੀ ਵਿਉਂਤਬੰਧ ਤਰੀਕੇ ਨਾਲ 'ਖੋਜ' ਦੇ ਨਾਂ ਹੇਠ ਸਿੱਖੀ ਦੇ ਬੁਨਿਆਦੀ ਸਿਧਾਂਤਾਂ ਉੱਪਰ ਵਾਰ ਵਾਰ ਹਮਲੇ ਹੋ ਰਹੇ ਹਨ।

੨) ਖ਼ੰਡੇ ਦੀ ਪਾਹੁਲ, ਅੰਮ੍ਰਿਤ ਦੀਆਂ ਬਾਣੀਆਂ, ਸਿੱਖ ਦੀ ਅਰਦਾਸ, ਸ੍ਰੀ ਦਸਮ ਗ੍ਰੰਥ ਦੀਆਂ ਹੋਰ ਬਾਣੀਆਂ ਅਤੇ ਭਾਈ ਸਾਹਿਬ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਉੱਪਰ ਵੀ ਪ੍ਰਸ਼ਨ ਉਠਾਏ ਜਾ ਰਹੇ ਹਨ।

੩) ਸਿੱਖਾਂ ਦੀ ਸ਼ਰਧਾ ਨੂੰ ਤਹਿਸ-ਨਹਿਸ ਕਰਨ ਦੀ ਕੋਸ਼ਿਸ਼ ਵਿਚ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ।



ਅੱਜ ਸਮੇਂ ਦੀ ਲੋੜ ਹੈ ਕਿ ਅਸੀਂ ਪੰਥ ਨੂੰ ਲਾਈ ਜਾ ਰਹੀ ਢਾਹ ਬਾਰੇ ਜਾਗ੍ਰਿਤ ਹੋਈਏ। ਇਹਨਾਂ ਸਾਜ਼ਿਸ਼ਾਂ ਨੂੰ ਅਸਫਲ ਕਰਨ ਹਿਤ ਅਤੇ ਸੱਚ ਦੀ ਪਛਾਣ ਕਰਨ ਹਿਤ ਸਮੂਹ ਸ਼ਰਧਾਵਾਨ ਸਿੱਖ ਸੰਗਤ ਨੂੰ

## ਸਨਿਚਰਵਾਰ, 27 ਜੁਲਾਈ 2013

**ਸਵੇਰੇ 9:30 ਵਜੇ ਤੋਂ ਸ਼ਾਮ 5:30 ਵਜੇ ਤੱਕ**

## ਗੁਰਦੁਆਰਾ ਸਾਹਿਬ ਸੈਨ ਹੋਜ਼ੇ ਕੈਲੀਫੋਰਨੀਆ ਵਿਖੇ

# ਖ਼ਾਲਸੇ ਦਾ ਵਿਰਸਾ

# ਅੰਮ੍ਰਿਤ ਬਾਣੀ

ਵੀਚਾਰ ਗੋਸ਼ਟੀ ਵਿਚ ਹਾਜ਼ਰੀਆਂ ਭਰ ਕੇ ਪੰਥਕ ਵਿਦਵਾਨਾਂ ਦੇ ਵੀਚਾਰ ਸੁਣਨ ਲਈ ਬੇਨਤੀ ਕੀਤੀ ਜਾ ਰਹੀ ਹੈ।

**ਪਹੁੰਚ ਰਹੇ ਵਿਦਵਾਨ**

ਗਿਆਨੀ ਸ਼ੇਰ ਸਿੰਘ (ਗੁ: ਸ੍ਰੀ ਮੰਜੀ ਸਾਹਿਬ, ਅੰਬਾਲਾ)
ਡਾ. ਜੋਧ ਸਿੰਘ (ਪੰਜਾਬੀ ਯੂਨੀਵਰਸਿਟੀ)
ਡਾ. ਹਰਭਜਨ ਸਿੰਘ (ਪੰਜਾਬੀ ਯੂਨੀਵਰਸਿਟੀ)
ਡਾ. ਸੁਖਮੰਦਰ ਸਿੰਘ, ਪ੍ਰਭਸਰਨਦੀਪ ਸਿੰਘ
ਡਾ. ਗੁਰਤੇਜ ਸਿੰਘ, ਗੁਰਿੰਦਰ ਸਿੰਘ ਮਾਨ (ਇੰਗਲੈਂਡ)
ਗੁਰਚਰਨਜੀਤ ਸਿੰਘ ਲਾਂਬਾ

**ਬੇਨਤੀ ਕਰਤਾ:**

ਗੁਰਮੀਤ ਸਿੰਘ ਖ਼ਾਲਸਾ (408) 896-4518
ਰਾਮ ਸਿੰਘ (408) 667-3116
ਸੁਖਦੇਵ ਸਿੰਘ (408) 421-9463
ਹਰਮਿੰਦਰ ਸਿੰਘ (510) 715-6799
ਜਤਿੰਦਰ ਸਿੰਘ (209) 981-6663
ਜੋਤ ਜਪਿੰਦਰ ਸਿੰਘ (209) 483-5257
ਸਰਬਜੋਤ ਸਿੰਘ ਸਵੱਦੀ (408) 449-1639
ਗੁਰਪ੍ਰੀਤ ਸਿੰਘ ਕੈਲੀਫੋਰਨੀਆ (510) 589-2124